
ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ-3

ਗੁਰਮਤਿ ਗਾਡੀਰਾਹ ਤੋਂ
ਭਟਕਿਆ ਸਿੱਖ ਸਮਾਜ





ਗੁਰਦੀਪ ਸਿੰਘ
ਲੈਫ. ਕਰਨਲ (ਰਿਟ.)

ਪਹਿਲੀ ਵਾਰ : ਅਗੱਸਤ, 2011

ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ-3
ਗੁਰਮਤਿ ਗਾਡੀ-ਰਾਹ ਤੋਂ ਭਟਕਿਆ ਸਿੱਖ ਸਮਾਜ

ਮੁੱਲ :
195/- ਰੁਪਏ (ਭਾਰਤ), 25 ਡਾਲਰ (ਕੇਨੈਡਾ), 15 ਪਾਊਂਡ (ਯੂ.ਕੇ.)

ਮਿਲਣ ਦੇ ਪਤੇ :

ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ
ਐਨ.ਐਚ. 5/106 ਐਫ਼, ਐਨ.ਆਈ.ਟੀ.,
ਫਰੀਦਾਬਾਦ, (ਹਰਿਆਣਾ) - 121001
ਫ਼ੋਨ : 0129-4034135, 98115-12636-

ਤੱਤ ਗੁਰਮਤਿ ਪਰਵਾਰ,
ਫਿਊਚਰ ਪੈਕ ਹਾਇਰ ਸੈਕੰਡਰੀ ਸਕੂਲ,
ਅਪਰ ਗਾਦੀਗੜ੍ਹ (ਨਜਦੀਕ ਏਅਰ ਪੋਰਟ)
ਜੰਮੂ-181101 (ਜੰਮੂ-ਕਸ਼ਮੀਰ)
ਫ਼ੋਨ: 094191-26791, 094174-40779
098159-71601, 099578-13600

ਪਲਾਟ ਨੰ. 183, ਇੰਡਸਟ੍ਰੀਅਲ ਏਰੀਆ,
ਫ਼ੇਜ਼-9, ਐਸ.ਏ.ਐਸ. ਨਗਰ (ਮੁਹਾਲੀ), ਪੰਜਾਬ (ਭਾਰਤ)
ਫੋਨ : 98725 44016

ਮਨਜੀਤ ਸਿੰਘ
3 ਐਫ਼, 205/2, ਆਈਡੀਅਲ ਇਨਕਲੇਵ, ਜੱਬਲਪੁਰ (ਮੱਧ ਪ੍ਰਦੇਸ਼)
ਫੋਨ : 98273-78508

Printed at : JPC Ltd. Mohali. 0172-3047671-73

२

ਸਮਰਪਣ

ਰੱਬੀ ਰਜ਼ਾ ਅਨੁਸਾਰ, ਸਮੁੱਚੇ ਸੰਸਾਰ ਵਿੱਚ ਸਦੀਵਕਾਲ ਲਈ ਰੱਬੀ-ਰਾਜ ਕਾਇਮ ਕਰਨ ਲਈ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਇਨਕਲਾਬ ਨੂੰ ਮੁਕੰਮਲ ਤੌਰ ਤੇ ਸਮਰਪਿਤ ਹੋ ਕੇ ਆਪਣੀਆਂ ਕੀਮਤੀ ਮਨੁੱਖਾ ਜਿੰਦਗੀਆਂ ਇਸ ਮਿਸ਼ਨ ਦੀ ਪ੍ਰਾਪਤੀ ਲਈ ਲੇਖੇ ਲਾਉਂਣ ਵਾਲੀਆਂ ਸੂਰਬੀਰ ਰੂਹਾਂ ਦੇ ਨਾਂ।

ਤਤਕਰਾ

ਪੇਸ਼ਕਾਰੀ:

ਇਹ ਪੁਸਤਕ, ਕਰਨਲ ਗੁਰਦੀਪ ਸਿੰਘ ਜੀ ਦੀ 'ਸਿੱਖ ਫ਼ਲਸਫ਼ਾ- ਲਾਸਾਨੀ ਇਨਕਲਾਬ" ਦੀ ਪੁਸਤਕ-ਲੜੀ ਦੀ ਤੀਜੀ ਕਿਤਾਬ ਹੈ। ਇਸ ਪੁਸਤਕ-ਲੜੀ ਦੀਆਂ ਪਹਿਲੀਆਂ ਦੋਨਾਂ ਪੁਸਤਕਾਂ ਨੂੰ ਪਾਠਕਾਂ ਨੇ ਬੜੀ ਤੀਬਰਤਾ ਅਤੇ ਰੀਝ ਨਾਲ ਵਾਚਿਆ ਹੈ। ਹੁਣ ਉਨ੍ਹਾਂ ਦੀ ਕਲਮ ਨੇ ਸਿੱਖ ਅਦਬ ਵਿੱਚ ਤੀਜਾ ਕਦਮ ਪੁੱਟਿਆ ਹੈ।

ਕਰਨਲ ਗੁਰਦੀਪ ਸਿੰਘ ਜੀ ਨੇ ਇਸ ਕਿਤਾਬ ਵਿੱਚ ਮੌਜੂਦਾ ਗੁਰਦਵਾਰਾ ਪ੍ਰਬੰਧ ਅਤੇ ਗੁਰਦਵਾਰਾ ਇੰਸਟੀਚਿਊਸ਼ਨ (ਜਮਾਤੀ ਸੰਸਥਾ) ਦੇ ਜਨਮ ਅਤੇ ਪਿਛੋਕੜ, ਯਾਨਿ ਤਵਾਰੀਖ਼, ਨੂੰ ਸਿੱਖ ਫ਼ਲਸਫ਼ੇ ਦੇ ਆਧਾਰ 'ਤੇ ਬਹੁਤ ਵੇਰਵੇ ਅਤੇ ਤਫ਼ਸੀਲ ਨਾਲ ਵਿਚਾਰਿਆ ਹੈ ਕਿ ਕਿਵੇਂ ਇਸ ਇੰਸਟੀਚਿਊਸ਼ਨ ਦਾ 'ਸੰਗਤਿ' ਵਜੋਂ ਜਨਮ ਹੋਇਆ ਅਤੇ ਕਿਵੇਂ ਸਿੱਖ ਨਗਰਾਂ: ਕਰਤਾਰਪੁਰ (ਰਾਵੀ), ਖਡੂਰ ਤੇ ਗੋਵਿੰਦਵਾਲ ਵਿੱਚ ਇਸ ਮਹਾਨ ਇੰਸਟੀਚਿਊਸ਼ਨ ਦਾ ਵਿਕਾਸ ਹੋਇਆ, ਅਤੇ ਭਾਈਚਾਰੇ ਦੇ ਮੇਲ ਦੇ ਸੈਂਟਰ ਅਤੇ ਵਾਹਿਗੁਰੂ ਦੇ ਨਾਂ ਦਾ ਕੀਰਤਨ ਕਰਨ ਤੋਂ ਸ਼ੁਰੂ ਹੋ ਕੇ ਲੰਗਰ ਵਰਗੀ ਲਾਸਾਨੀ ਭਾਈਚਾਰਕ ਪਵਿੱਤਰ ਰਸੋਈ, ਸਿਖਿਅਕ ਅਦਾਰੇ (ਮਦਰੱਸਾ, ਸਕੂਲ) ਤੇ ਫਿਰ ਸਪੋਰਟਸ ਇੰਸਟੀਚਿਊਸ਼ਨ ਦਾ ਰੂਪ ਧਾਰਨ ਕਰ ਗਈ। ਇਹ ਕਮਾਲ ਦੀ ਗੱਲ ਹੈ ਕਿ ਸੰਨ 1540 ਵਿੱਚ ਦੁਨੀਆਂ ਦਾ ਪਹਿਲਾ **ਸਪੋਰਟਸ** ਸੈਂਟਰ, ਗੁਰੂ ਅੰਗਦ ਸਾਹਿਬ ਦੀ ਸਰਪ੍ਰਸਤੀ ਹੇਠ ਖਡੂਰ ਪਿੰਡ ਵਿੱਚ ਸ਼ੁਰੂ ਹੋਇਆ ਸੀ। ਅੱਜ ਭਾਵੇਂ ਦੁਨੀਆਂ ਵਿੱਚ ਖੇਡਾਂ ਸਕੂਲੀ ਸਿਖਿਆ ਅਤੇ ਸਿਲੇਬਸ ਦਾ ਇੱਕ ਅਟੁੱਟ ਹਿੱਸਾ ਹਨ; ਅਤੇ ਇਸ ਦੀ ਤਵਾਰੀਖ਼ ਵਿੱਚ 1896 ਵਿੱਚ ਸ਼ੁਰੂ ਹੋਈ ਓਲੰਪਿਕ ਦਾ ਜ਼ਿਕਰ ਵਧੇਰੇ ਆਉਂਦਾ ਹੈ' ਪਰ ਹਕੀਕਤ ਇਹ ਹੈ ਕਿ ਇਸ ਦੀ ਨੀਂਹ ਸਿੱਖ ਨਗਰ ਖਡੂਰ ਦੇ ਮੱਲ ਅਖਾੜਿਆਂ ਵਿੱਚ ਰੱਖੀ ਗਈ ਸੀ।

ਇਸ ਮਗਰੋਂ 1577 ਵਿੱਚ ਗੁਰੂ ਰਾਮਦਾਸ ਸਾਹਿਬ ਨੇ ਪਹਿਲੇ ਪਲਾਨਡ (planned) ਸਿੱਖ ਨਗਰ "ਚੱਕ-ਗੁਰੂ" ਦਾ ਮੁੱਢ ਬੰਨ੍ਹਿਆ ਜੋ ਅੱਜ 'ਅੰਮ੍ਰਿਤਸਰ' ਵਜੋਂ ਦੁਨੀਆਂ ਦਾ ਸਭ ਤੋਂ ਵੱਧ ਚਰਚਿਤ ਧਾਰਮਿਕ ਸ਼ਹਿਰ ਹੈ ਅਤੇ ਇਸ ਵਿੱਚ ਗੁਰੂ ਅਰਜੁਨ ਸਾਹਿਬ ਦਾ ਉਸਾਰਿਆ ਦਰਬਾਰ ਸਾਹਿਬ ਹੈ ਜਿਹੜਾ ਨਾ ਸਿਰਫ਼ ਦੁਨੀਆਂ ਦੇ ਅਜੂਬਿਆਂ ਵਿਚ ਸ਼ਾਮਿਲ ਹੈ ਬਲਕਿ ਹਰ ਖ਼ਾਸ-ਆਮ, ਆਗੂ ਤੇ ਲੇਖਕ , ਵਿਦਵਾਨ ਤੇ ਜਰਨੈਲ, ਰਾਜੇ ਤੇ ਵਜ਼ੀਰ, ਮੁਸਾਫ਼ਰ ਅਤੇ ਤਾਲਬੇ-ਇਲਮ ਦੀ ਭੁੱਖ ਦਾ ਹਿੱਸਾ ਹੈ। ਸਾਊਥ-ਏਸ਼ੀਆ ਵਿੱਚ ਆਉਣ ਵਾਲਾ ਹਰ ਅਹਿਮ ਸ਼ਖ਼ਸ ਲਾਜ਼ਮੀ ਤੌਰ 'ਤੇ ਇਸ ਜਗਹ 'ਤੇ ਆਪਣੀ ਹਾਜ਼ਰੀ ਜ਼ਰੂਰ ਲੁਆਉਣੀ ਚਾਹੁੰਦਾ ਹੈ।

ਸਿੱਖ ਕੌਮ ਦੀ ਮਹਾਨ ਗੁਰਦਵਾਰਾ ਇੰਸਟੀਚਿਊਸ਼ਨ ਨੇ ਸਿਰਫ਼ ਧਰਮ ਹੀ ਨਹੀਂ ਬਲਕਿ ਕਲਚਰ, ਤਵਾਰੀਖ਼, ਸਿਆਸਤ, ਫ਼ਰਜ਼ ਤੇ ਹੱਕ, ਸੱਚ ਤੇ ਇਨਸਾਫ਼ ਦਿਵਾਉਣ ਵਾਸਤੇ ਵੀ ਅਹਿਮ ਰੋਲ ਅਦਾ ਕੀਤਾ ਹੈ। ਹਲੇਮੀ-ਰਾਜ ਦੀ ਸੋਚ ਅਤੇ ਬੇਗ਼ਮਪੁਰਾ ਦਾ ਪਹਿਲਾ ਸਬਕ ਗੁਰਦਵਾਰੇ ਵਿੱਚੋਂ ਹੀ ਸਿੱਖਣ ਨੂੰ ਮਿਲਦਾ ਹੈ। ਗੁਰੂ

ਹਰਿਗੋਬਿੰਦ ਸਾਹਿਬ ਨੇ ਸੰਨ 1608 ਵਿੱਚ ਇਸ ਹਲੇਮੀ-ਰਾਜ ਨੂੰ ਕਾਇਮ ਕਰਨ ਵਾਸਤੇ ਅਕਾਲ ਪੁਰਖੁ ਦੀ ਵਫ਼ਾਦਾਰੀ ਨੂੰ ਆਧਾਰ ਮੰਨਣ ਅਤੇ ਉਸ ਤੋਂ ਅਗੁਵਾਈ ਲੈਣ ਵਾਸਤੇ ਅਕਾਲ ਤਖ਼ਤ ਸਾਹਿਬ ਨੂੰ ਪਰਗਟ ਕੀਤਾ।

ਕਰਨਲ ਗੁਰਦੀਪ ਸਿੰਘ ਨੇ ਲਾਸਾਨੀ (ਗੁਰਮਤਿ) ਇਨਕਲਾਬ ਦਾ ਪਿਛੋਕੜ ਪੇਸ਼ ਕਰ ਕੇ ਜਿੱਥੇ ਇਸ ਵਿੱਚੋਂ ਹਲੇਮੀ-ਰਾਜ ਦੇ ਫ਼ਲਸਫ਼ੇ ਨੂੰ ਉਜਾਗਰ ਕਰਨ ਅਤੇ ਬਹੁਤ ਖ਼ੂਬਸੂਰਤ ਤਰੀਕੇ ਨਾਲ ਹਲੇਮੀ-ਰਾਜ ਨੂੰ ਮੂਰਤੀਮਾਨ ਕਰਨ ਵਾਸਤੇ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਵੱਲੋਂ ਖ਼ਾਲਸਾ-ਰਾਜ ਦੇ ਐਲਾਨ ਅਤੇ ਫਿਰ ਉਸ ਐਲਾਨ-ਨਾਮੇ ਨੂੰ ਅਮਲੀ ਰੂਪ ਵਿੱਚ ਸੱਚ ਕਰ ਕੇ ਦਿਖਾਉਣ ਨੂੰ ਵੀ ਪੇਸ਼ ਕੀਤਾ ਹੈ, ਉੱਥੇ ਲੇਖਕ ਨੇ ਸਾਕਤ-ਮੱਤ ਦੇ ਪੈਰੋਕਾਰਾਂ ਅਤੇ ਵੈਸ਼ਨੂੰਆਂ ਵਲੋਂ ਬ੍ਰਾਹਮਣਾਂ ਦੀ ਸਰਪਰਸਤੀ ਹੇਠ ਸਿੱਖੀ ਦੀਆਂ ਮੁੱਢਲੀਆਂ ਇੰਸਟੀਚਿਊਸ਼ਨਜ਼ ਨੂੰ ਢਾਹ ਲਾਉਣ, ਇਨ੍ਹਾਂ ਨੂੰ ਖ਼ੋਰਾ ਲਾਉਣ ਅਤੇ ਇਨ੍ਹਾਂ 'ਤੇ ਸਿੱਧਾ ਅਤੇ ਅਸਿੱਧਾ ਕਬਜ਼ਾ ਕਰਨ ਦੀਆਂ ਸਾਜਿਸ਼ਾਂ ਨੂੰ ਵੀ ਲੰਮੇ-ਹੱਥੀਂ ਲਿਆ ਹੈ।

ਲੇਖਕ ਸਿੱਖ ਰਾਜ ਦੀ ਕਾਇਮੀ ਮਗਰੋਂ ਬ੍ਰਾਹਮਣਾਂ ਅਤੇ ਬਿੱਪਰਾਂ ਦੇ ਹੱਥ-ਠੋਕੇ 'ਨਾ-ਜਾਇਜ਼' ਰਾਜਪੂਤਾਂ (ਯਾਨਿ ਹਿੰਦੁਸਤਾਨ ਦੇ ਮਿਸਰਾਂ ਅਤੇ ਜੰਮੂ ਦੇ ਡੋਗਰਿਆਂ) ਵੱਲੋਂ ਰਣਜੀਤ ਸਿੰਘ ਦੀ ਸਲਤਨਤ ਨੂੰ ਸਾਜਿਸ਼ੀ ਤਰੀਕੇ ਨਾਲ ਪੱਛਮ ਦੇ ਗੋਰਿਆਂ ਦੀ ਝੋਲੀ ਵਿੱਚ ਪਾਉਣ ਦਾ ਜ਼ਿਕਰ ਕਰਨ ਮਗਰੋਂ ਇਸ ਨਵੇਂ ਦੁਸ਼ਮਣ ਦੀਆਂ ਸਾਜਿਸ਼ਾਂ ਨੂੰ ਬੇ-ਨਕਾਬ ਕਰਦਾ ਹੈ। ਸਾਜਿਸ਼ਾਂ ਹੇਠ ਉਦਾਸੀਆਂ, ਨਿਰਮਲਿਆਂ ਅਤੇ ਚਾਰ ਗੁਰੂ ਸਾਹਿਬਾਂ ਦੇ ਬਿੰਦੀ ਵਾਰਿਸਾਂ (ਬੇਦੀ, ਤਰੇਹਨ, ਭੱਲੇ, ਸੋਢੀ) ਦੀਆਂ ਨੀਮ-ਗੁਰੂ ਬਣਨ ਦੀਆਂ ਕੋਸ਼ਿਸ਼ਾਂ ਦੀ ਕਾਇਮੀ ਨੂੰ ਬੜੀ ਜਜ਼ਬਾਤੀ ਅੱਖ ਨਾਲ ਵੇਖਦਾ ਦਰਦ ਅਤੇ ਰੋਹ-ਭਰੇ ਹੰਝੂ ਵਗਾਉਂਦਾ ਨਜ਼ਰ ਆਉਂਦਾ ਹੈ।

ਪਰ ਨਾਲ ਹੀ ਲੇਖਕ ਸਿੱਖੀ ਨੂੰ ਬਚਾਉਣ ਦੀ ਜਦੋਜਹਿਦ (ਸਿੰਘ ਸਭਾ ਲਹਿਰ) ਅਤੇ ਖ਼ੁਸ਼ਹਾਲ ਪਰਵਾਸੀ ਸਿੱਖਾਂ ਵੱਲੋਂ ਸਾਰਾ ਸੁਖ ਤਿਆਗ ਕੇ ਵਤਨ ਦੀ ਆਜ਼ਾਦੀ ਦੀ ਜੰਗ ਵਿੱਚ ਜੁਝਣ (ਗ਼ਦਰ ਲਹਿਰ) ਦਾ ਜ਼ਿਕਰ ਕਰਦਿਆਂ ਇਸ ਵਿੱਚੋਂ ਗੁਰਦਵਾਰਾ ਸੁਧਾਰ ਦੇ ਫੁੱਟੇ ਬੀਜ ਦਾ ਅੰਕੁਰ ਬਣਦਾ ਵੇਖ ਕੇ ਕੁੱਝ ਰਾਹਤ ਵੀ ਮਹਿਸੂਸ ਕਰਦਾ ਹੈ।

ਇਹ ਸਹੀ ਹੈ ਕਿ ਇਸ ਗੁਰਦਵਾਰਾ ਸੁਧਾਰ ਲਹਿਰ ਦੀ ਅੱਧੀ ਕੁ ਕਾਮਯਾਬੀ (ਗੁਰਦਵਾਰਾ ਐਕਟ) ਨੇ ਉਦਾਸੀਆਂ ਅਤੇ ਨਿਰਮਲਿਆਂ ਦਾ ਕੁੱਝ ਕੁ ਖ਼ਾਤਮਾ ਤਾਂ ਕਰ ਦਿੱਤਾ, ਪਰ ਇਸ ਦੇ ਨਾਲ-ਨਾਲ ਹੀ ਇਨ੍ਹਾਂ ਅਦਾਰਿਆਂ ਵਿੱਚ ਨਵੇਂ ਮਸੰਦਾਂ ਅਤੇ ਮਹੰਤਾਂ ਦੀ 'ਕਾਂਗਰਸ-ਬੂਟੀ' ਦਾ ਬੀਜ ਵੀ ਬੀਜਿਆ ਗਿਆ। ਉਹ ਕਾਂਗਰਸ-ਬੂਟੀ ਅੱਜ 2011 ਵਿੱਚ ਏਨੀ ਫੈਲ ਚੁੱਕੀ ਹੈ ਕਿ ਇਸ ਨੇ ਗੁਰਦਵਾਰਿਆਂ ਵਿੱਚੋਂ ਸਿੱਖੀ, ਗੁਰਮਤਿ, ਧਰਮ, ਇਖ਼ਲਾਕ ਤੇ ਰੂਹਾਨੀਅਤ ਨੂੰ ਤਕਰੀਬਨ ਖ਼ਤਮ ਕਰ ਦਿੱਤਾ ਹੈ। ਅੱਜ ਗੁਰਦਵਾਰੇ ਦੀ ਇਮਾਰਤ ਆਲੀਸ਼ਾਨ ਹੈ, ਬੁਲੰਦ ਹੈ, ਸੰਗਮਰਮਰੀ ਹੈ, ਕਿਤੇ-ਕਿਤੇ ਸੋਨੇ ਨਾਲ ਵੀ ਜੜੀ ਹੈ ਅਤੇ ਕਈ ਥਾਂ ਤਾਂ ਪੌਸ਼ (ਪੰਜ-ਤਾਰਾ) ਹੋਟਲ ,

ਸ਼ਾਹੀ ਕਾਨਫ਼ਰੰਸ ਰੂਮ ਅਤੇ ਰਾਜੇ ਦੇ ਮਹਿਲ ਦਾ ਭੁਲੇਖਾ ਵੀ ਦੇਂਦੀ ਹੈ, ਪਰ ਇਸ ਇਮਾਰਤ ਵਿੱਚ ਸਿੱਖੀ ਦੀ ਸਿਖਿਆ, ਗੁਰ-ਮਰਯਾਦਾ, ਰੂਹਾਨੀਅਤ ਦਾ ਪ੍ਰਚਾਰ, ਧਰਮ ਦਾ ਅਮਲੀ ਪ੍ਰਗਟਾਵਾ, ਗੁਰੂ ਗ੍ਰੰਥ ਸਹਿਬ ਦੇ ਫ਼ਲਸਫ਼ੇ ਦੇ ਬਿਲਕੁਲ ਉਲਟ ਹੈ। ਕਈ ਵਾਰ ਤਾਂ ਅਜਿਹਾ ਜਾਪਦਾ ਹੈ ਕਿ ਉਥੇ ਪ੍ਰਕਾਸ਼ ਤਾਂ ਗੁਰੂ ਗ੍ਰੰਥ ਸਾਹਿਬ ਦਾ ਹੈ ਪਰ ਮਰਿਆਦਾ ਸਾਕਤ-ਮੱਤ ਦੀ ਹੈ, ਉਥੇ ਨਿਵਾਸ ਤਾਂ ਕਿਰਪਾਨਾਂ ਤੇ ਗਾਤਰੇ ਵਾਲਿਆਂ ਦਾ ਹੈ, ਪਰ ਹਰ ਕਾਰਵਾਈ ਮਸੰਦਾਂ ਤੇ ਮਹੰਤਾਂ ਵਾਲੀ ਹੈ; ਉਥੇ ਲੋਕ ਮੱਥਾ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਟੇਕਦੇ ਹਨ ਪਰ ਅਮਲ ਚਰਿਤਰੋ-ਪਾਖਯਾਂਨ ਅਤੇ ਹੋਰ 'ਕੰਜਰ' ਲਿਖਤਾਂ 'ਤੇ ਕਰਦੇ ਹਨ। ਅਜਿਹਾ ਜਾਪਦਾ ਹੇ ਕਿ ਗੁਰਦਵਾਰਾ ਨਾਂ ਦੀ ਇਮਾਰਤ "ਗੁਰੂ ਦਾ ਦਵਾਰਾ" ਨਾ ਹੋ ਕੇ "ਗੁਰੂ-ਗੋਪ-ਅਦਾਰਾ ਬਣ ਚੁੱਕੀ ਹੈ। ਇਸ ਦਿਸਦੀ ਇੰਸਟੀਚਿਊਸ਼ਨ ਦੇ "ਹਾਕਮ" (ਪ੍ਰਧਾਨ ਤੇ ਕਮੇਟੀਆਂ) ਰਬ 'ਤੇ ਯਕੀਨ ਨਹੀਂ ਕਰਦੇ, ਸਿੱਖ ਫ਼ਲਸਫ਼ੇ ਨੂੰ ਨਹੀਂ ਜਿਊਂਦੇ, ਗੁਰੂ ਗ੍ਰੰਥ ਸਾਹਿਬ ਦਾ ਭਉ ਤੇ ਭਾਉ ਨਹੀਂ ਰਖਦੇ, ਇਖ਼ਲਾਕ ਤੇ ਰੂਹਾਨੀਅਤ ਨੂੰ ਨਫ਼ਰਤ ਕਰਦੇ ਹਨ, ਸੱਚ ਤੇ ਇਨਸਾਫ਼ ਨਾਲ ਦੁਸ਼ਮਣੀ ਰਖਦੇ ਹਨ। ਸਿੱਖ ਧਰਮ "ਸ਼ੈਤਾਨ" ਦੇ ਫ਼ਲਸਫ਼ੇ ਨੂੰ ਨਹੀਂ ਮੰਨਦਾ। ਯਾਨਿ ਕਿ ਰੱਬ ਦੇ ਮੁਕਾਬਲੇ ਵਿਚ ਕਿਸੇ ਵੀ ਵੱਖਰੀ ਤਾਕਤ ਅਤੇ ਹਸਤੀ ਦਾ ਵਜੂਦ ਨਹੀਂ ਮੰਨਦਾ, ਪਰ ਗੁਰਦਵਾਰਿਆਂ ਦੇ ਹਾਕਮਾਂ ਦੀਆਂ ਕਰਤੂਤਾਂ ਵੇਖ ਕੇ ਕੋਈ ਕਹਿ ਸਕਦਾ ਹੈ ਕਿ ਉੱਥੇ ਅੱਜਕਲ (ਅਖੌਤੀ) ਸ਼ੈਤਾਨ ਦਾ ਵਾਸਾ ਹੈ। ਯਾਨਿ, ਭਾਵੇਂ ਗੁਰਦਵਾਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਮੌਜੂਦ ਹਨ, ਪਰ ਉਨ੍ਹਾਂ ਨੂੰ ਦਰਜਨਾਂ ਰੁਮਾਲਿਆਂ, ਮਹਿੰਗੇ ਚੰਦੋਇਆਂ ਵਿਚ ਢੱਕ ਕੇ, ਅਖੌਤੀ 'ਸੱਚ ਖੰਡ' ਦੇ ਨਾਂ ਹੇਠ ਏਅਰ-ਕੰਡੀਸ਼ਨਰਾਂ ਦੀ ਠੰਢੀ ਬਰਫ਼ੀਲੀ ਜੇਲ੍ਹ ਵਿੱਚ ਰਜ਼ਾਈਆਂ ਦੇ ਭਾਰ ਹੇਠ ਦੱਬ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਥਾਂ ਰਾਮਾਇਣ, ਮਹਾਂ-ਭਾਰਤ, ਚਰਿਤਰੋ-ਪਾਖਯਾਨ, ਚੌਬੀਸ ਅਵਤਾਰ, ਚੰਡੀ ਤੇ ਦੁਰਗਾ, ਸ਼ਿਵ ਤੇ ਨਾਰਦ ਮੁਨੀ ਦੇ ਬੋਲਾਂ ਤੇ ਹੁਕਮਾਂ ਦਾ ਪਰਚਾਰ ਤੇ ਪਰਸਾਰ ਕੀਤਾ ਜਾ ਰਿਹਾ ਹੈ। ਦੂਜੇ ਲਫ਼ਜ਼ਾਂ ਵਿੱਚ ਗੁਰਦਵਾਰਿਆਂ ਵਿੱਚੋਂ ਵਾਹ-ਗੁਰੂ ਅਤੇ ਗੁਰੂ ਨੂੰ ਕੈਦ ਕਰ ਕੇ" ਨਾ-ਜਾਇਜ਼ ਜੇਲ੍ਹਰਾਂ ਨੇ ਇਸ ਥਾਂ 'ਤੇ ਮੱਸਾ ਰੰਘੜ ਵਾਲੀ ਚਰਿਤਰੋ-ਪਾਖਯਾਨੀ ਮਰਿਆਦਾ ਦੀ ਬੋਅ ਫੈਲਾਈ ਹੋਈ ਹੈ। ਇਥੇ ਗੁਰੂ, ਗੁਰੂ ਦੇ ਸ਼ਬਦ ਤੇ ਵਾਹਿਗੁਰੂ ਦੇ ਕੀਰਤਨ ਦੀ ਖ਼ੁਸ਼ਬੂ ਨਹੀਂ ਹੈ, ਬਲਕਿ ਇਥੇ ਅਧਰਮ ਦੀ ਸੜਾਂਦ ਦਾ ਮਾਹੌਲ ਹੈ।

ਲੇਖਕ ਗੁਰਦਵਾਰਿਆਂ ਨੂੰ ਕਰਮ-ਕਾਂਡੀ ਸੈਂਟਰਾਂ, ਦੰਭ ਅਤੇ ਪਾਖੰਡ ਦੇ ਅਦਾਰੇ ਬਣਦੇ ਵੇਖ ਕੇ ਤੜਪਦਾ ਹੈ। ਉਸ ਨੂੰ ਦਰਦ ਹੁੰਦਾ ਹੈ ਕਿ ਗੁਰਦਵਾਰਿਆਂ ਵਿੱਚ ਬੁੱਤਖ਼ਾਨਿਆਂ ਵਾਂਗ ਬਿਪਰਨ ਸੋਚ ਵਾਲੀ ਪੂਜਾ ਅਤੇ ਕਰਮ-ਕਾਂਡ ਤੋਂ ਸਿਵਾ ਕੁੱਝ ਵੀ ਨਹੀਂ ਬਚਿਆ।

ਲੇਖਕ ਨੇ ਗੁਰਦਵਾਰੇ ਦੇ ਨਾਲ-ਨਾਲ ਇਸ ਨਾਲ ਸਬੰਧਤ ਹੋਰ ਇੰਸਟੀਚਿਊਸ਼ਨਜ਼ : ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅਕਾਲ ਤਖ਼ਤ, ਅਕਾਲੀ ਦਲ ਅਤੇ ਹੋਰ ਸਿੱਖ ਜਥੇਬੰਦੀਆਂ ਦੀ ਕਾਰਗੁਜ਼ਾਰੀ 'ਤੇ ਵੀ ਪਾਰਖੂ ਅੱਖ ਨਾਲ ਨੁਕਤਾਚੀਨੀ ਕੀਤੀ ਹੈ ਅਤੇ ਇਨ੍ਹਾਂ ਅਦਾਰਿਆਂ ਵੱਲੋਂ ਕੀਤੀਆਂ ਜਾ ਰਹੀਆਂ ਕੁਤਾਹੀਆਂ

ਨਾਲ ਹੋ ਰਹੇ ਨੁਕਸਾਨ ਦਾ ਨਿਖੇੜਾ ਕਰ ਕੇ ਸਿੱਖੀ 'ਤੇ ਇਸ ਦੇ ਮਾਰੂ-ਅਸਰ ਵੱਲ ਵੀ ਇਸ਼ਾਰੇ ਕੀਤੇ ਹਨ। ਇਸ ਦੇ ਨਾਲ-ਨਾਲ, ਉਸ ਨੇ ਡੇਰਾਵਾਦ ਨੂੰ ਵੀ ਖ਼ੂਬ ਬੇ-ਨਕਾਬ ਕੀਤਾ ਹੈ।ਉਸ ਨੇ ਬਿਆਸ, ਸਰਸਾ, ਕੂਕੇ (ਭੈਣੀ), ਨਿਰੰਕਾਰੀ, ਨੂਰ-ਮਹਿਲੀਏ, ਦੋਦੜੇ, ਭਨਿਆਰੀਏ, ਕਲੇਰਾਂ ਵਾਲੇ, ਮਸਤੂਆਣਾ ਵਾਲੇ ਵਰਗੇ ਸਾਰਿਆਂ ਦੰਭੀਆਂ, ਬਨਾਰਸੀ ਠੱਗਾਂ ਵੱਲੋ ਸਿੱਖੀ 'ਤੇ ਕੀਤੇ ਖ਼ੁਫ਼ੀਆ ਹਮਲਿਆਂ ਨੂੰ ਨੰਗਿਆਂ ਕੀਤਾ ਹੈ।

ਲੇਖਕ ਨੇ ਜਿੱਥੇ ਪਿੱਛਲੀਆਂ ਤਕਰੀਬਨ ਢਾਈ ਸਦੀਆਂ ਤੋਂ ਸਿੱਖ ਸਮਾਜ ਵਿੱਚ ਆ ਰਹੇ ਸਰਬ-ਪੱਖੀ ਨਿਘਾਰ ਦੇ ਕਾਰਨਾਂ ਦਾ ਵੇਰਵੇ ਸਹਿਤ ਜ਼ਿਕਰ ਕੀਤਾ ਹੈ, ਉਥੇ ਅਜੋਕੇ ਸਿੱਖ ਸਮਾਜ ਦੇ ਸਾਹਮਣੇ ਚੁਣੌਤੀਆਂ ਦੇ ਰੂਪ ਵਿੱਚ ਲਾਸਾਨੀ (ਗੁਰਮਤਿ) ਇਨਕਲਾਬ ਦਾ ਰਾਹ ਰੋਕੀ ਖੜ੍ਹੀਆਂ ਸਮੱਸਿਆਵਾਂ ਵੱਲ ਵੀ ਧਿਆਨ ਦੁਆਇਆ ਹੈ।

ਪਰ ਲੇਖਕ ਸਿਰਫ਼ ਕਾਲੀ ਤਸਵੀਰ ਹੀ ਨਹੀਂ ਦਿਖਾਉਂਦਾ ਬਲਕਿ ਸਿੱਖ ਸਮਾਜ ਨੂੰ ਗੁਰੂ ਗ੍ਰੰਥ ਸਾਹਿਬ ਦੇ ਆਲਮਗ਼ੀਰੀ ਸਿਧਾਂਤਾਂ ਨੂੰ ਨਿਪੱਖਤਾ ਨਾਲ ਸਮਝ ਕੇ, ਮਨੋਂ ਸਵੀਕਾਰ ਕਰ ਕੇ, ਨਿਤਾ-ਪ੍ਰਤਿ ਦੇ ਅਮਲੀ ਜੀਵਨ ਵਿੱਚ ਉਤਾਰ ਕੇ, ਸੰਨ 1780 ਦੇ ਆਸਿ ਪਾਸ ਤੋਂ ਨਿਵਾਨਾਂ ਵੱਲ ਨੂੰ ਤੁਰੇ ਜਾ ਰਹੇ ਲਾਸਾਨੀ (ਗੁਰਮਤਿ) ਇਨਕਲਾਬ ਨੂੰ ਪੁਨਰ-ਸੁਰਜੀਤ ਕਰਨ ਲਈ ਸੁਝਾਅ ਵੀ ਪੇਸ਼ ਕਰਦਾ ਹੈ।

ਮੈਂ ਲੇਖਕ ਨੂੰ ਮੁਬਾਰਕਾਂ ਵੀ ਦੇਂਦਾ ਹਾਂ ਅਤੇ ਹੋਰਨਾਂ ਤੋਂ ਵੀ ਆਸ ਕਰਦਾ ਹਾਂ ਕਿ ਉਹ ਇਸ ਗੰਭੀਰ ਸੰਕਟ ਨੂੰ ਆਪਣੇ ਘਰ ਦਾ ਸੰਕਟ ਸਮਝ ਕੇ ਕੌਮ ਨੂੰ ਇਸ ਵਿੱਚੋਂ ਕੱਢਣ ਵਿੱਚ ਰੋਲ ਅਦਾ ਕਰਨਗੇ, ਤਾਕਿ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਰਬ-ਸਾਂਝੀ ਗੁਰਬਾਣੀ ਦੇ ਅਦੁੱਤੀ ਫ਼ਲਸਫ਼ੇ ਨੂੰ ਮਲਟੀ-ਮੀਡੀਆ ਦੀ, ਸੁਚੱਜੀ ਵਰਤੋਂ ਕਰ ਕੇ ਸਮੁੱਚੀ ਮਨੁੱਖਤਾ ਦੇ ਰੂਬਰੂ ਕੀਤਾ ਜਾ ਸਕੇ। ਕੇਵਲ ਅਤੇ ਕੇਵਲ ਇਸ ਹੱਕ, ਸੱਚ ਤੇ ਇਨਸਾਫ਼ ਦੇ ਜ਼ਾਮਨ ਆਲਮਗ਼ੀਰੀ ਗੁਰਮਤਿ ਫ਼ਲਸਫ਼ੇ ਦੇ ਆਧਾਰ ਤੇ ਹੀ ਵਿਸ਼ਵ-ਪੱਧਰ ਦਾ ਸਦੀਵਕਾਲੀ ਆਦਰਸ਼ਕ ਭਾਈਚਾਰਾ ਸਥਾਪਤ ਕਰ ਕੇ ਸੰਸਾਰ ਵਿੱਚ ਸਦੀਵੀ ਸੁਖ, ਸ਼ਾਂਤੀ ਅਤੇ ਇਨਸਾਨੀਅਤ (ਰੱਬੀ-ਧਰਮ) ਦੇ ਬੋਲ-ਬਾਲੇ ਕੀਤੇ ਜਾ ਸਕਦੇ ਹਨ।

ਬਰਮਿੰਘਮ, ਇੰਗਲੈਂਡ
14.7.2011

ਡਾ. ਹਰਜਿੰਦਰ ਸਿੰਘ ਦਿਲਗੀਰ
ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖ ਹਿਸਟਰੀ,
ਸਾਬਕਾ ਡਾਇਰੈਕਟਰ,
ਸਿੱਖ ਇਤਿਹਾਸ ਰੀਸਰਚ ਬੋਰਡ, (ਸ਼੍ਰੋਮਣੀ ਕਮੇਟੀ)

A Quest ..... again

Guru Nanak – This one word immediately rings a bell in the readers mind the "the message of truth and righteousness" all over who learn about Sikh Philosophy realizing the practicality in actual life.

Excellence in the chosen field as well in the given task ---- is the hallmark of a Sikh for which he seeks the blessing of Guru and benevolence of God, because by any other method – – we are no one –– that is the beauty of being a Sikh. A Sikh is one who is ready to learn all the time and he is never a performer – even while performing his task and duties. Even if you do not like something – strive to change by all means –but do your best as long as you are on the job. Following the same principles, if any clarity is required –– go deep within ––

Responsibility to talk to all, because of the bond that developed between all of us –– the Sikhs –– over a period ---- has been – because of what ?? -------- because of being the Sikhs only. It is a blessing of the divine (Satguru) that the souls meet here in this bodily form – (rare though) – it forsure – is all destined ------ no – it is pre-destined.

I knew about this and the following as already mentioned in my earlier write up in the earlier book when Col. Gurdeep Singh had developed to write and published two large sized books, named/titled:

- ਸਿਖ ਫ਼ਲਸਫ਼ਾ – ਲਾਸਾਨੀ ਇਨਕਲਾਬ
- ਸਿਖ ਫ਼ਲਸਫ਼ਾ – ਲਾਸਾਨੀ ਇਨਕਲਾਬ -2 (ਗੁਰਦਵਾਰੇ)

It was surely expected, as he has brought out another book (for propagation of Sikh philosophy) amongst all the masses with specific references to the present scenario of Sikh philosophy not being propagated from where it ought to be – But he is also one – like most – who believe that the SIKH philosophy as propounded by Guru Nanak- has a universal appeal & will prevail throughout – it may take decades and centuries – as long as the followers follow the true meaning of the Gurbani.

Col. Gurdeep Singh (has the practice of) works for the implementation of near ideal to truly – ideal state of every one

who-so-ever is exposed to the Gurudwara getting the real depth to achieve the level of humility to truthful highest confidence i.e. (ਮਨ ਨੀਵਾਂ, ਮੱਤ ਉੱਚੀ - ਮਾਨਸਿਕ ਅਵੱਸਥਾ because of *'ਗੁਰਸਿਖਾਂ ਇਕੋ ਪਿਆਰ, ਗੁਰਸਿਖਾਂ ਮਿਤਾਂ ਪੁਤਾਂ ਭਾਈਆਂ'* --)

He has gone into the details of (what is being done about) population problem to money marked murdering and annihilistic affairs ....

He has given exemplary details in his book, as some referred below –

Page 113 to 121 How to get the real effect of Gurudwaras .... systematic progress of systems.

Page 121 to 127 - The pre-eminent steps needed for Sikhs

Page-128 - About historical events and care

Page 131 - Care taking for language PUNJABI

Page 144 - .... show off

Page 146 - ......about lowest level of human relationships (i.e. loss of ਅੱਜ਼ਮਤ) even below the poltry level of (that is respect and evaluating the life of loved ones) both males and worse about the females, and retrospective.

Page 150 - ....population planning and demeaning population quality with immense statistics

In the book, he has written about the Gurudwara System improvement and new real rules/regulations etc. in a detailed form, seeking a design to do something, to avoid annihilation due to direction-less-ness amongst us all, to avoid loss of relationships to go deep within. Values of family relationships being upgraded (only because of being a Sikh) for sikhs and non-Sikhs.

Why this message in English

Like the writer of the present book Col. Gurdeep Singh, I too am a firm believer (and practice the same at home and office), that one must "read, write, speak" one's own mother

tongue as also the tongue (language of my Gurus – i.e. Punjabi/ Gurmukhi).

I am forced to write this message in English because I am well aware that the new generation of Punjabi Sikhs, as well as other though know spoken Punjabi, they are either averse to pick up a book written purely in Punjabi, without being aware of the fact that their aversions to such good books, will lead to their own identity and individuality being lost for ever, as the writer has very pointedly mentioned about the near total disappearance/ near annihilistic state of affairs of the communities/nations/people/religions/ languages – whose original followers tend to lose their affinity & daily usage of their own language/script/cultural values et.al. He has painfully noted this in context of the African societies – and the same is being feared for us.

Therefore, I write this message for my newer generation to be attracted to this & such other books, just to exhort them to learn, re-learn & re-live their own language/scripts/culture to maintain their identity, as also to propagate the unique institutions i.e. Sikh Gurudwara Sahib.

-Dr. Tarlochan Singh
❖ Shiromani Sikh Samaj International
❖ First Founder Chairman
Sahibzada Jujhar Singh Gurmat Missionary College,
Chaunta, Distt. Ropar.

JAS CLINIC, Sector 37-D, Chandigarh – 160036
Mob. +91 98156 68205

ਦੋ ਸ਼ਬਦ:

ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਸਿਧਾਂਤਕ ਅਧਿਐਨ ਤੋਂ ਇੱਕ ਗੱਲ ਸਪਸ਼ਟ ਰੂਪ ਵਿੱਚ ਸਿੱਧ ਹੁੰਦੀ ਹੈ ਕਿ ਜਦੋਂ-ਜਦੋਂ ਵੀ ਪਰਮਾਤਮਾ ਆਪਣੀ ਰਜ਼ਾ ਅਨੁਸਾਰ, ਦਿਸਦੀ ਅਤੇ ਅਣ-ਦਿਸਦੀ ਕੁਦਰਤਿ (ਸਮੁੱਚੀ ਰਚਨਾ) ਦੀ ਸਾਜਨਾ ਕਰਦਾ ਹੈ, ਉਸੇ ਸਮੇਂ ਤੋਂ ਹੀ ਇਸ ਦੇ ਦਰੁੱਸਤ ਬ੍ਰਹਮੰਡੀ ਵਰਤਾਰੇ ਲਈ ਅਟੱਲ ਨਿਯਮ, ਕਾਇਦੇ-ਕਾਨੂੰਨ (ਹੁਕਮ) ਵੀ ਸਿਰਜ ਕੇ ਪੱਕੇ ਤੌਰ 'ਤੇ ਲਾਗੂ ਕਰ ਦੇਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਬਾਣੀ ਦੀ ਵਿਚਾਰ ਤੋਂ ਇਹ ਗੱਲ ਵੀ ਸਾਫ਼ ਹੋ ਜਾਂਦੀ ਹੈ ਕਿ ਪ੍ਰਭੂ-ਪਿਤਾ ਨੇ ਗੁਰੂ ਨਾਨਕ ਸਾਹਿਬ ਨੂੰ ਧੁਰੋਂ ਹੀ ਵਰੋਸਾਅ ਕੇ ਭੇਜਿਆ ਸੀ ਤਾਕਿ ਮਜ਼੍ਹਬ, ਨਸਲ, ਰੰਗ, ਦੇਸ਼, ਲਿੰਗ, ਊਚ-ਨੀਚ ਆਦਿ ਦੇ ਵਖਰੇਵਿਆਂ ਕਾਰਨ ਲੀਰੋ-ਲੀਰ ਹੋ ਕੇ ਆਪਸੀ ਵੈਰ-ਵਿਰੋਧ, ਈਰਖਾ, ਨਫ਼ਰਤ, ਧੱਕੇਸ਼ਾਹੀ, ਬੇ-ਇਨਸਾਫ਼ੀ, ਖ਼ੁਦਗਰਜ਼ੀ, ਬੇ-ਇਤਫ਼ਾਕੀ ਅਤੇ ਬੇ-ਇਤਬਾਰੀ ਦਾ ਸ਼ਿਕਾਰ ਹੋਏ ਮਨੁੱਖੀ ਸਮਾਜ ਨੂੰ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦਾ ਬੁਨਿਆਦੀ ਉਪਦੇਸ਼ ਦ੍ਰਿੜ ਕਰਵਾ ਕੇ, ਇੱਕੋ-ਇੱਕ ਰੱਬੀ-ਧਰਮ (ਇਨਸਾਨੀਅਤ) ਦਾ ਧਾਰਨੀ ਬਣਾ ਕੇ, ਪਰਸਪਰ ਪ੍ਰੇਮ ਦੀ ਲੜੀ ਵਿੱਚ ਪਰੋ ਕੇ, ਇੱਕ ਆਦਰਸ਼ਕ ਵਿਸ਼ਵ-ਭਾਈਚਾਰੇ ਦੀ ਸਿਰਜਨਾ ਕੀਤੀ ਜਾ ਸਕੇ।

ਪ੍ਰਭੂ-ਪਿਤਾ ਵੱਲੋਂ ਸੌਂਪੀ ਇਸ ਵਿਲੱਖਣ ਅਤੇ ਅਤਿ ਕਠਨ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਗੁਰੂ ਨਾਨਕ ਸਾਹਿਬ ਨੇ, ਰੱਬੀ-ਰਜ਼ਾ ਅਤੇ ਰੱਬੀ-ਪ੍ਰੇਰਨਾ ਅਨੁਸਾਰ, ਸ਼ਬਦ-ਗੁਰੂ ਦੇ ਸਿਧਾਂਤ (ਕੁਦਰਤਿ ਦੇ ਦਰੁੱਸਤ ਬ੍ਰਹਮੰਡੀ ਵਰਤਾਰੇ ਦੇ ਨਿਯਮ) ਸਰਬ-ਸਾਂਝੀ ਗੁਰਬਾਣੀ (ਗੁਰਮਤਿ ਫ਼ਲਸਫ਼ੇ) ਦੇ ਰੂਪ ਵਿੱਚ ਪਰਗਟ ਕੀਤੇ। ਗੁਰੂ ਨਾਨਕ ਸਾਹਿਬ ਨੇ, ਗੁਰਮਤਿ ਫ਼ਲਸਫ਼ੇ ਦੇ ਆਧਾਰ 'ਤੇ, ਸਮੁੱਚੇ ਸਮਾਜ ਵਿੱਚ ਸਦੀਵਕਾਲੀ ਰੱਬੀ-ਰਾਜ ਸਥਾਪਤ ਕਰਨ ਲਈ ਇਕ ਸਦੀਵਕਾਲੀ ਲਾਸਾਨੀ ਇਨਕਲਾਬ ਦਾ ਆਗਾਜ਼ ਕੀਤਾ।

ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ, ਹੱਕ, ਸੱਚ ਅਤੇ ਇਨਸਾਫ਼ ਦੇ ਜ਼ਾਮਨ ਇਸ ਸਰਬੱਤ ਦੇ ਭਲੇ ਦੇ ਮਨੋਰਥ ਵਾਲੇ ਲਾਸਾਨੀ ਇਨਕਲਾਬ ਦਾ, ਮਾਨਵ-ਵਿਰੋਧੀ ਅਤੇ ਖ਼ੁਦਗਰਜ਼ ਧਿਰਾਂ, ਸੰਨ 1478 ਵਿੱਚ ਇਸ ਇਨਕਲਾਬ ਦੇ ਅਰੰਭ-ਕਾਲ ਤੋਂ ਹੀ ਸਾਜ਼ਿਸ਼ੀ ਢੰਗਾਂ ਨਾਲ ਜਥੇਬੰਦ ਹੋ ਕੇ ਜੰਗੀ ਪੱਧਰ 'ਤੇ ਵਿਰੋਧ ਕਰਦੀਆਂ ਆ ਰਹੀਆਂ ਹਨ।

ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਗੁਰੂ-ਜਾਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੋਤੀ-ਜੋਤਿ ਸਮਾਉਣ ਤੋਂ ਇੱਕ ਦਿਨ ਪਹਿਲਾਂ, 6 ਅਕਤੂਬਰ ਸੰਨ 1708 ਦੇ ਦਿਨ, ਗੁਰੂ ਗ੍ਰੰਥ ਸਾਹਿਬ ਨੂੰ ਸਦੀਵ ਕਾਲ ਲਈ ਗੁਰਿਆਈ ਸੌਂਪ ਕੇ,

ਸਿੱਖ ਕੌਮ ਨੂੰ (ਬਲਕਿ ਸਮੁੱਚੀ ਮਨੁੱਖਤਾ ਨੂੰ ਹੀ) ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕਰ ਕੇ, ਸਮੁੱਚੇ ਸੰਸਾਰ ਅੰਦਰ ਰੱਬੀ-ਰਾਜ ਸਥਾਪਤ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

ਹੱਥਲੀ ਪੁਸਤਕ 'ਲਾਸਾਨੀ (ਗੁਰਮਤਿ) ਇਨਕਲਾਬ' ਦੇ ਵਿਕਾਸ ਅਤੇ ਉਤਰਾਅ-ਚੜ੍ਹਾਅ ਦਾ ਲੇਖਾ ਕਰਨ ਹਿੱਤ, ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤਕ ਰੌਸ਼ਨੀ ਦੀ ਲੋਅ ਵਿੱਚ, ਇੱਕ ਨਿੱਕਾ ਜਿਹਾ ਯਤਨ ਹੈ।

ਭੁੱਲ-ਚੁੱਕ ਲਈ ਖਿਮਾ-ਜਾਚਨਾ

ਇਸ ਪੁਸਤਕ ਵਿੱਚ ਸਿਧਾਂਤਕ, ਇਤਿਹਾਸਕ ਜਾਂ ਕਿਸੇ ਵੀ ਪੱਖ ਤੋਂ ਹੋਈਆਂ ਭੁੱਲਾਂ ਜਾਂ ਉਕਾਈਆਂ ਲਈ ਦੋਵੇਂ ਹੱਥ ਜੋੜ ਕੇ ਪੇਸ਼ਗੀ-ਖਿਮਾਂ ਦਾ ਜਾਚਕ ਹਾਂ ਅਤੇ ਅਜਿਹੀਆਂ ਭੁੱਲਾਂ ਦੇ ਸੁਧਾਰ ਹਿੱਤ ਪ੍ਰਾਪਤ ਹੋਣ ਵਾਲੇ ਗੁਰਮਤਿ ਅਨੁਕੂਲ ਸੁਝਾਵਾਂ ਨੂੰ ਖਿੜੇ-ਮੱਥੇ ਜੀ ਆਇਆਂ ਕਹਿ ਕੇ ਅਗਲੀ ਐਡੀਸ਼ਨ ਵਿੱਚ ਸ਼ਾਮਲ ਕਰ ਦਿੱਤਾ ਜਾਵੇਗਾ।

ਧੰਨਵਾਦ

ਖਾਲਸਾ ਪੰਥ ਦੇ ਉੱਘੇ ਵਿਦਵਾਨ ਅਤੇ ਇਤਿਹਾਸਕਾਰ ਵੀਰ ਡਾ. ਹਰਜਿੰਦਰ ਸਿੰਘ ਜੀ 'ਦਿਲਗੀਰ' ਦਾ ਇਸ ਪੁਸਤਕ ਦੀ ਪੇਸ਼ਕਾਰੀ ਲਿਖਣ ਲਈ, ਵੀਰ ਡਾ. ਤ੍ਰਿਲੋਚਨ ਸਿੰਘ (ਸ਼੍ਰੋਮਣੀ ਸਿੱਖ ਸਮਾਜ) ਜੀ ਦਾ 'ਏ ਕੁਐਸਟ ਅਗੇਨ' (A Quest Again) ਲਿਖਣ ਲਈ ਅਤੇ ਵੀਰ ਰਾਜਿੰਦਰ ਸਿੰਘ ਜੀ ਖ਼ਾਲਸਾ (ਕਨਵੀਨਰ ਸ਼੍ਰੋਮਣੀ ਖ਼ਾਲਸਾ ਪੰਚਾਇਤ), ਵੀਰ ਰਵਿੰਦਰ ਸਿੰਘ ਜੀ (ਸਕੱਤਰ ਜਨਰਲ, ਸ਼੍ਰੋਮਣੀ ਖ਼ਾਲਸਾ ਪੰਚਾਇਤ), ਵੀਰ ਪ੍ਰਿੰਸੀਪਲ ਗੁਰਚਰਨ ਸਿੰਘ (ਚੇਅਰਮੈਨ ਗੁਰਮਤਿ ਮਿਸ਼ਨ ਟਰੱਸਟ), ਵੀਰ ਰਘੁਬੀਰ ਸਿੰਘ ਜੀ ਢਿੱਲੋਂ, ਵੀਰ ਸੁਖਦੇਵ ਸਿੰਘ ਜੀ, ਪ੍ਰਸਿੱਧ ਮਿਸ਼ਨਰੀ(ਸ਼੍ਰੋਮਣੀ ਸਿੱਖ ਸਮਾਜ) ਦਾ ਇਸ ਪੁਸਤਕ ਦੀ ਸੁਧਾਈ ਹਿੱਤ ਪਾਏ ਯੋਗਦਾਨ ਲਈ ਤਹਿ ਦਿਲੋਂ ਧੰਨਵਾਦ ਹੈ।

ਅੰਤ ਵਿੱਚ ਪਰਵਾਰ ਦੇ ਮੈਂਬਰਾਂ ਦਾ, ਉਨ੍ਹਾਂ ਵੱਲੋਂ ਦਿੱਤੇ ਨਿੱਘੇ ਅਤੇ ਭਰਪੂਰ ਸਹਿਯੋਗ ਲਈ, ਬਹੁਤ- ਬਹੁਤ ਧੰਨਵਾਦ।

ਗੁਰਦੀਪ ਸਿੰਘ, ਲੈਫ਼ ਕਰਨਲ
ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ
Mob. 94654-47897

੧. ਇੱਕ ਅਤਿ-ਦੁਖਦਾਈ ਰੁਝਾਨ

ਪ੍ਰਭੂ-ਪਿਤਾ ਵੱਲੋਂ ਮਿਲੇ ਹੁਕਮ ਅਨੁਸਾਰ, ਗੁਰੂ ਨਾਨਕ ਸਾਹਿਬ ਨੇ, ਸਮੁੱਚੇ ਸੰਸਾਰ ਵਿੱਚ, ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਅਧਾਰ 'ਤੇ, ਹੱਕ, ਸੱਚ ਤੇ ਇਨਸਾਫ਼ ਦਾ ਜ਼ਾਮਨ, ਸਦੀਵਕਾਲੀ ਹਲੇਮੀ-ਰਾਜ (ਰੱਬੀ ਰਾਜ) ਸਥਾਪਤ ਕਰਨ ਲਈ, ਪੰਦਰ੍ਹਵੀਂ ਸਦੀ ਦੇ ਅਖ਼ੀਰ ਵਿੱਚ, ਗ਼ਰੀਬ-ਜਨਤਕ ਆਧਾਰ ਵਾਲੇ, ਲਾਸਾਨੀ (ਗੁਰਮਤਿ) ਇਨਕਲਾਬ ਦੇ ਆਗਾਜ਼ ਦਾ ਬਿਗੁਲ ਵਜਾ ਦਿੱਤਾ ਸੀ।(ਇਸ ਪੁਸਤਕ ਵਿੱਚ ਇਸ ਸਦੀਵਕਾਲੀ ਇਨਕਲਾਬ ਨੂੰ 'ਗੁਰਮਤਿ ਇਨਕਲਾਬ' ਜਾਂ 'ਲਾਸਾਨੀ (ਗੁਰਮਤਿ) ਇਨਕਲਾਬ' ਦੇ ਨਾਂ ਨਾਲ ਦਰਜ਼ ਕੀਤਾ ਗਿਆ ਹੈ)। ਇਸ ਇਨਕਲਾਬ ਦੇ ਵਿਕਾਸ ਲਈ ਆਪਣੀਆਂ ਵਿਸ਼ਵ-ਪੱਧਰ ਦੀਆਂ ਪ੍ਰਚਾਰ ਫੇਰੀਆਂ (ਉਦਾਸੀਆਂ) ਦੌਰਾਨ, ਸਤਿਗੁਰਾਂ ਨੇ ਮਨੁੱਖਤਾ ਨੂੰ ਸਰਬ-ਪੱਖੀ ਗੁਰਮਤਿ ਅਗਵਾਈ ਦੇਣ ਲਈ, ਥਾਂ-ਪੁਰ-ਥਾਂ, ਸਭ ਤੋਂ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਸਥਾਨਿਕ ਸੰਸਥਾ 'ਸੰਗਤਿ' (ਮੌਜੂਦਾ ਗੁਰਦਵਾਰਾ) ਦੇ ਰੂਪ ਵਿੱਚ ਕਾਇਮ ਕੀਤੀ ਸੀ। ਇਤਿਹਾਸਕ ਕਾਰਨਾਂ ਕਰ ਕੇ ਅਤੇ ਗੁਰਮਤਿ-ਵਿਰੋਧੀ ਸ਼ਕਤੀਆਂ ਦੀਆਂ ਅਤਿ ਖ਼ਤਰਨਾਕ ਸਾਜ਼ਿਸ਼ੀ ਕਾਰਵਾਈਆਂ ਦੇ ਕਾਰਨ, ਕਾਫ਼ੀ ਅਰਸੇ ਤੋਂ (ਗੁਰੂ ਕਾਲ ਤੋਂ ਲੈ ਕੇ ਹੁਣ ਤੱਕ) ਇਸ ਸੰਸਥਾ 'ਤੇ ਗੁਰਮਤਿ-ਵਿਹੂਣੇ ਪਗੜੀਧਾਰੀ/ਘੋਨ-ਮੋਨ ਅੰਸਰ ਕਾਬਜ਼ ਹੋ ਕੇ, ਇਸ ਸੰਸਥਾ ਦੀ ਦੁਰਵਰਤੋਂ ਰਾਹੀਂ, ਗੁਰਮਤਿ ਇਨਕਲਾਬ ਦੇ ਵਿਕਾਸ ਨੂੰ ਪੁੱਠਾ ਗੇੜਾ ਦੇਈ ਜਾ ਰਹੇ ਹਨ। ਇਥੇ ਹੀ ਬੱਸ ਨਹੀਂ, **ਮਾਨਵ-ਵਿਰੋਧੀ ਸ਼ਕਤੀਆਂ ਨੇ, ਚਾਣਕੀਜਾ ਕੂਟਨੀਤੀ ਦੀ ਵਰਤੋਂ ਰਾਹੀਂ, ਖ਼ਾਲਸਾ ਕੌਮ ਦੇ ਅਜੋਕੇ (ਬਹੁਤ ਸਾਰੇ) ਰਾਜਨੀਤਕ ਅਤੇ ਧਾਰਮਿਕ ਲੀਡਰਾਂ ਦੀ ਜ਼ਮੀਰ ਨੂੰ ਖ਼ਰੀਦ ਲਿਆ ਹੈ, ਅਤੇ ਇਨ੍ਹਾਂ ਦੀ, ਆਪਣੇ ਬੈਅ-ਖ਼ਰੀਦ ਗ਼ੁਲਾਮਾਂ ਦੀ ਤਰ੍ਹਾਂ, ਵਰਤੋਂ ਕਰ ਕੇ, ਖ਼ਾਲਸਾ ਕੌਮ ਦੀਆਂ ਮਹੱਤਵਪੂਰਨ ਰਾਜਸੀ. ਧਾਰਮਿਕ, ਸੱਭਿਆਚਾਰਕ. ਸਾਹਿਤਕ ਜੱਥੇਬੰਦੀਆਂ/ ਸੰਸਥਾਵਾਂ/ ਅਦਾਰਿਆਂ 'ਤੇ ਸਿੱਖੀ ਸਰੂਪ ਵਾਲੇ, ਮਨੂੰਵਾਦੀਆਂ ਦਾ ਕਬਜ਼ਾ ਕਰਵਾ ਦਿੱਤਾ ਹੈ। ਸਾਡੀਆਂ ਇਨ੍ਹਾਂ ਕੌਮੀ ਸੰਸਥਾਵਾਂ 'ਤੇ ਕਾਬਜ਼ ਹੋਏ ਇਹ ਬਿਪਰਵਾਦੀ ਅੰਸਰ,ਮਨੂੰਵਾਦੀਆਂ ਦੀਆਂ ਮਾਨਵ-ਵਿਰੋਧੀ ਸਾਜਿਸ਼ਾਂ ਦੇ ਕਲ-ਪੁਰਜ਼ੇ (ਕੱਠਪੁਤਲੀਆਂ) ਬਣ ਕੇ, ਗੁਰ-ਇਤਿਹਾਸ, ਸਿੱਖ-ਇਤਿਹਾਸ, ਗੁਰਮਤਿ ਸਿਧਾਂਤ, ਗੁਰਮਤਿ ਸਭਿਆਚਾਰ, ਗੁਰਮਤਿ ਪ੍ਰੰਪਰਾਵਾਂ ਅਤੇ ਗੁਰਮਤਿ ਸਾਹਿਤ ਵਿੱਚ ਬਿਪਰਵਾਦੀ ਖ਼ੋਟ ਮਿਲਾ ਕੇ, ਖ਼ਾਲਸਾ ਕੌਮ ਨੂੰ ਹਰ ਪੱਖ ਤੋਂ ਭੰਬਲਭੂਸਿਆਂ ਵਿੱਚ ਪਾ ਕੇ, ਸਤਿਗੁਰਾਂ ਵੱਲੋਂ ਸਾਜੇ ਨਿਆਰੇ, ਨਿਰਮਲ ਖ਼ਾਲਸਾ ਪੰਥ ਦੀ ਹੋਂਦ ਨੂੰ ਹੀ ਹੌਲੀ-ਹੌਲੀ ਖ਼ਤਮ ਕਰ ਕੇ, ਬਿਪਰਵਾਦ ਦੇ ਡੂੰਘੇ, ਖ਼ਾਰੇ, ਮਾਨਵ-ਵਿਰੋਧੀ ਸਮੁੰਦਰ ਵਿੱਚ ਜਜ਼ਬ ਕਰਨ ਲਈ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ,**

ਵਿਉਂਤਵੰਦ ਢੰਗ ਨਾਲ ਜਥੇਬੰਦ ਹੋ ਕੇ, ਜੰਗੀ-ਪੱਧਰ 'ਤੇ ਕਾਲੀਆਂ ਕਾਰਵਾਈਆਂ ਕਰਦੇ ਆ ਰਹੇ ਹਨ।ਗੁਰੂ ਗ੍ਰੰਥ ਸਾਹਿਬ ਦੇ ਸਰਬੱਤ ਦੇ ਭਲੇ, ਹੱਕ, ਸੱਚ ਤੇ ਕੁਦਰਤੀ ਇਨਸਾਫ਼ ਦੇ ਜ਼ਾਮਨ ਆਲਮਗੀਰੀ ਸਿਧਾਂਤਾਂ ਨਾਲੋਂ ਤਕਰੀਬਨ ਢਾਈ ਸੱਦੀਆਂ ਤੋਂ ਟੁੱਟੀ ਆ ਰਹੀ ਅਤੇ ਗ਼ਫ਼ਲਤ ਦੀ ਗੂੜ੍ਹੀ ਨੀਂਦ 'ਚ ਸੁੱਤੀ ਹੋਈ ਖ਼ਾਲਸਾ ਕੌਮ ਨੂੰ ਸੁਚੇਤ ਕਰਨ ਲਈ, ਇਥੇ ਇਸ ਚੇਤਾਵਨੀ ਦਾ ਦਰਜ਼ ਕਰਨਾ ਵੀ ਜ਼ਰੂਰੀ ਹੈ ਕਿ ਬੁੱਧ-ਮੱਤ ਨੂੰ ਭਾਰਤ ਉਪ-ਮਹਾਂਦੀਪ ਵਿੱਚੋਂ ਵਹਿਸ਼ੀਆਨਾ ਢੰਗ ਨਾਲ ਖ਼ਤਮ ਕਰਨ ਲਈ ਮਨੂੰਵਾਦੀਆਂ ਨੇ ਹੂ-ਬ-ਹੂ ਇਸੇ ਫ਼ਾਰਮੂਲੇ ਦੀ ਸਫ਼ਲਤਾ ਨਾਲ ਵਰਤੋਂ ਕੀਤੀ ਸੀ। ਇਹ ਅਤਿ-ਦੁੱਖਦਾਈ ਰੁਝਾਨ, ਵਰਤਮਾਨ ਸਮੇਂ ਅੰਦਰ ਸਮੁੱਚੀ ਕੌਮ ਦੀ ਗੁਰਮਤਿ ਸਿਧਾਂਤਾਂ ਵੱਲੋਂ ਗ਼ਫ਼ਲਤ ਦੇ ਕਾਰਨ, ਹੋਰ ਵੀ ਪ੍ਰਚੰਡ ਰੂਪ ਵਿੱਚ ਪ੍ਰਗਟ ਹੋ ਰਿਹਾ ਹੈ। ਖ਼ਾਲਸਾ ਜੀ! ਸੁਚੇਤ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨੂੰ ਸਮਝੋ ਅਤੇ ਸਮਰਪਿਤ ਹੋਵੋ !! ਤੁਹਾਡਾ ਸਰਵ-ਨਾਸ਼ ਕਰਨ 'ਤੇ ਤੁਲੀਆਂ ਹੋਈਆਂ ਮਾਨਵ-ਵਿਰੋਧੀ ਸ਼ੈਤਾਨੀ ਸ਼ਕਤੀਆਂ ਬਹੁਤ ਹੀ ਸ਼ਾਤਰ, ਮੱਕਾਰ ਅਤੇ ਜ਼ਾਲਮ ਹਨ।ਦਸਮੇਸ਼ ਪਿਤਾ ਜੀ ਨੇ ਤੁਹਾਨੂੰ ਸ਼ਬਦ-ਗੁਰੂ ਦੀ ਤਾਬਿਆ ਕਰ ਕੇ ਸੰਸਾਰ ਵਿੱਚ ਹਲੇਮੀ ਰਾਜ ਕਾਇਮ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੋਈ ਹੈ।।

ਇਸ ਪੁਸਤਕ ਵਿੱਚ, ਹਥਲੇ ਵਿਸ਼ੇ 'ਤੇ ਕੇਂਦਰਤ ਰਹਿੰਦੇ ਹੋਏ, ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਆਲਮਗੀਰੀ ਫ਼ਲਸਫ਼ੇ ਦੀ ਸਿਧਾਂਤਕ ਰੌਸ਼ਨੀ ਅੰਦਰ, ਸਿੱਖ ਸਮਾਜ 'ਚ ਆ ਚੁੱਕੇ ਨਿਘਾਰ ਦਾ ਸਰਬਪੱਖੀ ਅਧਿਐਨ ਕਰਨ ਦਾ ਇੱਕ ਨਿਮਾਣਾ ਜਿਹਾ ਯਤਨ ਕੀਤਾ ਜਾ ਰਿਹਾ ਹੈ ਤਾਕਿ ਸਤਿਗੁਰਾਂ ਵੱਲੋਂ ਖ਼ਾਲਸਾ ਕੌਮ ਨੂੰ ਸੌਂਪੀ ਹੋਈ ਜ਼ਿੰਮੇਵਾਰੀ ਨੂੰ ਨੇਪਰੇ ਚਾੜ੍ਹਨ ਲਈ, ਜਾਗਰੂਕ ਕੀਤਾ ਜਾ ਸਕੇ। ਇਸ ਦੁੱਖਦਾਈ ਨਿਘਾਰ ਦਾ ਪ੍ਰਮੁੱਖ ਕਾਰਨ ਹੈ, ਇਤਿਹਾਸਕ ਕਾਰਨਾਂ ਕਰ ਕੇ, ਸਿੱਖ ਕੌਮ ਦਾ ਅਤੇ ਗੁਰਦਵਾਰਾ ਪ੍ਰਬੰਧਕੀ ਸਿਸਟਮ ਦਾ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨਾਲੋਂ ਟੁੱਟ ਜਾਣਾ।

ਆਪਣੇ ਜੀਵਨ -ਸੋਮੇ ਨਾਲੋਂ ਟੁੱਟ ਕੇ ਹਰ ਇੱਕ ਸਜੀਵ ਵਸਤੂ, ਭਟਕਣਾਂ ਵਿੱਚ ਪੈ ਕੇ, ਨਾਸ਼ ਹੋ ਜਾਂਦੀ ਹੈ - ਨਦੀ ਦੇ ਕੰਢਿਆਂ ਤੋਂ ਉੱਛਲ ਕੇ ਬਾਹਰ ਡਿੱਗਿਆ ਪਾਣੀ ਨਦੀ ਨਾਲੋਂ ਵਿਛੱੜ ਕੇ ਕਿਸੇ ਨੀਵੇਂ ਥਾਂ 'ਤੇ ਇਕੱਠਾ ਹੋ ਜਾਂਦਾ ਹੈ ਅਤੇ ਕੁੱਝ ਸਮੇਂ ਬਾਅਦ ਬਦਬੂ ਮਾਰਨ ਲੱਗ ਜਾਂਦਾ ਹੈ, ਬਨਸਪਤੀ ਨਾਲੋਂ ਟੁੱਟੀ ਹੋਈ ਟਹਿਣੀ ਸੁੱਕ ਕੇ ਕੁਮਲਾ ਜਾਂਦੀ ਹੈ, ਪੌਦੇ ਨਾਲੋਂ ਟੁੱਟਿਆ ਹੋਇਆ ਫੁੱਲ ਕੁੱਝ ਸਮੇਂ ਬਾਅਦ ਮੁਰਝਾ ਕੇ ਖ਼ਤਮ ਹੋ ਜਾਂਦਾ ਹੈ, ਅੱਕ ਦੀ ਡਾਲ ਨਾਲੋਂ ਟੁੱਟ ਕੇ ਅੱਕ ਦੀਆਂ ਕੱਕੜੀਆਂ ਤੂੰਬਾ-ਤੂੰਬਾ ਹੋ ਕੇ ਇੱਧਰ-ਉੱਧਰ ਉੱਡਣ ਲੱਗ ਜਾਂਦੀਆਂ ਹਨ।ਇਸੇ ਤਰ੍ਹਾਂ ਹੀ ਪ੍ਰਭੂ-ਚਰਣਾਂ ਤੋਂ ਟੁੱਟੇ ਹੋਏ (ਸ਼ਬਦ ਦੀ ਵਿਚਾਰ ਤੋਂ ਸੱਖਣਾ ਹੋਏ) ਮਨ ਨੂੰ ਸੈਂਕੜੇ ਚਿੰਤਾ-ਫ਼ਿਕਰ ਭੱਟਕਾਉਂਦੇ ਫਿਰਦੇ ਹਨ।

"ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥੧॥" (ਮ.੫, ੩੧੯)

ਭਾਵ: (ਅੱਕ ਦੀਆਂ) ਕੱਕੜੀਆਂ (ਤਦ ਤੱਕ) ਸੋਹਣੀਆਂ ਹਨ (ਜੱਦ ਤੱਕ) ਅੱਕ ਦੇ ਗਲ ਨਾਲ (ਭਾਵ ਟਾਹਣੀ ਨਾਲ) ਲੱਗੀਆਂ ਹੋਈਆਂ ਹਨ, ਪਰ ਹੇ ਨਾਨਕ ! ਮਾਲਿਕ-ਪ੍ਰਭੂ (ਅੱਕ) ਨਾਲੋਂ ਜਦੋਂ ਵਿਯੋਗ (ਵਿਛੋੜਾ) ਹੋ ਜਾਂਦਾ ਹੈ ਤਾਂ ਉਨ੍ਹਾਂ ਦੇ ਹਜ਼ਾਰਾਂ ਤੂੰਬੇ ਹੋ ਜਾਂਦੇ ਹਨ।

ਕਿਸੇ ਟਾਵੇਂ-ਟਾਵੇਂ ਗੁਰਦਵਾਰੇ ਦੇ ਸਿਵਾਏ, ਸਾਰੇ ਹੀ **ਗੁਰਦਵਾਰਿਆਂ ਦਾ ਪ੍ਰਬੰਧ, ਗੁਰਮਤਿ ਸਿਧਾਂਤਾਂ ਦੀ ਸੋਝੀ ਤੋਂ ਕੋਰੇ, ਚੌਧਰਾਂ ਦੇ ਭੁੱਖੇ, ਦੁਨਿਆਵੀ ਧੜੇਬੰਦੀਆਂ ਵਿੱਚ ਗ੍ਰੱਸੇ ਹੋਏ, ਲਾਲਚੀ ਤੇ ਸੁਆਰਥੀ ਪ੍ਰਾਣੀਆਂ ਦੇ ਹੱਥ ਆਇਆ ਹੋਇਆ ਹੈ, ਜਿਨ੍ਹਾਂ ਨੂੰ ਇਤਨਾ ਵੀ ਅਹਿਸਾਸ ਨਹੀਂ ਕਿ ਗੁਰਦਵਾਰਾ ਸੰਸਥਾ ਦੇ ਮਾਲਿਕ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ, ਸਥਾਨਿਕ ਸੰਗਤਿ ਜਾਂ ਪ੍ਰਬੰਧਕ ਨਹੀਂ।** 'ਗੁਰਦਵਾਰਾ' ਦੀ ਇਮਾਰਤ (ਗੁਰ+ਦਵਾਰਾ) ਗੁਰੂ-ਪਰਮੇਸ਼ਰ ਦੇ ਘਰ ਦਾ ਦਰਵਾਜ਼ਾ ਹੈ। ਗੁਰੂ ਗ੍ਰੰਥ ਸਾਹਿਬ ਦਾ ਭੌਤਿਕ ਸਰੂਪ, ਗੁਰੂ-ਪਰਮੇਸ਼ਰ ਦਾ ਘਰ ਹੈ। ਇਸੇ ਕਰ ਕੇ ਸਤਿਗੁਰਾਂ ਨੇ ਫ਼ੁਰਮਾਇਆ ਹੈ:

ਪੋਥੀ ਪਰਮੇਸਰ ਕਾ ਥਾਨੁ ॥ (ਮ.੫, ੧੨੨੬)

ਜਿਵੇਂ ਘਰ ਵਿੱਚ, ਘਰ ਦੇ ਮੁਖੀ ਤੋਂ ਇਲਾਵਾ, ਪਰਿਵਾਰ ਦੇ ਬਾਕੀ ਮੈਂਬਰ ਅਤੇ ਸੇਵਾਦਾਰ ਵੀ ਹੁੰਦੇ ਹਨ। ਘਰ ਦਾ ਮਾਲਿਕ, ਘਰ ਦੇ ਕਾਰਜ ਚਲਾਉਣ ਲਈ, ਪਰਿਵਾਰ ਦੇ ਮੈਂਬਰਾਂ ਅਤੇ ਸੇਵਾਦਾਰਾਂ ਦੀ ਸਲਾਹ ਵੀ ਲੈ ਸਕਦਾ ਹੈ, ਪਰ ਉਹ ਘਰ ਦੇ ਮਾਲਿਕ ਨੂੰ ਹੁਕਮ ਦੇਣ ਦੀ ਗ਼ੁਸਤਾਖ਼ੀ ਕਦੇ ਵੀ ਨਹੀਂ ਕਰਦੇ। ਠੀਕ ਇਸੇ ਤਰ੍ਹਾਂ ਹੀ, ਗੁਰਦਵਾਰਾ ਸੰਸਥਾ ਨੇ ਵੀ (ਇਸ ਸੰਸਥਾ ਦੇ ਮਾਲਿਕ) ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੀ ਰੌਸ਼ਨੀ ਅੰਦਰ ਹੀ ਕਾਰਜਸ਼ੀਲ ਹੋ ਕੇ ਸਥਾਨਿਕ ਪੱਧਰ 'ਤੇ ਇੱਕੋ-ਇੱਕ ਵਾਹਿਦ ਪ੍ਰਭੂ-ਪਿਤਾ ਦੀ ਸ਼ਰਣਿ ਵਿੱਚ ਰਹਿਣ ਵਾਲੇ, (ਹੁਕਮਿ ਰਜ਼ਾਈ ਹੋ ਕੇ ਚੱਲਣ ਵਾਲੇ) ਆਦਰਸ਼ਕ ਸਮਾਜ ਦੀ ਸਿਰਜਨਾ ਕਰਨੀ ਹੈ ਕਿਉਂਕਿ ਅਜਿਹਾ ਆਦਰਸ਼ਕ ਸਮਾਜ ਹੀ ਸਮੁੱਚੇ ਸੰਸਾਰ ਅੰਦਰ ਹਲੇਮੀ- ਰਾਜ (ਰੱਬੀ-ਰਾਜ) ਸਥਾਪਿਤ ਕਰ ਸਕਦਾ ਹੈ। **ਗੁਰਮਤਿ ਸਿਧਾਂਤਾਂ ਵੱਲੋਂ ਪਾਸਾ ਵੱਟ ਕੇ, ਆਪੋ-ਆਪਣੀ ਮੱਤਿ (ਮੱਤੜੀ, ਕੂੜੀ ਮੱਤਿ) ਅਨੁਸਾਰ ਇਸ ਸੰਸਥਾ ਨੂੰ ਅਪਣੀ ਪ੍ਰਾਈਵੇਟ ਲਿਮਿਟਿਡ ਕੰਪਣੀ ਦੀ ਤਰ੍ਹਾਂ ਚਲਾਉਣ ਵਾਲੇ ਮਨਮੱਖ ਪ੍ਰਾਣੀਆਂ ਨੂੰ ਇਹ ਵੀ ਸੋਝੀ ਨਹੀਂ ਕਿ ਅਜਿਹੀਆਂ ਗੁਰਮਤਿ-ਵਿਰੋਧੀ ਕਾਰਵਾਈਆਂ ਕਰ ਕੇ, ਇਹ ਨਾ ਸਿਰਫ਼ ਗੁਰੂ ਨਾਨਕ ਸਾਹਿਬ ਵੱਲੋਂ ਸਰਬੱਤ ਦੇ ਭਲੇ ਲਈ ਅਰੰਭ ਕੀਤੇ ਲਾਸਾਨੀ ਇਨਕਲਾਬ ਨਾਲ ਹੀ, ਬਲਕਿ ਇਨਸਾਨੀਅਤ ਤੇ ਸਮੁੱਚੀ ਮਨੁੱਖਤਾ ਨਾਲ ਹੀ ਗ਼ੱਦਾਰੀਆਂ ਕਰ ਰਹੇ ਹਨ।** ਇਨ੍ਹਾਂ ਨੂੰ ਸ਼ਾਇਦ ਇਹ ਵੀ ਇਲਮ ਨਹੀਂ ਕਿ ਅਜਿਹਾ ਨਾ-ਬਖ਼ਸ਼ਣਯੋਗ ਅਪ੍ਰਾਧ ਕਰਨ ਲਈ ਇਨ੍ਹਾਂ ਨੂੰ ਰੱਬੀ-ਦਰਗਾਹ ਅੰਦਰ ਕਿਹੋ ਜਿਹੀ ਭਿਆਨਕ ਸਜ਼ਾ ਮਿਲੇਗੀ। ਇਸ ਪ੍ਰਥਾਇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਧੁਰ ਕੀ ਬਾਣੀ ਦਾ ਫ਼ੁਰਮਾਣੁ ਹੈ:

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੫॥ (ਮ.੨, ੨੩੩)

ਭਾਵ: (ਹੇ ਭਾਈ!) ਜਿਹੜੇ (ਮਨੁੱਖ) ਸਤਿਗੁਰੂ (ਸ਼ਬਦ-ਗੁਰੂ) ਤੋਂ ਮੂੰਹ ਫੇਰ ਲੈਂਦੇ ਹਨ (ਗੁਰਮਤਿ ਤੋਂ ਉਲਟ ਕੰਮ ਕਰਦੇ ਹਨ) ਉਹ ਬੇ-ਮੁੱਖ ਹਨ। ਉਹ ਇੱਧਰ-ਉੱਧਰ ਭਟਕਦੇ ਰਹਿੰਦੇ ਹਨ (ਆਵਾ-ਗਉਣ ਦੇ ਗਧੀ-ਗੇੜ ਵਿੱਚ ਪਏ ਰਹਿੰਦੇ ਹਨ)। ਉਨ੍ਹਾਂ ਨੂੰ ਨਾ ਧਰਤੀ ਝਲਦੀ ਹੈ (ਤੇ ਨਾ) ਅਸਮਾਨ, (ਉਹ) ਵਿਸ਼ਟਾ (ਮਲ-ਮੂਤਰ) ਦੇ ਕੀੜੇ ਬਣ ਕੇ ਗੰਦਗੀ ਵਿੱਚ ਪਏ ਸੜਦੇ ਰਹਿੰਦੇ ਹਨ।

ਨੋਟ: ਆਪਣੇ ਨਿੱਜੀ ਜੀਵਨ ਵਿੱਚ ਮਨਮਤਿ ਅਨੁਸਾਰ ਚੱਲਣ ਵਾਲਾ ਪ੍ਰਾਣੀ ਤਾਂ ਆਪਣਾ ਨਿੱਜੀ ਨੁਕਸਾਨ ਹੀ ਕਰਦਾ ਹੈ, ਪਰ ਗੁਰਦਵਾਰਾ ਸੰਸਥਾ 'ਤੇ ਕਾਬਜ਼ ਹੋ ਕੇ ਮਨਮਤਿ ਦਾ ਪ੍ਰਚਾਰ ਕਰਨ ਵਾਲਾ ਸਮੁੱਚੇ ਸਥਾਨਿਕ ਸਮਾਜ ਦਾ ਨੁਕਸਾਨ ਕਰਦਾ ਹੈ। ਉੱਪਰ ਦਿੱਤਾ ਫ਼ੁਰਮਾਣ ਨਿੱਜੀ ਤੌਰ 'ਤੇ ਮਨਮਤਿ ਅਨੁਸਾਰ ਚੱਲਣ ਵਾਲੇ ਦਾ ਜ਼ਿਕਰ ਕਰਦਾ ਹੈ। **ਜਿਹੜੇ ਪ੍ਰਾਣੀ ਸਮਾਜ ਨੂੰ ਗੁਮਰਾਹ ਕਰ ਕੇ ਰਸਾਤਲ ਵੱਲ ਧੱਕਣ ਦੇ ਦੋਸ਼ੀ ਹਨ (ਗੁਰਦਵਾਰਾ ਸੰਸਥਾ ਦੇ ਮਨਮਤੀ ਪ੍ਰਬੰਧਕ), ਉਨ੍ਹਾਂ ਨੂੰ ਰੱਬੀ-ਦਰਗਾਹ ਵਿੱਚ ਕਿਹੋ ਜਿਹੀ ਭਿਆਨਕ ਸਜ਼ਾ ਮਿਲੇਗੀ, ਇਸ ਬਾਰੇ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ।**

ਅਜਿਹਾ ਦੁੱਖਦਾਈ ਭਾਣਾ ਵਰਤਣ ਦੇ ਕੀ ਕਾਰਨ ਹਨ ? ਕੀ ਜੋਤਿ-ਨਿਰੰਜਨੀ, ਗੁਰੂ ਨਾਨਕ ਸਾਹਿਬ, ਨੇ ਸਰਬੱਤ ਦੇ ਭਲੇ ਦੀ ਜ਼ਾਮਨ ਇਸ ਸੰਸਥਾ ਨੂੰ ਕਾਇਮ ਕਰ ਕੇ ਸਦੀਵ ਕਾਲ ਲਈ ਗੁਰਮਤਿ ਸਿਧਾਂਤਾਂ ਦੇ ਅਨੁਕੂਲ ਹੀ ਕਾਰਜਸ਼ੀਲ ਰਹਿਣ ਲਈ ਕੋਈ ਪੱਕਾ ਵਿਧੀ-ਵਿਧਾਨ ਬਣਾ ਕੇ ਲਾਗੂ ਨਹੀਂ ਸੀ ਕੀਤਾ ? ਤੋਬਾ! ਤੋਬਾ!! ਅਜਿਹਾ ਸੋਚਣਾ ਹੀ ਮਹਾਂ-ਪਾਪ ਹੈ, ਕਿਉਂਕਿ ਪਰਮੇਸ਼ਰ-ਸਰੂਪ ਗੁਰੂ ਤਾਂ ਅਭੁੱਲ ਹੈ:

ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ॥ (ਮ.੧, ੬੧)

ਤਾਂ ਫ਼ਿਰ, ਇਹ ਸੁਆਲ ਉੱਠਣਾ ਐਨ ਸੁਭਾਵਕ ਹੈ ਕਿ ਆਖ਼ਿਰ ਸਤਿਗੁਰਾਂ ਵੱਲੋਂ ਸਥਾਪਤ ਕੀਤੀ ਇਸ ਬੁਨਿਆਦੀ ਗੁਰਮਤਿ ਪ੍ਰਚਾਰ/ਪਾਸਾਰ ਸੰਸਥਾ ਦੇ ਪ੍ਰਬੰਧਕੀ ਸਿਸਟਮ ਅੰਦਰ ਏਨਾ ਨਿਘਾਰ ਕਿਵੇਂ, ਕਦੋਂ ਅਤੇ ਕਿਉਂ ਆਇਆ? ਅਤੇ ਸਿੱਖ ਸਮਾਜ ਗੁਰੂ ਗ੍ਰੰਥ ਸਾਹਿਬ ਦੇ ਆਲਮਗੀਰੀ ਫ਼ਲਸਫ਼ੇ ਨਾਲੋਂ ਕਦੋਂ, ਕਿਉਂ ਅਤੇ ਕਿਵੇਂ ਟੁੱਟ ਗਿਆ ? ਇਨ੍ਹਾਂ ਸਵਾਲਾਂ ਦੇ ਸਾਰਥਕ ਜਵਾਬ ਲੱਭਣ ਲਈ ਸਿੱਖ ਕੌਮ ਦੇ ਸਮੁੱਚੇ ਇਤਿਹਾਸ 'ਤੇ ਇੱਕ ਸੰਖੇਪ ਪਰ ਘੋਖਵੀਂ ਝਾਤ ਮਾਰਨੀ ਪਵੇਗੀ। ਇਸ ਕਾਰਜ ਨੂੰ ਪੂਰੀ ਨਿਰਪੱਖਤਾ ਅਤੇ ਇਮਾਨਦਾਰੀ ਨਾਲ ਨਿਭਾਉਣ ਲਈ ਇਸ ਪੁਸਤਕ ਵਿੱਚ ਨਿੱਕਾ ਜਿਹਾ ਯਤਨ ਕੀਤਾ ਜਾ ਰਿਹਾ ਹੈ।

੨. ਸਰਬੱਤ ਦੇ ਭਲੇ ਲਈ ਲਾਸਾਨੀ (ਗੁਰਮਤਿ) ਇਨਕਲਾਬ ਦਾ ਆਗਾਜ਼ ਤੇ ਵਿਕਾਸ

ਕੀ (ਗੁਰੂ) ਨਾਨਕ ਕਿਸੇ ਪੰਜ-ਭੂਤਕ ਸਰੀਰ ਦਾ ਨਾਂ ਹੈ ?

ਨਹੀਂ। (ਗੁਰੂ) ਨਾਨਕ ਇੱਕ ਆਲਮਗ਼ੀਰੀ ਫ਼ਲਸਫ਼ੇ ਦਾ ਨਾਂ ਹੈ, ਜਿਹੜਾ 'ਜੋਤਿ'+ 'ਜੁਗਤਿ' ਦੇ ਰੂਪ ਵਿੱਚ (ਯਾਨੀ ਕਿ, 'ਰੱਬੀ-ਗਿਆਨ' ਅਤੇ ਅਤੇ 'ਰੱਬੀ ਗਿਆਨ' 'ਤੇ ਆਧਾਰਤ ਜੀਵਨ-ਜਾਚ ਦੇ ਰੂਪ ਵਿੱਚ), ਦਸਾਂ ਹੀ ਇਨਸਾਨੀ ਗੁਰੂ ਜਾਮਿਆਂ ਅੰਦਰ (ਸੰਨ ੧੪੬੯ ਤੋਂ ਲੈ ਕੇ ੧੭੦੮ ਤੱਕ) ਇੱਕ-ਸਮਾਨ ਹੋ ਕੇ ਵਰਤਿਆ। ਇਸੇ ਲਈ ਜਿਸ ਵੀ ਗੁਰੂ-ਜਾਮੇ ਨੇ ਰੱਬੀ-ਰਜ਼ਾ ਅਨੁਸਾਰ, ਗੁਰਬਾਣੀ ਪ੍ਰਗਟ ਕੀਤੀ, ਉਹ 'ਨਾਨਕ' ਮੁਹਰ-ਸ਼ਾਪ ਦੀ ਵਰਤੋਂ ਕਰ ਕੇ ਹੀ ਕੀਤੀ।ਇਹ ਸਪੱਸ਼ਟ ਕਰਨ ਲਈ ਕਿ ਕਿਹੜੀ ਗੁਰਬਾਣੀ ਕਿਸ ਗੁਰੂ-ਜਾਮੇ ਵੱਲੋਂ ਪ੍ਰਗਟ ਕੀਤੀ ਗਈ, 'ਮਹਲਾ' ਸਬਦ (ਮਹਲਾ ਪਹਿਲਾ, ਮਹਲਾ ਦੂਜਾ .... ਮਹਲਾ ਨੌਵਾਂ ਆਦਿ) ਦੀ ਵਰਤੋਂ ਕੀਤੀ ਗਈ ਹੈ।

"ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ
ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ, ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥"

(ਸਵਈਏ ਮਹਲਾ ੫, ਪੰ. ੧੪੦੮)

ਭਾਵ: ਜੋਤਿ (ਪ੍ਰਕਾਸ਼) ਰੂਪ ਹਰੀ ਨੇ ਆਪਣੇ ਆਪ ਨੂੰ (ਆਪਣੇ 'ਗੁਰੂ ਗੁਣ' ਨੂੰ) ਗੁਰੂ ਨਾਨਕ ਅਖਵਾਇਆ। (ਭਾਵ, ਗੁਰੂ ਨਾਨਕ ਸਾਹਿਬ ਦੇ ਹਿਰਦੇ ਵਿੱਚ ਆਪਣੇ ਸੰਪੂਰਨ ਬ੍ਰਹਮ ਗਿਆਨ ਦਾ ਪ੍ਰਕਾਸ਼ ਕੀਤਾ।)

ਉਸ (ਗੁਰੂ ਨਾਨਕ ਸਾਹਿਬ) ਤੋਂ (ਗੁਰੂ) ਅੰਗਦ ਪ੍ਰਗਟ ਹੋਇਆ,(ਗੁਰੂ ਨਾਨਕ ਸਾਹਿਬ ਜੀ ਦੇ ਹਿਰਦੇ ਵਿੱਚੋਂ ਪਾਰਬ੍ਰਹਮ ਪਰਮੇਸ਼ਰ ਦੇ ਸੰਪੂਰਨ ਬ੍ਰਹਮ-ਗਿਆਨ ਦਾ ਪ੍ਰਕਾਸ਼ ਅੱਗੇ ਗੁਰੂ ਅੰਗਦ ਸਾਹਿਬ ਦੇ ਹਿਰਦੇ ਵਿੱਚ,ਰੱਬੀ ਰਜ਼ਾ ਅਨੁਸਾਰ, ਹੋ ਗਿਆ, ਭਾਵ,ਰੱਬੀ ਗਿਆਨ ਦੇ ਦੀਵੇ ਤੋਂ ਅੱਗੇ ਰੱਬੀ ਗਿਆਨ ਦਾ ਦੂਜਾ ਦੀਪਕ ਜਗ-ਮਗਾ ਉਠਿਆ।

(ਗੁਰੂ) ਅੰਗਦ ਸਾਹਿਬ ਜੀ ਨੇ ਕਿਰਪਾ ਕਰ ਕੇ ਅਮਰਦਾਸ ਜੀ ਨੂੰ ਗੁਰੂ ਥਾਪਿਆ (ਭਾਵ,ਰਬੀ ਗਿਆਨ ਦਾ ਸੰਪੂਰਨ ਪ੍ਰਕਾਸ਼ (ਗੁਰੂ) ਅੰਗਦ ਜੀ ਤੋਂ ਅੱਗੇ

(ਗੁਰੂ ਅਮਰਦਾਸ ਜੀ ਦੇ ਹਿਰਦੇ ਵਿੱਚ ਹੋ ਗਿਆ)। (ਗੁਰੂ) ਅਮਰਦਾਸ ਜੀ ਨੇ ਇਲਾਹੀ ਗੁਰਿਆਈ ਦਾ ਛਤਰ (ਬ੍ਰਹਮ ਗਿਆਨ ਦਾ ਪ੍ਰਕਾਸ਼) ਗੁਰੂ ਰਾਮਦਾਸ ਜੀ ਨੂੰ ਦੇ ਦਿੱਤਾ।

ਮਥੁਰਾ ਆਖਦਾ ਹੈ - ਗੁਰੂ ਰਾਮਦਾਸ ਜੀ ਦਾ ਦਰਸ਼ਨ ਕਰ ਕੇ (ਉਪਦੇਸ਼ ਕਮਾ ਕੇ ਗੁਰੂ ਅਰਜਨ ਸਾਹਿਬ ਦੇ ਬਚਨ (ਉਪਦੇਸ਼) ਆਤਮਕ ਜੀਵਨ ਦੇਣ ਵਾਲੇ ਹੋ ਗਏ ਹਨ। ਪੰਜਵੇਂ ਸਰੂਪ ਅਕਾਲ ਪੁਰਖੁ ਰੂਪ (ਬੇਗਿਣਤ ਰੱਬੀ ਗੁਣਾਂ ਨਾਲ ਭਰਪੂਰ) ਗੁਰੂ ਅਰਜੁਨ ਸਾਹਿਬ ਨੂੰ ਅੱਖਾਂ ਨਾਲ ਵੇਖੋ।

ਗੁਰੂ ਨਾਨਕ ਸਾਹਿਬ ਦਾ ਸੰਸਾਰ ਵਿੱਚ ਆਉਣ ਦਾ ਮਨੋਰਥ

ਗੁਰੂ ਨਾਨਕ ਸਾਹਿਬ, ਪੰਦਰ੍ਹਵੀ ਸਦੀ ਤੱਕ ਸੰਸਾਰ ਵਿੱਚ ਪ੍ਰਚੱਲਤ ਹੋ ਚੁੱਕੇ ਮੱਤਾਂ (ਮਜ਼੍ਹਬਾਂ) ਦੀ ਤਰਜ਼ 'ਤੇ, ਇੱਕ ਹੋਰ ਮੱਤ ਚਲਾਉਣ ਲਈ ਨਹੀਂ ਆਏ ਸਨ। ਪ੍ਰਭੂ-ਪਿਤਾ ਨੇ ਉਨ੍ਹਾਂ ਨੂੰ ਇੱਕ ਵਿਲੱਖਣ ਪਰ ਬਹੁਤ ਹੀ ਕਠਨ ਜ਼ਿੰਮੇਵਾਰੀ ਸੌਂਪ ਕੇ ਇਥੇ ਭੇਜਿਆ ਸੀ, ਜਿਸ ਦਾ ਜ਼ਿਕਰ ਗੁਰੂ ਨਾਨਕ ਸਾਹਿਬ, ਪ੍ਰਭੂ-ਪ੍ਰੇਰਨਾ ਦੁਆਰਾ ਪ੍ਰਗਟ ਹੋਈ, **ਧੁਰ ਕੀ ਬਾਣੀ** ਵਿੱਚ ਇੰਝ ਕਰਦੇ ਹਨ:

ਹਉਂ ਢਾਢੀ ਵੇਕਾਰੁ, ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ, ਖਸਮਿ ਬੁਲਾਇਆ॥
ਸਚੀ ਸਿਫ਼ਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ, ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ, ਸਬਦੁ ਵਜਾਇਆ॥
ਨਾਨਕ, ਸਚੁ ਸਾਲਾਹਿ, ਪੂਰਾ ਪਾਇਆ॥ (ਮ.੧, ੧੫੦)

ਇਸੇ ਵਿਚਾਰ ਨੂੰ, ਭਾਈ ਗੁਰਦਾਸ ਜੀ, ਆਪਣੀ ਰਚਨਾ ਦੀ ਪਹਿਲੀ ਵਾਰ ਦੀ ੨੩ਵੀਂ ਪਉੜੀ ਵਿੱਚ, ਇੰਝ ਬਿਆਨ ਕਰਦੇ ਹਨ:

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੂ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਿਰਾਸ ਕਰਿ, ਚਰਣਾਮ੍ਰਿਤੁ ਸਿਖਾਂ ਪਿਲਾਇਆ।
ਪਾਰਬ੍ਰਹਮ ਪੂਰਨ ਬ੍ਰਹਮ, ਕਲਜੁਗ ਅੰਦਰਿ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ, ਚਾਰ ਵਰਨ ਇਕ ਵਰਨੁ ਕਰਾਇਆ।
ਰਾਣਾ ਰੰਕ ਬਰਾਬਰੀ, ਪੈਰੀਂ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਕਾ, ਪੈਰਾਂ ਉਪਰਿ ਸੀਸੁ ਨਿਵਾਇਆ।
ਕਲਜੁਗੁ ਬਾਬੇ ਤਾਰਿਆ, ਸਤਿਨਾਮੁ ਪੜਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੂ ਨਾਨਕ ਆਇਆ॥

(ਭਾਈ ਗੁਰਦਾਸ: ਵਾਰ-੧, ਪਉੜੀ ੨੩)

ਭਾਵ: ਪ੍ਰਭੂ-ਪਿਤਾ ਨੇ ਗੁਰੂ ਨਾਨਕ ਸਾਹਿਬ ਨੂੰ ਧੁਰੋਂ ਹੀ ਵਰੋਸਾਅ ਕੇ, ਮਨੁੱਖਤਾ ਅੰਦਰ (ਧਰਮ ਦੇ ਨਾਂ 'ਤੇ) ਪ੍ਰਚੱਲਤ ਹੋ ਚੁੱਕੇ ਸਾਰੇ ਹੀ ਵਹਿਮਾਂ-ਭਰਮਾਂ, ਕਰਮ-ਕਾਂਡਾਂ ਅਤੇ ਊਚ-ਨੀਚ, ਜ਼ਾਤਿ-ਪਾਤਿ, ਛੂਤ-ਛਾਤ, ਰੰਗ, ਲਿੰਗ, ਨਸਲ, ਦੇਸ਼ ਆਦਿ ਦੇ ਵਖਰੇਵੇਂ (ਭੇਦ-ਭਾਵ) ਮਿਟਾ ਕੇ ਸਮੁੱਚੀ ਮਨੁੱਖਤਾ ਨੂੰ ਪ੍ਰਸਪਰ ਪ੍ਰੇਮ-ਭਾਵਨਾ ਦੀ ਲੜੀ ਵਿੱਚ ਪਰੋ ਕੇ, ਹੁਕਮਿ ਰਜ਼ਾਈ ਚੱਲਣ ਵਾਲੇ (ਇੱਕੋ-ਇੱਕ ਵਾਹਿਦ ਪਰਮੇਸ਼ਰ ਦੀ ਰਜ਼ਾ ਅਨੁਸਾਰ ਜੀਵਨ ਬਤੀਤ ਕਰਨ ਵਾਲੇ) ਆਦਰਸ਼ਕ ਵਿਸ਼ਵ-ਪੱਧਰੀ ਸਮਾਜ ਦੀ ਸਿਰਜਨਾ ਕਰ ਕੇ, ਸਮੁੱਚੇ ਸੰਸਾਰ ਅੰਦਰ, ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਅਧਾਰ 'ਤੇ, ਹੱਕ, ਸੱਚ ਤੇ ਇਨਸਾਫ਼ ਦਾ ਜ਼ਾਮਨ, ਗ਼ਰੀਬ-ਜਨਤਕ ਆਧਾਰ ਵਾਲਾ, ਸਦੀਵਕਾਲੀ ਰੱਬੀ-ਰਾਜ (ਹਲੇਮੀ-ਰਾਜ) ਸਥਾਪਤ ਕਰਨ ਲਈ ਭੇਜਿਆ ਸੀ।(ਇਸ ਪੁਸਤਕ ਵਿੱਚ ਇਸ ਰੱਬੀ-ਰਾਜ ਨੂੰ ਹਲੇਮੀ-ਰਾਜ ਦੇ ਨਾਮ ਹੇਠ ਦਰਜ਼ ਕੀਤਾ ਗਿਆ ਹੈ)। ਇਸ ਹਕੀਕਤ ਦੀ ਪੁਸ਼ਟੀ 'ਧੁਰ ਕੀ ਬਾਣੀ' ਦੇ ਫ਼ੁਰਮਾਣ ਇੰਝ ਕਰਦੇ ਹਨ:

ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵਦੈ॥

(ਰਾਮਕਲੀ ਦੀ ਵਾਰ, ੯੬੬)

ਭਾਵ: ਗੁਰੂ ਨਾਨਕ ਸਾਹਿਬ ਨੇ ਸਦਾ ਕਾਇਮ ਰਹਿਣ ਵਾਲੇ ਕਿਲ੍ਹੇ (ਸਚੁ ਕੋਟੁ) ਦੀ ਮਜ਼ਬੂਤ ਨਿਉਂ (ਨੀਂਹ) ਰੱਖ ਕੇ (ਸਦਾ ਕਾਇਮ ਰਹਿਣ ਵਾਲੇ ਰੱਬ ਦਾ) ਧਰਮ ਦਾ ਰਾਜ (ਰੱਬੀ-ਰਾਜ) ਸਥਾਪਤ ਕੀਤਾ ਹੈ।

ਕੋਊ ਹਰਿ ਸਮਾਨਿ ਨਹੀਂ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ॥

(ਕਬੀਰ ਜੀ, ੮੫੬)

ਭਾਵ: ਹੇ ਭਾਈ! ਜਗਤ ਵਿੱਚ ਕੋਈ ਜੀਵ ਪਰਮਾਤਮਾ ਦੇ ਬਰਾਬਰ ਦਾ ਰਾਜਾ (ਮਾਲਕ) ਨਹੀਂ ਹੈ। ਇਹ ਦੁਨੀਆਂ ਦੇ ਸਭ ਰਾਜੇ (ਅਜੋਕੇ ਬਾਦਸ਼ਾਹ, ਪ੍ਰੈਜ਼ੀਡੈਂਟ, ਡਿਕਟੇਟਰ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਆਦਿ) ਸਿਰਫ਼ ਚਾਰ ਕੁ ਦਿਨਾਂ ਦੇ ਹੀ ਰਾਜੇ ਹੁੰਦੇ ਹਨ। ਇਹ (ਆਪਣੇ ਰਾਜ-ਪ੍ਰਤਾਪ ਦੇ) ਝੂਠੇ ਵਿਖਾਵੇ ਕਰਦੇ ਹਨ।

ਤਿਸੁ ਬਿਨੁ ਅਵਰੁ ਨ ਕੋਈ ਰਾਜਾ, ਕਰਿ ਤਪਾਵਸੁ ਬਣਤ ਬਣਾਈ॥

(ਮ.੩, ੯੧੧)

ਭਾਵ: ਹੇ ਭਾਈ ! ਪ੍ਰਭੂ ਤੋਂ ਬਿਨਾਂ (ਉਸ ਦੇ ਬਰਾਬਰ ਦਾ) ਹੋਰ ਕੋਈ ਪਾਤਿਸ਼ਾਹ ਨਹੀਂ ਹੈ। ਉਸ ਨੇ ਪੂਰਾ ਇਨਸਾਫ਼ ਕਰ ਕੇ ਸਿਫ਼ਤਿ-ਸਾਲਾਹ ਕਰਨ ਦੀ ਇਹ ਰੀਤ ਚਲਾਈ ਹੈ।

ਸਪੱਸ਼ਟ ਹੀ ਹੈ ਕਿ ਪ੍ਰਭੂ-ਪਿਤਾ ਨੇ, ਆਪਣੀ ਸਾਜੀ ਕਾਇਨਾਤ ਦਾ ਵੱਡੇ ਪੱਧਰ 'ਤੇ ਉਧਾਰ ਕਰਨ ਹਿੱਤ, (ਗੁਰੂ) ਨਾਨਕ ਸਾਹਿਬ ਨੂੰ ਧੁਰੋਂ ਹੀ ਵਰੋਸਾਅ ਕੇ ਭੇਜਿਆ ਸੀ ਤਾਕਿ ਸੁਆਰਥੀ ਸ਼ਾਤਰ ਅਨਸਰਾਂ (ਅਖੌਤੀ ਧਾਰਮਿਕ ਆਗੂਆਂ) ਵੱਲੋਂ (ਧਰਮ ਦੇ ਨਾਂ 'ਤੇ) ਵਹਿਮਾਂ-ਭਰਮਾਂ, ਕਰਮ-ਕਾਂਡਾਂ (ਫੋਕਟ ਧਾਰਮਿਕ ਰੀਤਾਂ-ਰਸਮਾਂ), ਜ਼ਾਤਾਂ-ਪਾਤਾਂ, ਮਜ਼ੁਬਾਂ, ਲਿੰਗ-ਭੇਦ ਦੇ ਗ਼ੈਰ-ਕੁਦਰਤੀ ਭੰਬਲ-ਭੂਸਿਆਂ ਵਿੱਚ ਪਾਈ ਹੋਈ ਮਨੁੱਖਤਾ ਨੂੰ

ਅਸਲੀ ਧਰਮ (ਰੱਬੀ-ਧਰਮ) ਦੇ ਅਸੂਲਾਂ (ਇਨਸਾਨੀਅਤ ਦੇ ਅਸੂਲਾਂ) ਦੀ ਸੂਝ-ਬੂਝ ਦਿੱਤੀ ਜਾ ਸਕੇ ਅਤੇ ਸੁਆਰਥੀ ਰਾਜਨੀਤਕ ਆਗੂਆਂ ਦੁਆਰਾ ਦੇਸ਼, ਨਸਲ, ਰੰਗ ਦੇ ਆਧਾਰ 'ਤੇ, ਮਨੁੱਖਤਾ ਵਿੱਚ ਫੈਲਾਈ ਜਾ ਰਹੀ ਨਫ਼ਰਤ, ਵੈਰ-ਵਿਰੋਧ, ਧੱਕੇ-ਸ਼ਾਹੀ, ਬੇ-ਇਨਸਾਫ਼ੀ ਦੇ ਵਾਤਾਵਰਣ ਨੂੰ ਖ਼ਤਮ ਕਰ ਕੇ ਵਿਸ਼ੇ-ਵਿਕਾਰਾਂ ਅਤੇ ਅਨੈਤਿਕਤਾ ਦੇ ਆਲਮ ਵਿੱਚ ਗ਼ਰਕ ਹੋ ਰਹੀ ਮਨੁੱਖਤਾ ਨੂੰ '*ਏਕੁ ਪਿਤਾ ਏਕਸ ਕੇ ਹਮ ਬਾਰਿਕ*' ਦਾ ਬੁਨਿਆਦੀ ਉਪਦੇਸ਼ ਦ੍ਰਿੜ ਕਰਵਾ ਕੇ, ਪਰਉਪਕਾਰ, ਪ੍ਰਸਪਰ-ਸਦਭਾਵਨਾ ਵਾਲੀਆਂ ਸਾਂਝਾਂ ਦੀ ਲੜੀ ਵਿੱਚ ਪਰੋ ਕੇ, ਇੱਕ ਆਦਰਸ਼ਕ ਵਿਸ਼ਵ-ਪਰਿਵਾਰ ਦੀ ਸਿਰਜਨਾ ਕੀਤੀ ਜਾ ਸਕੇ। ਹਲੇਮੀ-ਰਾਜ ਕਾਇਮ ਕਰਨ ਲਈ ਅਜਿਹੇ ਆਦਰਸ਼ਕ ਸਮਾਜ ਦੀ ਹੋਂਦ ਨਿਹਾਇਤ ਹੀ ਜ਼ਰੂਰੀ ਹੈ।

ਹਲੇਮੀ-ਰਾਜ ਦੀ ਬਣਤਰ

ਇਸ ਰਾਜ ਵਿੱਚ ਪਾਤਿਸ਼ਾਹੀ ਹੋਵੇਗੀ ਵਾਹਿਦ ਪਰਮੇਸ਼ਰ (ਕਰਤਾ ਪੁਰਖੁ) ਦੀ, ਕਾਨੂੰਨ-ਪ੍ਰਣਾਲੀ ਹੋਵੇਗੀ ਪਰਮੇਸ਼ਰ ਵੱਲੋਂ ਕੁਦਰਤਿ (ਸ੍ਰਿਸ਼ਟੀ) ਦੀ ਸਾਜਨਾ ਦੇ ਨਾਲ ਹੀ ਇਸ ਦੇ ਦਰੁੱਸਤ ਬ੍ਰਹਮੰਡੀ ਵਰਤਾਰੇ ਲਈ, ਸਿਰਜ ਕੇ ਪੱਕੇ ਤੌਰ 'ਤੇ-ਲਾਗੂ ਕੀਤੇ ਹੋਏ ਅਟੱਲ ਕੁਦਰਤੀ ਨਿਯਮਾਂ, ਕਾਇਦੇ-ਕਾਨੂੰਨਾਂ (ਜਿਨ੍ਹਾਂ ਬਾਰੇ ਭਰਪੂਰ ਜਾਣਕਾਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ) ਦੇ ਅਨੁਕੂਲ ਅਤੇ ਰਾਜ-ਪ੍ਰਬੰਧ ਦੀ ਜ਼ਿੰਮੇਵਾਰੀ ਹੋਵੇਗੀ ਆਦਰਸ਼ਕ ਇਨਸਾਨਾਂ (ਹੁਕਮਿ ਰਜ਼ਾਈ ਚੱਲਣ ਵਾਲਿਆਂ) ਦੀ।

ਹਲੇਮੀ-ਰਾਜ ਸਥਾਪਤ ਕਰਨ ਲਈ ਪਲਾਨ (ਵਿਉਂਤ)

ਗੁਰੂ ਨਾਨਕ ਸਾਹਿਬ ਨੇ ਪ੍ਰਭੂ-ਪਿਤਾ ਵੱਲੋਂ ਸੌਂਪੀ ਮਹਾਨ, ਅਤਿ ਕਠਨ ਅਤੇ ਵਿਲੱਖਣ ਜ਼ਿੰਮੇਵਾਰੀ ਨੂੰ ਸੰਪੂਰਨ ਕਰਨ ਲਈ ਇੰਝ ਪਲਾਨ ਬਣਾਇਆ:

(ੳ) ਵਿਸ਼ਵ ਪੱਧਰ 'ਤੇ, ਹੁਕਮਿ ਰਜ਼ਾਈ ਚੱਲਣ ਵਾਲੇ, ਆਦਰਸ਼ਕ ਸਮਾਜ ਦੀ ਸਿਰਜਨਾ ਕਰਨੀ;

(ਅ) ਆਦਰਸ਼ਕ ਸਮਾਜ ਨੂੰ, ਗੁਰਮਤਿ-ਜੁਗਤਿ ਅਨੁਸਾਰ, ਜਥੇਬੰਦ ਤੇ ਸ਼ਸਤਰਧਾਰੀ ਕਰਨਾ; ਅਤੇ

(ੲ) ਪੜਾਅ-ਦਰ-ਪੜਾਅ, ਸੰਸਾਰ ਵਿੱਚ ਹਲੇਮੀ-ਰਾਜ ਸਥਾਪਤ ਕਰਨਾ।

ਪਲਾਨ ਨੂੰ ਅਮਲ ਵਿੱਚ ਲਿਆਉਣ ਲਈ ਵਰਤੋਂ ਵਿੱਚ ਲਿਆਂਦੀ ਗੁਰਮਤਿ-ਵਿਧੀ

ਉੱਪਰ ਦੱਸੇ ਪਲਾਨ ਨੂੰ ਅਮਲ ਵਿੱਚ ਲਿਆਉਂਣ ਲਈ, ਗੁਰੂ ਨਾਨਕ ਸਾਹਿਬ ਨੇ , ਨੌਂ ਸਾਲ ਦੀ ਆਯੂ ਵਿੱਚ ਹੀ ਬ੍ਰਾਹਮਣ ਵੱਲੋਂ ਮਨੁੱਖੀ ਸਮਾਜ ਨੂੰ ਵਰਨ-ਆਸ਼ਰਮ (ਜ਼ਾਤ-ਪਾਤ ਦੇ ਅਧਾਰ 'ਤੇ ਸਮਾਜ ਦੀ ਵੰਡ, ਬ੍ਰਹਮਚਾਰੀ-ਆਸ਼ਰਮ, ਗ੍ਰਿਹਸਤ-ਆਸ਼ਰਮ, ਵਾਨਪ੍ਰਸਤ ਆਸ਼ਰਮ ਤੇ ਸਨਿਆਸ-ਆਸ਼ਰਮ ਵਰਗੀਆਂ ਗ਼ੈਰ-ਕੁੱਦਰਤੀ ਵੰਡਾਂ

'ਤੇ ਆਧਾਰਤ ਜੀਵਨ-ਜਾਚ) ਦੀਆਂ ਵੰਡੀਆਂ ਪਾ ਕੇ ਆਪਣੀ ਸਰਦਾਰੀ ਕਾਇਮ ਕਰਨ ਲਈ ਲਾਗੂ ਕੀਤੀ, ਵਿਤਕਰੇ-ਭਰਪੂਰ, ਕਰਮ-ਕਾਂਡੀ ਜਨੇਊ ਧਾਰਨ ਕਰਨ ਦੀ ਅਖੌਤੀ ਧਾਰਮਿਕ ਰੀਤ ਨੂੰ ਵਿਗਿਆਨਕ ਤਰਜ਼ ਦੀਆਂ ਅਕੱਟ ਦਲੀਲਾਂ ਦੇ ਆਧਾਰ 'ਤੇ ਭਰੀ ਸਭਾ ਵਿੱਚ ਰੱਦ ਕਰ ਕੇ ਇੱਕ ਲਾਸਾਨੀ ਇਨਕਲਾਬ ਦੇ ਆਗ਼ਾਜ਼ ਦਾ ਬਿਗ਼ੁਲ ਵਜਾ ਦਿੱਤਾ। ਉਸੇ ਦਿਨ ਤੋਂ ਹੀ ਸ਼ਾਤਰ ਸਵਾਰਥੀ ਬਿਪ੍ਰਵਾਦੀ ਸ਼੍ਰੇਣੀ ਦੇ ਕੰਨ ਖੜ੍ਹੇ ਹੋ ਗਏ ਸਨ, ਅਤੇ ਉਨ੍ਹਾਂ ਨੇ ਇਸ ਇਨਕਲਾਬੀ ਫ਼ਲਸਫ਼ੇ ਨੂੰ ਨੇਸਤਾ-ਨਾਬੂਦ ਕਰਨ ਲਈ ਗੋਂਦਾਂ ਗੁੰਦਣੀਆਂ ਅਰੰਭ ਕਰ ਦਿੱਤੀਆਂ। ਸਤਿਗੁਰਾਂ ਨੇ ਸੰਨ 1507 ਵਿੱਚ, ਅਪਣੇ ਬਚਪਨ ਦੇ ਸਾਥੀ ਅਤੇ ਨਗਰ ਨਿਵਾਸੀ ਭਾਈ ਮਰਦਾਨਾ ਜੀ ਨੂੰ ਸਾਥ ਲੈ ਕੇ, ਜਨ-ਸਧਾਰਨ ਨੂੰ ਗੁਰਮਤਿ ਫ਼ਲਸਫ਼ੇ ਬਾਰੇ ਜਾਗਰੂਕ ਕਰਨ ਲਈ, ਵਿਸ਼ਵ-ਪੱਧਰੀ ਪ੍ਰਚਾਰ ਫੇਰੀਆਂ (ਉਦਾਸੀਆਂ) ਦਾ ਸਿਲਸਿਲਾ ਅਰੰਭ ਕਰ ਕੇ, ਮਨੁੱਖਤਾ ਨੂੰ ਸੱਚ ਦਾ ਉਪਦੇਸ਼ ਦ੍ਰਿੜ ਕਰਾਉਣ ਦੇ ਯਤਨ ਸ਼ੁਰੂ ਕਰ ਦਿੱਤੇ। ਇਨ੍ਹਾਂ ਪਰਚਾਰ ਫੇਰੀਆਂ ਦਾ ਪ੍ਰੋਗਰਾਮ ਲਗਾਤਾਰ ਸੰਨ 1522 ਤੱਕ ਚਲਦਾ ਰਿਹਾ। ਇਨਾਂ ਪ੍ਰਚਾਰ ਫੇਰੀਆਂ ਦੌਰਾਨ ਸਤਿਗੁਰੂ ਜੀ ਨੇ ਭਾਰਤ ਉਪ-ਮਹਾਂਦੀਪ, ਸ੍ਰੀ-ਲੰਕਾ, ਮਧ-ਪੂਰਬ ਦੇ ਅਰਬ ਦੇਸ਼ਾਂ, ਚੀਨ, ਈਰਾਨ, ਤਿੱਬਤ, ਅਫ਼ਗਾਨਿਸਤਾਨ ਆਦਿ ਦੇਸ਼ਾਂ ਦਾ ਤਕਰੀਬਨ 45 ਹਜ਼ਾਰ ਕਿਲੋਮੀਟਰ ਦਾ ਸਫ਼ਰ (ਬਹੁਤਾ ਪੈਦਲ ਹੀ) ਤਹਿ ਕੀਤਾ।

ਜਿੱਥੇ ਕਿਧਰੇ ਵੀ ਗੁਰੂ ਸਾਹਿਬ ਕੁੱਝ ਦਿਨਾਂ ਦਾ ਪੜਾਅ ਕਰ ਕੇ ਪ੍ਰਚਾਰ ਕਰਿਆ ਕਰਦੇ ਸਨ, ਉੱਥੋਂ ਅੱਗੇ ਚਾਲੇ ਪਾਉਣ ਤੋਂ ਪਹਿਲਾਂ ਉੱਥੇ ਹੇਠ ਲਿਖੀਆਂ ਯੋਗਤਾਵਾਂ ਰੱਖਣ ਵਾਲੇ ਸੇਵਾਦਾਰਾਂ (ਪ੍ਰਬੰਧਕਾਂ) ਨੂੰ ਨਾਮਜ਼ਦ ਕਰ ਕੇ ਸਥਾਨਕ 'ਸੰਗਤਿ' (ਮੌਜੂਦਾ ਗੁਰਦਵਾਰਾ) ਦੀ ਸੰਸਥਾ ਕਾਇਮ ਕਰ ਦਿਆ ਕਰਦੇ ਸਨ:

(ੳ) **ਗੁਰਮਤਿ ਫ਼ਲਸਫ਼ੇ ਦੇ ਬੁਨਿਆਦੀ ਸਿਧਾਂਤਾਂ {ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰ ਕੇ ਲੋੜਵੰਦਾਂ ਨਾਲ ਵੰਡ ਛਕਣਾ, ਪ੍ਰਭੂ-ਪਿਤਾ ਦੇ ਨਿਰਮਲ-ਭਉ (ਅਦਬ) ਵਿੱਚ ਰਹਿੰਦਿਆਂ ਹੋਇਆਂ ਉਸ ਦੇ ਗੁਣਾਂ ਦਾ ਚਿੰਤਨ ਕਰਨਾ, ਸੁੱਚੇ ਕਿਰਦਾਰ ਦੇ ਧਾਰਨੀ ਬਣ ਕੇ, ਰੱਬੀ-ਰਜ਼ਾ ਅੰਦਰ ਰਹਿੰਦਿਆਂ ਹੋਇਆਂ ਮਨੁੱਖਤਾ ਦੀ ਭਲਾਈ ਦੇ ਕਾਰਜਾਂ ਲਈ ਤਤਪਰ ਰਹਿਣਾ ਆਦਿ} ਅਨੁਸਾਰ ਅਮਲੀ ਜੀਵਨ ਜਿਊਣਾ।**

(ਅ) **ਗੁਰਮਤਿ ਫ਼ਲਸਫ਼ੇ ਦੇ ਪ੍ਰਚਾਰ ਦੀ ਤਾਂਘ ਤੇ ਕਾਬਲੀਅਤ ਦਾ ਹੋਣਾ।**

(ੲ) **ਸੁਆਰਥ, ਦੁਨਿਆਵੀ ਧੜੇਬੰਦੀਆਂ ਅਤੇ ਹਰ ਕਿਸਮ ਦੇ ਦਬਾਅ ਤੋਂ ਮੁਕਤ ਹੋ ਕੇ ਵਿਚਰਨਾ।**

ਇਥੇ ਦੋ ਅਹਿਮ ਨੁਕਤੇ ਧਿਆਨ ਦੇਣ ਯੋਗ ਹਨ। **ਪਹਿਲਾ**, ਗੁਰਮਤਿ ਪ੍ਰਚਾਰ ਫੇਰੀਆਂ ਲਈ ਸਤਿਗੁਰਾਂ ਨੇ ਗ਼ਰੀਬ ਅਤੇ ਅਖੌਤੀ ਨੀਵੀਂ ਜ਼ਾਤ ਵਾਲੇ ਭਾਈ ਮਰਦਾਨਾ ਜੀ ਨੂੰ ਹੀ ਆਪਣੇ ਪੱਕੇ ਸਾਥੀ ਦੇ ਤੌਰ 'ਤੇ ਚੁਣਿਆ ਅਤੇ ਉਸ ਦੇ ਆਖ਼ਰੀ ਸੁਆਸ ਤੱਕ ਉਸ ਨੂੰ ਆਪਣਾ ਭਾਈ (ਭਰਾ) ਬਣਾ ਕੇ ਰੱਖਿਆ ਕਿਉਂਕਿ ਗੁਰਮਤਿ

ਇਨਕਲਾਬ ਗ਼ਰੀਬ-ਜਨਤਕ ਆਧਾਰ ਵਾਲਾ ਲਾਸਾਨੀ ਇਨਕਲਾਬ ਹੈ। **ਦੂਜਾ, ਸਤਿਗੁਰਾਂ ਨੇ 'ਸੰਗਤਿ' ਦੇ ਸੇਵਾਦਾਰ ਨਿਰੋਲ ਯੋਗਤਾ ਦੇ ਅਧਾਰ 'ਤੇ ਹੀ ਨਾਮਜ਼ਦ ਕੀਤੇ, ਵੋਟਾਂ ਪੁਆ ਕੇ ਜਾਂ ਸੰਗਤਿ ਤੋਂ ਹੱਥ ਖੜ੍ਹੇ ਕਰਵਾ ਕੇ ਬਹੁ-ਗਿਣਤੀ ਦੀ ਪਸੰਦ (ਵੋਟ-ਵਿਧਾਨ) ਦੇ ਅਸੂਲ ਅਨੁਸਾਰ ਨਹੀਂ। ਯਾਨੀ ਕਿ, 'ਸਿਲੈਕਸ਼ਨ'(ਗੁਣਵੱਤਾ ਜਾਂ ਗੁਣ-ਤੰਤ੍ਰ) ਦੀ ਵਿਧੀ ਨੂੰ ਹੀ ਅਪਣਾਇਆ,** 'ਇਲੈਕਸ਼ਨ'(ਗਿਣਤੀ ਆਧਾਰਤ ਗਣ-ਤੰਤ੍ਰ) ਦੀ ਵਿਧੀ ਨੂੰ ਨਿਕਾਰ ਦਿੱਤਾ, ਕਿਉਂਕਿ, ਆਲਮਗੀਰੀ ਗੁਰਮਤਿ ਫ਼ਲਸਫ਼ੇ ਅੰਦਰ 'ਗਿਣਤੀ' ਨੂੰ ਨਹੀਂ ਬਲਕਿ 'ਗੁਣਵੱਤਾ'(ਕੁਆਲਿਟੀ) ਨੂੰ ਹੀ ਪ੍ਰਵਾਨਗੀ ਹਾਸਿਲ ਹੈ।

ਸੁਭਾਵਕ ਹੀ ਹੈ ਕਿ ਅੱਗੇ ਚਾਲੇ ਪਾਉਣ ਤੋਂ ਪਹਿਲਾਂ, ਸਤਿਗੁਰੂ ਜੀ ਇਸੇ ਵਿਧੀ ਅਨੁਸਾਰ ਹੀ, ਆਉਣ ਵਾਲੇ ਸਮੇਂ ਦੌਰਾਨ, ਇਸ ਸੰਸਥਾ ਦੇ ਸੇਵਾਦਾਰ ਸੀਲੈਕਟ ਕਰਨ ਲਈ ਤਾਕੀਦ ਕਰ ਦਿਆ ਕਰਦੇ ਸਨ।

ਹਲੇਮੀ-ਰਾਜ ਦੀ ਸਥਾਪਨਾ ਲਈ 'ਸੰਗਤਿ' ਸੰਸਥਾ ਦਾ ਯੋਗਦਾਨ

ਇਸ ਰਾਜ ਦੀ ਸਥਾਪਨਾ ਲਈ, ਸਥਾਨਿਕ ਪੱਧਰ 'ਤੇ ਆਦਰਸ਼ਕ ਸਮਾਜ ਦੀ ਸਿਰਜਨਾ ਕਰ ਕੇ, ਇਸ ਸੰਸਥਾ ਨੇ ਅਹਿਮ ਯੋਗਦਾਨ ਪਾਇਆ। ਅਜਿਹਾ ਇਸ ਕਰ ਕੇ ਹੀ ਸੰਭਵ ਹੋ ਸਕਿਆ ਸੀ ਕਿ ਇਹ ਸੰਸਥਾ ਸਤਿਗੁਰਾਂ ਵੱਲੋਂ ਦ੍ਰਿੜ ਕਰਵਾਈ ਗਈ ਗੁਰਮਤਿ-ਵਿਧੀ ਅਨੁਸਾਰ ਹੀ ਕਾਰਜਸ਼ੀਲ ਰਹੀ ਸੀ। ਇਥੇ ਇਹ ਨੁਕਤਾ ਵੀ ਧਿਆਨ ਮੰਗਦਾ ਹੈ ਕਿ ਜਿੱਥੇ-ਜਿੱਥੇ ਵੀ ਗੁਰੂ ਸਾਹਿਬ ਨੇ ਇਹ ਸੰਸਥਾ ਸਥਾਪਤ ਕੀਤੀ ਸੀ, ਉਨ੍ਹਾਂ ਥਾਵਾਂ 'ਤੇ ਦੁਬਾਰਾ ਜਾ ਕੇ, ਉਨ੍ਹਾਂ ਨੂੰ ਇਸ ਦੀ ਨਿਗਰਾਨੀ ਨਹੀਂ ਕਰਨੀ ਪਈ। **ਖ਼ਾਲਸਾ ਕੌਮ ਲਈ ਇਹ ਇੱਕ ਫ਼ਖ਼ਰ ਵਾਲੀ ਗੱਲ ਹੈ ਕਿ ਸੰਨ 1507 ਤੋਂ ਲੈ ਕੇ ਸੰਨ 1539 ਤੱਕ, ਗੁਰੂ ਨਾਨਕ ਸਾਹਿਬ ਦੇ ਜੀਵਨ-ਕਾਲ ਦੌਰਾਨ ਹੀ, ਉਸ ਵਕਤ ਦੀ ਦੁਨੀਆਂ ਦਾ ਬਹੁਤ ਵੱਡਾ ਹਿੱਸਾ ਆਪ-ਮੁਹਾਰੇ ਹੀ, ਗੁਰਮਤਿ ਫ਼ਲਸਫ਼ੇ ਦੇ, ਮਨੁੱਖੀ ਮਨਾਂ ਨੂੰ ਡੂੰਘੀ ਖਿੱਚ ਪਾਉਣ ਵਾਲੇ, ਕੁਦਰਤੀ ਅਸੂਲਾਂ ਦੀ ਚੁੰਬਕੀ-ਖਿੱਚ ਦਾ ਸਦਕਾ, ਗੁਰਮਤਿ ਇਨਕਲਾਬ ਦੀਆਂ ਸਫ਼ਾਂ ਵਿੱਚ ਤਨ-ਮਨ ਨਾਲ ਸ਼ਾਮਿਲ ਹੋ ਗਿਆ ਸੀ। ਇਸ ਇਨਕਲਾਬੀ ਕਾਫ਼ਲੇ ਵਿੱਚ ਜਨ-ਸਧਾਰਨ ਤੋਂ ਇਲਾਵਾ ਉਸ ਵਕਤ ਦੇ ਰਾਜੇ-ਮਹਾਰਾਜੇ, ਭਗਤ ਅਤੇ ਮਾਨਵ-ਵਿਰੋਧੀ ਅੱਡਿਆਂ ਦੇ ਸੰਚਾਲਕ (ਸੱਜਣ ਠੱਗ, ਕੌਡਾ ਭੀਲ, ਵਲੀ ਕੰਧਾਰੀ, ਭੂਮੀਆ ਚੋਰ, ਢਾਕੇ ਦੀ ਜਾਦੂਗਰਨੀ ਨੂਰਸ਼ਾਹ ਆਦਿ) ਵੀ ਆ ਰਲੇ ਸਨ, ਜਿਨ੍ਹਾਂ ਨੇ ਗੁਰਮਤਿ ਦੇ ਧਾਰਨੀ ਬਣ ਕੇ ਪੂਰੀ ਤਨਦੇਹੀ ਨਾਲ ਇਸ ਫ਼ਲਸਫ਼ੇ ਦਾ ਅੱਗੇ ਪ੍ਰਚਾਰ ਵੀ ਕੀਤਾ।**

ਪੰਗਤ (ਸਰਬ-ਸਾਂਝਾ ਲੰਗਰ)

ਸਿੱਖ ਵੱਸੋਂ ਵਾਲੇ ਨਗਰ ਵਸਾਉਣੇ.........ਸਰਬ ਸਾਂਝੇ ਸਰੋਵਰ/ਬਾਉਲੀ। ਖੂਹ ਤਿਆਰ ਕਰਵਾਉਣੇ.........ਸਪੋਰਟਸ ਕਲੱਬ (ਕਸਰਤ ਕੇਂਦਰ) ਕਾਇਮ ਕਰਨੇ।

'ਸੰਗਤਿ' ਵਿਕਾਸ ਕਰ ਕੇ 'ਧਰਮਸ਼ਾਲ' ਬਣੀ

ਗੁਰੂ ਨਾਨਕ ਸਾਹਿਬ ਵੱਲੋਂ ਥਾਂ-ਪੁਰ-ਥਾਂ ਸਥਾਪਿਤ ਕੀਤੀ ਸਥਾਨਿਕ ਗੁਰਮਤਿ ਸੰਸਥਾ 'ਸੰਗਤਿ' ਦੀਆਂ ਇੱਕਤ੍ਰਤਾਵਾਂ, ਵਾਰੀ-ਵਾਰੀ ਸਿਰ, ਇਨਕਲਾਬੀਆਂ ਦੇ ਘਰਾਂ 'ਚ ਹੋਇਆ ਕਰਦੀਆਂ ਸਨ। ਜਿਵੇਂ-ਜਿਵੇਂ ਇਨਕਲਾਬੀਆਂ ਦੀ ਗਿਣਤੀ ਵੱਧਦੀ ਗਈ, ਪਿੰਡਾਂ, ਨਗਰਾਂ ਅਤੇ ਬਸਤੀਆਂ ਵਿੱਚ ਕਿਸੇ ਸਾਂਝੀ ਜਗ੍ਹਾ (ਸ਼ਾਮਲਾਟ) ਵਿੱਚ ਉਸਾਰੀ ਕਰ ਕੇ, ਧਰਮਸ਼ਾਲਾਵਾਂ ਬਣਨ ਲੱਗ ਪਈਆਂ ਅਤੇ ਸੰਗਤਿ ਦੀਆਂ ਇੱਕਤ੍ਰਤਾਵਾਂ ਧਰਮਸ਼ਾਲ ਵਿੱਚ ਹੋਣ ਲੱਗ ਪਈਆਂ।

ਧਰਮਸ਼ਾਲਾ ਵਿੱਚ ਸਾਂਝਾ ਲੰਗਰ (ਗੁਰੂ ਕਾ ਲੰਗਰ) ਤਿਆਰ ਕਰਨ ਲਈ ਅਤੇ ਬਾਹਰੋਂ ਆਈ ਸੰਗਤਿ ਦੀ ਰਿਹਾਇਸ਼ ਲਈ 'ਲੰਗਰ' (ਰਸੋਈ) ਅਤੇ ਸਰਾਵਾਂ ਵੀ ਬਣਨ ਲਗ ਪਈਆਂ। ਸੰਗਤਿ ਨੂੰ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਦਾ ਬੋਧ ਕਰਾਉਣ ਲਈ ਧਰਮਸ਼ਾਲਾਵਾਂ ਵਿੱਚ ਸਕੂਲ ਵੀ ਖ਼ੁਲ੍ਹਣੇ ਸ਼ੁਰੂ ਹੋ ਗਏ।

ਸਭ ਤੋਂ ਪਹਿਲਾ ਸਿੱਖ ਸਕੂਲ

"ਗੁਰੂ ਅੰਗਦ ਸਾਹਿਬ ਨੇ ਪੰਜਾਬ ਦੀ ਧਰਤੀ ਤੇ, ਖਡੂਰ ਸਾਹਿਬ ਵਿੱਚ ਪਹਿਲਾ ਸਿੱਖ ਸਕੂਲ ਕਾਇਮ ਕੀਤਾ। ਆਪ ਨੇ ਸਕੂਲ (ਮਦਰੱਸੇ) ਨੂੰ ਸਿਰਫ਼ ਲਿੱਪੀ ਅਤੇ ਕਿਤਾਬੀ ਇਲਮ ਤੱਕ ਹੀ ਸੀਮਤ ਨਹੀਂ ਰੱਖਿਆ। ਉਨ੍ਹਾਂ ਨੇ ਇੱਕ ਨਰੋਏ ਜਿਸਮ, ਤਗੜੇ ਜੁੱਸੇ ਤੇ ਜਵਾਨੀ ਦੇ ਸੰਤੁਲਨ ਨੂੰ ਕਾਇਮ ਰੱਖਣ ਵਾਸਤੇ ਸਿੱਖੀ ਜੀਵਨ-ਜਾਚ ਵਿੱਚ ਖੇਡਾਂ ਨੂੰ ਵੀ ਪੂਰੀ ਅਹਿਮੀਅਤ ਦਿੱਤੀ। ਕਿਸੇ ਵੀ ਕੌਮ ਕੋਲ ਇੱਕ ਸਾਂਝੀ ਬੋਲੀ, ਲਿੱਪੀ ਤੇ ਸਾਹਿਤ ਦਾ ਹੋਣਾ ਇੱਕ ਵੱਡਾ ਖ਼ਜ਼ਾਨਾ ਹੁੰਦਾ ਹੈ, ਜੋ ਉਨ੍ਹਾਂ ਨੂੰ ਇੱਕ ਭਾਈਚਾਰੇ ਵਿੱਚ ਬੰਨ੍ਹੀ ਰੱਖਦਾ ਹੈ। ਸੋ, ਸਿੱਖ ਕੌਮ ਦੇ ਜੱਥੇਬੰਦ ਹੋਣ ਵਿੱਚ ਬੋਲੀ ਅਤੇ ਲਿੱਪੀ ਦੀ ਸਾਂਝ ਨੇ ਬੜਾ ਰੋਲ ਅਦਾ ਕੀਤਾ। ਜਿਹੜੀਆਂ ਕੌਮਾਂ ਆਪਣੀ ਬੋਲੀ, ਲਿੱਪੀ (ਤੇ ਪਹਿਰਾਵਾ) ਗੁਆ ਬੈਠਦੀਆਂ ਹਨ, ਉਹ ਹੌਲੀ-ਹੌਲੀ ਆਪਣਾ ਸਾਰਾ ਸਭਿਆਚਾਰ (ਕਲਚਰ) ਹੀ ਗੁਆ ਬੈਠਦੀਆਂ ਹਨ। ਇਹ ਉਨ੍ਹਾਂ ਕੌਮਾਂ ਦੀ ਤਬਾਹੀ ਦਾ ਪਹਿਲਾ ਪੜਾਅ ਹੋਇਆ ਕਰਦਾ ਹੈ। ਤਵਾਰੀਖ਼ ਨੇ ਵੇਖਿਆ ਹੈ ਕਿ ਅਫ਼ਰੀਕਨ ਲੋਕ ਆਪਣੀ ਬੋਲੀ, ਲਿੱਪੀ ਤੇ ਪਹਿਰਾਵਾ ਗੁਆਉਣ ਮਗਰੋਂ ਆਪਣਾ ਕਲਚਰ ਤੇ ਫਿਰ ਆਪਣਾ ਧਰਮ ਵੀ ਗੁਆ ਬੈਠੇ। ਅੱਜ ਉਨ੍ਹਾਂ ਦੀ ਸਾਰੀ ਜੱਦੋਜਹਿਦ ਸਿਰਫ਼ ਤੇ ਸਿਰਫ਼ ਵਕਤੀ ਮਾਲੀ

ਸਹੂਲਤਾਂ, ਨੌਕਰੀਆਂ ਤੇ ਹੋਰ ਛੋਟੇ-ਮੋਟੇ ਹੱਕ ਮੰਗਣ ਤੋਂ ਸਿਵਾ ਕੁਝ ਵੀ ਨਹੀਂ। ਉਹ ਇੱਕ ਗੁਆਚੀ ਹੋਈ ਗ਼ੁਲਾਮ ਕੌਮ ਦੇ ਮਜ਼ਬੂਰ ਵਾਰਿਸਾਂ ਵਾਂਗ ਜੀਅ ਰਹੇ ਹਨ। ਇੰਞ ਹੀ, ਜੇ ਸਿੱਖ ਪੰਜਾਬੀ, ਗੁਰਮੁਖੀ, ਪੰਜਾਬੀ ਖ਼ੁਰਾਕ, ਪਹਿਰਾਵਾ ਤੇ ਸਿੱਖ ਕਲਚਰ ਦਾ ਬਾਕੀ ਹਿੱਸਾ ਗੁਆ ਬੈਠਣਗੇ ਤਾਂ ਇੱਕ-ਦੋ ਨਸਲਾਂ ਮਗਰੋਂ ਉਹ ਆਪਣੇ ਕੇਸ਼, ਦਸਤਾਰ ਅਤੇ ਧਰਮ ਵੀ ਗੁਆ ਬੈਠਣਗੇ ਤੇ ਇੱਕ ਗ਼ੁਲਾਮ ਤੇ ਗੁਆਚੀ ਕੌਮ ਬਣਕੇ ਰਹਿ ਜਾਣਗੇ। ਗੁਰੂ ਅੰਗਦ ਸਾਹਿਬ ਨੇ ਇਸੇ ਕਰ ਕੇ ਪੰਜਾਬੀ, ਗੁਰਮੁਖੀ ਤੇ ਤਵਾਰੀਖ਼ ਦੀ ਪੜ੍ਹਾਈ ਨੂੰ ਅਹਿਮ ਥਾਂ ਦਿੱਤੀ ਸੀ। ਪੰਜਾਬੀ ਬੋਲੀ, ਗੁਰਮੁਖੀ ਲਿੱਪੀ, ਸਿੱਖ ਕਲਚਰ, ਸਿੱਖ ਇਤਿਹਾਸ ਦੀ ਪੜ੍ਹਾਈ ਇੱਕ ਸਿੱਖ ਦੇ ਰੋਜ਼ਨਾਮਚੇ ਦਾ ਜ਼ਰੂਰੀ ਹਿੱਸਾ ਹੋਣਾ ਚਾਹੀਦਾ ਹੈ"। ...... "ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਤਵਾਰੀਖ਼ (ਜਨਮ ਸਾਖੀ) ਵੀ ਲਿਖਵਾਈ ... ਜੰਗਾਂ ਤੇ ਜ਼ੁਲਮਾਂ ਦੀ ਹੰਗਾਮੀ ਹਾਲਤ ਕਾਰਨ ਸਿੱਖ ਕੌਮ ਉਸ ਤਵਾਰੀਖ਼ (ਅਸਲ ਜਨਮ ਸਾਖੀ) ਨੂੰ ਸੰਭਾਲ ਨਹੀਂ ਸਕੀ ... ਅਜਿਹਾ ਜਾਪਦਾ ਹੈ ਕਿ ਜਦ ਭਾਈ ਗੁਰਦਾਸ ਨੇ ਆਪਣੀ ਪਹਿਲੀ 'ਵਾਰ' ਲਿਖੀ ਤਾਂ ਉਨ੍ਹਾਂ ਕੋਲ ਉਹ ਜਨਮ ਸਾਖੀ ਅਜੇ ਮੌਜੂਦ ਸੀ ਕਿਉਂਕਿ ਉਸ ਤੋਂ ਬਿਨਾਂ ਭਾਈ ਗੁਰਦਾਸ ਉਸ 'ਵਾਰ' ਵਿੱਚ ਏਨੀ ਤਫ਼ਸੀਲ ਨਹੀਂ ਸਨ ਦੇ ਸਕਦੇ"। {ਡਾ.ਹਰਜਿੰਦਰ ਸਿੰਘ ਦਿਲਗੀਰ" ਸਿੱਖ ਤਵਾਰੀਖ਼ (ਪਹਿਲਾ ਹਿੱਸਾ) ਪੰਨਾ 188-189}

ਗੁਰਮੁਖੀ ਲਿਪੀ ਦਾ ਵਿਕਾਸ

ਗੁਰੂ ਨਾਨਕ ਸਾਹਿਬ ਦੀ ਆਗਿਆ ਅਨੁਸਾਰ, ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਜੀ ਨੇ ਪੰਜਾਬੀ ਬੋਲੀ ਨੂੰ 'ਟਾਕਰੀ', 'ਠਾਕਰੀ' ਅਤੇ 'ਲੰਡੇ' ਦੀਆਂ ਪ੍ਰਚਲਿਤ ਲਿਪੀਆਂ ਵਿੱਚ ਲਿਖਣ ਦੀ ਬਜਾਏ 'ਗੁਰਮੁਖੀ ਲਿਪੀ' ਨੂੰ ਹੋਂਦ ਵਿੱਚ ਲਿਆਂਦਾ। ਗੁਰਬਾਣੀ ਤੇ ਹੋਰ ਸਾਰੇ ਸਾਹਿਤ ਨੂੰ ਗੁਰਮੁਖੀ ਲਿਪੀ ਵਿੱਚ ਲਿਖਣਾ ਅਰੰਭ ਕੀਤਾ। ਗੁਰਬਾਣੀ ਨੂੰ ਲਿਖਣ ਲਈ ਵਿਸ਼ਵ ਦੀਆਂ ਬੋਲੀਆਂ ਦੇ ਸ਼ਬਦਾਂ ਨੂੰ ਵੀ ਗੁਰਮੁਖੀ ਲਿਪੀ ਵਿੱਚ ਅੰਕਿਤ ਕੀਤਾ। ਇਸ ਤਰ੍ਹਾਂ, ਮਨੂੰਵਾਦੀਆਂ ਵਲੋਂ ਸੰਸਕ੍ਰਿਤ ਨੂੰ 'ਦੇਵ-ਭਾਸ਼ਾ' ਦੇ ਦਿੱਤੇ ਜਾ ਚੁੱਕੇ ਨਕਲੀ ਰੁਤਬੇ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। ਬਿਪਰਵਾਦੀਆਂ ਨੇ, ਆਪਣੇ ਸਵਾਰਥੀ ਸੁਭਾਅ ਅਨੁਸਾਰ, ਇਸ ਕਰਾਂਤੀਕਾਰੀ ਕਦਮ ਦੇ ਵਿਰੋਧ ਵਿੱਚ ਕਾਫ਼ੀ ਚੀਕ-ਚਿਹਾੜਾ ਪਾਇਆ, ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ।

ਇਸ ਤਰ੍ਹਾਂ ਸਰਬ-ਸਾਂਝੀ ਸੰਗਤਿ, ਪੰਗਤਿ (ਇਕੱਠੇ ਬੈਠ ਕੇ ਲੰਗਰ ਛੱਕਣਾ), ਸਰਾਵਾਂ ਅਤੇ ਸਾਂਝੇ ਸਕੂਲਾਂ ਰਾਹੀਂ ਅਮਲ ਵਿੱਚ ਲਿਆਏ ਜਾ ਰਹੇ

ਆਲਮਗੀਰੀ ਗੁਰਮਤਿ ਫ਼ਲਸਫ਼ੇ ਨੇ ਮਾਨਵ-ਵਿਰੋਧੀ ਬ੍ਰਾਹਮਣੀ ਵਿਚਾਰਧਾਰਾ ਨੂੰ ਜੜ੍ਹਾਂ ਤੋਂ ਹੀ ਹਿਲਾ ਕੇ ਰੱਖ ਦਿੱਤਾ। ਇਸ ਲਈ ਬ੍ਰਾਹਮਣ, ਗੁਰਮਤਿ-ਫ਼ਲਸਫ਼ੇ 'ਤੇ ਅਧਾਰਿਤ ਗਰੀਬ ਜਨਤਕ ਆਧਾਰ ਵਾਲੇ ਲਾਸਾਨੀ (ਗੁਰਮਤਿ) ਇਨਕਲਾਬ ਦੇ ਜਾਨੀ-ਦੁਸ਼ਮਣ ਬਣ ਗਏ।

ਸਪੋਰਟਸ ਕਲੱਬ (ਕਸਰਤ ਕੇਂਦਰ)

ਮਨੁੱਖੀ ਸਮਾਜ ਨੂੰ ਨਿਰੋਈ ਸਿਹਤ ਦੇਣ ਲਈ, ਉਸਾਰੂ ਮੁਕਾਬਲੇ ਦਾ ਜਜ਼ਬਾ ਪੈਦਾ ਕਰਨ ਅਤੇ ਆਪਸੀ ਮਿਲਵਰਤਣ ਦੀ ਭਾਵਨਾ ਦਾ ਵਿਕਾਸ ਕਰਨ ਲਈ ਸਤਿਗੁਰਾਂ ਨੇ ਮੱਲ-ਅਖਾੜੇ ਅਤੇ ਸਪੋਰਟਸ ਕਲੱਬ ਕਾਇਮ ਕੀਤੇ।

'ਧਰਮਸ਼ਾਲਾ' ਵਿਕਾਸ ਕਰ ਕੇ 'ਗੁਰਦਵਾਰਾ' ਬਣੀ

ਗੁਰੂ ਅਰਜੁਨ ਸਾਹਿਬ ਜੀ ਨੇ ਸੰਨ 1604 ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਨੂੰ ਸਿੱਖ ਕੌਮ ਦੇ ਪਹਿਲੇ ਗੁਰਦਵਾਰੇ ਦੇ ਰੂਪ ਵਿੱਚ ਤਿਆਰ ਕਰਵਾਇਆ। ਇਸ ਸੰਸਥਾ ਵਿੱਚ ਉੱਚਾ ਨਿਸ਼ਾਨ ਸਾਹਿਬ ਝੁਲਾ ਕੇ ਬੁਲੰਦ ਆਵਾਜ਼ ਵਿੱਚ ਇਹ ਸੰਦੇਸ਼ ਮਨੁੱਖਤਾ ਨੂੰ ਦਿੱਤਾ ਕਿ ਇਹ ਸੰਸਥਾ, ਪਰਮੇਸ਼ਰ ਦੀ ਪ੍ਰਭੂ-ਸੱਤਾ ਵਾਲੇ ਹਲੇਮੀ ਰਾਜ ਦੇ ਅਧੀਨ, ਬਿਨਾ ਕਿਸੇ ਭਿੰਨ-ਭੇਦ ਦੇ, ਸਮੁੱਚੀ ਮਨੁੱਖਤਾ ਦੇ ਭਲੇ ਲਈ ਯਤਨਸ਼ੀਲ ਹੈ ਜਿਥੇ ਹਰ ਇੱਕ ਮਨੁੱਖ ਲਈ ਸਰੀਰਕ ਖ਼ੁਰਾਕ (ਲੰਗਰ), ਆਤਮਿਕ ਖ਼ੁਰਾਕ (ਸ਼ਬਦ-ਵਿਚਾਰ) ਤੇ ਰਿਹਾਇਸ਼ ਦਾਂ ਪ੍ਰਬੰਧ ਹੈ। ਅਠ੍ਹਾਰਵੀਂ ਸਦੀ ਦੇ ਅਖੀਰ ਵਿੱਚ, ਧਰਮਸ਼ਾਲ ਦਾ ਨਾਮ 'ਗੁਰਦਵਾਰਾ' ਪੈ ਗਿਆ।

ਰੱਬੀ-ਰਾਜ ਦੀ ਕੇਂਦਰੀ ਰਾਜਨੀਤਕ ਸੰਸਥਾ ਕਾਇਮ ਹੋਈ

ਮਈ ਸੰਨ 1606 ਵਿੱਚ ਸ਼ਹਾਦਤ ਲਈ ਅੰਮ੍ਰਿਤਸਰ ਤੋਂ ਲਾਹੌਰ ਜਾਣ ਤੋਂ ਪਹਿਲਾਂ, ਗੁਰੂ ਅਰਜੁਨ ਸਾਹਿਬ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਕੇ ਤੱਤਕਾਲੀਨ ਜ਼ਾਲਮ ਮੁਗ਼ਲ ਸਾਮਰਾਜ ਨੂੰ ਹਥਿਆਰਬੰਦ ਟੱਕਰ ਦੇ ਕੇ ਜ਼ੁਲਮ ਕਰਨ ਤੋਂ ਰੋਕਣ ਲਈ ਆਦੇਸ਼ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1608 ਵਿੱਚ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਨਮੁੱਖ ਇੱਕ ਉੱਚਾ ਥੜ੍ਹਾ (ਅਕਾਲ ਬੁੰਗਾ) ਉਸਾਰ ਕੇ ਜਿਥੇ ਸੰਗਤਿ ਨੂੰ ਗੁਰਮਤਿ ਫ਼ਲਸਫ਼ੇ ਦੇ ਆਧਾਰ 'ਤੇ ਸਸਤਾ ਅਤੇ ਤੁਰੰਤ ਨਿਆਂ ਉਪਲੱਬਧ ਕਰਵਾਇਆ, ਉਥੇ ਇਸ ਤਖ਼ਤ 'ਤੇ ਸ਼ੁਸ਼ੋਭਿਤ ਹੋ ਕੇ ਬੀਰ-ਰਸੀ ਵਾਰਾਂ ਗਾਉਣ ਦੀ ਰਿਵਾਇਤ ਕਾਇਮ ਕੀਤੀ, ਮੱਲ -ਅਖਾੜੇ ਅਤੇ ਸ਼ਸਤਰ ਅਭਿਆਸ ਅਰੰਭ

ਕਰਵਾਏ। ਇੰਝ 'ਅਕਾਲ ਬੁੰਗਾ' (ਮਗਰੋਂ ਅਕਾਲ ਤਖ਼ਤ) ਰੱਬੀ-ਰਾਜ ਦੀ ਰਾਜਨੀਤਕ ਸੰਸਥਾ ਦੇ ਰੂਪ ਵਿੱਚ ਸਥਾਪਿਤ ਹੋਇਆ। ਇਸ ਸੰਸਥਾ ਦੇ ਸਾਹਮਣੇ ਦੋ ਨੀਲੇ ਨਿਸ਼ਾਨ ਸਾਹਿਬ ਝੁਲਾਏ ਗਏ- ਇੱਕ ਪੀਰੀ (ਅਧਿਆਤਮਕ ਪਾਤਿਸ਼ਾਹੀ ਦਾ ਪ੍ਰਤੀਕ), ਅਤੇ ਦੂਜਾ ਮੀਰੀ (ਸੰਸਾਰਕ ਪਾਤਿਸ਼ਾਹੀ) ਦਾ ਪ੍ਰਤੀਕ। ਇਸ ਦਾ ਦਿੱਲਚਸਪ ਪੱਖ ਇਹ ਹੈ ਕਿ ਪੀਰੀ ਦਾ ਪ੍ਰਤੀਕ ਨਿਸ਼ਾਨ ਸਾਹਿਬ ਮੀਰੀ ਦੇ ਪ੍ਰਤੀਕ ਨਿਸ਼ਾਨ ਸਾਹਿਬ ਨਾਲੋਂ ਕੁੱਝ ਕੁ ਉੱਚਾ ਰੱਖਿਆ ਗਿਆ ਹੈ, ਜਿਸ ਦਾ ਭਾਵ ਹੈ ਕਿ ਗੁਰਮਤਿ ਫ਼ਲਸਫ਼ੇ ਅਨੁਸਾਰ,ਰਾਜਸੀ ਸ਼ਕਤੀ, ਧਾਰਮਿਕ ਸ਼ਕਤੀ (ਧਾਰਮਿਕ ਫ਼ਲਸਫ਼ੇ) ਦੇ ਅਨੁਕੂਲ ਅਤੇ ਅਧੀਨ ਹੋ ਕੇ ਹੀ ਕਾਰਜਸ਼ੀਲ ਰਹੇਗੀ।

ਪਰ, ਅੱਜ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਤੋਂ ਟੁੱਟੇ ਹੋਏ ਅਖੌਤੀ ਸਿੱਖ ਰਾਜਨੀਤਕ ਲੀਡਰਾਂ ਨੇ ਉਲਟੀ ਹੀ ਗੰਗਾ ਵਹਾ ਦਿੱਤੀ ਹੈ- ਗੁਰਮਤਿ ਇਨਕਲਾਬ ਦੇ ਇਨ੍ਹਾਂ ਗ਼ੱਦਾਰਾਂ ਨੇ ਧਰਮ ਨੂੰ ਆਪਣੀ ਸਵਾਰਥੀ ਰਾਜਨੀਤੀ ਦੇ ਅਧੀਨ ਗ਼ੁਲਾਮ ਹੋ ਕੇ ਚੱਲਣ ਲਈ ਮਜ਼ਬੂਰ ਕੀਤਾ ਹੋਇਆ ਹੈ।ਇਸ ਗੁਰਮਤਿ-ਵਿਰੋਧੀ ਰੁਚੀ ਨੂੰ ਤੁਰੰਤ ਠੱਲ੍ਹ ਪਾ ਕੇ ਸੁਧਾਰਨ ਦੀ ਲੋੜ ਹੈ।

ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ ਵਿੱਚ ਕੈਦ

ਜਹਾਂਗੀਰ ਨੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗਲ-ਬਾਤ ਕਰਨ ਦੇ ਬਹਾਨੇ ਦਿੱਲੀ ਬੁਲਾ ਕੇ ਜਨਵਰੀ ਸੰਨ 1612 ਨੂੰ 12 ਸਾਲ ਲਈ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ। ਇਸ ਕਿਲ੍ਹੇ ਅੰਦਰ 52 ਹਿੰਦੂ ਰਾਜੇ ਵੀ ਕੈਦ ਕੀਤੇ ਹੋਏ ਸਨ। ਜਹਾਂਗੀਰ ਦੇ ਅਹਿਮ ਦਰਬਾਰੀ, ਵਜ਼ੀਰ ਖ਼ਾਂ, ਸਾਂਈ ਮੀਆਂ ਮੀਰ, ਮਲਿਕਾ ਨੂਰ ਜਹਾਂ ਅਤੇ ਗਵਾਲੀਅਰ ਦੇ ਕਿਲ੍ਹੇ ਦੇ ਦਾਰੋਗ਼ਾ ਹਰੀਦਾਸ ਯਾਦਵ ਆਦਿ ਦੇ ਯਤਨਾਂ ਕਾਰਨ, 26 ਅਕਤੂਬਰ 1619 ਨੂੰ ਗੁਰੂ ਸਾਹਿਬ ਨੂੰ ਰਿਹਾਅ ਕਰ ਦਿੱਤਾ ਗਿਆ। ਗੁਰੂ ਸਾਹਿਬ ਨੇ ਇੱਕ 52 ਕਲੀਆਂ ਵਾਲਾ ਚੋਲਾ ਤਿਆਰ ਕਰਵਾ ਕੇ, ਇੱਕ-ਇੱਕ ਕਲੀ ਇਨਾਂ ਰਾਜਿਆਂ ਨੂੰ ਫੜਾ ਕੇ ਇਨ੍ਹਾਂ ਨੂੰ ਵੀ ਕਿਲ੍ਹੇ ਵਿੱਚੋਂ ਰਿਹਾਅ ਕਰਵਾ ਕੇ ਮੌਤ ਦੇ ਮੂੰਹ 'ਚੋਂ ਕੱਢਿਆ।

ਗੁਰੂ ਹਰਿ ਗੋਬਿੰਦ ਸਾਹਿਬ 'ਤੇ ਮੁਗ਼ਲਾਂ ਦੇ ਹਮਲੇ

ਸਤੰਬਰ 1621 ਤੋਂ ਜੁਲਾਈ 1635 ਤੱਕ ਤੱਤਕਾਲੀਨ ਮੁਗ਼ਲ ਬਾਦਸ਼ਾਹੀ ਫ਼ੌਜਾਂ ਨੇ ਗੁਰੂ ਸਾਹਿਬ 'ਤੇ ਚਾਰ ਵੱਡੇ ਹਮਲੇ ਕੀਤੇ ਪਰ, ਹਰ ਵਾਰ ਬਾਦਸ਼ਾਹੀ ਫ਼ੌਜਾਂ ਭਾਰੀ ਜਾਨੀ-ਨੁਕਸਾਨ ਕਰਾ ਕੇ ਨੱਸ ਜਾਂਦੀਆਂ ਰਹੀਆਂ।

ਗੁਰੂ ਹਰਿ ਰਾਏ ਸਾਹਿਬ ਨਾਲ 2200 ਘੋੜ ਸਵਾਰ ਸਿੱਖ ਫ਼ੌਜ

ਗੁਰੂ ਹਰਿ ਰਾਏ ਸਾਹਿਬ ਨਾਲ 2200 ਘੋੜ ਸਵਾਰ ਅਤੇ ਸੈਂਕੜੇ ਹੋਰ ਸਿੱਖ ਫ਼ੌਜੀ ਹਮੇਸ਼ਾਂ ਹੀ ਰਹਿੰਦੇ ਸਨ, ਪਰ ਉਨ੍ਹਾਂ 'ਤੇ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦੀਆਂ ਫ਼ੌਜਾਂ ਨੂੰ ਹਮਲਾ ਕਰਨ ਦਾ ਹੀਆ ਨਾ ਪਿਆ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ

(ੳ) **ਸਤਿਗੁਰਾਂ ਦੀ ਪਹਿਲੀ ਗਿਰਫ਼ਤਾਰੀ:** ਗੁਰੂ ਸਾਹਿਬ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਸਮਾਗਮਾਂ ਦੀ ਚੜ੍ਹਤਲ ਤੋਂ ਘਬਰਾ ਕੇ ਔਰੰਗਜ਼ੇਗ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ......8 ਨਵੰਬਰ 1665 ਨੂੰ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਮੁਖੀ ਸੇਵਕਾਂ ਮਤੀਦਾਸ, ਸਤੀਦਾਸ, ਗਵਾਲਦਾਸ, ਗੁਰਦਾਸ, ਸੰਗਤ ਅਤੇ ਦਿਆਲਦਾਸ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਔਰੰਗਜ਼ੇਬ ਦੇ ਦਰਬਾਰ ਵਿਖੇ ਪੇਸ਼ ਕੀਤਾ। ਭੱਟ ਵਹੀ 'ਜਾਦੋ ਬੰਸੀਆਂ' ਮੁਤਾਬਿਕ ਇੱਕ ਮਹੀਨੇ ਦੀ ਕੈਦ ਪਿੱਛੋਂ, 13 ਦਸੰਬਰ 1665 ਨੂੰ ਸਤਿਗੁਰਾਂ ਨੂੰ ਰਾਜਾ ਰਾਮ ਸਿੰਹ ਦੀ ਸਪੁਰਦਦਾਰੀ ਵਿੱਚ ਦੇ ਦਿੱਤਾ ਗਿਆ .... 'ਬੰਦੀ-ਛੋੜ' ਸਤਿਗੁਰੂ ਹਰਿ ਗੋਬਿੰਦ ਸਾਹਿਬ ਨੇ ਜਿਨ੍ਹਾਂ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਕਰਵਾਇਆ ਸੀ, ਉਨ੍ਹਾਂ ਵਿੱਚ ਅੰਬੇਰ ਦਾ ਰਾਜਾ ਜੈ ਸਿੰਹੁ, (ਰਾਜਾ ਰਾਮ ਸਿੰਘ ਦਾ ਬਾਪ) ਵੀ ਸੀ- ਰਾਜਾ ਜੈ ਸਿੰਹ ਦੀ ਵਿਧਵਾ ਪੁਸ਼ਪਾ ਰਾਣੀ (ਜੋ ਗੁਰੂ ਘਰ ਦੀ ਪੁੱਜ ਕੇ ਸ਼ਰਧਾਲੂ ਸੀ) ਨੇ ਆਪਣੇ ਪੁੱਤਰ ਰਾਮ ਸਿੰਹ ਰਾਹੀਂ ਅਸਰ ਰਸੂਖ ਵਰਤ ਕੇ ਸਤਿਗੁਰਾਂ ਨੂੰ ਆਪਣੀ ਸਪੁਰਦਦਾਰੀ ਵਿੱਚ ਲੈਣ ਦੇ ਹੁਕਮ ਜਾਰੀ ਕਰਵਾ ਲਏ ਸਨ।

ਇਸ ਇੱਕ ਮਹੀਨੇ ਦੀ ਕੈਦ ਦੌਰਾਨ ਗੁਰੂ ਸਾਹਿਬ ਅਤੇ ਔਰੰਗਜ਼ੇਬ ਦਰਮਿਆਨ ਲੰਮੀ ਵਾਰਤਾਲਾਪ ਹੋਈ। ..... ਔਰੰਗਜ਼ੇਬ ਨੇ ਰਾਜਨੀਤੀ ਵਰਤਦਿਆਂ,ਪਹਿਲਾਂ ਗੁਰੂ ਸਾਹਿਬ ਨੂੰ ਬਹੁਤ ਸਤਿਕਾਰ ਨਾਲ ਇਸਲਾਮ ਧਾਰਨ ਲਈ ਪ੍ਰੇਰਨਾ ਦਿੱਤੀ। .... ਗੱਲ ਸਿਰੇ ਨਾ ਚੜ੍ਹਨ ਪੁਰ ਤੰਗ ਪੈ ਕੇ ਗੁਰੂ ਸਾਹਿਬ ਨੂੰ ਫਾਂਸੀ ਚਾੜ੍ਹਨ ਦਾ ਹੁਕਮ ਜਾਰੀ ਕਰ ਦਿੱਤਾ ਸੀ।...... ਰਾਜਾ ਰਾਮ ਸਿੰਹੁ ਨੇ ਜ਼ੋਰਦਾਰ ਦਲੀਲਾਂ ਦੇ ਕੇ ਔਰੰਗਜ਼ੇਬ ਨੂੰ ਇਹ ਹਕੀਕਤ ਸਮਝਾ ਦਿੱਤੀ ਕਿ ਇਹ ਸੱਭ ਕੁੱਝ ਕਰਨ ਨਾਲ ਬਾਦਸ਼ਾਹ ਦੀ ਸ਼ਾਨ ਵਿੱਚ ਥੋੜ੍ਹਾ ਜਿਤਨਾ ਵਾਧਾ ਵੀ ਨਹੀਂ

ਹੋਵੇਗਾ ਅਤੇ ਕੇਵਲ ਬਦਨਾਮੀ ਹੀ ਪੱਲੇ ਪਵੇਗੀ। ਵਕਤੀ ਤੌਰ 'ਤੇ ਰਾਮ ਸਿੰਹ ਦੀ ਸਮਝਾਉਣੀ, ਕਿਸੇ ਹੱਦ ਤੱਕ, ਔਰੰਗਜ਼ੇਬ ਦੇ ਖ਼ਾਨੇ ਪੈ ਗਈ ਸੀ।

ਰਾਮ ਸਿੰਹ ਨੇ ਇਹ ਪ੍ਰਸਤਾਵ ਵੀ ਪੇਸ਼ ਕੀਤਾ ਸੀ ਕਿ ਹਕੂਮਤ ਇਸ ਕੇਸ ਵਿੱਚ ਸੁਰਖ਼ਰੂ ਹੋਣ ਲਈ, ਗੁਰੂ ਸਾਹਿਬ ਨੂੰ ਰਾਜਾ ਰਾਮ ਸਿੰਹ ਦੀ ਸਪੁਰਦਦਾਰੀ ਵਿੱਚ ਦੇ ਸਕਦੀ ਹੈ। ਔਰੰਗਜ਼ੇਬ ਨੇ ਐਸਾ ਹੀ ਕੀਤਾ। ..... ਆਪਣੀ ਮਾਤਾ ਦੀ ਪ੍ਰੇਰਨਾ ਅਤੇ ਸਿੱਖਾਂ ਦੀ ਖ਼ੁਸ਼ੀ ਮਨ ਵਿੱਚ ਮਹਿਸੂਸ ਕਰਦਿਆਂ, ਰਾਜਾ ਰਾਮ ਸਿੰਹ ਨੇ ਕੇਵਲ ਤਿੰਨ ਦਿਨਾਂ ਪਿੱਛੋਂ ਹੀ ਔਰੰਗਜ਼ੇਬ ਨੂੰ ਦੱਸੇ-ਪੁੱਛੇ ਬਿਨਾ, ਗੁਰੂ ਸਾਹਿਬ ਨੂੰ ਆਪਣੀ ਸਪੁਰਦਦਾਰੀ ਵਿੱਚੋਂ ਬਾਹਰ ਕਰ ਦਿੱਤਾ ਅਤੇ 16 ਦਸੰਬਰ 1665 ਨੂੰ ਪਟਨੇ ਜਾਣ ਲਈ (ਪੂਰਬੀ ਭਾਰਤ ਦੇ ਦੌਰੇ ਲਈ) ਪੂਰੇ ਅਦਬ ਸਤਿਕਾਰ ਨਾਲ ਦਿੱਲੀ ਤੋਂ ਵਿਦਾ ਕਰ ਦਿੱਤਾ।

ਬਾਅਦ ਵਿੱਚ ਔਰੰਗਜ਼ੇਬ ਨੂੰ ਜਦ ਰਾਮ ਸਿੰਹ ਦੀ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਮਨ ਵਿੱਚ ਬਹੁਤ ਨਾ-ਖ਼ੁਸ਼ ਹੋਇਆ, ਭਾਵੇਂ ਰਾਜਾ ਰਾਮ ਸਿੰਹ ਪ੍ਰਤੀ ਆਪਣੀ ਨਾਰਾਜ਼ਗੀ ਦਾ ਇਜ਼ਹਾਰ ਕਰ ਸਕਣਾ ਉਸ ਸਮੇਂ ਉਸ ਲਈ ਸੰਭਵ ਨਹੀਂ ਸੀ।...........

(ਅ) **ਸਤਿਗੁਰਾਂ ਦੀ ਦੂਜੀ ਗ੍ਰਿਫ਼ਤਾਰੀ (ਅਪ੍ਰੈਲ 1670):** ਸਤਿਗੁਰਾਂ ਦੁਆਰਾ ਪੂਰਬ ਦੇਸ਼ ਵਿੱਚ ਕੀਤੇ ਜਾ ਰਹੇ ਪ੍ਰਚਾਰ ਦੀਆਂ ਖ਼ਬਰਾਂ ਦਿੱਲੀ ਹਕੂਮਤ ਤੱਕ ਪੁੱਜ ਰਹੀਆਂ ਸਨ। ਇਸ ਸਬੰਧ ਵਿੱਚ ਦਿੱਲੀ ਵੱਲੋਂ ਸਬੰਧਤ ਹਾਕਮਾਂ ਨੂੰ ਹਦਾਇਤਾਂ ਵੀ ਹੋਈਆ ਸਨ ਕਿ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਕੇ ਦਿੱਲੀ ਭੇਜ ਦਿੱਤਾ ਜਾਵੇ। ਗੁਰੂ ਸਾਹਿਬ ਜਦ ਆਗਰਾ ਪੁੱਜੇ ਤਾਂ ਉਨ੍ਹਾਂ ਨੂੰ, ਉਨ੍ਹਾਂ ਦੇ ਮੁਖੀ ਸਿੱਖਾਂ ਸਮੇਤ, ਗ੍ਰਿਫਤਾਰ ਕਰ ਲਿਆ ਗਿਆ ਅਤੇ ਸਖ਼ਤ ਫ਼ੌਜੀ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ। ਇਸ ਗ੍ਰਿਫ਼ਤਾਰੀ ਦੌਰਾਨ ਗੁਰੂ ਸਾਹਿਬ 2 ਮਹੀਨੇ 13 ਦਿਨ ਸ਼ਾਹੀ ਫ਼ੌਜ ਦੀ ਨਜ਼ਰਬੰਦੀ ਹੇਠ ਦਿੱਲੀ ਕੈਦ ਰਹੇ ਸਨ।

ਸਤਿਗੁਰਾਂ ਦੀ ਦੂਜੀ ਗ੍ਰਿਫ਼ਤਾਰੀ ਤੋਂ ਰਿਹਾਈ :

ਨਵਾਬ ਸੈਫ਼ ਖ਼ਾਨ, ਤਰਬੀਅਤ ਖ਼ਾਂ ਦਾ ਪੁੱਤਰ ਸੀ। ਫ਼ਿਦਾਈ ਖ਼ਾਂ ਇਸ ਦਾ ਭਰਾ ਸੀ, ਜੋ ਔਰੰਗਜ਼ੇਬ ਦਾ ਧਰਮ-ਭਰਾ ਬਣਿਆ ਹੋਇਆ ਸੀ। ਦਿੱਲੀ ਤਖ਼ਤ 'ਤੇ ਬੈਠਣ ਦੇ ਅੰਤਲੇ ਦਿਨਾਂ ਵਿੱਚ ਸੈਫ਼ ਖ਼ਾਂ ਵੱਲੋਂ ਨਿਭਾਈ

ਵਫ਼ਾਦਾਰੀ ਅਤੇ ਉਸ ਦੀਆਂ ਵਿਸ਼ੇਸ਼ ਸੇਵਾਵਾਂ ਕਾਰਨ 1659 ਵਿੱਚ ਔਰੰਗਜ਼ੇਬ ਨੇ ਇਸ ਨੂੰ ਆਗਰੇ ਦਾ ਸੂਬੇਦਾਰ ਨਿਯੁਕਤ ਕੀਤਾ ਸੀ। ਜੁਲਾਈ,1662 ਵਿੱਚ ਬਾਦਸ਼ਾਹ ਨੇ ਉਸ ਦੀਆਂ ਸੇਵਾਵਾਂ ਨੂੰ ਹੋਰ ਮਾਣ ਦਿੰਦਿਆਂ ਉਸ ਨੂੰ ਇਕ ਸ਼ਾਹੀ ਚੋਗਾ ਤੇ ਤਲਵਾਰ ਦੀ ਬਖ਼ਸ਼ਿਸ਼ ਕੀਤੀ ਅਤੇ 'ਦੋ-ਹਜ਼ਾਰੀ' ਸ਼ਾਹੀ ਰੁਤਬਾ ਵੀ ਦਿੱਤਾ ਸੀ। 1665 ਵਿੱਚ ਉਸ ਨੂੰ ਕਸ਼ਮੀਰ ਦਾ ਸੂਬੇਦਾਰ ਬਣਾਇਆ ਗਿਆ, ਜਦਕਿ ਉਸ ਨੇ ਤਿੱਬਤ ਦੇ ਬਹੁਤ ਸਾਰੇ ਇਲਾਕੇ ਨੂੰ ਜਿੱਤ ਲਿਆ ਸੀ। ਇਹ ਤਿਆਗੀ ਸੁਭਾਅ ਦਾ ਧਾਰਮਕ ਵਿਅਕਤੀ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਉਪਦੇਸ਼ਾਂ ਦਾ ਇਸ ਦੇ ਮਨ 'ਤੇ ਬਹੁਤ ਡੂੰਘਾ ਪ੍ਰਭਾਵ ਪਿਆ ਸੀ। ਇਹ ਬਿਹਾਰ ਅਤੇ ਇਲਾਹਾਬਾਦ ਦਾ ਸੂਬੇਦਾਰ ਵੀ ਰਿਹਾ ਸੀ। ਮੁੱਦਾ ਇਹ ਕਿ ਸੈਫ਼ ਖ਼ਾਨ ਵੱਡੇ ਰਸੂਖ਼ ਵਾਲੀ ਸ਼ਖਸੀਅਤ ਸੀ। ਸੈਫ਼ ਖ਼ਾਨ ਗੁਰੂ ਤੇਗ਼ ਬਹਾਦਾਰ ਸਾਹਿਬ ਦਾ ਬਹੁਤ ਹੀ ਸ਼ਰਧਾਲੂ ਸੀ। ਗੁਰੂ ਸਾਹਿਬ ਦੀ ਇਸ ਦੂਜੀ ਨਜ਼ਰਬੰਦੀ ਦੌਰਾਨ ਸੈਫ਼ ਖ਼ਾਨ ਦਿੱਲੀ ਵਿਖੇ ਸਤਿਗੁਰਾਂ ਦੇ ਨਾਲ-ਨਾਲ ਜਾਂ ਆਸ-ਪਾਸ ਹੀ ਵਿਚਰਦਾ ਰਿਹਾ ਸੀ। ਪੂਰਬ ਦੇਸ਼ ਤੋਂ ਦਿੱਲੀ ਵੱਲ ਆਉਂਦਿਆਂ ਰਾਹ ਵਿੱਚ ਸੈਫ਼ ਖ਼ਾਨ ਸਤਿਗੁਰਾਂ ਨੂੰ ਮਿਲ ਚੁੱਕਾ ਸੀ। ਇਸ ਨਜ਼ਰਬੰਦੀ ਜਾਂ ਕੈਦ ਵਿੱਚੋਂ ਨਿਕਲ ਸਕਣ ਦਾ ਮੁੱਖ ਵਸੀਲਾ ਸੈਫ਼ ਖ਼ਾਨ ਦਾ ਨਿਜੀ ਰਸੂਖ਼ ਤੇ ਰਾਜਸੀ ਪੋਜ਼ੀਸ਼ਨ ਹੀ ਸੀ। ਇੰਜ ਪ੍ਰਤੀਤ ਹੁੰਦਾ ਹੈ ਕਿ ਸੈਫ਼ ਖਾਨ ਨੇ ਅਪਣਾ ਸਾਰਾ ਰਸੂਖ਼ ਤੇ ਸਾਰੇ ਸਾਧਨ ਸਤਿਗੁਰਾਂ ਦੀ ਸ਼ਾਹੀ ਕੈਦ ਤੋਂ ਰਿਹਾਈ ਲਈ ਵਰਤ ਕੇ ਨਜ਼ਰਬੰਦੀ ਵਾਲਾ ਇਹ ਸਾਰਾ ਰੇੜਕਾ ਹਕੂਮਤ ਵੱਲੋਂ ਮੁਕਵਾ ਲਿਆ ਸੀ।

ਸ਼ਾਹੀ ਫ਼ੌਜ ਦੀ ਨਜ਼ਰਬੰਦੀ ਤੋਂ ਰਿਹਾਈ ਹੋ ਜਾਣ ਪਿੱਛੋਂ ਗੁਰੂ ਸਾਹਿਬ ਆਪਣੀ ਟੋਲੀ ਸਮੇਤ ਦਿੱਲੀ ਵਿਖੇ ਭਾਈ ਕਲਿਆਂਣੇ ਦੀ ਧਰਮਸ਼ਾਲਾ ਪੁੱਜੇ। ਰਾਜਾ ਰਾਮ ਸਿੰਘ ਦੀ ਮਾਤਾ ਪੁਸ਼ਪਾ ਰਾਣੀ ਤੇ ਉਸ ਦੀ ਨੂੰਹ ਨੇ ਧਰਮਸ਼ਾਲਾ ਵਿਖੇ ਆ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ ਤੇ ਰਾਜਾ ਰਾਮ ਸਿੰਘ ਦੀ 'ਆਸਾਮ ਮੁਹਿਮ' ਬਾਰੇ ਸਭ ਸਮਾਚਾਰ ਸਤਿਗੁਰਾਂ ਤੋਂ ਪ੍ਰਾਪਤ ਕੀਤੇ। ਇਥੋਂ ਗੁਰੂ ਜੀ ਵਿਦਾ ਹੋ ਕੇ ਰੋਹਤਕ, ਕੁਰਕਸ਼ੇਤਰ ਤੇ ਪਿਹੋਵਾ ਨਗਰਾਂ ਵਿੱਚ ਪ੍ਰਚਾਰ ਕਰਦੇ ਹੋਏ, ਲਖਨੌਰ ਪੁੱਜੇ। ਉਥੋਂ ਚੱਲ ਕੇ ਬਾਕੀ ਕਈ ਇਲਾਕਿਆਂ ਵਿੱਚ ਪ੍ਰਚਾਰ ਕਰਦੇ ਹੋਏ ਬਾਬਾ ਬਕਾਲੇ ਪਹੁੰਚ ਗਏ" (ਮਹਿੰਦਰ ਸਿੰਘ ਜੋਸ਼: ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਸਿੱਖ ਇਨਕਲਾਬ ਸਫ਼ੇ 51-66)।

ਸਤਿਗੁਰਾਂ ਦੀ ਤੀਜੀ ਗ੍ਰਿਫ਼ਤਾਰੀ (11 ਜੁਲਾਈ 1675)

ਕਸ਼ਮੀਰੀ ਬ੍ਰਾਹਮਣਾਂ ਦਾ ਚੱਕ ਨਾਨਕੀ ਆਉਣਾ

"25 ਮਈ 1675 ਦੇ ਦਿਨ 16 ਕਸ਼ਮੀਰੀ ਬ੍ਰਾਹਮਣਾਂ ਦਾ ਇੱਕ ਜੱਥਾ ਕ੍ਰਿਪਾ ਰਾਮ 'ਦੱਤ' ਦੀ ਅਗਵਾਈ ਹੇਠ ਚੱਕ ਨਾਨਕੀ ਆਇਆ। ਗੁਰੂ ਨਾਨਕ ਸਾਹਿਬ ਦੀ ਮੁਲਾਕਾਤ (ਉਦਾਸੀਆਂ ਸਮੇਂ) ਮੱਟਨ ਦੇ ਪੰਡਿਤ ਬ੍ਰਹਮਦਾਸ ਨਾਲ ਹੋਈ ਸੀ। ਬ੍ਰਹਮਦਾਸ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੂੰ ਕਬੂਲ ਕਰ ਕੇ ਸਿੱਖ ਬਣ ਗਿਆ ਸੀ। ਬ੍ਰਹਮਦਾਸ ਦਾ ਪੁੱਤਰ ਨਾਇਣ ਦਾਸ ਅਤੇ ਉਸ ਦਾ ਪੁੱਤਰ ਸੀ ਅੜੂਰਾਮ । ਅੜੂਰਾਮ ਦੇ ਘਰ ਕ੍ਰਿਪਾ ਰਾਮ ਦਾ ਜਨਮ ਹੋਇਆ। ਇਹ ਕ੍ਰਿਪਾ ਰਾਮ, ਗੁਰੂ ਗੋਬਿੰਦ ਸਿੰਘ ਦੇ ਸਮੇਂ ਖੰਡੇ ਦੀ ਪਹੁਲ ਪ੍ਰਾਪਤ ਕਰ ਕੇ ਸਿੰਘ ਸਜ ਗਿਆ ਸੀ ਅਤੇ ਕ੍ਰਿਪਾ ਸਿੰਘ ਦੇ ਰੂਪ ਵਿੱਚ ਮੁਗ਼ਲ ਫ਼ੌਜਾਂ ਅਤੇ ਪਹਾੜੀਆਂ ਨਾਲ ਲੜਦਾ ਹੋਇਆ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਗਿਆ ਸੀ। ......

ਕਸ਼ਮੀਰੀ ਬ੍ਰਾਹਮਣਾਂ ਨੇ ਗੁਰੂ ਸਾਹਿਬ ਨੂੰ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਕਸ਼ਮੀਰ ਦਾ ਸੂਬੇਦਾਰ ਇਫ਼ਤਿਖ਼ਾਰ ਖ਼ਾਂ ਉਨ੍ਹਾਂ 'ਤੇ ਜ਼ੁਲਮ ਕਰ ਕੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕਰ ਰਿਹਾ ਸੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਸੀਂ ਸਾਰੇ ਵੱਡੇ-ਵੱਡੇ ਹਿੰਦੂ ਕੇਂਦਰਾਂ (ਕੇਦਾਰ ਨਾਥ, ਬਦਰੀ ਨਾਥ, ਪੁਰੀ, ਦੁਆਰਕਾ, ਕਾਂਚੀ, ਮਥਰਾ ਆਦਿ) ਤੋਂ ਹੋ ਆਏ ਹਾਂ ਪਰ ਕਿਸੇ ਨੇ ਵੀ ਸਾਡੀ ਬਾਂਹ ਨਹੀਂ ਫੜੀ। ਅਸੀਂ ਔਰੰਗਜ਼ੇਬ ਦੇ ਹਿੰਦੂ-ਰਾਜਪੂਤ ਵਜ਼ੀਰਾਂ ਤੱਕ ਵੀ ਪਹੁੰਚ ਕੀਤੀ ਹੈ, ਸਾਨੂੰ ਕਿਤੋਂ ਵੀ ਕੋਈ ਸਹਾਇਤਾ ਨਹੀਂ ਮਿਲੀ। ਹੁਣ ਸਾਡੀ ਆਖ਼ਰੀ ਆਸ ਸਿਰਫ਼ ਗੁਰੂ ਨਾਨਕ ਸਾਹਿਬ ਦਾ ਦਰ ਹੀ ਹੈ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਗੁਰੂ ਨਾਨਕ ਦੇ ਦਰ ਤੋਂ ਕੋਈ ਕਦੇ ਵੀ ਖਾਲੀ ਨਹੀਂ ਜਾਂਦਾ। ਵਾਹਿਗੁਰੂ ਤੁਹਾਡੀ ਮਦਦ ਕਰਨਗੇ। ਜਾਓ, ਸੂਬੇਦਾਰ ਨੂੰ ਆਖ ਦਿਓ ਕਿ ਜੇ ਉਹ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਕਸ਼ਮੀਰੀ ਬ੍ਰਾਹਮਣ ਮੁਸਲਮਾਨ ਬਣ ਜਾਣਗੇ।

ਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਪੰਡਿਤਾਂ ਦੀ ਜਾਨ ਵਿੱਚ ਜਾਨ ਆਈ ਅਤੇ ਉਹ ਬੜੇ ਸਕੂਨ, ਉਮੀਦ, ਹੌਂਸਲੇ ਤੇ ਚੜ੍ਹਦੀ ਕਲਾ ਵਿੱਚ ਵਾਪਸ ਕਸ਼ਮੀਰ ਨੂੰ ਚਲੇ ਗਏ।..... ਇਸ ਮਗਰੋਂ ਗੁਰੂ ਸਾਹਿਬ ਨੇ 8 ਜੁਲਾਈ 1675 ਦੇ ਦਿਨ ਗੋਬਿੰਦ ਰਾਇ ਨੂੰ ਗੁਰਗੱਦੀ ਸੌਂਪਣ ਦੀ ਅਰਦਾਸ ਕੀਤੀ ਅਤੇ 10 ਜੁਲਾਈ ਨੂੰ ਦਿੱਲੀ ਜਾਣ ਵਾਸਤੇ ਚੱਲ ਪਏ।

ਔਰੰਗਜ਼ੇਬ 7 ਅਪ੍ਰੈਲ 1674 ਨੂੰ ਦਿੱਲੀ ਤੋਂ ਹਸਨ ਅਬਦਲ ਚਲਾ ਗਿਆ ਸੀ (ਤੇ 27 ਮਾਰਚ 1676 ਨੂੰ ਵਾਪਸ ਆਇਆ ਸੀ) ਪਰ ਉਹ ਸੂਬਾ ਸਰਹਿੰਦ ਅਤੇ ਦਿੱਲੀ ਦੇ ਸੂਬੇਦਾਰ ਨੂੰ ਗੁਰੂ ਸਾਹਿਬ ਦੀਆਂ ਪ੍ਰਚਾਰ ਸਰਗਰਮੀਆਂ 'ਤੇ ਕਰੜੀ ਨਿਗ੍ਹਾ ਰੱਖਣ ਲਈ ਹਦਾਇਤਾਂ ਦੇ ਗਿਆ ਸੀ। ਕਸ਼ਮੀਰੀ ਬ੍ਰਾਹਮਣਾਂ ਦੇ ਇਸ ਵਫ਼ਦ ਬਾਰੇ ਵੀ ਉਸਨੂੰ ਜਾਣਕਾਰੀ ਮਿਲ ਚੁੱਕੀ ਸੀ। ਉਸ ਦੇ ਹੁਕਮ ਅਨੁਸਾਰ ਸਰਹਿੰਦ ਦੇ ਸੂਬੇਦਾਰ ਨੇ ਇੱਕ ਫ਼ੌਜੀ ਦਸਤਾ ਰੋਪੜ ਦੇ ਥਾਣੇਦਾਰ ਨੂਰ ਮਹਮੰਦ ਖ਼ਾਨ ਦੀ ਕਮਾਨ ਹੇਠ, ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ, ਚੱਕ ਨਾਨਕੀ ਵੱਲ ਰਵਾਨਾ ਕਰ ਦਿੱਤਾ ਸੀ। .... 11 ਜੁਲਾਈ ਨੂੰ ਗੁਰੂ ਸਾਹਿਬ ਨੂੰ, ਭਾਈ ਮਤੀਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਸਮੇਤ ਪਿੰਡ ਮਲਿਕਪੁਰ ਰੰਘੜਾਂ ਤੋਂ ਗ੍ਰਿਫ਼ਤਾਰ ਕਰ ਕੇ ਰੋਪੜ ਲੈ ਜਾਇਆ ਗਿਆ ਅਤੇ ਸੂਬੇਦਾਰ ਸਰਹਿੰਦ ਦੇ ਹੁਕਮ ਅਨੁਸਾਰ ਉਨ੍ਹਾਂ ਨੂੰ ਬੱਸੀ ਪਠਾਣਾਂ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਗਿਆ। ਸਤਿਗੁਰੂ ਪੌਣੇ ਚਾਰ ਕੁ ਮਹੀਨੇ ਇਸ ਕੈਦਖ਼ਾਨੇ ਵਿੱਚ ਰਹੇ। ਇਸ ਕੈਦ ਦੌਰਾਨ ਉਨ੍ਹਾਂ ਅਤੇ ਉਂਨ੍ਹਾਂ ਦੇ ਸਾਥੀਆਂ ਨੂੰ ਬੜੇ ਖੌਫ਼ਨਾਕ ਅਤੇ ਦਿਲ-ਕੰਬਾਊ ਤਸੀਹੇ ਦਿੱਤੇ ਜਾਂਦੇ ਰਹੇ।

ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਬੱਸੀ ਪਠਾਣਾਂ ਦੇ ਕਿਲ੍ਹੇ ਵਿੱਚ ਕੈਦ ਸਨ ਤਾਂ ਔਰੰਗਜ਼ੇਬ ਨੇ ਸਰਹਿੰਦ ਦੇ ਮੁਸਲਮਾਨ, ਨਕਸ਼ਬੰਦੀ ਫ਼ਿਰਕੇ ਦੇ (ਸੈਖ਼ ਅਹਿਮਦ ਦੇ ਗੱਦੀ ਨਸ਼ੀਨ) ਸੈਖ਼ ਸੈਫ਼-ਉਦ-ਦੀਨ ਦੀ ਡਿਊਟੀ ਲਾਈ ਕਿ ਉਹ ਗੁਰੂ ਜੀ ਨੂੰ ਇਸਲਾਮ ਵਿੱਚ ਲਿਆਉਂਣ ਦੀ ਕੋਸ਼ਿਸ਼ ਕਰੇ। ਸੈਫ਼-ਉਦ-ਦੀਨ ਨੇ ਬੱਸੀ ਪਠਾਣਾਂ ਕਿਲ੍ਹੇ ਵਿੱਚ ਕਈ ਵਾਰ ਫੇਰਾ ਪਾਇਆ ਅਤੇ ਗੁਰੂ ਜੀ ਨਾਲ ਚਰਚਾ ਕੀਤੀ ਪਰ ਉਹ ਗੁਰੂ ਜੀ ਨੂੰ ਇਸਲਾਮ ਦੀ ਉਂਚਤਾ ਦੱਸਣ ਵਿੱਚ ਕਾਮਯਾਬ ਨਾ ਹੋ ਸਕਿਆ ਤੇ ਔਰੰਗਜ਼ੇਬ ਨੂੰ ਸੁਨੇਹਾ ਭੇਜ ਦਿੱਤਾ ਕਿ ਗੁਰੂ ਜੀ ਨੂੰ ਦਲੀਲ ਨਾਲ ਨਹੀਂ ਬਦਲਿਆ ਜਾ ਸਕਦਾ ਤੇ ਸ਼ਾਇਦ ਤਲਵਾਰ ਦੇ ਡਰ ਨਾਲ ਹੀ ਉਨ੍ਹਾਂ ਨੂੰ ਮੁਸਲਮਾਨ ਬਣਾਇਆ ਜਾ ਸਕਦਾ ਹੈ{

ਸੈਖ਼ ਦਾ ਖ਼ਤ ਮਿਲਣ ਮਗਰੋਂ ਔਰੰਗਜ਼ੇਬ ਨੇ ਸਰਹਿੰਦ ਦੇ ਸੂਬੇਦਾਰ ਅਬਦਲ ਅਜ਼ੀਜ਼ ਦਿਲਾਵਰ ਖ਼ਾਨ ਨੂੰ ਹੁਕਮ ਭੇਜਿਆ ਕਿ ਗੁਰੂ ਜੀ ਨੂੰ ਪਿੰਜਰੇ ਵਿੱਚ ਪਾ ਕੇ ਦਿੱਲੀ ਲਿਜਾਇਆ ਜਾਏ। ਔਰੰਗਜ਼ੇਬ ਉਨ੍ਹੀਂ ਦਿਨੀਂ ਦਿੱਲੀ ਵਾਪਸ ਮੁੜਨ ਦੀ ਤਿਆਰੀ ਕਰ ਰਿਹਾ ਸੀ, ਪਰ ਕਿਸੇ ਕਾਰਨ ਉਸ ਨੂੰ ਹਸਨ ਅਬਦਾਲ ਵਧੇਰਾ ਸਮਾਂ ਰੁਕਣਾ ਪਿਆ। ਇਸ ਕਰ ਕੇ ਉਸ ਨੇ ਦਿੱਲੀ ਦੇ ਸੂਬੇਦਾਰ ਸਾਫ਼ੀ ਖ਼ਾਨ ਨੂੰ ਹਦਾਇਤ ਲਿਖ ਭੇਜੀ ਕਿ ਜੇ ਗੁਰੂ ਤੇਗ਼ ਬਹਾਦਰ

ਇਸਲਾਮ ਕਬੂਲ ਕਰ ਲਵੇ ਤਾਂ ਠੀਕ ਹੈ, ਨਹੀਂ ਤਾਂ ਸ਼ਾਹੀ ਕਾਜ਼ੀ ਤੋਂ ਫ਼ਤਵਾ ਦਿਵਾ ਕੇ ਕਤਲ ਕਰ ਦਿੱਤਾ ਜਾਵੇ।

ਸ਼ਹੀਦੀ

ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਕੇ ਦਿੱਲੀ ਲਿਜਾਇਆ ਗਿਆ। ਗੁਰੂ ਜੀ ਦਿੱਲੀ ਵਿੱਚ 3 ਨਵੰਬਰ 1675 ਦੇ ਦਿਨ ਪੁੱਜੇ ਅਤੇ (ਮੌਜੂਦਾ ਸੀਸ ਗੰਜ ਵਾਲੀ ਜਗ੍ਹਾ) ਕੋਤਵਾਲੀ ਵਿੱਚ ਕੈਦ ਕਰ ਦਿੱਤੇ ਗਏ। .... ਸ਼ਾਹੀ ਕਾਜ਼ੀ ਅਬਦੁਲ ਵਹਾਬ ਬਹੁਰੇ ਨੇ ਫ਼ਤਵਾ ਜਾਰੀ ਕਰਦਿਆਂ ਕਿਹਾ ਕਿ ਜਾਂ ਕਰਾਮਾਤ ਦਿਖਾਓ, ਜਾਂ ਮੁਸਲਮਾਨ ਬਣ ਜਾਓ ਜਾਂ ਮਰਨ ਵਾਸਤੇ ਤਿਆਰ ਹੋ ਜਾਓ। ਗੁਰੂ ਸਾਹਿਬ ਨੇ ਕਾਜ਼ੀ ਨੂੰ ਜਵਾਬ ਦਿੱਤਾ ਕਿ ਕਰਾਮਾਤ ਕਹਿਰ ਦਾ ਨਾਂ ਹੈ। ਕਰਾਮਾਤ ਤਾਂ ਰੱਬ ਆਪ ਹੀ ਹੈ। ਦੂਜਾ, ਹਰ ਇਨਸਾਨ ਨੂੰ ਆਪਣਾ ਆਪਣਾ ਧਰਮ ਅਖ਼ਤਿਆਰ ਕਰਨ ਦਾ ਹੱਕ ਹੈ, ਅਤੇ ਤੀਜਾ ਮੌਤ ਦੀ ਗੱਲ ਕਰਦਾ ਏਂ, ਕੀ ਮੁਸਲਮਾਨ ਬਣਿਆਂ ਮੈਨੂੰ ਮੌਤ ਨਹੀਂ ਆਵੇਗੀ ? ......ਹਰ ਇੱਕ ਨੇ ਇੱਕ ਦਿਨ ਮਰਨਾ ਹੈ। ਵਾਹਿਗੁਰੂ ਨੇ ਜਿੰਨੇ ਸਾਹ ਦਿੱਤੇ ਹਨ, ਉਨ੍ਹਾਂ ਨੂੰ ਕੋਈ ਘਟਾ ਜਾਂ ਵਧਾ ਨਹੀਂ ਸਕਦਾ। ਗੁਰੂ ਜੀ ਨੂੰ ਇਕ ਦਿਨ ਦਾ ਹੋਰ ਸਮਾਂ ਦਿੱਤਾ ਗਿਆ। ਗੁਰੂ ਜੀ ਵੱਲੋਂ ਨਾਂਹ ਮਿਲਣ ਮਗਰੋਂ ਉਨ੍ਹਾਂ ਨੂੰ ਤਸੀਹਿਆਂ ਦਾ ਦੌਰ ਸ਼ੁਰੂ ਹੋ ਗਿਆ।ਗੁਰੂ ਸਾਹਿਬ ਨੂੰ ਤਪਦੇ ਥ੍ਹੰਮ ਨਾਲ ਲਾਇਆ ਗਿਆ। ਉਨ੍ਹਾਂ ਦੇ ਜਿਸਮ ਤੇ ਬਲਦੀ ਰੇਤ ਪਾਈ ਗਈ।ਅਗਲੇ ੬ ਦਿਨ ਉਨ੍ਹਾਂ ਦਾ ਜਿਸਮ ਬੁਰੀ ਤਰ੍ਹਾਂ ਨਿਢਾਲ ਹੋ ਗਿਆ।

11 ਨਵੰਬਰ ਦੇ ਦਿਨ ਭਾਈ ਦਿਆਲ ਦਾਸ ਨੂੰ ਗੁਰੂ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਇੱਕ ਵੱਡੀ ਦੇਗ਼ ਵਿੱਚ ਪਾਣੀ ਵਿੱਚ ਬਿਠਾ ਕੇ ਉਬਲਦੇ ਪਾਣੀ ਵਿੱਚ ਸ਼ਹੀਦ ਕਰ ਦਿੱਤਾ ਗਿਆ। ਇਸ ਮਗਰੋਂ ਭਾਈ ਮਤੀ ਦਾਸ ਨੂੰ ਦੋ ਲੱਕੜਾਂ ਦੇ ਸ਼ਿਕੰਜੇ ਵਿੱਚ ਬੰਨ੍ਹ ਕੇ ਚੀਰ ਦਿੱਤਾ ਗਿਆ ਤੇ ਭਾਈ ਸਤੀ ਦਾਸ ਨੂੰ ਰੂੰਅ ਵਿੱਚ ਬੰਨ੍ਹ ਕੇ ਜਿਉਂਦੇ ਸਾੜ ਦਿੱਤਾ ਗਿਆ। ਗੁਰੂ ਸਾਹਿਬ ਅਡੋਲ ਰਹੇ। ਅਖ਼ੀਰ ਸ਼ਾਮ ਵੇਲੇ ਕਾਜ਼ੀ ਦੇ ਆਖ਼ਰੀ ਫ਼ਤਵੇ ਮਗਰੋਂ ਜੱਲਾਦ ਜਲਾਲ-ਉਦ-ਦੀਨ (ਸਮਾਣੇ ਵਾਲੇ) ਨੇ ਤਲਵਾਰ ਦੇ ਇੱਕੋ ਵਾਰ ਨਾਲ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ।

ਇਸ ਸਮੇਂ ਔਰੰਗਜ਼ੇਬ ਦਾ ਇਹ ਹੁਕਮ ਸੀ ਕਿ ਗੁਰੂ ਸਾਹਿਬ ਦੀ ਦੇਹ ਦੇ ਚਾਰ ਟੁਕੜੇ ਕਰ ਕੇ ਸ਼ਹਿਰ ਦੇ ਚਾਰੇ ਪਾਸੇ ਲਟਕਾ ਦਿੱਤੇ ਜਾਣ। ਪਰ ਹਨ੍ਹੇਰਾ ਪੈ ਚੁੱਕਾ ਹੋਣ ਕਰ ਕੇ ਉਸ ਦੇ ਇਸ ਹੁਕਮ 'ਤੇ ਅਮਲ ਨਾ ਹੋ ਸਕਿਆ।ਉਧਰ ਭਾਈ ਜੈਤਾ, ਭਾਈ ਨਾਨੂ ਰਾਮ, ਭਾਈ ਤੁਲਸੀ ਤੇ ਭਾਈ ਊਦਾ ਨੇ ਗੁਰੂ ਸਾਹਿਬ

ਦਾ ਸੀਸ ਚੁੱਕ ਕੇ ਲਿਆਉਣ ਦੀ ਤਰਕੀਬ ਘੜੀ। ਇਹ ਸਾਰੇ ਗੁਰੂ ਜੀ ਦਾ ਸੀਸ ਟੋਕਰੀ ਵਿੱਚ ਪਾ ਕੇ ਸਿਰ ਤੇ ਚੁੱਕ ਕੇ,16 ਨਵੰਬਰ ਨੂੰ ਕੀਰਤਪੁਰ ਤੇ ਫਿਰ ਅਨੰਦਪੁਰ ਪੁੱਜੇ। ਅਗਲੇ ਦਿਨ ਸੀਸ ਦਾ ਸਸਕਾਰ ਗੁਰਦੁਆਰਾ ਸੀਸ ਗੰਜ (ਅਨੰਦਪੁਰ ਸਾਹਿਬ) ਵਾਲੀ ਥਾਂ ਤੇ ਕਰ ਦਿੱਤਾ ਗਿਆ।

ਦੂਜੇ ਪਾਸੇ (ਭਾਈ ਮਨੀ ਸਿੰਘ ਦੇ ਸਹੁਰਾ) ਭਾਈ ਲੱਖੀ ਰਾਏ ਵਣਜਾਰਾ ਨੇ ਆਪਣੇ ਪੁੱਤਰਾਂ ਭਾਈ ਨਿਗਾਹੀਆ, ਹੇਮਾ ਤੇ ਹਾੜੀ ਦੀ ਮਦਦ ਨਾਲ, ਗੁਰੂ ਸਾਹਿਬ ਦਾ ਧੜ ਚੁੱਕ ਲਿਆਂਦਾ ਅਤੇ ਆਪਣੇ ਘਰ ਦੇ ਅੰਦਰ (ਗੁਰਦੁਆਰਾ ਰਕਾਬ ਗੰਜ ਵਾਲੀ ਥਾਂ 'ਤੇ) ਹੀ ਧੜ੍ਹ ਦਾ ਸਸਕਾਰ ਕਰ ਦਿੱਤਾ। ਗੁਰੂ ਸਾਹਿਬ ਦੇ ਸੀਸ ਅਤੇ ਧੜ ਦੇ ਸਸਕਾਰ ਬਾਰੇ ਭੱਟ ਵਹੀਆਂ 'ਚ ਐਂਟਰੀਜ਼ ਮਿਲਦੀਆਂ ਹਨ।

ਸ਼ਹੀਦੀ ਮਗਰੋਂ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਨਾਲ ਸਿੱਖਾਂ ਵਿੱਚ ਬੜਾ ਰੋਸ ਅਤੇ ਰੋਹ ਪੈਦਾ ਹੋਇਆ। ਸਿੱਖ, ਔਰੰਗਜ਼ੇਬ ਨੂੰ ਸਜ਼ਾ ਦੇਣੀ ਚਾਹੁੰਦੇ ਸਨ, ਪਰ ਔਰੰਗਜ਼ੇਬ ਬੜੀ ਹਿਫ਼ਾਜ਼ਤ ਵਿੱਚ ਰਹਿੰਦਾ ਸੀ। ਇਸ ਸੁਰੱਖਿਆ ਦੇ ਬਾਵਜੂਦ, ਤਵਾਰੀਖ਼ ਵਿੱਚ ਤਿੰਨ ਘਟਨਾਵਾਂ ਮਿਲਦੀਆਂ ਹਨ ਜਿਨ੍ਹਾਂ ਮੁਤਾਬਕ ਸਿੱਖਾਂ ਨੇ ਔਰੰਗਜ਼ੇਬ 'ਤੇ ਹਮਲਾ ਕੀਤਾ ਸੀ।

27 ਅਕਤੂਬਰ 1676 ਦੇ ਦਿਨ ਬੇੜੀ 'ਚੋਂ ਉਤਰ ਕੇ ਬਾਦਸ਼ਾਹ 'ਤੇ ਇੱਕ ਸਿੱਖ ਨੇ ਇੱਟਾਂ ਨਾਲ ਹਮਲਾ ਕੀਤਾ। ਇਸਾ ਘਟਨਾ ਦਾ ਜ਼ਿਕਰ ਮਆਸਿਰਿ-ਇ-ਆਲਮਗੀਰੀ ਦੇ ਲੇਖਕ (ਪੰਜਾਬੀ) ਯੂਨੀਵਰਸਿਟੀ ਦੀ ਪੰਜਾਬੀ ਵਿੱਚ ਤਰਜਮਾ ਹੋਈ ਐਡੀਸ਼ਨ ਦੇ ਸਫ਼ਾ 135 'ਤੇ) ਇੰਜ ਕਰਦਾ ਹੈ:

"19 ਤਾਰੀਖ ਰਾਜਬ (ਵੀਰਵਾਰ 27 ਅਕਤੂਬਰ 1676) ਨੂੰ ਸ਼ਹਿਨਸ਼ਾਹ ਕਿਸ਼ਤੀ ਤੋਂ ਉਤਰ ਕੇ ਤਖ਼ਤ-ਇ-ਰਵਾ 'ਤੇ ਸਵਾਰ ਹੋ ਰਹੇ ਸਨ ਤਾਂ ਇੱਕ ਬਦਕਿਸਮਤ ਸਿਰ ਫਿਰੇ ਨੇ ਜੋ ਗੁਰੂ ਤੇਗ਼ ਬਹਾਦਰ ਸਿੰਘ ਦਾ ਚੇਲਾ ਸੀ, ਦੋ ਇੱਟਾਂ ਸੁੱਟੀਆਂ ਜਿਨ੍ਹਾਂ ਵਿੱਚੋਂ ਇੱਕ ਤਖ਼ਤ ਉਤੇ ਡਿੱਗੀ। ਜਲੌ ਦੇ ਪਿਆਦਿਆਂ ਨੇ ਉਸ ਮੰਦਭਾਗੇ ਨੂੰ ਕੋਤਵਾਲ ਦੇ ਹਵਾਲੇ ਕਰ ਦਿਤਾ"।

ਇਹੋ ਜਿਹੀਆਂ ਦੋ ਹੋਰ ਘਟਨਾਵਾਂ, ਜੂਨ-ਜੁਲਾਈ 1676 ਵਿੱਚ ਚਾਂਦਨੀ ਚੌਕ ਵਿੱਚ ਔਰੰਗਜ਼ੇਬ 'ਤੇ ਡਿੱਗੀ ਡਾਂਗ (ਸ਼ਾਇਦ ਨੇਜ਼ਾ) ਉਲਾਰ ਕੇ ਸੁੱਟਣਾ, ਫਿਰ 19 ਅਕਤੂਬਰ 1676 ਨੂੰ ਜਾਮਾ ਮਸਜਿਦ ਦੀਆਂ ਪੌੜੀਆਂ ਤੋਂ ਉਤਰ ਕੇ ਘੋੜੇ 'ਤੇ ਚੜ੍ਹਦੇ 'ਤੇ ਤਲਵਾਰ ਨਾਲ ਹਮਲਾ ਕਰਨਾ, ਵੀ ਹੋਈਆਂ ਸਨ। (ਮਆਸਿਰਿ-ਇ-ਆਲਮਗੀਰੀ, ਸਫ਼ੇ 135-36)।

ਭਾਵੇਂ ਇਨ੍ਹਾਂ ਮਾਮੂਲੀ ਹਮਲਿਆਂ ਨਾਲ ਔਰੰਗਜ਼ੇਬ ਨੇ ਨਾ ਮਰਨਾ ਸੀ ਤੇ ਨਾ ਹੀ ਮਰਿਆ ਪਰ ਇਸ ਵਿੱਚੋਂ ਸਿੱਖਾਂ ਦਾ ਰੋਹ ਜ਼ਰੂਰ ਜ਼ਾਹਿਰ ਹੁੰਦਾ ਹੈ। ਇਹ ਕਹਿਣਾ ਗ਼ਲਤ ਹੈ ਕਿ ਗੁਰੂ ਜੀ ਦੀ ਸ਼ਹੀਦੀ ਮਗਰੋਂ ਸਿੱਖ ਦਹਿਲ ਗਏ ਸਨ ਅਤੇ ਖ਼ੁਦ ਨੂੰ ਸਿੱਖ ਕਹਿਣ ਤੋਂ ਡਰਨ ਲੱਗ ਪਏ ਸਨ।

16 ਕਸ਼ਮੀਰੀ ਬ੍ਰਾਹਮਣ, ਜਿਹੜੇ 25 ਮਈ 1675 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਫ਼ਰਿਆਦੀ ਹੋਏ ਸਨ, ਉਨ੍ਹਾਂ ਨੇ ਗੁਰੂ ਜੀ ਦੀ ਸ਼ਹੀਦੀ ਮਗਰੋਂ ਹਿੰਦੂ ਧਰਮ ਛੱਡ ਕੇ ਸਿੱਖ ਧਰਮ ਅਖ਼ਤਿਆਰ ਕਰ ਲਿਆ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਵਿੱਚ ਸ਼ਾਮਿਲ ਹੋ ਗਏ"।
{ਡਾ.ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ (ਪਹਿਲਾ ਹਿੱਸਾ) ਸਫ਼ੇ 284-93}

ਕਾਜ਼ੀ ਅਬਦੁਲ ਵਹਾਬ ਦਾ ਸ਼ਰਮਨਾਕ ਅੰਤ

"ਰਿਸ਼ਵਤਖ਼ੋਰ, ਧਰਮ-ਵਿਹੂਣੇ, ਤੰਗ-ਦਿਲ ਅਤੇ ਜ਼ਾਲਮ ਕਾਜ਼ੀ ਨੂੰ ਆਪਣੀ ਹੈਰਤ-ਅੰਗੇਜ਼ ਨਾ-ਕਾਮਯਾਬੀ ਉੱਤੇ ਸੰਸਾਰ ਦੇ ਸਭ ਤੋਂ ਵੱਡੇ ਨਿਕ੍ਰਿਸ਼ਟ ਕੁਕਰਮ ਪੁਰ ਅੰਤਾਂ ਦੀ ਨਮੋਸ਼ੀ ਹੋਣ ਕਾਰਨ ਬਹੁਤ ਗਹਿਰਾ ਸਦਮਾ ਲੱਗਿਆ। ਉਸ ਨੂੰ ਮਾਨਸਿਕ ਅਧੋਗਤੀ ਤੇ ਨਮੋਸ਼ੀ ਦਾ ਭਿਆਨਕ ਰੋਗ ਲੱਗ ਗਿਆ ਅਤੇ 11 ਨਵੰਬਰ ਨੂੰ ਹੀ ਉਹ ਘਰ ਜਾ ਕੇ ਸਦਾ ਲਈ ਮੰਜੇ 'ਤੇ ਪੈ ਗਿਆ। ਪੰਦਰਾਂ ਦਿਨਾਂ ਤੱਕ ਲੁੱਛ-ਲੁੱਛ ਕੇ ਮੰਜੇ 'ਤੇ ਤੜਫ਼ਦਾ ਅਤੇ ਕਰਾਹੁੰਦਾ ਰਿਹਾ। ਕਿਸੇ ਵੈਦ ਹਕੀਮ ਦਾ ਕੋਈ ਇਲਾਜ ਕਾਰਗਰ ਨਾ ਹੋ ਸਕਿਆ .... ਅੰਤਾਂ ਦੀ ਬਦਨਾਮੀ ਖੱਟਦਿਆਂ ਪਾਪਾਂ ਦੀ ਭਾਰੀ ਪੰਡ ਸਿਰ 'ਤੇ ਚੁੱਕਦਿਆਂ ਹੋਇਆਂ 27 ਨਵੰਬਰ,1675 ਨੂੰ ਇਸ ਫ਼ਾਨੀ ਜਹਾਨ ਤੋਂ ਕੂਚ ਕਰ ਗਿਆ"। (ਮਹਿੰਦਰ ਸਿੰਘ ਜੋਸ਼: ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ, ਸਫ਼ਾ 95)।

ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮੁਕੰਮਲ ਕਰਨਾ

"ਗੁਰੂ ਗੋਬਿੰਦ ਸਿੰਘ ਸਾਹਿਬ ਨੇ ੧੬੭੮ ਦੀ: ਵਿੱਚ ਗੁਰੂ ਗ੍ਰੰਥ ਸਾਹਿਬ ਦਾ ਨਵਾਂ ਮੁਕੰਲ ਸਰੂਪ ਤਿਆਰ ਕਰਵਾਉਣਾ ਸ਼ੁਰੂ ਕਤਿਾ। ਭਾਈ ਮਨੀ ਰਾਮ (ਸਿੰਘ) ਨੇ ਗੁਰੂ ਸਾਹਿਬ ਦੀ ਹਦਾਇਤ 'ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰਿਵਾ ਕੇ ਦਮਦਮੀ ਸਰੂਪ ਤਿਆਰ ਕੀਤਾ। ਕਿਉਂਕਿ ਇਹ ਸਰੂਪ ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਵਿੱਚ ਮੁਕੰਮਲ ਕੀਤਾ ਗਿਆ ਸੀ, ਇਸ ਕਰ ਕੇ ਇਸ ਨੂੰ 'ਦਮਦਮੀ ਬੀੜ' ਨਾਂ ਦਿੱਤਾ ਗਿਆ ਸੀ"।
{ਡਾ. ਹਰਜਿੰਦਰ ਸਿੰਘ ਦਿਲਗੀਰ:ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਪੰਨਾ ੨੯੮}।

ਫੌਜ ਦੀ ਤਿਆਰੀ, 'ਰਣਜੀਤ ਨਗਾਰਾ', ਪਾਉਂਟਾ ਸਾਹਿਬ

.... "ਹੁਣ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਫ਼ੌਜੀ ਪੱਖੋਂ ਵੀ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। .... ਮਾਰਚ 1680 ਦੇ ਸ਼ੁਰੂ ਵਿੱਚ 'ਰਣਜੀਤ ਨਗਾਰਾ' ਤਿਆਰ ਹੋ ਗਿਆ ... ਆਉਣ ਵਾਲੇ ਸਾਲਾਂ ਵਿੱਚ ਚੱਕ ਨਾਨਕੀ ਵਿੱਚ ਵਧੀਆ ਨਸਲ ਦੇ ਘੋੜੇ ਤੇ ਹਰ ਤਰ੍ਹਾਂ ਦੇ ਹਥਿਆਰ ਪਹੁੰਚ ਚੁੱਕੇ ਸਨ। .... 14 ਅਪ੍ਰੈਲ 1685 ਈ:ਦੇ ਦਿਨ ਗੁਰੂ ਸਾਹਿਬ ਨਾਹਨ ਪੁੱਜੇ। .... 29 ਅਪ੍ਰੈਲ 1685 ਦੇ ਦਿਨ ਦੀਵਾਨ ਨੰਦ ਚੰਦ ਸੰਘਾ ਕੋਲੋਂ ਅਰਦਾਸ ਕਰਵਾ ਕੇ, ਭਾਈ ਰਾਮ ਕੁੰਵਰ (ਖੰਡੇ ਦੀ ਪਹੁਲ ਮਗਰੋਂ ਭਾਈ ਗੁਰਬਖ਼ਸ਼ ਸਿੰਘ) ਦੇ ਹੱਥੋਂ ਮੋੜ੍ਹੀ ਗਡਵਾ ਕੇ ਪਾਉਂਟਾ ਦੀ ਨੀਂਹ ਰਖਵਾਈ। 18 ਸਤੰਬਰ 1688 ਦੇ ਦਿਨ ਗੜ੍ਹਵਾਲ ਦੇ ਰਾਜੇ ਫ਼ਤੇ ਸ਼ਾਹ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਫ਼ਤੇ ਸ਼ਾਹ ਦੀਆਂ ਫ਼ੌਜਾਂ ਨੂੰ ਬੁਰੀ ਤਰ੍ਹਾਂ ਸ਼ਿਕੱਸ਼ਤ ਹੋਈ।.....

ਅਨੰਦਪੁਰ ਸਾਹਿਬ ਦੀ ਮੋੜ੍ਹੀ ਗੱਡਣਾ, ਕਿਲ੍ਹੇ ਬਣਵਾਉਣੇ

30 ਮਾਰਚ 1689 ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ, ਚੱਕ ਨਾਨਕੀ ਦੇ ਨੇੜੇ, ਕੇਸਗੜ੍ਹ ਵਾਲੀ ਜਗ੍ਹਾ, ਨਵੇਂ ਪਿੰਡ ਦੀ ਮੋੜ੍ਹੀ ਗੱਡੀ। ਨਵੇਂ ਨਗਰ ਦਾ ਨਾਂ ਗੁਰੂ ਸਾਹਿਬ ਨੇ ਅਨੰਦਪੁਰ ਰੱਖਿਆ। 31ਮਾਰਚ 1689 ਦੇ ਦਿਨ ਗੁਰੂ ਸਾਹਿਬ ਨੇ ਚੱਕ ਨਾਨਕੀ -ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਪੰਜ ਕਿਲ੍ਹੇ ਬਣਾਉਣੇ ਸ਼ੁਰੂ ਕੀਤੇ।ਗੁਰੂ ਸਾਹਿਬ ਨੇ ਇਨ੍ਹਾਂ ਕਿਲ੍ਹਿਆਂ ਦੇ ਨਾਂ ਅਨੰਦਗੜ, ਲੋਹਗੜ੍ਹ, ਰਾਮਗੜ੍ਹ, ਅਤੇ ਫ਼ਤਹਿਗੜ੍ਹ ਰੱਖੇ। ....

ਸਿੱਖਾਂ ਨੂੰ ਕੇਸ਼ਾਧਾਰੀ ਹੋਣ ਦਾ ਹੁਕਮਨਾਮਾ

29 ਮਾਰਚ 1695 (ਪਹਿਲੀ ਵਿਸਾਖ, ਸੰਮਤ 1752 ਕ੍ਰਿਮੀ) ਦੇ ਦਿਨ ਅਨੰਦਪੁਰ ਸਾਹਿਬ ਵਿੱਚ ਸੰਗਤਾਂਦਾ ਇੱਕ ਭਾਰੀ ਇਕੱਠ ਹੋਇਆ। ਇਸ ਇਕੱਠ ਵਿੱਚ ਗੁਰੂ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਅੱਗੇ ਤੋਂ ਕੋਈ ਵੀ ਸਿੱਖ ਆਪਣੇਕੇਸ਼ਨਹੀਨ ਕਟਾਏਗਾ ..... ਉਨ੍ਹਾਂ ਕਿਹਾ ਕਿ ਅੱਗੇ ਤੋਂ ਹਰ ਇੱਕ ਸਿੱਖ ਆਪਣੇ ਬੱਚਿਆਂ ਦੇ ਕੇਸ਼ ਜਮਾਂਦਰੂ ਹੀ ਰੱਖੇਗਾ ਅਤੇ ਸੱਜੇ ਹੱਥ ਵਿੱਚ ਕੜਾ ਪਹਿਨੇਗਾ। (ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਸਿੱਖੀ ਨਾਲ ਜੁੜੇ ਲੋਕ ਪਹਿਲਾਂ ਵੀ ਕੇਸ ਨਹੀਂ ਕਟਾਉਂਦੇ ਸੀ।ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਹ ਹੁਕਮਨਾਮਾ ਸਿੱਖੀ ਵਿੱਚ ਸ਼ਾਮਿਲ ਹੋਣ ਵਾਲੇ ਨਵੇਂ ਲੋਕਾਂ ਵਾਸਤੇ ਕੀਤਾ ਸੀ)।

ਮਸੰਦਾਂ ਨੂੰ ਸਜ਼ਾਵਾਂ ਅਤੇ ਖ਼ਾਲਸਾ ਪ੍ਰਗਟ ਕਰਨਾ

ਜਿਸ ਵੇਲੇ ਗੁਰੂ ਸਾਹਿਬ ਨੇ ਖ਼ਾਲਸਾ ਪ੍ਰਗਟ ਕਰਨ ਵੇਲੇ ਸੀਸ ਭੇਟ ਕੌਤਕ ਕੀਤਾ, ਉਸ ਤੋਂ ਪਹਿਲਾਂ ਸਿੱਖ ਪੰਥ ਦਾ ਜਥੇਬੰਦਕ ਢਾਂਚਾ, ਜੋ ਗੁਰੂ ਨਾਨਕ ਸਾਹਿਬ ਵੇਲੇ 'ਧਰਮਸਾਲਾ' ਤੇ 'ਸੰਗਤਿ' ਵਜੋਂ ਸ਼ੁਰੂ ਹੋਇਆ ਸੀ ਅਤੇ ਗੁਰੂ ਅਮਰਦਾਸ ਸਾਹਿਬ ਵੇਲੇ ਮੰਜੀਆਂ ਤੇ 'ਪੀੜ੍ਹਿਆਂ' ਦੇ ਰੂਪ ਵਿੱਚ ਫੈਲਿਆ ਸੀ ਉਹ ਗੁਰੂ ਰਾਮਦਾਸ ਸਾਹਿਬ ਵੇਲੇ 'ਮਸੰਦ' ਜਮਾਤ ਵਜੋ ਕਾਇਮ ਹੋ ਗਿਆ ਸੀ। ਮਸੰਦ ਜਮਾਤ ਦੇ ਕਾਇਮ ਹੋਣ ਨਾਲ ਸਿੱਖ ਪੰਥ, ਸਿੱਖ ਧਰਮ ਤੇ ਸਿੱਖ ਕੌਮ ਇੱਕ ਸ਼ਾਨਦਾਰ ਜਥੇਬੰਦਕ ਢਾਂਚੇ ਵਿੱਚ ਪਰੋਤੀ ਗਈ। ..... ਪਰ ਜਿਉਂ-ਜਿਉਂ ਅਸਲ ਮਸੰਦਾਂ ਦੀ ਜਗ੍ਹਾ (ਮਰਨ ਪਿੱਛੋਂ) ਉਨ੍ਹਾਂ ਦੀ ਔਲਾਦ ਆਉਂਦੀ ਗਈ, ਇਸ ਜਮਾਤ ਵਿਚ ਖ਼ਰਾਬੀਆਂ ਆਉਂਣੀਆਂ ਸ਼ੁਰੂ ਹੋ ਗਈਆਂ। .... ਗੁਰੂ ਸਾਹਿਬ ਨੇ ਦੀਵਾਨ ਮਨੀ ਰਾਮ (ਮਗਰੋਂ ਭਾਈ ਮਨੀ ਸਿੰਘ) ਨੂੰ ਹੁਕਮ ਕੀਤਾ ਕਿ ਸਾਰੇ ਮਸੰਦਾਂ ਨੂੰ ਮੁਸ਼ਕਾਂ ਬੰਨ੍ਹ ਕੇ ਅਨੰਦਪੁਰ ਸਾਹਿਬ ਬੁਲਾਇਆ ਜਾਏ। ਕੁੱਝ ਹੀ ਦਿਨਾਂ ਵਿੱਚ ਸਾਰੇ ਮਸੰਦ ਅਨੰਦਪੁਰ ਸਾਹਿਬ ਪਹੁੰਚ ਗਏ। ਗੁਰੂ ਸਾਹਿਬ ਨੇ ਮਸੰਦਾਂ ਦੀ ਪਰਖ਼ ਕੀਤੀ। ਜਿਹੜੇ ਮਸੰਦ ਬੇਈਮਾਨ ਤੇ ਮੁਜ਼ਰਿਮ ਸਨ, ਉਨ੍ਹਾਂ ਨੂੰ ਮੌਕੇ ਤੇ ਹੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ...... ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਮਸੰਦ ਜਮਾਤ ਖ਼ਤਮ ਕਰਨ ਦਾ ਐਲਾਨ ਕੀਤਾ। ਗੁਰੂ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਅੱਗੇ ਤੋਂ ਕੋਈ ਵੀ ਸਿੱਖ ਆਪਣਾ ਦਸਵੰਧ ਭੇਟਾ ਮਸੰਦਾਂ ਨੂੰ ਨਾ ਦੇਵੇ ਅਤੇ ਸਿੱਧਾ ਗੁਰੂ ਦਰਬਾਰ ਨੂੰ ਭੇਜੇ। ਉਨ੍ਹਾਂ ਐਲਾਨ ਕੀਤਾ ਕਿ ਮਸੰਦ ਰਾਹੀਂ ਆਈ ਭੇਟਾ ਕਬੂਲ ਨਹੀਂ ਕੀਤੀ ਜਾਵੇਗੀ। ਗੁਰੂ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਵਿਚੋਲੇ ਖ਼ਤਮ ਕਰ ਦਿੱਤੇ ਤੇ ਸਿੱਖ ਸੰਗਤਾਂ ਨੂੰ ਅਕਾਲ ਪੁਰਖੁ ਦੀ ਰਿਆਇਆ ਬਣਾਉਣ ਦਾ ਐਲਾਨ ਕਰ ਦਿੱਤਾ। ......

ਖੰਡੇ ਦੀ ਪਾਹੁਲ ਦੀ ਅਦੁੱਤੀ ਬਖ਼ਸ਼ਿਸ਼

29 ਮਾਰਚ 1699 (ਕੁੱਝ ਸੋਮਿਆਂ ਮੁਤਾਬਿਕ 29 ਮਾਰਚ 1698) ਨੂੰ ਕਲਗੀਧਰ ਪਿਤਾ ਜੀ ਨੇ ਅਨੰਦਪੁਰ ਦੀ ਪਾਵਨ ਧਰਤੀ 'ਤੇ ਸਿੱਖ ਕੌਮ ਦੀ ਵਿਸ਼ੇਸ਼ ਇੱਕਤ੍ਰਤਾ ਬੁਲਾਈ। ਇਸ ਇੱਕਤ੍ਰਤਾ ਬਾਰੇ ਕਈ ਮਹੀਨੇ ਪਹਿਲਾਂ ਹੀ ਦੂਰ-ਦੂਰੇਡੇ ਵਸੇ ਸਿੱਖ ਜਗਤ ਨੂੰ ਜਾਣਕਾਰੀ ਦੇ ਦਿੱਤੀ ਗਈ ਸੀ। ਉਸ ਦਿਨ ਸਵੇਰੇ ਰਬਾਬੀਆ ਨੇ ਗੁਰਬਾਣੀ ਦਾ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਭਾਈ ਮਨੀਰਾਮ ਨੇ ਇੱਕ ਸ਼ਬਦ ਦੀ ਕਥਾ ਕੀਤੀ। ਇਸ ਦੇ ਨਾਲ ਹੀ ਗੁਰੂ ਸਾਹਿਬ ਖੜ੍ਹੇ ਹੋ ਗਏ। ਆਪਣੀ ਕਿਰਪਾਨ ਮਿਆਨ ਵਿੱਚੋਂ ਕੱਢੀ ਤੇ

ਆਖਿਆ ਕਿ ਮੈਨੂੰ ਇੱਕ ਸਿਰ ਚਾਹੀਦਾ ਹੈ। ਗੁਰੂ ਸਾਹਿਬ ਦੇ ਬੋਲ ਸੁਣ ਕੇ ਸਾਰੇ ਪਾਸੇ ਚੁੱਪ ਛਾ ਗਈ। ਗੁਰੂ ਸਾਹਿਬ ਨੇ ਤਿੰਨ ਵਾਰੀ ਇਹੀ ਬੋਲ ਆਖੇ। ਤੀਜੀ ਵਾਰ ਆਖਣ ਤੋਂ ਪਿੱਛੋਂ ਭਾਈ ਦਇਆ ਰਾਮ ਖੜ੍ਹਾ ਹੋਇਆ। ਗੁਰੂ ਸਾਹਿਬ ਤਖ਼ਤ ਤੋਂ ਉਤਰੇ ਤੇ ਉਸ ਨੂੰ ਫੜ ਕੇ ਨੇੜੇ ਵਾਲੀ ਇੱਕ ਹੋਰ ਪਹਾੜੀ 'ਤੇ ਗੱਡੇ ਹੋਏ ਤੰਬੂ ਵਿੱਚ ਲੈ ਗਏ (ਹੁਣ ਇਹ ਤੰਬੂ ਵਾਲੀ ਪਹਾੜੀ ਵਜੂਦ ਵਿੱਚ ਨਹੀਂ ਹੈ)। ਕੁਝ ਪਲਾਂ ਬਾਅਦ ਗੁਰੂ ਸਾਹਿਬ ਖ਼ੂਨ ਨਾਲ ਲਿੱਬੜੀ ਕਿਰਪਾਨ ਲੈ ਕੇ ਬਾਹਰ ਆਏ। ਇਸ ਵਾਰ ਗੁਰੂ ਸਾਹਿਬ ਨੇ ਇੱਕ ਹੋਰ ਸਿਰ ਦੀ ਮੰਗ ਕੀਤੀ। ਇਹ ਕੌਤਕ ਗੁਰੂ ਸਾਹਿਬ ਨੇ ਪੰਜ ਵਾਰ ਦੁਹਰਾਇਆ। ਪੰਜਵੇਂ ਸਿੱਖ ਵਜੋਂ ਸਿਰ ਭੇਟ ਕਰਨ ਤੋਂ ਕੁਝ ਚਿਰ ਮਗਰੋਂ ਗੁਰੂ ਸਾਹਿਬ ਸੀਸ ਭੇਟ ਕਰਨ ਵਾਲੇ ਪੰਜਾਂ ਸਿੱਖਾਂ ਨੂੰ ਨੀਲੇ ਬਾਣੇ ਵਿੱਚ ਪੰਡਾਲ ਵਿੱਚ ਲੈ ਆਏ। ਗੁਰੂ ਸਾਹਿਬ ਨੇ ਆਪ ਵੀ ਨੀਲਾ ਬਾਣਾ ਪਹਿਨਿਆ ਹੋਇਆ ਸੀ *(ਵੇਖੋ: ਗੁਰੂ ਦੀਆਂ ਸਾਖੀਆਂ, ਸਾਖੀ 59, ਮਹਿਮਾ ਪ੍ਰਕਾਸ਼, ਸਫ਼ਾ 825, ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ)}*

ਸਿਰ ਭੇਟ ਕਰਨ ਵਾਲੇ ਪੰਜਾਂ ਸਿੱਖਾਂ (ਭਾਈ ਦਇਆ ਰਾਮ, ਭਾਈ ਮੁਹਕਮ ਚੰਦ, ਭਾਈ ਸਾਹਿਬ ਚੰਦ, ਭਾਈ ਧਰਮਚੰਦ, ਭਾਈ ਹਿੰਮਤ ਚੰਦ) ਦੇ ਚਿਹਰੇ 'ਤੇ ਵੱਖਰੀ ਕਿਸਮ ਦਾ ਨੂਰ ਝਲਕ ਰਿਹਾ ਸੀ। ਗੁਰੂ ਸਾਹਿਬ ਨੇ ਸੰਗਤ ਨੂੰ ਮੁਖ਼ਾਤਿਬ ਹੋ ਕੇ ਆਖਿਆ ਕਿ ਹੁਣ ਤੋਂ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ 'ਪੰਜ ਪਿਆਰੇ' ਆਖਿਆ ਜਾਇਆ ਕਰੇਗਾ। ਜਦ ਤੱਕ ਚੰਦ ਸੂਰਜ ਕਾਇਮ ਰਹਿਣਗੇ, ਗੁਰੂ ਨੂੰ ਸਿਰ ਭੇਟ ਕਰਨ ਵਾਲੇ ਪੰਜ ਸਿੱਖਾਂ ਦਾ ਨਾਂ ਦੁਨੀਆਂ ਭਰ 'ਚ ਕਾਇਮ ਰਹੇਗਾ। ਜਦੋਂ ਵੀ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਹੋਇਆ ਕਰੇਗੀ, ਇਨ੍ਹਾਂ ਦਾ ਛਾਂਦਾ (ਹਿੱਸਾ) ਸਭ ਤੋਂ ਪਹਿਲਾਂ ਕੱਢਿਆ ਜਾਇਆ ਕਰੇਗਾ। ਇਸ ਪਿੱਛੋਂ ਗੁਰੂ ਸਾਹਿਬ ਨੇ ਭਾਈ ਚਉਪਤਿ ਰਾਇ ਨੂੰ ਆਖਿਆ ਕਿ ਉਹ ਸਤਲੁਜ ਵਿੱਚੋਂ ਸਾਫ਼ ਪਾਣੀ ਭਰ ਕੇ ਲਿਆਉਣ। ਗੁਰੂ ਜੀ ਨੇ ਦੀਵਾਨ ਧਰਮ ਚੰਦ ਛਿੱਬਰ ਨੂੰ ਪੱਥਰ ਦਾ ਕੁੰਡਾ 'ਤੇ ਲੋਹੇ ਦਾ ਬਾਟਾ ਅਤੇ ਖੰਡਾ ਲਿਆਉਣ ਵਾਸਤੇ ਆਖਿਆ। ਗੁਰੂ ਸਾਹਿਬ ਨੇ ਪੱਥਰ ਦਾ ਕੂੰਡਾ, ਲੋਹੇ ਦਾ ਬਾਟਾ ਅਤੇ ਖੰਡਾ ਲਿਆਉਣ ਵਾਸਤੇ ਆਖਿਆ। ਗੁਰੂ ਸਾਹਿਬ ਨੇ ਪੱਥਰ ਦੇ ਖੂੰਡੇ 'ਤੇ ਲੋਹੇ ਦਾ ਬਾਟਾ ਰੱਖ ਕੇ, ਉਸ ਵਿੱਚ ਸਤਲੁਜ ਦਰਿਆ ਤੋਂ ਮੰਗਵਾਇਆ ਪਾਣੀ ਪਾ ਕੇ ਪਾਹੁਲ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਪੰਜੇ ਪਿਆਰੇ ਗੁਰੂ ਸਾਹਿਬ ਦੇ ਨੇੜੇ ਬੈਠ ਗਏ। ਗੁਰੂ ਸਾਹਿਬ ਆਪਣੇ ਹੱਥ ਨਾਲ ਖੰਡਾ ਫੇਰ ਕੇ ਪਾਹੁਲ ਤਿਆਰ ਕਰਨ ਲੱਗ ਪਏ।ਇਸ ਮਗਰੋਂ ਅਰਦਾਸ ਕੀਤੀ ਤੇ ਜੈਕਾਰਾ ਛੱਡਣ ਮਗਰੋਂ 'ਖੰਡੇ

ਦੀ ਪਾਹੁਲ' ਦੇਣ ਦੀ ਰਸਮ ਸ਼ੁਰੂ ਕੀਤੀ। ਗੁਰੂ ਸਾਹਿਬ ਨੇ ਖੰਡੇ ਨਾਲ ਪਹਿਲਾਂ ਆਪਣੇ ਮੂੰਹ ਵਿੱਚ ਅੰਮ੍ਰਿਤ ਦੀਆਂ ਪੰਜ ਬੂੰਦਾਂ ਪਾਈਆਂ। ਫਿਰ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦਿੱਤੀ। ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦੇਣ ਪਿੱਛੋਂ ਆਪ ਉਨ੍ਹਾਂ ਕੋਲੋਂ ਪਾਹੁਲ ਲੈਣ ਦੀ ਕਹਾਣੀ ਮਗਰੋਂ ਘੜੀ ਗਈ ਜਾਪਦੀ ਹੈ।

ਪੰਜਾਂ ਪਿਆਰਿਆਂ ਨੂੰ ਪਾਹੁਲ ਦੇ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਨਵਾਂ ਨਾਂ 'ਸਿੰਘ' ਦਿੱਤਾ। ਪਹਿਲਾਂ ਗੁਰੂ ਸਾਹਿਬ ਨੇ ਆਪਣਾ ਨਾਂ 'ਗੋਬਿੰਦ ਸਿੰਘ' ਰੱਖਿਆ ਤੇ ਫੇਰ ਪੰਜ ਪਿਆਰਿਆਂ ਨੂੰ ਦਇਆ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ, ਧਰਮ ਸਿੰਘ, ਹਿੰਮਤ ਸਿੰਘ ਦੇ ਨਾਂ ਦਿੱਤੇ। ਇਸ ਤੋਂ ਪਿੱਛੋਂ ਉਨ੍ਹਾਂ ਨੂੰ ਰਹਿਤ-ਮਰਿਯਾਦਾ ਦੱਸੀ।ਗੁਰੂ ਸਾਹਿਬ ਨੇ ਆਖਿਆ ਕਿ ਹੁਣ ਤੁਹਾਡਾ ਪਿਛਲਾ ਜਨਮ, ਧਰਮ, ਕਰਮ, ਭਰਮ ਤੇ ਸ਼ਰਮ ਪੰਜੇ ਖ਼ਤਮ ਹੋ ਗਈਆਂ ਹਨ। ਹੁਣ ਤੁਸੀਂ ਅਕਾਲ ਪੁਰਖੁ ਦੇ ਖ਼ਾਲਸਾ ਹੋ।ਤੁਸੀਂ ਪੰਜਾਂ ਕਕਾਰਾਂ ਨੂੰ ਹਮੇਸ਼ਾਂ ਆਪਣੇ ਅੰਗ ਰੱਖਣਾ। ਚਾਰ ਬੱਜਰ ਕੁਰਹਿਤਾਂ ਤੋਂ ਬਚਣਾ (ਕੇਸਾਂ ਦੀ ਬੇਅਦਬੀ ਨਹੀਂ ਕਰਨੀ, ਕੁੱਠਾ ਮਾਸ ਨਹੀਂ ਖਾਣਾ, ਤਮਾਕੂ ਨਹੀਂ ਵਰਤਣਾ ਤੇ ਪਰ-ਨਾਰੀ ਦਾ ਸੰਗ ਨਹੀਂ ਕਰਨਾ)। ਬੱਜਰ ਕੁਰਹਿਤਾਂ ਕਰਨ ਵਾਲਾ ਪਤਿਤ ਹੋ ਜਾਏਗਾ ਅਤੇ ਉਸ ਨੂੰ ਤਨਖ਼ਾਹ ਲਗਵਾ ਕੇ, ਇਸ ਨੂੰ ਭੁਗਤਣ ਮਗਰੋਂ ਦੁਬਾਰੇ ਖੰਡੇ ਦੀ ਪਾਹੁਲ ਲੈਣੀ ਪਵੇਗੀ। ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਤੇ ਸਿਰਗੁੰਮ(ਮੋਨੇ); ਇਨ੍ਹਾਂ ਪੰਜਾਂ ਨਾਲ ਮੇਲ ਨਹੀਂ ਰੱਖਣਾ।ਗੋਰ (ਕਬਰ),ਮੜ੍ਹੀ ਸਮਾਧ (ਜਠੇਰਿਆਂ ਦੀਆ ਸਮਾਧਾਂ) ਭੁੱਲ ਕੇ ਨਹੀਂ ਜਾਣਾ। ਤੁਹਾਨੂੰ ਸੁਨਹਿਰੇ ਵਿੱਚ ਰਲਾ ਦਿੱਤਾ ਹੈ।ਆਪਸ 'ਚ ਭਰਮ-ਭੇਦ ਨਹੀਂ ਰੱਖਣਾ"।{ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਪੰਨੇ 298-317}

ਨੋਟ: ਗੁਰੂ ਨਾਨਕ ਸਾਹਿਬ ਵੱਲੋਂ ਦੁਨੀਆਂ ਵਿੱਚ ਰੱਬੀ ਧਰਮ ਦਾ ਰਾਜ ਕਾਇਮ ਕਰਨ ਲਈ, ਉਨ੍ਹਾਂ ਵੱਲੋਂ ਅਰੰਭ ਕੀਤੇ ਇਨਕਲਾਬ ਦੇ ਤੀਜੇ ਪੜਾਅ ਦਾ ਇਹ ਅਰੰਭ ਸੀ। ਇਹ ਇਸ ਗ਼ਰੀਬ-ਜਨਤਕ ਆਧਾਰ ਵਾਲੇ ਇਨਕਲਾਬ ਦਾ ਇੱਕ ਬਹੁਤ ਹੀ ਮਹੱਤਵਪੂਰਨ ਮੀਲ-ਪੱਥਰ ਸੀ। ਇਹ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੇ ਗਏ ਇਸ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਇਤਿਹਾਸਕ ਸ਼ੁਰੂਆਤ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

(ਮ.੧, ੧੪੧੨)

ਇਹ ਕੇਵਲ ਅਤੇ ਕੇਵਲ ਵਾਹਿਦ ਪ੍ਰਭੂ-ਪਿਤਾ ਨੂੰ ਮੁਕੰਮਲ ਤੌਰ 'ਤੇ ਸਮਰਪਿਤ ਸਿੱਖ ਮਰਜੀਵੜਿਆਂ ਨੂੰ ਸ਼ਸਤਰਧਾਰੀ ਕਰ ਕੇ ਰਾਜਸੀ ਸੱਤਾ ਤੇ ਗ਼ਰੀਬ-ਜਨਤਾ ਵੱਲੋਂ ਕਬਜ਼ਾ ਕਰਨ ਲਈ ਚੁੱਕਿਆ ਗਿਆ ਇਨਕਲਾਬੀ ਕਦਮ ਸੀ। ਸਿੱਖੀ ਨੂੰ ਸ਼ਮਸ਼ੀਰ ਦੀ ਧਾਰ 'ਤੇ ਪਰਖ ਕੇ ਸਫ਼ਲਤਾ ਦਾ ਸਰਟੀਫ਼ਿਕੇਟ ਦੇਣ ਦੀ ਇੱਕ ਅਹਿਮ ਕਾਰਵਾਈ ਸੀ। ਇਸ ਟੈਸਟ ਵਿੱਚੋਂ ਪਾਸ ਹੋਣ ਵਾਲੇ ਸਾਰੇ ਮਰਦਾਂ ਦੇ ਨਾਮ ਨਾਲ 'ਸਿੰਘ (ਯਾਨਿ ਸ਼ੇਰ ਦੀ ਨਿਰਭੈਤਾ) ਅਤੇ ਬੀਬੀਆਂ ਦੇ ਨਾਂ ਨਾਲ 'ਕੌਰ' (ਸ਼ਹਿਜ਼ਾਦੀ) ਦਾ ਲਕਬ ਬਖਸ਼ਿਸ਼ ਕੀਤਾ ਗਿਆ। ਸਿੱਖ ਕਰੈਕਟਰ ਦੀ ਇਹ ਚਰਮ-ਸੀਮਾ ਸੀ। ਇਹ ਖ਼ਾਲਸਾ ਫ਼ੌਜ ਦਾ ਗਠਨ ਕਰ ਕੇ ਜਥੇਬੰਦ ਕਰਨ ਲਈ ਚੁੱਕਿਆ ਗਿਆ ਇਨਕਲਾਬੀ ਕਦਮ ਸੀ।

ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲਾਂ ਦੇ ਹਮਲੇ

ਜੁਲਾਈ 1698 ਈ: ਤੋਂ ਲੈ ਕੇ ਮਾਰਚ 1705 ਈ: ਤੱਕ ਕੋਈ ਦਰਜਨ ਕੁ ਵਾਰ ਪਹਾੜੀ (ਬਾਈਧਾਰ) ਰਾਜਿਆਂ ਅਤੇ ਮੁਗ਼ਲਾਂ ਵੱਲੋਂ ਅਨੰਦਪੁਰ ਸਾਹਿਬ 'ਤੇ ਹਮਲੇ ਕੀਤੇ ਗਏ, ਪਰ ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਆਖ਼ਰ ਪਹਾੜੀ ਰਾਜੇ ਮਈ ੧੭੦੫ ਦੇ ਅਰੰਭ ਤੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਦੂਰ ਬੈਠ ਗਏ। ਕਿਲ੍ਹਿਆਂ ਦੇ ਅੰਦਰ ਅਨਾਜ ਅਤੇ ਘਾਹ-ਪੱਠਾ ਖ਼ਤਮ ਹੋਣ 'ਤੇ ਆ ਗਏ। ਸਿੰਘਾਂ ਨੇ ਮਾਤਾ ਗੁਜ਼ਰ ਕੌਰ ਨੂੰ ਅਨੰਦਪੁਰ ਸਾਹਿਬ ਛੱਡਣ ਲਈ ਮਨਾ ਲਿਆ। ਮਾਤਾ ਜੀ ਨੇ ਗੁਰੂ ਸਾਹਿਬ 'ਤੇ ਅਨੰਦਪੁਰ ਸਾਹਿਬ ਛੱਡਣ ਲਈ ਜ਼ੋਰ ਪਾਇਆ। ਇਸ ਦੇ ਨਾਲ ਹੀ ਹਿੰਦੂ ਰਾਜਿਆਂ ਅਤੇ ਮੁਗ਼ਲਾਂ ਵੱਲੋਂ ਗੀਤਾ ਅਤੇ ਕੁਰਾਨ ਸ਼ਰੀਫ਼ ਦੀਆਂ ਲਿਖਤੀ ਤੌਰ 'ਤੇ ਕਸਮਾਂ ਖਾਧੀਆਂ ਗਈਆਂ ਕਿ ਜੇਕਰ ਇੱਕ ਵਾਰ ਗੁਰੂ ਸਾਹਿਬ ਅਨੰਦਪੁਰ ਨੂੰ ਖਾਲੀ ਕਰ ਦੇਣ ਤਾਂ ਉਨ੍ਹਾਂ ਦਾ ਕਿਸੇ ਕਿਸਮ ਦਾ ਵਿਰੋਧ ਨਹੀਂ ਕੀਤਾ ਜਾਵੇਗਾ।

ਅਨੰਦਪੁਰ ਸਾਹਿਬ ਛੱਡਣਾ

ਦਸੰਬਰ 1705 ਈ: ਵਿੱਚ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ।ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨੇ ਆਪਣੀਆਂ ਕਸਮਾਂ ਤੋੜ ਕੇ ਗੁਰੂ ਸਾਹਿਬ ਦੇ ਕਾਫ਼ਲੇ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਨਜ਼ਦੀਕ ਘਮਸਾਨ ਦਾ ਜੰਗ ਹੋਇਆ। ਮਾਤਾ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦੇ ਜੋਰਾਵਾਰ ਸਿੰਘ ਅਤੇ ਫਤਹਿ ਸਿੰਘ ਕਾਫ਼ਲੇ ਤੋਂ ਵਿੱਛੜ ਗਏ ਅਤੇ ਖੇੜੀ (ਹੁਣ ਸੁਹੇੜੀ) ਦੇ ਰਹਿਣ ਵਾਲੇ ਗੰਗਾ ਰਾਮ ਬ੍ਰਾਹਮਣ ਦੇ ਸੰਪਰਕ ਵਿੱਚ ਆ ਕੇ ਉਸ ਦੇ ਭਰੋਸਾ ਦੇਣ 'ਤੇ ਉਸ ਦੇ (ਗੰਗਾ ਰਾਮ ਦੇ) ਘਰ ਚਲੇ ਗਏ। ਉਸਨੇ ਵਿਸ਼ਵਾਸ਼ਘਾਤ ਕਰ ਕੇ (ਲਾਲਚ ਵਿੱਚ ਆ ਕੇ) ਉਨ੍ਹਾਂ ਨੂੰ ਮੋਰਿੰਡਾ ਕੋਤਵਾਲੀ ਇਤਲਾਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ, ਜਿਥੋਂ ਉਨ੍ਹਾਂ ਨੂੰ ਸਰਹਿੰਦ ਸੂਬਾ ਵਜ਼ੀਰ ਖ਼ਾਂ ਦੇ ਸਪੁਰਦ

ਕੀਤਾ ਗਿਆ। ਉਨ੍ਹਾਂ ਨੂੰ ਕਈ ਕਿਸਮ ਦੇ ਦੁਨਿਆਵੀ ਲਾਲਚ ਅਤੇ ਡਰਾਵੇ ਦੇ ਕੇ ਮੁਸਲਮਾਨ ਬਣਾਉਣ ਦੇ ਯਤਨ ਕੀਤੇ ਗਏ ਪਰ ਉਨ੍ਹਾਂ ਵੱਲੋਂ ਇਨਕਾਰ ਕਰਨ ’ਤੇ ਜਿਉਂਦੇ-ਜੀਅ ਨੀਹਾਂ ਵਿੱਚ ਚਿਣਾ ਕੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁੱਜ਼ਰ ਕੌਰ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦਿਆਂ ਅਤੇ 40 ਕੁ ਸਿੰਘਾਂ ਸਮੇਤ, ਚਮਕੌਰ ਦੀ ਕੱਚੀ ਗੜ੍ਹੀ ਵਿੱਚ ਪਹੁੰਚ ਗਏ। ਇਸ ਗੜ੍ਹੀ ਨੂੰ ਲੱਖਾਂ ਦੀ ਗਿਣਤੀ ਵਿੱਚ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਦੀਆ ਫ਼ੌਜਾਂ ਨੇ, ਲੁਟੇਰੇ ਮੁਲਖਈਆਂ ਦੀਆਂ ਧਾੜਾਂ ਸਮੇਤ, ਘੇਰਾ ਪਾ ਲਿਆ। ਦਿਨ ਭਰ ਦੀ ਜੰਗ ਤੋਂ ਬਾਅਦ ਦੋਨੋਂ ਵੱਡੇ ਸਾਹਿਬਜ਼ਾਦੇ (ਅਜੀਤ ਸਿੰਘ ਅਤੇ ਜੁਝਾਰ ਸਿੰਘ) ਅਤੇ 30 ਕੁ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਸਿੰਘਾਂ ਨੇ ਗੜ੍ਹੀ ਵਿੱਚ ਗੁਰਮੱਤਾ ਕਰ ਕੇ ਗੁਰੂ ਸਾਹਿਬ ਨੂੰ ਗੜ੍ਹੀ ਤੋਂ ਚਲੇ ਜਾਣ ਲਈ ਕਿਹਾ। ਗੁਰੂ ਸਾਹਿਬ ਇਸ ਮੱਤੇ ਨੂੰ ਖ਼ਾਲਸਾ ਕੌਮ ਦੇ ਹੁਕਮ ਦੇ ਤੌਰ ‘ਤੇ ਸਵੀਕਾਰ ਕਰ ਕੇ ਉਸੇ ਰਾਤ ਨੂੰ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਸਮੇਤ ਗੜ੍ਹੀ ਵਿੱਚੋਂ ਚਲੇ ਗਏ ।

੩. ਹਲੇਮੀ-ਰਾਜ ਦੀ ਸਥਾਪਤੀ ਤੇ ਪਤਨ – ਖ਼ਾਲਸਾ ਕੌਮ ਦਾ ਸੁਨਹਿਰੀ ਇਤਿਹਾਸ

ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਗੁਰੂ-ਜਾਮੇਂ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮਾਂ ਅਨੁਸਾਰ, **ਬਾਬਾ ਬੰਦਾ ਸਿੰਘ ਬਹਾਦਰ ਨੇ ਮਈ ਸੰਨ 1710 ਵਿੱਚ ਭਾਰਤੀ ਜ਼ਾਲਮ ਮੁਗ਼ਲ ਰਾਜ ਦੀ ਸਭ ਤੋਂ ਵੱਡੀ ਅਤੇ ਸ਼ਕਤੀਸ਼ਾਲੀ ਰਿਆਸਤ ਸਰਹਿੰਦ ਨੂੰ ਤਹਿਤੇਗ ਕਰ ਕੇ, ਕਰਨਾਲ ਤੇ ਲਾਹੌਰ ਦੇ ਵਿਚਕਾਰਲੇ ਛੇ ਸੂਬਿਆਂ ਵਿੱਚ ਖ਼ਾਲਸਾ ਹਲੇਮੀ-ਰਾਜ ਸਥਾਪਤ ਕਰ ਕੇ ਇਸ ਰਾਜ ਦਾ ਨਾਨਕਸ਼ਾਹੀ ਸਿੱਕਾ ਤੇ ਮੁਹਰ ਜਾਰੀ ਕਰ ਦਿੱਤੇ। ਇਸ ਸਿੱਕੇ ਦੇ ਇੱਕ ਪਾਸੇ ਇਹ ਲਿਖਿਆ ਸੀ:**

ਸਿੱਕਾ ਜ਼ਦ ਬਰ ਹਰਦੋ ਆਲਿਮ, ਤੇਗ਼ਿ ਨਾਨਕ ਵਾਹਿਬ ਅਸਤ
ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਂ ਫ਼ਜ਼ਲਿ ਸੱਚਾ ਸਾਹਿਬ ਅਸਤ

(ਦੋ ਜਹਾਨਾਂ ਦੇ ਸੱਚੇ ਪਾਤਿਸ਼ਾਹ ਦੀ ਮਿਹਰ ਨਾਲ ਇਹ ਸਿੱਕਾ ਜਾਰੀ ਕੀਤਾ ਗਿਆ। ਗੁਰੂ ਨਾਨਕ ਦੀ ਤੇਗ਼ ਹਰੇਕ ਦਾਤ ਬਖਸ਼ਦੀ ਹੈ; ਅਕਾਲ ਪੁਰਖੁ ਦੇ ਫ਼ਜ਼ਲ ਨਾਲ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਦੀ ਫ਼ਤਹਿ ਹੋਈ ਹੈ)।

ਸਿੱਕੇ ਦੇ ਦੂਜੇ ਪਾਸੇ ਲਿਖਿਆ ਸੀ:

ਜਰਬ ਬ ਅਮਾਨੁਲ ਦਹਰ ਮਸੱਵਰਤ ਸ਼ਹਿਰ॥
ਜ਼ੀਨਤੁੱਲ ਬਖ਼ਤ ਮੁਬਾਰਕ ਬਖ਼ਤ॥

(ਦੁਨੀਆਂ ਦੇ ਸਕੂਨ ਭਰੇ ਥਾਂ, ਜੰਨਤ ਵਰਗੇ ਸ਼ਹਿਰ, ਭਾਗਾਂ ਵਾਲੇ ਤਖ਼ਤ ਦੀ ਰਾਜਧਾਨੀ ਵਿੱਚ, ਜਾਰੀ ਹੋਇਆ।

ਇੰਵ ਹੀ ਖ਼ਾਲਸਾ ਰਾਜ ਦੀ ਮੁਹਰ ਵੀ ਜਾਰੀ ਕੀਤੀ ਗਈ, ਜਿਸ ਤੇ ਲਿਖਿਆ ਸੀ:

ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਨ ਅਸਤ॥
ਪਾਦਸ਼ਾਹ ਦੀਨੋ-ਦੁਨੀਆਂ ਆਪ ਸੱਚਾ ਸਾਹਿਬ ਅਸਤ॥

(ਅੰਦਰ-ਬਾਹਰ, ਸਾਰੇ ਪਾਸੇ, ਗੁਰੂ ਨਾਨਕ ਦੀ ਹੀ ਵਡਿਆਈ ਹੈ। ਉਹ ਸੱਚਾ ਰੱਬ ਦੀਨ-ਦੁਨੀਆਂ ਦੋਹਾਂ ਦਾ ਵਾਲੀ ਹੈ)

ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਬੰਦਾ ਸਿੰਘ ਨੇ ਨਾਂ ਤਾਂ ਆਪਣੇ ਨਾਂ 'ਤੇ ਸਿੱਕਾ ਜਾਰੀ ਕੀਤਾ ਅਤੇ ਨਾ ਹੀ ਉਸ ਨੇ ਆਪਣੇ ਨਾਂ ਦੀ ਮੁਹਰ ਚਲਾਈ। ਬੰਦਾ ਸਿੰਘ ਨੇ ਹਰ ਕਾਮਯਾਬੀ ਨੂੰ ਗੁਰੂ ਸਾਹਿਬ ਨੂੰ ਹੀ ਸਮਰਪਣ

ਕੀਤਾ ਸੀ।**ਇਸ ਤਰ੍ਹਾਂ ਭਾਰਤ ਉਪ ਮਹਾਂਦੀਪ ਦੇ ਇਸ ਖਿੱਤੇ ਵਿੱਚੋਂ ਪਠਾਣਾਂ ਤੇ ਮੁਗ਼ਲਾਂ ਦੇ ਤਕਰੀਬਨ ੭ ਸਦੀਆਂ ਪੁਰਾਣੇ ਵਿਦੇਸ਼ੀ ਰਾਜ ਦੀ ਗ਼ੁਲਾਮੀ ਦਾ ਜੂਲਾ ਲਾਹ ਸੁੱਟਿਆ। ਭਾਰਤ ਦੇ ਇਤਿਹਾਸ ਵਿੱਚ ਅਜਿਹਾ ਮਹੱਤਵਪੂਰਨ ਇਨਕਲਾਬੀ ਪਰੀਵਰਤਣ ਪਹਿਲੀ ਵਾਰ ਹੋਇਆ ਸੀ।** ਬਦਕਿਸਮਤੀ ਨਾਲ, ਮਾਰਚ ਸੰਨ 1716 ਵਿੱਚ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀ ਸਿਰਕੱਢ ਸਿੱਖ ਆਗੂਆਂ ਨੂੰ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿੱਚੋਂ ਗ੍ਰਿਫ਼ਤਾਰ ਕਰ ਕੇ, ਤੱਤਕਾਲੀਨ ਮੁਗ਼ਲ ਹਕੂਮਤ ਨੇ ਅਤਿ ਦੇ ਦਰਦਨਾਕ ਅਤੇ ਵਹਿਸ਼ੀਆਨਾ ਤਸੀਹੇ ਦੇ ਕੇ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ। ਸਿੱਖ ਕੌਮ ਲੀਡਰ-ਰਹਿਤ ਹੋ ਗਈ ਅਤੇ ਖ਼ਾਲਸਾ ਹਲੇਮੀ ਰਾਜ ਵੀ ਜਾਂਦਾ ਰਿਹਾ।

ਸਿੱਖ ਕੌਮ ਦਾ ਖ਼ਾਲਸਾ ਹਲੇਮੀ-ਰਾਜ ਨੂੰ ਬਹਾਲ ਕਰਨ ਲਈ ਹਥਿਆਰਬੰਦ ਸੰਘਰਸ਼

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ, ਦੂਜੀ ਵਾਰ, ਸਮੁੱਚੀ ਸਿੱਖ ਕੌਮ ਦੇ ਕਤਲੇਆਮ ਦੇ ਸ਼ਾਹੀ-ਫ਼ੁਰਮਾਣ ਜ਼ਾਰੀ ਹੋ ਗਏ। ਮਜ਼ਬੂਰੀ ਵੱਸ, ਸਾਰੀ ਦੀ ਸਾਰੀ ਕੌਮ, ਛੋਟੇ-ਵੱਡੇ ਜੱਥਿਆਂ ਦੇ ਰੂਪ ਵਿੱਚ, ਆਪਣੇ ਘਰ-ਘਾਟ ਖਾਲੀ ਕਰ ਕੇ ਬੀਕਾਨੇਰ ਦੇ ਮਾਰੂਥਲਾਂ, ਪੰਜਾਬ ਦੇ ਜੰਗਲ-ਬੇਲਿਆਂ ਤੇ ਪਹਾੜਾਂ ਵੱਲ ਨਿਕਲ ਗਈ ਅਤੇ ਇੱਕ ਪਾਸੇ ਵਕਤ ਦੀ ਜ਼ਾਲਮ ਸ਼ਕਤੀਸ਼ਾਲੀ ਮੁਗ਼ਲ ਹਕੂਮਤ ਨਾਲ ਅਤੇ ਦੂਜੇ ਪਾਸੇ ਵਿਦੇਸ਼ੀ ਜਰਵਾਣੇ ਹਮਲਾਵਰ ਲੁਟੇਰਿਆਂ (ਨਾਦਰ ਸ਼ਾਹ,ਅਹਿਮਦ ਸ਼ਾਹ ਅਬਦਾਲੀ ਆਦਿ) ਦੇ ਖ਼ਿਲਾਫ਼ ਬਹੁਤ ਹੀ ਭਿਆਨਕ, ਜ਼ਿੰਦਗੀ-ਮੌਤ ਦੇ ਹਥਿਆਰਬੰਦ ਸੰਘਰਸ਼ ਵਿੱਚ ਉਲਝ ਗਈ।

ਗੁਰਦਵਾਰਿਆਂ 'ਤੇ ਬਿਪਰਵਾਦੀਆਂ ਦਾ ਕਬਜ਼ਾ

ਸਿੱਖ ਕੌਮ ਦੇ ਇਸ ਸਮੂਹਕ ਉਜਾੜੇ ਦੌਰਾਨ, ਗੁਰਦਵਾਰਿਆਂ 'ਤੇ ਉਦਾਸੀ, ਨਿਰਮਲੇ ਤੇ ਮਹੰਤਾਂ (ਕੇਸਾਂ-ਦਾਹੜੇ ਵਾਲੇ ਬਿਪਰਵਾਦੀਆਂ) ਨੇ ਕਬਜ਼ਾ ਕਰ ਲਿਆ ਅਤੇ ਇਸ ਸੰਸਥਾ ਰਾਹੀਂ ਗੁਰਮਤਿ-ਵਿਰੋਧੀ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਗੁਰਦਵਾਰਿਆਂ ਰਾਹੀਂ ਹੋ ਰਿਹਾ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਬੰਦ ਕਰ ਦਿੱਤਾ ਗਿਆ ਅਤੇ ਇਸ ਦੀ ਥਾਂ ਬਿਪਰਵਾਦੀ ਕਰਮ-ਕਾਂਡ, ਮੂਰਤੀ-ਪੂਜਾ ਆਦਿ ਅਰੰਭ ਕਰ ਦਿੱਤੇ ਗਏ। ਇਨ੍ਹਾਂ ਨੇ, ਤੱਤਕਾਲੀਨ ਹਕੂਮੱਤ ਦੀ ਸਹਿਮਤੀ ਨਾਲ, ਅਨੇਕਾਂ ਡੇਰੇ ਕਾਇਮ ਕਰ ਕੇ ਬਿਪਰਵਾਦੀ ਪ੍ਰਚਾਰ ਅਰੰਭ ਕਰ ਦਿੱਤਾ।ਗੁਰਮਤਿ ਫ਼ਲਸਫ਼ੇ, ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਨੂੰ ਗੰਧਲਾ ਕਰਨ ਲਈ ਸਾਜਿਸ਼ੀ ਕਾਰਵਾਈਆਂ ਸ਼ੁਰੂ ਹੋ ਗਈਆਂ। ਗੁਰਮਤਿ ਸਿਧਾਂਤਾਂ ਦਾ ਘਾਣ ਅਤੇ ਸਤਿਗੁਰਾਂ ਦੀ ਅਦੁੱਤੀ ਸ਼ਖ਼ਸੀਅਤ ਦਾ ਨਾ-ਬਖ਼ਸ਼ਣਯੋਗ ਅਪਮਾਨ ਕਰਨ ਲਈ ਕਿਸੇ ਗੁੰਮਨਾਮ ਲੇਖਕ ਤੋਂ ਸਭ ਤੋਂ ਪਹਿਲੀ ਪੁਸਤਕ 'ਗੁਰ ਬਿਲਾਸ ਪਾਤਸ਼ਾਹੀ ੬' ਲਿੱਖਾ ਕੇ, ਇਸ ਦੀ ਗੁਰਦਵਾਰਿਆਂ ਵਿੱਚ ਰੋਜ਼ਾਨਾ ਕਥਾ ਅਰੰਭ ਕਰਾ ਦਿੱਤੀ ਗਈ। ਇਸ ਤੋਂ ਬਾਅਦ, ਸ਼ਿਵ-ਪੌਰਾਣ, ਮਾਰਕੰਡੇਯ

ਪੌਰਾਣ ਅਤੇ ਸ੍ਰੀਮਦ ਭਾਗਵਤ ਪੌਰਾਣ 'ਤੇ ਆਧਾਰਤ ਗੁੰਮਨਾਮ ਲੇਖਕਾਂ ਤੋਂ ਕਈ ਨਿੱਕੀਆਂ-ਮੋਟੀਆਂ ਕਿਤਾਬਾਂ ਲਿੱਖ-ਲਿਖਾ ਕੇ ਇਨ੍ਹਾਂ ਨੂੰ ਇੱਕ ਜਿਲਦ ਵਿੱਚ ਇਕੱਠਾ ਕਰ ਦਿੱਤਾ ਗਿਆ। ਇਸੇ ਗੁੰਮਨਾਮ ਕਿਤਾਬ ਨੂੰ ਬਾਅਦ ਵਿਚ 'ਬਚਿਤ੍ਰ ਨਾਟਕ' ਦਾ ਨਾਂ ਦਿੱਤਾ ਗਿਆ। ਇਹ ਬਿਪਰਵਾਦੀ ਅਜਿਹੀਆਂ ਕਾਰਵਾਈਆਂ ਬੇ-ਫ਼ਿਕਰ ਹੋ ਕੇ ਕਰਦੇ ਰਹੇ ਕਿਉਂਕਿ ਸਮੁੱਚੀ ਸਿੱਖ ਕੌਮ ਉਜੜੀ-ਪੁੱਜੜੀ ਹੋਈ ਆਪਣੀ ਹੋਂਦ ਨੂੰ ਬਚਾਉਣ ਲਈ ਹੀ ਅਤਿ ਖ਼ਤਰਨਾਕ ਹਥਿਆਰਬੰਦ ਸੰਘਰਸ਼ ਵਿੱਚ ਉਲਝੀ ਪਈ ਸੀ।

ਛੋਟਾ ਘਲੂਘਾਰਾ

01 ਮਈ ਸੰਨ 1746 ਵਿੱਚ ਕੌਮ ਦਾ ਕਾਫ਼ੀ ਵੱਡਾ ਹਿੱਸਾ ਕਾਹਨੂਵਾਨ (ਗੁਰਦਾਸਪੁਰ) ਦੇ ਸੰਘਣੇ ਜੰਗਲਾਂ ਵਿੱਚ ਠਹਿਰਿਆ ਹੋਇਆ ਸੀ। ਇਸ ਦੌਰਾਨ, ਮੁਗ਼ਲੀਆ ਹਕੂਮਤ ਦੇ ਦੀਵਾਨ ਲਖਪਤ ਰਾਏ ਦਾ ਭਰਾ ਜਸਪਤ ਰਾਏ, ਬਿਨਾਂ ਕਿਸੇ ਕਾਰਨ ਹੀ, ਲੰਗਰ ਤਿਆਰ ਕਰ ਰਹੇ ਇੱਕ ਸਿੱਖ ਜਥੇ 'ਤੇ ਹਮਲਾਵਰ ਹੋ ਗਿਆ ਅਤੇ ਮਾਰਿਆ ਗਿਆ। ਲਖਪਤ ਨੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਸੈਂਕੜੇ ਮਜ਼ਦੂਰ ਕਾਹਨੂਵਾਨ ਦਾ ਜੰਗਲ ਕੱਟ ਕੇ ਅੱਗ ਲਾਉਣ ਲਈ ਲਗਾ ਦਿੱਤੇ ਅਤੇ ਜੰਗਲ 'ਚੋਂ ਬਾਹਰ ਨਿਕਲ ਰਹੇ ਸਿੱਖਾਂ 'ਤੇ ਤੋਪਾਂ ਨਾਲ ਹਮਲਾ ਕਰ ਦਿੱਤਾ। ਤਕਰੀਬਨ 15 ਹਜ਼ਾਰ ਸਿੱਖ ਇਸ ਘਲੂਘਾਰੇ ਦੌਰਾਨ ਸ਼ਹੀਦ ਹੋ ਗਏ ਅਤੇ ਬਾਕੀ ਦੇ ਬਚੇ, ਦਰਿਆ ਪਾਰ ਕਰ ਕੇ, ਪਹਾੜਾਂ ਵੱਲ ਨਿਕਲ ਗਏ ਜਾਂ ਦਰਿਆ ਦੇ ਕਿਨਾਰੇ-ਕਿਨਾਰੇ ਰੇਤਲੀ ਜ਼ਮੀਨ ਤੇ ਚਲਦੇ, ਜ਼ਖ਼ਮੀ ਹੋਏ, ਦੱਖਣ-ਪੱਛਮ ਵੱਲ ਨਿੱਕਲ ਗਏ।

ਵੱਡਾ ਘਲੂਘਾਰਾ

ਜਨਵਰੀ ਸੰਨ 1762 ਦੇ ਅਖ਼ੀਰ ਵਿੱਚ, 35-40 ਹਜ਼ਾਰ ਸਿੱਖ, ਜਿਨ੍ਹਾਂ ਵਿੱਚ ਇਸਤਰੀਆਂ, ਬੱਚੇ ਅਤੇ ਬਜ਼ੁਰਗ ਵੀ ਸ਼ਾਮਿਲ ਸਨ, ਕਿਲ੍ਹਾ ਰਾਏਪੁਰ (ਨਜ਼ਦੀਕ ਮਲੇਰਕੋਟਲਾ) ਦੇ ਜੰਗਲਾਂ ਵਿੱਚ ਪੜਾਅ ਕਰ ਰਹੇ ਸਨ। ਅਚਾਨਕ ਹੀ ਅਬਦਾਲੀ ਦੀਆਂ ਫ਼ੌਜਾਂ ਅਤੇ ਮਲੇਰਕੋਟਲੇ ਦੀਆਂ ਫ਼ੌਜਾਂ ਨੇ, ਪਹੁ-ਫੁਟਾਲੇ ਨਾਲ ਹੀ, ਸਿੰਘਾਂ ਨੂੰ ਤਿੰਨ ਪਾਸਿਆਂ ਤੋਂ ਘੇਰਾ ਪਾ ਲਿਆ। ਸਿੰਘਾਂ ਦੀ ਇਸ ਵਹੀਰ ਦੇ ਕੁੱਝ ਕੁ ਜਥੇ ਕੁੱਪ-ਹਰੀੜੇ ਵੱਲ ਨੂੰ ਕੂਚ ਕਰ ਚੁੱਕੇ ਸਨ ਅਤੇ ਬਾਕੀ ਦੇ, ਦਾਤਨ-ਕੁਰਲੇ ਕਰ ਕੇ ਕੂਚ ਕਰਨ ਦੀ ਤਿਆਰੀ ਕਰ ਰਹੇ ਸਨ ਕਿ ਅਚਾਨਕ ਹੀ ਹਮਲਾ ਹੋ ਗਿਆ। ਜੰਡਿਆਲਾ-ਗੁਰੂ ਦਾ ਰਹਿਣ ਵਾਲਾ ਅਖੌਤੀ ਸਿੱਖ ਹਰਭਗਤ ਨਿਰੰਜਨੀਆਂ (ਸਰਕਾਰੀ ਮੁਖ਼ਬਰ) ਜਿਸ ਨੂੰ ਸਿੱਖਾਂ ਦੇ ਇਸ ਜਥੇ ਦੀ ਠਹਿਰ ਬਾਰੇ ਪੂਰੀ ਜਾਣਕਾਰੀ ਸੀ, ਅਬਦਾਲੀ ਨਾਲ ਸੰਪਰਕ ਕਰ ਕੇ ਉਸ ਦੀਆਂ ਫੌਜਾਂ ਨੂੰ ਆਪ ਮੂਹਰੇ ਲੱਗ ਕੇ (ਸੂੰਹੀਏ ਦੇ ਤੌਰ 'ਤੇ) ਚੜ੍ਹਾ ਲਿਆਇਆ ਸੀ। ਸਿੰਘਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਡੱਟ ਕੇ ਮੁਕਾਬਲਾ

ਕੀਤਾ। ਇਸਤ੍ਰੀਆਂ, ਬੱਚਿਆਂ, ਬਜ਼ੁਰਗਾਂ ਅਤੇ ਗੱਡਿਆਂ ਆਦਿ 'ਤੇ ਲੱਦੇ ਸਾਮਾਨ ਨੂੰ ਕੇਂਦਰ ਵਿੱਚ ਰੱਖ ਕੇ, ਨੌਜਵਾਨ ਸਿੰਘਾਂ ਨੇ ਇਨ੍ਹਾਂ ਦੀ ਹਿਫ਼ਾਜ਼ਤ ਲਈ, ਇਨ੍ਹਾਂ ਦੇ ਉਦਾਲੇ ਸਫ਼ਾਂ ਬਣਾ ਲਈਆਂ ਅਤੇ ਇੱਕ 'ਚਲਦੇ-ਫਿਰਦੇ ਕਿਲ੍ਹੇ ਦੇ ਰੂਪ ਵਿੱਚ ਦੁਸ਼ਮਣ ਫ਼ੌਜਾਂ ਦੇ ਕਹਿਰੀ ਹਮਲਿਆਂ ਨੂੰ ਰੋਕਦੇ-ਰੋਕਦੇ ਕੁੱਪ-ਹਰੀੜੇ ਵੱਲ (ਬਰਨਾਲੇ ਵੱਲ ਨੂੰ) ਵਧਦੇ ਗਏ। ਇਹ ਵਾਕਿਆ 5 ਫ਼ਰਵਰੀ ਸੰਨ 1762 ਦਾ ਹੈ। ਇਸ ਸੰਘਰਸ਼ ਦੌਰਾਨ, ਅੱਧੀ ਤੋਂ ਵੱਧ ਸਿੱਖ ਕੌਮ (ਤਕਰੀਬਨ 20 ਹਜ਼ਾਰ) ਸ਼ਹੀਦੀਆਂ ਪਾ ਗਈ। ਬਚੇ ਹੋਏ ਸਿੱਖ ਬਰਨਾਲੇ ਵੱਲ ਨਿਕਲ ਗਏ।

ਅਹਿਮਦ ਸ਼ਾਹ ਨਾਲ ਦੋ-ਦੋ ਹੱਥ

"16-17 ਅਕਤੂਬਰ 1762 ਦੇ ਦਿਨ ਸਰਬੱਤ ਖ਼ਾਲਸਾ ਦਾ ਇਕੱਠ ਅਕਾਲ ਤਖ਼ਤ 'ਤੇ ਹੋਇਆ ਜਿਸ ਵਿੱਚ ਅਹਿਮਦ ਸ਼ਾਹ ਅਬਦਾਲੀ ਨਾਲ ਦੋ-ਦੋ ਹੱਥ ਕਰਨ ਵਾਸਤੇ ਗੁਰਮਤਾ ਪਾਸ ਕੀਤਾ ਗਿਆ। ਅਹਿਮਦ ਸ਼ਾਹ ਅਬਦਾਲੀ ਵੀ ਸਿੱਖਾਂ ਦੇ ਇਕੱਠ ਦੀ ਖ਼ਬਰ ਸੁਣ ਕੇ ਅੰਮ੍ਰਿਤਸਰ ਤੋਂ 6 ਮੀਲ ਦੂਰ ਪੜਾਅ ਕਰ ਕੇ ਬੈਠ ਗਿਆ ਤੇ ਸਿੱਖਾਂ ਨੂੰ ਈਨ ਮੰਨਣ ਲਈ ਆਪਣੇ ਏਲਚੀਆਂ ਦੇ ਹੱਥ ਸੁਨੇਹਾ ਭੇਜਿਆ। ਸਿੱਖਾਂ ਨੇ ਅਹਿਮਦ ਸ਼ਾਹ ਦੇ ਏਲਚੀਆਂ ਨੂੰ ਜਵਾਬ ਦਿੱਤਾ: "**ਸਿੱਖ ਕਦੇ ਕਿਸੇ ਦੀ ਈਨ ਨਹੀਂ ਮੰਨਦੇ ਤੇ ਜੇ ਅਹਿਮਦ ਸ਼ਾਹ ਸਿੱਖਾਂ ਦੇ ਹੱਥ ਵੇਖਣੇ ਚਾਹੁੰਦਾ ਹੈ ਤਾਂ ਮੁਕਾਬਲੇ ਵਿੱਚ ਆ ਜਾਵੇ। ਅਸੀਂ ਤਾਂ ਉਸ ਨੂੰ ਸਦਾ ਵਾਸਤੇ ਸਿੱਖ-ਮੁਲਕ ਵਿੱਚੋਂ ਕੱਢਣਾ ਹੈ**".........

ਜੱਦ ਸਿੱਖਾਂ ਦਾ ਜਵਾਬ ਅਹਿਮਦ ਸ਼ਾਹ ਨੂੰ ਪੁੱਜਾ ਤਾਂ ਉਸ ਨੇ ਆਪਣੀ ਫ਼ੌਜ ਨੂੰ ਸਿੱਖਾਂ ਉਤੇ ਹਮਲਾ ਕਰਨ ਦਾ ਹੁਕਮ ਜਾਰੀ ਕਰ ਦਿੱਤਾ।**ਅੰਮ੍ਰਿਤਸਰ ਸ਼ਹਿਰ ਦੇ ਬਾਹਰ ਅਹਿਮਦ ਸ਼ਾਹ ਅਤੇ ਖ਼ਾਲਸਾ ਫ਼ੌਜ ਵਿਚਕਾਰ ਲਹੂ-ਡੋਲ੍ਹਵੀਂ ਜੰਗ ਹੋਈ।** ...... **ਅਹਿਮਦ ਸ਼ਾਹ ਦੀ ਫ਼ੌਜ ਦੀ ਗਿਣਤੀ ਤਕਰੀਬਨ 50 ਹਜ਼ਾਰ ਸੀ ਅਤੇ ਖ਼ਾਲਸਾ ਫ਼ੌਜਾਂ ਦੀ ਗਿਣਤੀ ਵੀ ਕੋਈ 30-40 ਹਜ਼ਾਰ ਦੇ ਕਰੀਬ ਸੀ। ਇਸ ਲੜਾਈ ਵਿੱਚ ਸਿੱਖਾਂ ਨੇ ਅਫ਼ਗਾਨਾਂ ਦੇ ਖ਼ੂਬ ਆਹੂ ਲਾਹੇ। ਹਜ਼ਾਰਾਂ ਅਫ਼ਗਾਨ ਫ਼ੌਜੀ ਮਾਰੇ ਗਏ ਅਤੇ ਸੈਂਕੜੇ ਗ੍ਰਿਫ਼ਤਾਰ ਕਰ ਲਏ ਗਏ।...... ਜੰਗ ਵਿੱਚ ਹਾਰਨ ਮਗਰੋਂ, ਬੇ-ਇੱਜ਼ਤ, ਕਮਜ਼ੋਰ ਅਤੇ ਉਦਾਸ ਹੋਇਆ, ਅਹਿਮਦ ਸ਼ਾਹ, ਰਾਤ ਦੇ ਹਨੇਰੇ ਵਿੱਚ, ਅੰਮ੍ਰਿਤਸਰ ਤੋਂ ਵਾਪਿਸ ਲਾਹੌਰ ਚਲਾ ਗਿਆ।**.........

ਜਲੰਧਰ-ਦੋਆਬ 'ਤੇ ਸਿੱਖਾਂ ਦਾ ਕਬਜ਼ਾ

...... ਜੂਨ 1763 ਵਿੱਚ ਸਿੱਖ ਫ਼ੌਜਾਂ ਨੇ ਜਲੰਧਰ-ਦੋਆਬ ਤੇ ਹਮਲਾ ਕਰ ਕੇ ਕਬਜ਼ਾ ਕਰ ਲਿਆ।...... 4 ਨਵੰਬਰ 1763 ਸਿੱਖ ਫ਼ੌਜਾਂ ਨੇ ਜਹਾਨ ਖ਼ਾਨ ਦਾ ਪਿੱਛਾ ਕਰ ਕੇ ਸਿਆਲਕੋਟ ਦੇ ਕਿਲ੍ਹੇ ਵਿੱਚ ਘੇਰ ਲਿਆ ...... ਅਫ਼ਗਾਨ ਫ਼ੌਜੀ ਮੈਦਾਨ ਛੱਡ ਕੇ ਭੱਜਣ ਲੱਗੇ। ਇਨਾਂ ਵਿਚ ਜ਼ਖ਼ਮੀ ਹੋਇਆ ਜਹਾਨ ਖ਼ਾਨ ਵੀ ਸੀ। **ਸਿੱਖਾਂ ਨੇ**

200 ਦੇ ਕਰੀਬ ਅਫ਼ਗ਼ਾਨ ਫ਼ੌਜੀਆਂ ਨੂੰ ਕੈਦ ਕਰ ਲਿਆ ।ਇਸ ਮੌਕੇ ਤੇ ਜਹਾਨ ਖ਼ਾਨ ਦਾ ਟੱਬਰ ਵੀ ਉਸ ਦੇ ਨਾਲ ਸੀ। ਸਿੱਖਾਂ ਨੇ ਅਫ਼ਗ਼ਾਨ ਔਰਤਾਂ ਤੇ ਬੱਚਿਆਂ ਨੂੰ ਕੁੱਝ ਨਾ ਕਿਹਾ ਸਗੋਂ ਉਨ੍ਹਾਂ ਨੂੰ ਮਹਿਫ਼ੂਜ਼ ਜੰਮੂ ਭੇਜ ਦਿੱਤਾ ....

ਮਲੇਰਕੋਟਲੇ 'ਤੇ ਸਿੱਖਾਂ ਦਾ ਕਬਜ਼ਾ

ਦਸੰਬਰ 1763 ਵਿੱਚ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ, ਖ਼ਾਲਸਾ ਫ਼ੌਜਾਂ ਨੇ ਮਲੇਰਕੋਟਲੇ 'ਤੇ ਹਮਲਾ ਕਰ ਕੇ ਕਬਜ਼ਾ ਕਰ ਲਿਆ।

ਸਿੱਖਾਂ ਦਾ ਮੁਰਿੰਡਾ 'ਤੇ ਕਬਜ਼ਾ

ਜਨਵਰੀ 1764 ਵਿੱਚ ਸਿੱਖ ਫ਼ੌਜਾਂ ਨੇ ਮੋਰਿੰਡਾ 'ਤੇ ਹਮਲਾ ਕਰ ਕੇ ਕਬਜ਼ਾ ਕਰ ਲਿਆ ਤੇ ਜਾਨੀ ਖਾਂ, ਮਾਨੀ ਖਾਂ ਅਤੇ ਗੰਗੂ ਦੇ ਵਾਰਿਸਾਂ ਦੀ ਚੰਗੀ ਭੁਗਤ ਸਵਾਰੀ। ਇਸ ਲੜਾਈ ਵਿੱਚ ਹਜ਼ਾਰਾਂ ਰੰਘੜ ਤੇ ਪਠਾਣ ਮਾਰੇ ਗਏ। ਇਸ ਪਿਛੋਂ ਕੁਰਾਲੀ 'ਤੇ ਹਮਲਾ ਕਰ ਕੇ ਕਬਜ਼ਾ ਕਰ ਲਿਆ।

ਸਰਹਿੰਦ 'ਤੇ ਕਬਜ਼ਾ

3 ਜਨਵਰੀ 1764 ਦੇ ਦਿਨ 60 ਹਜ਼ਾਰ ਦੇ ਕਰੀਬ ਸਿੱਖ ਫ਼ੌਜਾਂ ਨੇ ਸਰਹਿੰਦ 'ਤੇ ਹਮਲਾ ਕਰ ਕੇ ਜੈਨ ਖ਼ਾਂ ਦਾ ਸਿਰ ਵੱਢ ਕੇ ਸਰਹਿੰਦ 'ਤੇ ਕਬਜ਼ਾ ਕਰ ਲਿਆ।

ਲਾਹੌਰ ਦੇ ਸੂਬੇਦਾਰ ਕਾਬੁਲੀ ਮੱਲ ਤੋਂ ਈਨ ਮਨਾਉਣੀ

ਫ਼ਰਵਰੀ 1764 ਵਿੱਚ ਕਾਬੁਲੀ ਮੱਲ ਨੇ, ਬੇ-ਵੱਸ ਹੋ ਕੇ, ਸੋਭਾ ਸਿੰਘ ਨਾਲ ਸਮਝੌਤਾ ਕਰ ਲਿਆ ਤੇ ਮੁਲਤਾਨ ਵੱਲੋਂ ਆਉਣ ਵਾਲੇ ਸਾਮਾਨ ਦੀ ਚੁੰਗੀ ਉਸ ਨੂੰ ਦੇਣੀ ਮਨਜ਼ੂਰ ਕਰ ਲਈ।.........

ਅਹਿਮਦ ਸ਼ਾਹ ਦਾ ਚਾਚਾ ਸਰਬੁਲੰਦ ਖ਼ਾਂ ਸਿੱਖਾਂ ਦੀ ਕੈਦ ਵਿੱਚ

ਉਨ੍ਹੀ ਦਿਨੀਂ ਅਹਿਮਦ ਸ਼ਾਹ ਦੁੱਰਾਨੀ ਦਾ ਚਾਚਾ ਸਰਬੁਲੰਦ ਖ਼ਾਂ ਕਸ਼ਮੀਰ ਦਾ ਸੂਬੇਦਾਰ ਸੀ। ਜਦ ਉਸ ਨੂੰ ਰੋਹਤਾਸ ਖੁੱਸ ਜਾਣ ਦੀ ਖ਼ਬਰ ਮਿਲੀ ਤਾਂ ਉਹ 12 ਹਜ਼ਾਰ ਫ਼ੌਜ ਲੈ ਕੇ ਅਟਕ ਆ ਪੁੱਜਾ। ਜਦ ਇਸ ਦੀ ਖ਼ਬਰ ਚੜ੍ਹਤ ਸਿੰਘ ਨੂੰ ਮਿਲੀ ਤਾਂ ਉਹ ਸਾਰਾ ਕੁੱਝ ਛੱਡ ਕੇ ਸਰਬੁਲੰਦ ਖ਼ਾਂ 'ਤੇ ਹਮਲਾ ਕਰਨ ਲਈ ਚੱਲ ਪਿਆ। ਚੜ੍ਹਤ ਸਿੰਘ ਦਾ ਹਮਲਾ ਏਨਾ ਜ਼ਬਰਦਸਤ ਸੀ ਕਿ ਅਫ਼ਗਾਨ ਸਿਪਾਹੀ ਡਰ ਦੇ ਮਾਰੇ ਭੱਜ ਪਏ ਤੇ ਸਰਬੁਲੰਦ ਖ਼ਾਂ ਜਿਉਂਦਾ ਹੀ ਸਿੱਖਾਂ ਦੇ ਹੱਥ ਆ ਗਿਆ।......

ਸਿੱਖਾਂ ਹੱਥੋਂ ਅਹਿਮਦ ਸ਼ਾਹ ਨੂੰ ਹਾਰਾਂ

ਸਿੱਖ ਫ਼ੌਜਾਂ ਨੇ ਅਹਿਮਦ ਸ਼ਾਹ ਦਾ ਪਿੱਛਾ, ਅਦੀਨਾ ਨਗਰ ਅਤੇ ਰੂਪੜ ਦੇ ਇਲਾਕਿਆਂ ਵਿੱਚ ਉਸ 'ਤੇ ਛਾਪਾ-ਮਾਰ ਹਮਲੇ ਕਰ ਕੇ ਉਸ ਦਾ ਨੱਕ ਵਿੱਚ ਦਮ ਕਰੀ ਰੱਖਿਆ ਅਤੇ ਆਖ਼ਿਰ ਉਹ ਦਿੱਲੀ ਜਾਣ ਦਾ ਇਰਾਦਾ ਛੱਡ ਕੇ ਵਾਪਿਸ ਆਪਣੇ ਵਤਨ ਨੂੰ ਮੁੜ ਗਿਆ। **ਇਤਿਹਾਸ ਦਾ ਇਹ ਦਰਦਨਾਕ ਵਰਤਾਰਾ ਤਕਰੀਬਨ ਸੰਨ 1765 ਤੱਕ ਵਰਤਦਾ ਰਿਹਾ। ਇਸ ਦੌਰਾਨ, ਇਹ ਵੀ ਪਤਾ ਨਹੀਂ ਸੀ ਕਿ ਸਿੱਖ ਕੌਮ ਦੀ ਹੋਂਦ ਨੂੰ ਬਚਾਇਆ ਵੀ ਜਾ ਸਕੇਗਾ ਕਿ ਨਹੀਂ।** ਅਜਿਹੇ ਭਿਆਨਕ ਸਮੇਂ ਦੌਰਾਨ, ਕੌਮ ਦੀਆਂ ਜਵਾਨ ਹੋ ਰਹੀਆਂ ਅਤੇ ਜਵਾਨ ਹੋ ਚੁੱਕੀਆਂ 2-3 ਪੁਸ਼ਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਬਾਰੇ, ਬਾ-ਕਾਇਦਾ ਤੌਰ 'ਤੇ, ਲੋੜੀਂਦੀ ਜਾਣਕਾਰੀ ਨਾ ਦਿੱਤੀ ਜਾ ਸਕੀ।

ਲਾਹੌਰ 'ਤੇ ਕਬਜ਼ਾ

10 ਅਪ੍ਰੈਲ 1765 ਦੇ ਸਰਬੱਤ ਖ਼ਾਲਸਾ ਇਕੱਠ ਵਿੱਚ ਲਾਹੌਰ 'ਤੇ ਕਬਜ਼ਾ ਕਰਨ ਦਾ ਗੁਰਮਤਾ ਕੀਤਾ ਗਿਆ। ਇਸ ਇਕੱਠ ਵਿੱਚ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹਈਆ ਤੋਂ ਇਲਾਵਾ ਪੰਜ ਭੰਗੀ ਮਿਸਲ ਦੇ ਜਰਨੈਲ (ਗੁੱਜਰ ਸਿੰਘ, ਲਹਿਣਾ ਸਿੰਘ, ਹਰੀ ਸਿੰਘ, ਝੰਡਾ ਸਿੰਘ, ਗੰਡਾ ਸਿੰਘ) ਵੀ ਹਾਜ਼ਰ ਸਨ। ਸਿੱਖ ਫ਼ੌਜਾਂ ਦੀ ਗਿਣਤੀ ਸਿਰਫ਼ ਦੋ ਹਜ਼ਾਰ ਸੀ। ਸਿੱਖ ਫ਼ੌਜਾਂ ਦੀ ਮੱਦਦ ਮਿਹਰ ਸੁਲਤਾਨ, ਗ਼ੁਲਾਮ ਰਸੂਲ, ਅਸ਼ਰਫ ਚੰਨੂ ਤੇ ਬਕਰ ਅਰਾਈਂ ਨੇ ਵੀ ਕੀਤੀ ਤੇ ਇਹ ਸਾਰੇ 16 ਮਈ 1765 ਦੇ ਦਿਨ ਤੁਫ਼ਾਨ ਦੀ ਤੇਜ਼ੀ ਨਾਲ ਸ਼ਹਿਰ ਵਿੱਚ ਦਾਖ਼ਲ ਹੋ ਗਏ ...... ਤੇ ਸ਼ਹਿਰ ਅਤੇ ਲਾਹੌਰ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

ਖ਼ਾਲਸਾਈ ਸਿੱਕਾ ਜਾਰੀ ਕਰਨਾ

ਲਾਹੌਰ ਵਿੱਚ ਖ਼ਾਲਸਾਈ ਹਕੂਮਤ ਕਾਇਮ ਕਰਨ ਮਗਰੋਂ **ਸਿੱਖਾਂ ਨੇ ਗੁਰੂ ਸਾਹਿਬਾਨ ਦੇ ਨਾਂ 'ਤੇ ਨਵੀਂ ਕਰੰਸੀ (ਨਾਨਕ-ਸ਼ਾਹੀ ਸਿੱਕਾ) ਵੀ ਜਾਰੀ ਕੀਤਾ। ਇਸ ਸਿੱਕੇ 'ਤੇ ਉੱਕਰੀ ਇਬਾਰਤ ਇੰਵ ਸੀ:**

"ਦੇਗ਼-ਓ-ਤੇਗ਼-ਓ ਫ਼ਤਹਿ-ਓ-ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"

ਭਾਵ (ਦੇਗ਼ ਤੇ ਤੇਗ਼ ਦੀ ਫ਼ਤਹਿ ਅਤੇ ਫੌਰੀ ਮਦਦ ਅਕਾਲ ਪੁਰਖੁ ਤੋਂ, ਗੁਰੂ ਨਾਨਕ ਤੋਂ, ਗੁਰੂ ਗੋਬਿੰਦ ਸਿੰਘ ਤੱਕ, ਗੁਰੂਆਂ ਦੀ ਬਖ਼ਸ਼ਿਸ਼ ਨਾਲ ਹੋਈ।)

ਸਿੱਕੇ ਦੇ ਦੂਜੇ ਪਾਸੇ ਲਿਖਿਆ ਸੀ:

"ਲਾਹੌਰ ਵਿਚ ਸੰਮਤ ੧੮੨੨ (ਸੰਨ 1765) ਵਿਚ ਘੜਿਆ ਗਿਆ"।

ਲਾਹੌਰ 'ਤੇ ਕਬਜ਼ੇ ਤੋਂ ਬਾਅਦ, ਹੁਣ ਸਾਰੇ ਪੰਜਾਬ ਵਿੱਚ, ਸਮੁੱਚੇ ਤੌਰ 'ਤੇ, ਸਿੱਖਾਂ ਦੀ ਹਕੂਮਤ ਕਾਇਮ ਹੋ ਚੁੱਕੀ ਸੀ।

ਜੰਗਾਂ ਤੇ ਘਲੂਘਾਰਿਆਂ ਵਿੱਚ ਕਿੰਨੇ ਸਿੱਖ ਸ਼ਹੀਦ ਹੋਏ ?

30 ਮਈ 1606 ਦੇ ਦਿਨ ਗੁਰੂ ਅਰਜੁਨ ਸਾਹਿਬ, ਜੋ ਸਿੱਖਾਂ ਦੇ ਪਹਿਲੇ ਸ਼ਹੀਦ ਸਨ, ਤੋਂ ਲੈ ਕੇ ਸੰਨ 1765 ਤੱਕ 2 ਲੱਖ ਦੇ ਕਰੀਬ ਸਿੰਘ ਸ਼ਹੀਦ ਹੋ ਚੁੱਕੇ ਸਨ।

ਇਹ ਲੜੀ ਇਸ ਤੋਂ ਅੱਗੇ ਵੀ ਚਲਦੀ ਹੈ। ਸਿੱਖਾਂ ਵੱਲੋਂ ਆਪਣੇ ਮੁਲਕ ਦੀ ਆਜ਼ਾਦੀ ਵਾਸਤੇ (1765-1849 ਵਿਚਕਾਰ) ਹਜ਼ਾਰਾਂ ਸ਼ਹੀਦੀਆਂ ਦਿੱਤੀਆਂ ਗਈਆਂ ਸਨ। 1947 ਵਿੱਚ ਮੁਲਕ ਦੀ ਵੰਡ ਵੇਲੇ ਵੀ ਲੱਖਾਂ ਸਿੱਖ ਕਤਲ ਕੀਤੇ ਗਏ ਸਨ। 1978 ਤੋਂ 1995 ਤੱਕ ਵੀ ਇੱਕ ਤੋਂ ਡੇਢ ਲੱਖ ਸਿੱਖ ਕਤਲ ਕੀਤੇ ਗਏ ਸਨ। ਉਂਞ ਹਰ ਮੌਤ ਨੂੰ ਸ਼ਹੀਦੀ ਨਹੀਂ ਕਿਹਾ ਜਾ ਸਕਦਾ।

ਸਿੱਖਾਂ ਦਾ ਪੰਜਾਬ 'ਤੇ ਮੁਕੰਮਲ ਕਬਜ਼ਾ

1770 ਤੱਕ ਸਿੱਖਾਂ ਦੀ ਹਕੂਮਤ ਬਹੁਤ ਵੱਡੇ ਇਲਾਕੇ ਤੇ ਕਾਇਮ ਹੋ ਚੁੱਕੀ ਸੀ। ਇਸ ਵਿੱਚ ਦਰਿਆ ਜਿਹਲਮ ਤੋਂ ਕਰਨਾਲ ਅਤੇ ਹਾਂਸੀ ਤੱਕ ਦਾ ਇਲਾਕਾ ਆ ਜਾਂਦਾ ਸੀ।...... ਕੁਝ ਚਿਰ ਤਾਂ ਦਿੱਲੀ ਵੀ ਸਿੱਖਾਂ ਦੇ ਕਬਜ਼ੇ ਹੇਠ ਰਹੀ ਸੀ। ਆਹਲੂਵਾਲੀਆ ਮਿਸਲ, ਕਪੂਰਥਲਾ ਅਤੇ ਮਾਝੇ (ਸਰਹਾਲੀ, ਜੰਡਿਆਲਾ, ਵੈਰੋਵਾਲ) 'ਤੇ ਕਾਬਜ਼ ਸੀ। ਭੰਗੀਆਂ ਕੋਲ ਲਾਹੌਰ ਸਿਆਲਕੋਟ, ਗੁਜਰਾਤ, ਤਰਨ ਤਾਰਨ, ਮੁਲਤਾਨ ਤੇ ਅੰਮ੍ਰਿਤਸਰ ਦਾ ਕੁੱਝ ਇਲਾਕਾ ਸੀ। ਜਲੰਧਰ ਬੁੱਧ ਸਿੰਘ ਕੋਲ ਸੀ। ਰਾਮਗੜ੍ਹੀਆ ਮਿਸਲ ਦੀ ਹਕੂਮਤ ਕਾਦੀਆਂ, ਬਟਾਲਾ, ਹਰਿਗੋਬਿੰਦਪੁਰ, ਮਿਆਣੀ ਅਤੇ ਟਾਂਡਾ 'ਤੇ ਸੀ। ਸਿੰਘਪੁਰੀਆ ਮਿਸਲ ਬਨੂੜ, ਮਨੌਲੀ, ਭਰਤਗੜ੍ਹ 'ਤੇ ਰਾਜ ਕਰਦੀ ਸੀ। ਕਨਈਆ ਮਿਸਲ ਕੋਲ ਬਟਾਲਾ ਦਾ ਪਰਗਨਾ ਸੀ। ਸ਼ਹੀਦਾਂ ਮਿਸਲ ਦੇ ਕਬਜ਼ੇ ਹੇਠ ਅੰਬਾਲਾ ਤੇ ਸਹਾਰਨਪੁਰ ਦਾ ਕੁਝ ਇਲਾਕਾ ਸੀ। ਨਕੱਈਆਂ ਕੋਲ ਦਰਿਆ ਸਤਲੁਜ ਤੇ ਲਾਹੌਰ ਵਿਚਲਾ ਇਲਾਕਾ ਸੀ। ਡੱਲੇਵਾਲੀਆ ਮਿਸਲ ਦੀ ਹਕੂਮਤ ਰਾਹੋਂ, ਨਵਾਂ ਸ਼ਹਿਰ ਅਤੇ ਫ਼ਿਲੌਰ 'ਤੇ ਸੀ। ਕਰੋੜਸਿੰਘੀਆ ਮਿਸਲ ਦਾ ਰਾਜ ਹੁਸ਼ਿਆਰਪੁਰ, ਹਰਿਆਣਾ ਅਤੇ ਬਜਵਾੜਾ 'ਤੇ ਸੀ। ਇਸ ਤੋਂ ਇਲਾਵਾ, ਪਟਿਅਲਾ, ਨਾਭਾ, ਜੀਂਦ, ਸਰਹਿੰਦ (ਹੁਣ ਸਰਹਿੰਦ) ਜੋ, ਦਲ ਖ਼ਾਲਸਾ ਨੇ ਜਿੱਤ ਕੇ ਪਟਿਆਲਾ ਰਾਜਾ ਨੂੰ ਦਿੱਤਾ ਸੀ, ਅਤੇ ਕੈਥਲ, ਬੂੜੀਆ ਤੇ ਜੀਂਦ ਦੇ ਰਾਜੇ ਵੀ ਸਿੱਖ ਸਨ। ਸਿੱਖਾਂ ਨੇ ਸਾਰੇ ਪਾਸੇ ਆਪਣੇ ਫ਼ੌਜਦਾਰ, ਥਾਣੇਦਾਰ, ਦੀਵਾਨ, ਕਾਰਦਾਰ, ਜੱਜ ਤੇ ਦੂਜੇ ਅਹੁਦੇਦਾਰ ਲਾ ਦਿੱਤੇ ਸਨ (ਉਂਞ ਇਨ੍ਹਾਂ ਵਿੱਚੋਂ ਵਧੇਰੇ ਹਿੰਦੂ ਸਨ)।

ਯਾਨੀ ਜਮਨਾ ਤੋਂ ਜਿਹਲਮ ਤੱਕ ਦਾ ਤਕਰੀਬਨ ਸਾਰਾ ਇਲਾਕਾ ਹੀ, ਅਕਾਲ ਤਖ਼ਤ ਦੀ ਸਿਰਦਾਰੀ ਹੇਠ, ਸਿੱਖ ਮਿਸਲਾਂ ਕੋਲ ਸੀ। ਮਿਸਲਾਂ ਸਰਬਤ

ਖ਼ਾਲਸਾ ਦੇ ਨਾਂ ਹੇਠ ਹਕੂਮਤ ਕਰਦੀਆਂ ਸਨ। ਖ਼ਾਲਸਾ ਜੀ ਦਾ ਹਰ ਪਾਸੇ ਬੋਲ ਬਾਲਾ ਸੀ।

ਦਿੱਲੀ ਦੇ ਲਾਲ ਕਿਲ੍ਹੇ 'ਤੇ ਸਿੱਖਾਂ ਦਾ ਨੀਲਾ ਨਿਸ਼ਾਨ ਸਾਹਿਬ

ਦਿੱਲੀ ਦਰਬਾਰ ਦੀ ਕਮਜ਼ੋਰੀ ਤੇ ਸਾਜ਼ਸ਼ੀ ਮਾਹੌਲ ਦਾ ਸਿੱਖਾਂ ਨੇ ਫ਼ਾਇਦਾ ਉਠਾਉਂਦਿਆਂ 8 ਮਾਰਚ, 1783 ਦੇ ਦਿਨ ਦਿੱਲੀ 'ਤੇ ਹਮਲਾ ਕਰ ਦਿੱਤਾ।...... 9 ਮਾਰਚ 1783 ਦੇ ਦਿਨ ਸਿੱਖ ਫ਼ੌਜਾਂ ਨੇ ਤੋਪਾਂ ਨਾਲ ਕਿਲ੍ਹੇ ਦੀ ਕੰਧ ਦਾ ਇੱਕ ਹਿੱਸਾ ਉਡਾ ਦਿੱਤਾ ਤੇ ਇਸ ਮਘੋਰੇ (ਮੋਰੀ) ਰਾਹੀਂ ਉਹ ਕਿਲ੍ਹੇ ਵਿੱਚ ਦਾਖ਼ਿਲ ਹੋ ਗਏ। ਅੱਜ ਵੀ ਇਸ ਇਲਾਕੇ ਨੂੰ 'ਮੋਰੀ ਗੇਟ' ਕਹਿੰਦੇ ਹਨ। **ਸਿੱਖ ਫ਼ੌਜਾਂ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਬਘੇਲ ਸਿੰਘ, ਰਾਏ ਸਿੰਘ ਵਗ਼ੈਰਾ ਦੀ ਅਗਵਾਈ ਵਿੱਚ ਲਾਲ ਕਿਲ੍ਹਾ ਵਿੱਚ ਵੀ ਦਾਖ਼ਿਲ ਹੋ ਗਈਆਂ ਅਤੇ ਕਿਲ੍ਹੇ 'ਤੇ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਇਸ ਮੌਕੇ 'ਤੇ ਜਰਨੈਲਾਂ ਨੇ ਦਲ ਖ਼ਾਲਸਾ ਦਾ ਮੁਖੀ ਹੋਣ ਦੇ ਨਾਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬੈਠਣ ਵਾਸਤੇ ਕਿਹਾ ਪਰ ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਸਿੱਖਾਂ ਵਿੱਚ ਅਜਿਹੇ ਬਾਦਸ਼ਾਹ ਦਾ ਕੋਈ ਸਿਧਾਂਤ ਨਹੀਂ ਹੈ।**

ਕੁੱਝ ਚਿਰ ਮਗਰੋਂ ਹੀ ਉਨ੍ਹਾਂ ਨੂੰ ਬਾਦਸ਼ਾਹ ਨੇ ਦਿੱਲੀ ਦੀ ਚੁੰਗੀ ਵਿੱਚੋਂ ੬ ਆਨੇ (ਸਾਢੇ 37%) ਹਿੱਸੇ ਦੇਣੇ ਮੰਨ ਕੇ ਉਨ੍ਹਾਂ ਨੂੰ ਭੇਜ ਦਿੱਤਾ।...... ਇਸ ਦੇ ਨਾਲ ਹੀ ਸਿੱਖਾਂ ਨੇ ਦਿੱਲੀ ਵਿੱਚ ਗੁਰੂ ਸਾਹਿਬ ਨਾਲ ਸਬੰਧਤ ਥਾਵਾਂ 'ਤੇ ਯਾਦਗਾਰਾਂ ਬਨਾਉਣ ਵਾਸਤੇ ਜਗ੍ਹਾ ਵੀ ਲੈ ਲਈ। ਦਿੱਲੀ ਵਿਖੇ ਗੁਰਦਵਾਰਿਆਂ ਦੀ ਉਸਾਰੀ ਦੌਰਾਨ, ਦਿੱਲੀ ਦੀ ਕੋਤਵਾਲੀ ਸਿੱਖਾਂ ਦੇ ਅਧੀਨ ਰਹੀ" (ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼, ਸਫ਼ੇ 565-616)।

ਖ਼ਾਲਸਾ ਹਲੇਮੀ ਰਾਜ ਨੂੰ ਬਹਾਲ ਕਰਨ ਦਾ ਸੁਨਹਿਰੀ ਮੌਕਾ ਗਵਾਇਆ

ਸੰਨ 1770 ਦੇ ਆਸ-ਪਾਸ ਦਾ ਸਮਾਂ, ਸੰਨ 1716 ਵਿੱਚ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ, ਖੁੱਸ ਚੁੱਕੇ ਖ਼ਾਲਸਾ ਹਲੇਮੀ-ਰਾਜ ਨੂੰ ਬਹਾਲ ਕਰਨ ਲਈ ਬਹੁਤ ਹੀ ਢੁਕਵਾਂ ਸੀ। ਪਰ ਅਜਿਹਾ ਹੋ ਨਾ ਸਕਿਆ। ਕਿਉਂਕਿ ਦਲ ਖ਼ਾਲਸਾ ਦੇ ਜੱਥਿਆਂ ਦੇ ਲੀਡਰ, ਆਮ ਤੌਰ 'ਤੇ, ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨਾਲੋਂ ਟੁੱਟ ਚੁੱਕੇ ਸਨ। **ਜੇਕਰ ਉਸ ਵਕਤ ਸਿੱਖ ਮਿਸਲਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ 'ਤੇ ਅਮਲ ਕਰ ਕੇ ਤਿਆਗ, ਪ੍ਰਸਪਰ-ਪਿਆਰ ਅਤੇ ਸਮੁੱਚੀ ਮਨੁੱਖਤਾ ਦੇ ਭਲੇ ਦੇ ਸਿਧਾਂਤਾਂ ਨੂੰ ਧਿਆਨ ਵਿੱਚ ਰੱਖ ਕੇ ਬੰਦਾ ਸਿੰਘ ਬਹਾਦਰ ਵੱਲੋਂ 1710 ਵਿਚ ਕਾਇਮ ਕੀਤੇ ਖ਼ਾਲਸਾ**

ਹਲੇਮੀ ਰਾਜ ਦੇ ਮਾਡਲ ਦੀ ਤਰਜ਼ 'ਤੇ ਖ਼ਾਲਸਾ ਹਲੇਮੀ-ਰਾਜ ਬਹਾਲ ਕਰ ਦਿੱਤਾ ਹੁੰਦਾ ਤਾਂ ਸ਼ਾਇਦ ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤਾ ਲਾਸਾਨੀ ਇਨਕਲਾਬ ਵਿਕਾਸ ਕਰ ਕੇ ਅੱਜ ਤੱਕ ਸੰਸਾਰ ਦੇ ਕਾਫ਼ੀ ਹਿੱਸੇ ਵਿੱਚ ਫੈਲ ਚੁੱਕਿਆ ਹੁੰਦਾ।

ਗੁਰਦਵਾਰਾ ਪ੍ਰਬੰਧਕੀ ਸਿਸਟਮ

ਸੰਨ 1716 ਤੋਂ ਲੈ ਕੇ ਸੰਨ 1770- ਤੱਕ, ਦਲ ਖ਼ਾਲਸਾ ਦੇ ਜਥੇ ਵੱਧ ਤੋਂ ਵੱਧ ਇਲਾਕੇ ਆਜ਼ਾਦ ਕਰਵਾ ਕੇ ਸਿੱਖ ਕੌਮ ਦੀ ਹੋਂਦ ਨੂੰ ਬਚਾਉਣ ਲਈ ਹੀ ਰੁੱਝੇ ਰਹੇ ਅਤੇ ਗੁਰਦਵਾਰਾ ਪ੍ਰਬੰਧਕੀ ਸਿਸਟਮ ਨੂੰ ਗੁਰਮਤਿ ਫ਼ਲਸਫ਼ੇ ਅਨੁਸਾਰ ਕਾਰਜਸ਼ੀਲ ਕਰਨ ਲਈ ਕੇਂਦਰਤ ਨਾ ਹੋ ਸਕੇ।

ਗੁਰਦਵਾਰਿਆਂ 'ਤੇ ਕਾਬਜ਼ ਚਲੇ ਆ ਰਹੇ ਬਿਪਰਵਾਦੀ ਗੁਰਦਵਾਰਿਆਂ ਵਿੱਚੋਂ ਗੁਰਮਤਿ ਪ੍ਰਚਾਰ ਦੀ ਬਜਾਏ ਮੰਨੂਵਾਦ ਦਾ ਪ੍ਰਚਾਰ ਕਰਦੇ ਰਹੇ।

ਨਤੀਜਾ ਇਹ ਹੋਇਆ ਕਿ ਜਿੱਥੇ ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਕ ਫ਼ਲਸਫ਼ੇ ਤੋਂ ਟੁਟਦੀ ਚਲੀ ਗਈ, ਉੱਥੇ ਸਮਾਜ ਅੰਦਰ, ਗੁਰਮਤਿ ਪ੍ਰਚਾਰ ਦੀ ਘਾਟ ਕਾਰਨ, ਗੁਰਮਤਿ ਇਨਕਲਾਬ ਦਾ ਵਿਕਾਸ ਵੀ ਮੱਧਮ ਪੈਂਦਾ ਗਿਆ।

੪. ਲਾਸਾਨੀ (ਗੁਰਮਤਿ) ਇਨਕਲਾਬ ਨਿਵਾਣਾਂ ਵੱਲ ਨੂੰ

ਸੰਨ 1783-84 ਦੇ ਆਸ-ਪਾਸ, ਦਲ ਖ਼ਾਲਸਾ ਦੇ ਜਥਿਆਂ (11 ਮਿਸਲਾਂ) ਦੀ ਵਾਗਡੋਰ ਉਨ੍ਹਾਂ 'ਸਿੱਖ' ਆਗੂਆਂ ਦੇ ਹੱਥ ਆ ਗਈ, ਜਿਨ੍ਹਾਂ ਨੂੰ ਕੌਮ 'ਤੇ ਆਈ (ਉੱਪਰ ਵਰਣਨ ਕੀਤੀ) ਬਿਪਤਾ ਦੇ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਬਾਰੇ ਬੁਨਿਆਦੀ ਜਾਣਕਾਰੀ ਨਹੀਂ ਸੀ ਦਿੱਤੀ ਜਾ ਸਕੀ। ਇਨ੍ਹਾਂ ਗੁਰਮਤਿ-ਵਿਹੂਣੇ ਆਗੂਆਂ ਨੇ ਆਪੋ-ਆਪਣੀਆਂ ਮਿਸਲਾਂ ਨੂੰ ਆਪਣੇ ਪਿਓ-ਦਾਦੇ ਵੱਲੋਂ ਵਿਰਾਸਤ ਵਿੱਚ ਪ੍ਰਾਪਤ ਹੋਈਆਂ ਨਿੱਜੀ ਰਿਆਸਤਾਂ ਹੀ ਸਮਝ ਲਿਆ, ਅਤੇ ਇਨ੍ਹਾਂ ਮਿਸਲਾਂ ਵੱਲੋਂ ਖ਼ਾਲਸਾ ਹਲੇਮੀ ਰਾਜ ਦੀ ਬਹਾਲੀ ਲਈ ਆਜ਼ਾਦ ਕਰਵਾਏ ਇਲਾਕਿਆਂ ਨੂੰ ਇੱਕਠੇ ਕਰ ਕੇ ਇਸ ਹਲੇਮੀ-ਰਾਜ ਦੀ ਬਹਾਲੀ ਦਾ ਐਲਾਨ ਕਰਨ ਦੀ ਬਜਾਏ, ਇੱਕ-ਦੂਜੀ ਮਿਸਲ ਦੇ ਇਲਾਕੇ ਖੋਹ ਕੇ ਆਪੋ-ਆਪਣੀਆਂ ਮਿਸਲਾਂ ਦੇ ਅਧਿਕਾਰ ਵਾਲੇ ਇਲਾਕਿਆਂ ਵਿੱਚ ਵਾਧਾ ਕਰਨ ਲਈ, ਭਰਾ-ਮਾਰੂ ਜੰਗਾਂ ਵਿੱਚ ਉਲਝ ਗਏ। ਬੱਸ, ਇਥੋਂ ਹੀ ਗੁਰੂ ਨਾਨਕ ਸਾਹਿਬ ਵੱਲੋਂ ਆਰੰਭ ਕੀਤਾ ਲਾਸਾਨੀ ਇਨਕਲਾਬ, ਸੰਸਾਰ ਅੰਦਰ ਅੱਗੇ ਵਿਕਾਸ ਕਰਨ ਦੀ ਬਜਾਏ, ਗੁਰਮਤਿ ਗਾਡੀ-ਰਾਹ ਤੋਂ ਭਟਕ ਕੇ, ਦਿਸ਼ਾ-ਹੀਣ ਹੋ ਕੇ, ਨਿਵਾਣਾਂ ਵੱਲ ਨੂੰ ਹੋ ਤੁਰਿਆ। ਮਿਸਲਾਂ ਦੇ ਇਸ, ਆਪਸ-ਵਿੱਚ ਦੇ, ਗੁਰਮਤਿ-ਵਿਰੋਧੀ ਸੰਘਰਸ਼ ਵਿੱਚ, ਕਿਸਮਤ ਨੇ 19 ਸਾਲਾਂ ਦੇ ਨੌਜਵਾਨ, ਸ਼ੁਕਰਚੱਕੀਆ ਮਿਸਲ ਦੇ ਮੁਖੀ, ਰਣਜੀਤ ਸਿੰਘ ਦਾ ਸਾਥ ਦਿੱਤਾ ਅਤੇ ਉਹ ਦੂਜੀਆਂ ਮਿਸਲਾਂ ਦੇ ਬਹੁਤ ਸਾਰੇ ਇਲਾਕੇ ਖੋਹ ਕੇ, ਆਪਣਾ ਗੁਰਮਤਿ-ਵਿਰੋਧੀ ਸ਼ਖ਼ਸੀ-ਰਾਜ (ਸਿੱਖ ਰਾਜ ਦੇ ਨਾਂ 'ਤੇ) ਕਾਇਮ ਕਰਨ ਵਿੱਚ ਸਫ਼ਲ ਹੋ ਗਿਆ।

ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਗੁਰਦਵਾਰਾ ਪ੍ਰਬੰਧ

ਰਣਜੀਤ ਸਿੰਘ ਵੀ ਉਸੇ ਪੁਸ਼ਤ ਵਿੱਚੋਂ ਸੀ ਜਿਸ ਨੂੰ ਸਿੱਖ ਕੌਮ ਦੇ ਅਤਿ ਬਿਖੜੇ ਦਹਾਕਿਆਂ ਦੌਰਾਨ ਗੁਰਮਤਿ ਫ਼ਲਸਫ਼ੇ ਬਾਰੇ ਲੋੜੀਂਦੀ ਜਾਣਕਾਰੀ ਨਹੀਂ ਸੀ ਦਿੱਤੀ ਜਾ ਸਕੀ। ਉਹ ਆਪਣਾ ਜੱਦੀ-ਪੁਸ਼ਤੀ ਰਾਜ ਚਾਲੂ ਰੱਖਣਾ ਚਾਹੁੰਦਾ ਸੀ। ਇਸ ਲਈ ਉਸਨੇ ਹਰੀ ਸਿੰਘ ਨਲਵੇ ਅਤੇ ਅਕਾਲੀ ਫੂਲਾ ਸਿੰਘ ਵਰਗੇ ਸੁਹਿਰਦ ਸਿੱਖਾਂ ਨੂੰ ਕੋਈ ਮਹੱਤਵਪੂਰਨ ਰਾਜਸੀ ਅਹੁਦਾ ਨਾ ਦਿੱਤਾ ਅਤੇ ਉਨ੍ਹਾਂ ਨੂੰ ਦੂਰ-ਦੁਰਾਡੇ ਇਲਾਕੇ ਫਤਹਿ ਕਰਨ ਵਿੱਚ ਹੀ ਲਗਾਈ ਰੱਖਿਆ। ਗੁਰਦਵਾਰਿਆਂ 'ਤੇ ਬਿਪਰਵਾਦੀ (ਮਹੰਤ, ਉਦਾਸੀ ਤੇ ਨਿਰਮਲੇ) ਹੀ ਕਾਬਜ਼ ਰਹੇ ਅਤੇ ਆਪਣੀਆਂ ਗੁਰਮਤਿ-ਵਿਰੋਧੀ ਕਾਰਵਾਈਆਂ ਕਰਦੇ ਰਹੇ।

ਫ਼ਰੰਗੀਆਂ ਨੇ ਕੂਟਨੀਤਕ-ਚਲਾਕੀਆਂ ਨਾਲ ਰਣਜੀਤ ਸਿੰਘ ਦੇ ਰਾਜ 'ਤੇ ਕਬਜ਼ਾ ਕੀਤਾ

ਜੂਨ ਸੰਨ 1839 ਵਿੱਚ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ, ਫ਼ਰੰਗੀਆਂ ਨੇ, ਸਿੱਖ ਰਾਜ ਦੇ ਉੱਚ ਅਹੁਦਿਆਂ 'ਤੇ ਤਾਈਨਾਤ (ਪ੍ਰਧਾਨ ਮੰਤਰੀ, ਸਿੱਖ ਫ਼ੌਜ ਦਾ ਮੁਖੀ, ਆਦਿ) **ਗ਼ੱਦਾਰ ਡੋਗਰਿਆਂ (ਜੰਮੂ ਦੇ ਭਰਾ ਧਿਆਨ ਸਿੰਹੁ ਤੇ ਗੁਲਾਬ ਸਿੰਹੁ ਅਤੇ ਉਨ੍ਹਾਂ ਦੇ ਵਾਰਿਸ) ਅਤੇ ਪੂਰਬੀਏ ਬ੍ਰਾਹਮਣਾਂ (ਮਿਸ਼ਰ ਤੇਜ ਸਿਹੁੰ ਅਤੇ ਮਿਸ਼ਰ ਲਾਲ ਸਿਹੁੰ) ਨਾਲ ਸਾਜ਼-ਬਾਜ਼ ਕਰ ਕੇ, ਐਂਗਲੋ-ਸਿੱਖ ਵਾਰਜ਼' ਵਿੱਚ ਜਿੱਤੀਆਂ ਹੋਈਆਂ ਸਿੱਖ ਫ਼ੌਜਾਂ ਨੂੰ ਹਰਾ ਕੇ, ਮਾਰਚ ਸੰਨ 1849 ਵਿੱਚ ਰਣਜੀਤ ਸਿੰਘ ਦੇ ਰਾਜ ਨੂੰ ਅੰਗ੍ਰੇਜ਼ੀ ਸਾਮਰਾਜ ਵਿੱਚ ਸ਼ਾਮਿਲ ਕਰ ਲਿਆ।** ਇਸ ਦੇ ਨਾਲ ਹੀ ਗੁਰਮਤਿ-ਇਨਕਲਾਬ ਨੂੰ ਕਮਜ਼ੋਰ ਕਰਨ ਲਈ ਪੰਜਾਬ ਰਾਜ ਦੇ ਇਤਿਹਾਸਕ ਗੁਰਦਵਾਰਿਆਂ ਦੀਆਂ ਜ਼ਮੀਨਾਂ ਦੇ ਪੱਟੇ ਪੱਕੇ ਤੌਰ 'ਤੇ ਮਹੰਤਾਂ, ਨਿਰਮਲਿਆਂ ਤੇ ਉਦਾਸੀਆਂ ਦੇ ਨਾਂ ਲਿਖ ਦਿੱਤੇ ਗਏ ਤਾਕਿ ਪੰਜਾਬ ਵਿੱਚੋਂ ਸਿੱਖੀ ਨੂੰ ਖ਼ਤਮ ਹੀ ਕਰ ਦਿੱਤਾ ਜਾਵੇ।

ਸਿੱਖ ਕੌਮ ਦਾ ਫ਼ਰੰਗੀਆਂ ਦੀ ਗ਼ੁਲਾਮੀ 'ਚੋਂ ਆਜ਼ਾਦੀ ਲਈ ਪਹਿਲਾ ਸੰਘਰਸ਼

ਸਿੱਖ ਕੌਮ ਨੇ ਸੰਨ 1849 ਵਿੱਚ ਹੀ, ਭਾਈ ਮਹਾਰਾਜ ਸਿੰਘ ਦੀ ਅਗਵਾਈ ਹੇਠ, ਅੰਗ੍ਰੇਜ਼ੀ ਸਾਮਰਾਜ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ, ਹਥਿਆਰਬੰਦ ਸੰਘਰਸ਼ ਦੀ ਰੂਪ-ਰੇਖਾ ਤਿਆਰ ਕੀਤੀ ਅਤੇ ਪੰਜਾਬ ਦੀ ਸਿੱਖ ਵਸੋਂ ਨੂੰ ਜਥੇਬੰਦ ਕਰਨ ਦੇ ਯਤਨ ਅਰੰਭ ਦਿੱਤੇ। **ਪਰ ਇਹ ਸੰਘਰਸ਼, ਸ਼ੁਰੂ ਹੋਣ ਤੋਂ ਪਹਿਲਾਂ ਹੀ, ਭਾਈ ਮਹਾਰਾਜ ਸਿੰਘ, ਆਪਣੇ ਪ੍ਰਮੁੱਖ ਸਾਥੀਆਂ ਸਮੇਤ, ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਨੂੰ ਜਲਾਵਤਨ ਕਰ ਕੇ ਸਿੰਗਾਪੁਰ ਵਿੱਚ ਇੱਕ ਹਨ੍ਹੇਰੀ ਕਾਲ-ਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਅੰਗਰੇਜ਼ਾਂ ਦੀ ਸਾਜਿਸ਼ ਅਧੀਨ ਉਹ, ਕੁੱਝ ਸਮੇਂ ਬਾਅਦ, ਉਸੇ ਕਾਲ-ਕੋਠੜੀ ਵਿੱਚ ਅਕਾਲ ਚਲਾਣਾ ਕਰ ਗਏ।** ਇਸੇ ਦੌਰਾਨ, ਕੌਮ ਦੀ ਆਜ਼ਾਦੀ ਲਈ ਮਹਾਰਾਣੀ ਜਿੰਦ ਕੌਰ ਅਤੇ ਜੁਵਰਾਜ ਦਲੀਪ ਸਿੰਘ ਨੇ ਵੀ ਸਿੱਖ ਕੌਮ ਨੂੰ ਜਥੇਬੰਦ ਕਰ ਕੇ, ਅੰਗਰੇਜ਼ਾਂ ਤੋਂ ਆਪਣਾ ਖੁੱਸਿਆ ਰਾਜ ਵਾਪਸ ਲੈਣ ਲਈ, ਪੂਰੀ ਵਾਹ ਲਾਈ। ਆਜ਼ਾਦੀ ਲਈ, ਭਾਈ ਰਾਮ ਸਿੰਘ ਦੀ ਅਗਵਾਈ ਹੇਠ ਕੂਕਾ-ਲਹਿਰ ਵੀ ਚੱਲੀ, ਪਰ ਕੁੱਝ ਵੀ ਕੌਮ ਦੇ ਹੱਥ-ਪੱਲੇ ਨਾ ਆਇਆ।

ਫ਼ਰੰਗੀਆਂ ਦੀ ਸਿੱਖ ਕੌਮ ਨੂੰ ਖ਼ਤਮ ਕਰਨ ਦੀ ਸਾਜਿਸ਼

"ਰਣਜੀਤ ਸਿੰਘ ਦੀ ਹਕੂਮਤ ਨੂੰ ਅੰਗਰੇਜ਼ ਬੜੀ ਕੈਰੀ ਨਿਗਾਹ ਨਾਲ ਵੇਖਦੇ ਸਨ। ਸੰਨ 1845-49 ਵਿੱਚ ਉਨ੍ਹਾਂ ਦਾ ਇਰਾਦਾ ਰਣਜੀਤ ਸਿੰਘ ਨੂੰ ਹਰਾਉਣ ਦਾ

ਨਹੀਂ, ਬਲਕਿ ਇਸ ਮੁਲਕ ਦੀ ਹੋਂਦ ਨੂੰ ਖ਼ਤਮ ਕਰਨ ਤੇ ਇਸ ਦੇ (ਰਣਜੀਤ ਸਿੰਘ ਦੇ) ਖ਼ਾਨਦਾਨ ਨੂੰ ਖ਼ਤਮ ਕਰਨ ਦਾ ਸੀ"। (ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼, ਸਫ਼ਾ 688)।

ਪੰਜਾਬ 'ਤੇ ਕਬਜ਼ਾ ਕਰ ਕੇ ਅੰਗਰੇਜ਼ੀ ਸਾਮਰਾਜ ਨੇ ਸਿੱਖ ਫ਼ੌਜ ਨੂੰ ਅਤੇ ਸਿੱਖਾਂ ਵੱਲੋਂ ਉਸਾਰੇ ਕਿਲ੍ਹਿਆਂ ਨੂੰ ਖ਼ਤਮ ਕਰ ਦਿੱਤਾ, ਈਸਾਈ-ਮੱਤ ਦਾ ਪ੍ਰਚਾਰ, ਪਾਦਰੀਆਂ ਰਾਹੀਂ, ਬੜੇ ਹੀ ਜ਼ੋਰ-ਸ਼ੋਰ ਨਾਲ ਸ਼ੁਰੂ ਕਰਵਾ ਦਿੱਤਾ। ਰਣਜੀਤ ਸਿੰਘ ਦੇ ਵਾਰਿਸ ਪੁੱਤਰ ਦਲੀਪ ਸਿੰਘ ਨੂੰ, ਆਪਣੀ ਮਾਂ ਜਿੰਦ ਕੌਰ ਤੋਂ ਅਲੱਗ ਰੱਖ ਕੇ, ਛੋਟੀ ਉਮਰ (ਤਕਰੀਬਨ 13 ਸਾਲ) ਵਿੱਚ ਹੀ ਧੋਖੇ ਨਾਲ ਈਸਾਈ ਬਣਾ ਕੇ ਇੰਗਲੈਂਡ ਭੇਜ ਦਿੱਤਾ। ਪੰਜਾਬ ਵਿੱਚ ਥਾਂ-ਪੁਰ ਥਾਂ, ਈਸਾਈ ਮਿਸ਼ਨ ਕੇਂਦਰ' ਖੋਲ੍ਹ ਦਿੱਤੇ। ਈਸਾਈ-ਮੱਤ ਧਾਰਨ ਕਰਨ ਵਾਲਿਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਅਤੇ ਸਰਕਾਰੀ ਨੌਕਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। "ਇਹੀ ਗੱਲ 1947 ਤੋਂ ਬਾਅਦ, ਭਾਰਤ ਦੀ ਹਕੂਮਤ ਹਿੰਦੂ ਆਗੂਆਂ ਦੇ ਹੱਥ ਆਉਣ ਵੇਲੇ ਹੋਈ ਸੀ। ਉਦੋਂ ਵੀ ਬਹੁਤ ਸਾਰੇ ਕਮਜ਼ੋਰ ਤੇ ਬੁਜ਼ਦਿਲ ਸਿੱਖ, ਨੌਕਰੀਆਂ ਅਤੇ ਅਹੁਦਿਆਂ ਦੇ ਲਾਲਚ ਵਿੱਚ ਪਤਿਤ ਹੋ ਗਏ ਸਨ। ਇਹੀ ਗੱਲ ਫਿਰ 1977-78 ਵਿੱਚ ਦੁਹਰਾਈ ਗਈ ਜਦ ਸੈਂਟਰ ਦੀ ਜਨਤਾ ਸਰਕਾਰ ਦੇ ਵਿਚਲੇ ਫ਼ਿਰਕੂ ਹਿੰਦੂ ਅੰਸਰਾਂ ਨੇ ਬਹੁਤ ਸਾਰੇ ਕਮਜ਼ੋਰ ਤੇ ਬੁਜ਼ਦਿਲ ਸਿੱਖਾਂ ਨੂੰ ਨੌਕਰੀਆਂ ਤੇ ਤਰੱਕੀਆਂ ਦੇ ਕੇ, ਨਿਰੰਕਾਰੀਆਂ, ਰਾਧਾ-ਸੁਆਮੀਆਂ ਤੇ ਸਿਰਸੇ ਡੇਰੇ ਵਾਲੇ ਨਾਲ ਜੋੜਿਆ (.........ਰਣਜੀਤ ਸਿੰਘ ਵੇਲੇ ਸਿੱਖਾਂ ਦੀ ਗਿਣਤੀ 80 ਲੱਖ ਅਤੇ ਇੱਕ ਕਰੋੜ ਦੇ ਵਿਚਕਾਰ ਸੀ, ਜਿਹੜੀ 1861 ਵਿੱਚ ਘਟ ਕੇ, 11 ਲੱਖ 41 ਹਜ਼ਾਰ 848 ਰਹਿ ਗਈ।......... **1846 ਵਿੱਚ ਪੰਜਾਬ 'ਤੇ ਤਕਰੀਬਨ ਅੱਧਾ ਕਬਜ਼ਾ ਹੋ ਜਾਣ ਮਗਰੋਂ ਵੀ ਅੰਗਰੇਜ਼ਾਂ ਨੇ ਸਿੱਖਾਂ ਬਾਰੇ ਬਹੁਤ ਕਿਤਾਬਾਂ ਲਿਖਵਾਈਆਂ।......... ਅੰਗਰੇਜ਼ਾਂ ਵੱਲੋਂ ਤਿਆਰ ਕਰਵਾਈਆਂ ਗਈਆਂ ਜਾਂ ਕੁੱਝ ਅੰਗਰੇਜ਼ਾਂ ਵੱਲੋਂ ਆਪਣੇ ਤੌਰ 'ਤੇ ਲਿਖੀਆਂ ਗਈਆਂ ਕਿਤਾਬਾਂ ਵਿੱਚੋਂ ਸਾਫ਼ ਪਤਾ ਲੱਗ ਜਾਂਦਾ ਹੈ ਕਿ ਸਰਕਾਰ ਸਿੱਖਾਂ ਬਾਰੇ ਇੱਕ ਪਾਸੇ ਤਾਂ ਡੂੰਘੀ ਜਾਣਕਾਰੀ ਹਾਸਿਲ ਕਰਨ ਵਾਸਤੇ ਅਤੇ ਦੂਜਾ ਸਿੱਖਾਂ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਨ ਦੀ ਸੋਚ ਨਾਲ ਕਿਤਾਬਾਂ ਲਿਖਵਾ ਰਹੀ ਸੀ। ਅੰਗਰੇਜ਼ ਸਿੱਖਾਂ ਦੀ ਤਵਾਰੀਖ਼ ਅਤੇ ਫ਼ਲਸਫ਼ੇ ਨੂੰ ਉਲਟ-ਪੁਲਟ, ਵੱਖ-ਵੱਖ ਪੇਸ਼ ਕਰ ਕੇ ਉਨ੍ਹਾਂ ਵਿੱਚ ਉਲਝਣ, ਭੁਲੇਖਾ ਅਤੇ ਦੁਚਿੱਤੀ ਪੈਦਾ ਕਰ ਕੇ ਉਨ੍ਹਾਂ ਨੂੰ ਈਸਾਈਅਤ ਵੱਲ ਟੋਰਨਾ ਚਾਹੁੰਦੇ ਸਨ। ਉਨ੍ਹਾਂ ਨੇ ਮਾਲਕਮ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਇੱਕ ਹੋਰ ਗ੍ਰੰਥ (ਬਚਿੱਤ੍ਰ ਨਾਟਕ, ਹੁਣ ਅਖੌਤੀ ਦਸਮ ਗ੍ਰੰਥ) ਹੋਣ ਦਾ ਪ੍ਰਚਾਰ ਕਰ ਕੇ ਸਿੱਖਾਂ ਨੂੰ ਉਲਝਣ ਵਿੱਚ ਪਾਇਆ,ਜੋ ਅੱਜ ਵੀ ਉਵੇਂ ਹੀ ਕਾਇਮ ਹੈ। ਉਨ੍ਹਾਂ ਨੇ ਆਪਣੇ ਏਜੰਟਾਂ ਰਾਹੀਂ 'ਸਿੱਖ ਹਿੰਦੂ ਹਨ' ਵਰਗੀਆਂ ਕਿਤਾਬਾਂ**

ਲਿਖਵਾਈਆਂ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦੇ ਜਵਾਬ ਵਿੱਚ 'ਹਮ ਹਿੰਦੂ ਨਹੀਂ' ਲਿਖ ਕੇ ਇਨ੍ਹਾਂ ਨੂੰ ਰੱਦ ਕੀਤਾ।

ਅੰਗਰੇਜ਼ਾਂ ਨੇ ਨਿਰਮਲੇ ਤੇ ਉਦਾਸੀਆਂ ਨੂੰ ਵਧੇਰੇ 'ਸਿੱਕੇਬੰਦ' ਸਿੱਖ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।........ ਅੰਗਰੇਜ਼ਾਂ ਨੇ ਤਾਂ ਗੁਰੂ ਨਾਨਕ ਸਾਹਿਬ ਨੂੰ ਵੀ ਕਬੀਰ ਜੀ ਦਾ ਚੇਲਾ ਸਾਬਤ ਕਰਨ ਦੀ ਨਾਕਾਮ ਕੋਸ਼ਿਸ਼ ਵੀ ਕੀਤੀ (ਹਾਲਾਂਕਿ ਭਗਤ ਕਬੀਰ ਤੇ ਬਾਬਾ ਰਵਿਦਾਸ ਨੇ 1508 ਵਿੱਚ ਗੁਰੂ ਨਾਨਕ ਸਾਹਿਬ ਦੀ ਬਨਾਰਸ ਫੇਰੀ ਵੇਲੇ ਉਨ੍ਹਾਂ ਨੂੰ ਆਪਣਾ 'ਗੁਰੂ' ਧਾਰਿਆ ਸੀ)।.........

ਪਰ ਇਨ੍ਹਾਂ ਸਾਜਿਸ਼ੀ ਲਿਖਤਾਂ ਦੇ ਮੁਕਾਬਲੇ ਵਿੱਚ ਕਨਿੰਘਮ (1846) ਤੇ ਮੈਕਾਲਿਫ਼ (1905) ਨੇ ਵੱਧ ਤੋਂ ਵੱਧ ਸੱਚ ਲਿੱਖਣ ਦੀ ਕੋਸ਼ਿਸ਼ ਕੀਤੀ ਤੇ ਨਤੀਜੇ ਦੇ ਤੌਰ 'ਤੇ ਕਨਿੰਘਮ ਨੂੰ ਤਾਂ ਸਰਕਾਰ ਦੀ ਨੌਕਰੀ ਤੋਂ ਬਰਤਰਫ਼ੀ ਦਾ ਇਨਾਮ ਵੀ ਹਾਸਿਲ ਹੋਇਆ ਸੀ। .... **ਅੰਗਰੇਜ਼ਾਂ ਨੇ ਸਿੱਖਾਂ ਵਿੱਚ ਨਵੇਂ 'ਟੋਲੇ' ਪੈਦਾ ਕਰਨੇ ਸ਼ੁਰੂ ਕਰ ਦਿੱਤੇ। ਨਿਰਮਲੇ, ਉਦਾਸੀ, ਬੇਦੀ, ਸੋਢੀ, ਭੱਲੇ ਵਗ਼ੈਰਾ ਸਰਕਾਰ ਦੀ ਸਰਪ੍ਰਸਤੀ ਵਾਲੇ ਲੋਕ ਸਨ।** 1920 ਤੋਂ ਮਗਰੋਂ ਕੂਕੇ (ਹੁਣ ਨਾਮਧਾਰੀ) ਵੀ ਅੰਗਰੇਜ਼ਾਂ ਦੀਆਂ ਹਦਾਇਤਾਂ ਮੁਤਾਬਿਕ ਚੱਲੇ ਅਤੇ ਉਨ੍ਹਾਂ ਨੇ ਗੁਰੂ-ਡੰਮ ਖੜ੍ਹਾ ਕਰ ਲਿਆ। ਅੰਗਰੇਜ਼ਾਂ ਨੇ ਕੁਰੱਪਟ ਸਰਬਰਾਹ ਅਤੇ ਮਹੰਤ ਗੁਰਦਵਾਰਿਆਂ ਦੇ, ਇੱਕ ਤਰ੍ਹਾਂ ਨਾਲ, ਮਾਲਿਕ ਬਣਾ ਕੇ ਇਨ੍ਹਾਂ ਅਦਾਰਿਆਂ ਵਿੱਚ ਹਿੰਦੂ ਬੁੱਤ-ਪੂਜਾ, ਵਿਭਚਾਰ, ਕੁਰੱਪਸ਼ਨ, ਕਰਮ-ਕਾਂਡ ਵਗ਼ੈਰਾ ਨੂੰ ਉਤਸ਼ਾਹਿਤ ਕੀਤਾ।

ਇੰਞ ਹੀ ਅੰਗਰੇਜ਼ਾਂ ਨੇ ਫ਼ੌਜ 'ਚੋਂ ਰੀਟਾਇਰ ਹੋਏ ਜਾਂ ਨਾਵਾਂ ਕਟਵਾ ਕੇ ਆਏ ਜਾਂ ਆਪ ਭੇਜੇ ਹੋਏ ਸਾਧਾਂ ਦਾ ਟੋਲਾ ਖੜ੍ਹਾ ਕਰਨਾ ਸ਼ੁਰੂ ਕਰ ਦਿੱਤਾ ਜਾਂ ਉਨ੍ਹਾਂ ਨੂੰ 'ਸੰਤ' ਆਖ ਕੇ ਉਚਿਆਉਣਾ (ਪਰੋਮੋਟ ਕਰਨਾ) ਸ਼ੁਰੂ ਕਰ ਦਿੱਤਾ। 1850 ਤੋਂ 1930 ਤੱਕ ਅੰਗਰੇਜ਼ਾਂ ਨੇ ਬਹੁਤ ਸਾਰੇ ਸਾਧ ਖੜ੍ਹੇ ਕੀਤੇ ਸਨ ਜਾਂ ਉਨ੍ਹਾਂ ਨੂੰ ਸਰਪ੍ਰਸਤੀ ਦਿੱਤੀ ਸੀ।....... ਸਨਾਤਨ ਸਭਾ ਤੇ ਆਰੀਆ ਸਮਾਜ ਅੰਗਰੇਜ਼ਾਂ ਦੀ ਹੀ ਦੇਣ ਹਨ। ਭਾਵੇਂ ਇਹ ਦੋਵੇਂ ਅੱਡ-ਅੱਡ ਸਨ ਪਰ ਸਰਕਾਰ ਦੋਹਾਂ ਨੂੰ ਹੀ ਸਿੱਖਾਂ ਦੇ ਖਿਲਾਫ਼ ਵਰਤਦੀ ਸੀ।......

1920-25 ਦੀ ਅਕਾਲੀ ਲਹਿਰ ਵੇਲੇ ਵੀ ਅੰਗਰੇਜ਼ਾਂ ਨੇ ਕੁਝ ਅਕਾਲੀ ਆਗੂ ਖ਼੍ਰੀਦ ਕੇ ਉਨ੍ਹਾਂ ਰਾਹੀਂ ਪੰਥ ਵਿੱਚ ਫ਼ੁੱਟ ਪਾਉਣ ਦੀਆਂ 'ਸੰਜੀਦਾ' ਕੋਸ਼ਿਸ਼ਾਂ ਕੀਤੀਆਂ। ਜੋ ਲੋਕ ਖ਼੍ਰੀਦੇ ਨਹੀਂ ਜਾ ਸਕਦੇ ਸਨ, ਉਨ੍ਹਾਂ ਨੂੰ ਹੋਰ ਕਈ ਤ੍ਰੀਕਿਆਂ ਨਾਲ ਮਸ਼ਹੂਰੀ, ਮਾਹੌਲ ਅਤੇ ਮੁਕਾਮ ਮੁਹੱਈਆ ਕਰ ਕੇ ਸੀਨੀਅਰ ਆਗੂ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜੋ 1947 ਤੋਂ ਮਗਰੋਂ ਕਾਂਗਰਸ ਤੇ ਆਰ.ਐਸ.ਐਸ. ਨੇ ਵੀ ਦੁਹਰਾਇਆ। **ਅੱਜ ਵੀ ਬਹੁਤੇ ਅਕਾਲੀ' ਤੇ ਹੋਰ ਸਿੱਖ**

ਆਗੂ ਅਜਿਹੀਆਂ ਏਜੰਸੀਆਂ ਦੀਆਂ ਹਦਾਇਤਾਂ ਹੇਠ ਚਲਦੇ ਹਨ" (ਉਪਰੋਕਤ: ਸਫ਼ੇ 695-99)।

ਫ਼ਰੰਗੀਆਂ ਦੀ ਸਾਜਿਸ਼ ਅਧੀਨ, ਗੁਰਦਵਾਰੇ ਬਿਪਰਵਾਦੀਆਂ ਦੀਆਂ ਨਿੱਜੀ ਜਾਇਦਾਦਾਂ ਬਣੇ

ਪੰਜਾਬ ਵਿੱਚ ਅੰਗਰੇਜ਼ ਦੇ ਕਬਜ਼ੇ ਦੌਰਾਨ, ਨਨਕਾਣਾ ਸਾਹਿਬ ਅਤੇ ਹੋਰ ਅਹਿਮ ਇਤਿਹਾਸਕ ਗੁਰਦਵਾਰੇ, ਅੰਗਰੇਜ਼ਾਂ ਦੀ ਸ਼ਹਿ ਅਤੇ ਮਿਲੀ-ਭੁਗਤ ਨਾਲ, ਸਿੱਖੀ ਦੇ ਦੁਸ਼ਮਣ ਮਹੰਤਾਂ, ਨਿਰਮਲਿਆਂ ਤੇ ਉਦਾਸੀਆਂ ਦੀਆਂ ਨਿੱਜੀ ਮਲਕੀਅਤਾਂ ਵਿੱਚ ਬਦਲ ਦਿੱਤੇ ਗਏ। ਸਰਕਾਰੀ ਰੀਕਾਰਡਜ਼ ਵਿੱਚ ਵੀ ਇਹ, ਇਨ੍ਹਾਂ ਦੁਸ਼ਟਾਂ ਦੀਆਂ, ਨਿੱਜੀ ਜਾਇਦਾਦਾਂ ਬਣਾ ਦਿੱਤੇ ਗਏ।

ਇਸ ਤਰ੍ਹਾਂ, ਸਿੱਖ ਮਿਸਲਾਂ ਦੇ ਸਮੇਂ, ਰਣਜੀਤ ਸਿੰਘ ਦੇ ਰਾਜ ਸਮੇਂ ਅਤੇ ਅੰਗਰੇਜ਼ਾਂ ਦੇ ਪੰਜਾਬ 'ਤੇ ਰਾਜ-ਕਾਲ ਦੌਰਾਨ (ਸੰਨ 1716 ਤੋਂ 1873 ਤੱਕ), ਗੁਰਮਤਿ ਇਨਕਲਾਬ ਦੀ ਸਭ ਤੋਂ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਸਥਾਨਕ ਸੰਸਥਾ 'ਗੁਰਦਵਾਰਾ' ਨੂੰ ਗੁਰਮਤਿ ਜੁਗਤਿ ਅਨੁਸਾਰ ਕਾਰਜਸ਼ੀਲ ਕਰਨ ਲਈ ਕੋਈ ਜ਼ਿਕਰਯੋਗ ਉਪਰਾਲਾ ਨਾ ਕੀਤਾ ਜਾ ਸਕਿਆ। ਅਜਿਹਾ ਨਾ ਹੋ ਸਕਣ ਦੇ ਹੇਠ ਲਿਖੇ ਕਾਰਨ ਨਜ਼ਰੀਂ ਪੈ ਰਹੇ ਹਨ:

(ੳ) ਸਿੱਖ ਕੌਮ ਦਾ ਵੱਡਾ ਹਿੱਸਾ, ਉੱਪਰ ਵਰਣਨ ਕੀਤੇ ਇਤਿਹਾਸਕ ਕਾਰਨਾਂ ਕਰ ਕੇ, ਇਨਕਲਾਬੀ ਗੁਰਮਤਿ ਫ਼ਲਸਫ਼ੇ 'ਤੇ ਆਧਾਰਤ ਲਾਸਾਨੀ ਗੁਰਮਤਿ ਇਨਕਲਾਬ ਦੇ ਮਿਸ਼ਨ ਤੋਂ ਹੀ ਭਟਕ ਚੁੱਕਾ ਸੀ।

(ਅ) ਗੁਰਦਵਾਰਿਆਂ 'ਤੇ ਕਾਬਜ਼ ਮਨੂੰਵਾਦੀ ਵਿਚਾਰਧਾਰਾ ਦੇ ਹਮਾਇਤੀ (ਉਦਾਸੀ, ਨਿਰਮਲੇ ਤੇ ਮਹੰਤ), ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗੁਰਮਤਿ ਇਨਕਲਾਬ ਦੇ ਵਿਕਾਸ ਨੂੰ ਰੋਕਣ ਲਈ ਪੂਰੀ ਵਾਹ ਲਾਉਂਦੇ ਆ ਰਹੇ ਸਨ।

(ੲ) ਪੰਜਾਬ ਦੇ ਰਾਜਭਾਗ 'ਤੇ ਕਾਬਜ਼ ਹੋਏ ਫ਼ਰੰਗੀ, ਗੁਰਮਤਿ ਸਿਧਾਂਤ, ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਨੂੰ ਤਹਿਸ-ਨਹਿਸ ਕਰਨ ਲਈ, ਸਾਜਿਸ਼ੀ ਕਾਰਵਾਈਆਂ ਕਰਦੇ ਆ ਰਹੇ ਸਨ।

ਇਸ ਤਰ੍ਹਾਂ, ਸੰਨ 1780 ਦੇ ਆਸ-ਪਾਸ ਤੋਂ ਗੁਰਮਤਿ ਲੀਹਾਂ ਤੋਂ ਲੱਥਾ ਹੋਇਆ ਗੁਰਮਤਿ ਇਨਕਲਾਬ ਦਿਸ਼ਾਹੀਣ ਹੋ ਕੇ ਹੋਰ ਮੱਧਮ ਪੈਂਦਾ ਗਿਆ।

੫. ਗੁਰਮਤਿ ਇਨਕਲਾਬ ਦੀ ਪੁਨਰ-ਸੁਰਜੀਤੀ ਅਤੇ ਫ਼ਰੰਗੀਆਂ ਦੀ ਗ਼ੁਲਾਮੀ 'ਚੋਂ ਆਜ਼ਾਦੀ ਲਈ ਦੂਜਾ ਸੰਘਰਸ਼

ਗੁਰੂ ਸਿੰਘ ਸਭਾ ਲਹਿਰ - ਗੁਰਦਵਾਰੇ ਆਜ਼ਾਦ ਕਰਵਾਏ

ਖ਼ਾਲਸਾ ਕੌਮ ਦੀ ਹਾਲਤ ਵਿਚ ਦਿਨੋ-ਦਿਨ ਆ ਰਹੇ ਸਰਬਪੱਖੀ ਨਿਘਾਰ ਨੇ ਕੌਮ ਦੀਆਂ ਕੁੱਝ ਕੁ ਜਾਗਦੀ ਜ਼ਮੀਰ ਵਾਲੀਆਂ ਰੂਹਾਂ ਦੀ ਨੀਂਦ ਹਰਾਮ ਕਰ ਰੱਖੀ ਸੀ। 1873 ਵਿੱਚ ਇੱਕ ਡਰਾਮਈ ਘਟਨਾ ਘਟੀ। ਅੰਮ੍ਰਿਤਸਰ ਮਿਸ਼ਨ ਸਕੂਲ ਵਿੱਚ ਪੜ੍ਹ ਰਹੇ ਚਾਰ ਸਿੱਖ ਬੱਚਿਆਂ (ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ ਤੇ ਆਇਆ ਸਿੰਘ) ਨੇ ਐਲਾਨ ਕਰ ਦਿੱਤਾ ਕਿ ਉਹ ਈਸਾਈ ਮੱਤ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਵੀ ਭਾਵੇਂ ਦੋ ਰਾਜ-ਘਰਾਣਿਆਂ ਦੇ ਬੱਚੇ (ਦਲੀਪ ਸਿਘ ਤੇ ਹਰਨਾਮ ਸਿੰਘ, ਕਪੂਰਥਲਾ) ਈਸਾਈ ਬਣ ਚੁੱਕੇ ਸਨ, ਪਰ ਹੋਰ ਅਖੌਤੀ ਉਂਚੇ ਖ਼ਾਨਦਾਨਾਂ ਵਿੱਚੋਂ, ਕੋਈ ਵੀ ਈਸਾਈ ਨਹੀਂ ਸੀ ਬਣਿਆ। ਖ਼ੈਰ, ਕੁੱਝ ਕੁ ਸਰਗਰਮ ਸਿੱਖਾਂ ਨੇ ਇਨ੍ਹਾਂ ਬੱਚਿਆਂ ਨੂੰ ਸਮਝਾ-ਬੁਝਾ ਕੇ ਇਸ ਗੁਰਮਤਿ- ਵਿਰੋਧੀ ਹਰਕਤ ਤੋਂ ਰੋਕ ਲਿਆ। **ਸੰਨ 1873 ਵਿੱਚ ਕੁੱਝ ਕੁ ਵੀਰਾਂ, ਜਿਨ੍ਹਾਂ ਵਿੱਚ ਪ੍ਰੋਫੈਸਰ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਦੇ ਨਾਮ ਵਰਣਨਯੋਗ ਹਨ, ਨੇ ਇਕੱਠੇ ਹੋ ਕੇ, ਕੌਮ ਦੀ ਵਿਗੜ ਰਹੀ ਹਾਲਤ ਨੂੰ ਸੁਧਾਰਨ ਲਈ ਦੀਰਘ ਵੀਚਾਰਾਂ ਕੀਤੀਆਂ। ਜਿਸ ਦੇ ਫਲਸਰੂਪ ਗੁਰਮਤਿ ਇਨਕਲਾਬ ਨੂੰ ਪੁਨਰ-ਸੁਰਜੀਤ ਕਰਨ ਲਈ 'ਸਿੰਘ ਸਭਾ ਲਹਿਰ' ਹੋਂਦ ਵਿੱਚ ਆਈ। ਇਨ੍ਹਾਂ ਨੇ ਆਪਣਾ ਕੌਮੀ ਅਖ਼ਬਾਰ ਕੱਢਿਆ ਅਤੇ ਜਥੇਬੰਦਕ ਢੰਗ ਨਾਲ ਪ੍ਰਚਾਰ ਕਰ ਕੇ, ਗੁਰਮਤਿ ਫ਼ਲਸਫ਼ੇ, ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਵਿੱਚੋਂ, ਬਿਪਰਵਾਦੀਆਂ ਵੱਲੋਂ ਸਿੱਖੀ ਦਾ ਭਗਵਾਂਕਰਨ ਕਰਨ ਦੀ ਡੂੰਘੀ ਸਾਜਿਸ਼ ਅਧੀਨ ਮਿਲਾਈ ਗਈ ਖ਼ੋਟ ਨੂੰ ਕੱਢਣ ਲਈ ਕਮਰਕੱਸੇ ਕਰ ਲਏ।** ਇਹ ਉਹ ਸਮਾਂ ਸੀ ਜਦੋਂ, ਅੰਗ੍ਰੇਜ਼ਾਂ ਦੀ ਸਰਪ੍ਰਸਤੀ ਅਧੀਨ, ਇੱਕ ਗੁਜਰਾਤੀ 'ਸਾਧੂ' ਦਇਆ ਰਾਮ ਨੇ ਪੰਜਾਬ ਵਿੱਚ ਆ ਕੇ ਆਰੀਆ ਸਮਾਜ ਦਾ ਮੁੱਢ ਬੰਨ੍ਹਿਆ। ਸਿੱਖ ਕੌਮ ਨੂੰ ਭੁਲੇਖੇ ਵਿੱਚ ਰੱਖਣ ਲਈ ਇਸ ਸ਼ਾਤਰ ਸਾਧ ਨੇ 'ਇੱਕ ਈਸ਼ਵਰਵਾਦ' ਦੇ ਸਿਧਾਂਤ ਦੀਆਂ ਗੱਲਾਂ ਕੀਤੀਆਂ ਅਤੇ ਜ਼ਾਤ-ਪਾਤ ਦਾ ਵੀ ਵਿਰੋਧ ਕੀਤਾ। ਇਸ ਕਰ ਕੇ, ਸ਼ੁਰੂ-ਸ਼ੁਰੂ ਵਿੱਚ ਇਸ ਨੂੰ ਸਿੱਖਾਂ ਦੀ ਹਮਾਇਤ ਵੀ ਹਾਸਿਲ ਹੋਈ। ਪਰ ਛੇਤੀ ਹੀ ਇਸ ਨੇ ਵੇਦਾਂ ਨੂੰ ਈਸ਼ਵਰੀ ਕ੍ਰਿਤ ਹੋਣ ਦਾ ਪ੍ਰਚਾਰ ਕਰ ਕੇ, ਆਪਣਾ ਅਸਲੀ ਮਨੂੰਵਾਦੀ ਚਿਹਰਾ ਵਿਖਾਣਾ ਸ਼ੁਰੂ ਕਰ ਦਿੱਤਾ। ਸੰਵਾਦ ਰਚਾਉਣ ਵਿੱਚ ਇਹ ਸ਼ਖ਼ਸ ਬਹੁਤ ਚਤੁਰ ਸੀ ਅਤੇ ਵੱਡੇ-ਵੱਡੇ ਵਿਦਵਾਨ ਵੀ ਇਸ ਨੂੰ ਚੁਣੌਤੀ ਦੇਣ ਤੋਂ ਕੰਨੀ ਕਤਰਾਉਂਦੇ ਸਨ। ਆਰਥਕ ਅਤੇ

ਸਮਾਜਕ ਪਛੜੇਵਿਆਂ ਵਾਲੇ ਇੱਕ ਗ਼ਰੀਬ ਪੇਂਡੂ ਪਰਿਵਾਰ ਵਿੱਚੋਂ ਉੱਠ ਕੇ ਗਿਆਨੀ ਦਿੱਤ ਸਿੰਘ ਨੇ ਇਸ ਢੌਂਗੀ ਸਾਧ ਨੂੰ ਜਨਤਕ ਤੌਰ 'ਤੇ, ਤਿੰਨ ਵਾਰੀ ਸੰਵਾਦ ਰਚਾ ਕੇ, ਬੁਰੀ ਤਰ੍ਹਾਂ ਹਰਾ ਕੇ, ਐਸੀਆਂ ਭਾਜੜਾਂ ਪਾਈਆਂ ਕਿ ਇਸ ਸਾਧ ਨੇ ਵਾਪਸ ਗੁਜਰਾਤ ਵਿੱਚ ਜਾ ਕੇ ਹੀ ਦਮ ਲਿਆ ਤੇ ਫਿਰ ਕਦੇ ਪੰਜਾਬ ਵੱਲ ਆਉਂਣ ਦਾ ਹੀਆ ਨਾ ਕੀਤਾ। **ਜਿਹੜੇ ਫ਼ਰੰਗੀ ਸਿੱਖ ਕੌਮ ਨੂੰ ਖ਼ਤਮ ਕਰਨ ਦੇ ਸੁਪਨੇ ਵੇਖ ਰਹੇ ਸਨ, ਗੁਰਮਤਿ-ਇਨਕਲਾਬ ਦੀ ਪੁਨਰ-ਸੁਰਜੀਤੀ ਵੱਲ ਵਧ ਰਹੀ ਸਿੰਘ ਸਭਾ ਲਹਿਰ ਦੀ ਚੜ੍ਹਤ ਨੂੰ ਵੇਖ ਕੇ ਬੌਂਦਲ ਗਏ ਅਤੇ ਉਨ੍ਹਾਂ ਨੇ ਅਕਾਲ ਤਖ਼ਤ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਬਿਠਾਏ ਆਪਣੇ ਗ਼ੁਲਾਮ ਸਰਬਰਾਹ ਦੁਆਰਾ ਗਿਆਨੀ ਦਿੱਤ ਸਿੰਘ ਨੂੰ ਸਿੱਖ ਪੰਥ ਵਿੱਚੋਂ ਛੇਕਣ ਦਾ 'ਹੁਕਮਨਾਮਾ' ਜ਼ਾਰੀ ਕਰਵਾ ਦਿਤਾ ਅਤੇ ਇਨ੍ਹਾਂ ਵੱਲੋਂ ਕੱਢਿਆ ਕੌਮੀ ਅਖ਼ਬਾਰ ('ਗੁਰਮੁਖੀ ਅਖ਼ਬਾਰ') ਵੀ ਬੰਦ ਕਰਵਾ ਦਿੱਤਾ।** ਬਾਅਦ ਵਿੱਚ, ਇਹ ਲਹਿਰ ਗੁਰਦਵਾਰਾ ਸੁਧਾਰ ਲਹਿਰ ਦਾ ਰੂਪ ਧਾਰਨ ਕਰ ਗਈ ਅਤੇ ਬਹੁਤ ਸਾਰੀਆਂ ਕੁਰਬਾਨੀਆਂ ਦੇ ਕੇ, 1922 ਵਿੱਚ, ਤਕਰੀਬਨ ਸਾਰੇ ਇਤਿਹਾਸਕ ਗੁਰਦਵਾਰੇ ਮਹੰਤਾਂ, ਨਿਰਮਲਿਆਂ ਤੇ ਉਦਾਸੀਆਂ ਤੋਂ ਆਜ਼ਾਦ ਕਰਵਾ ਲਏ।

ਹਥਿਆਰਬੰਦ ਸੰਘਰਸ਼

ਇਸੇ ਸਮੇਂ ਦੌਰਾਨ, ਪੰਜਾਬ ਨੂੰ ਅੰਗਰੇਜ਼ੀ ਸਮਾਰਾਜ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਗ਼ਦਰ ਲਹਿਰ (1913-18), ਬਬਰ ਅਕਾਲੀ ਲਹਿਰ (1921-25) ਆਦਿ ਨਿਰੋਲ ਸਿੱਖ ਹਥਿਆਰਬੰਦ ਲਹਿਰਾਂ ਚੱਲ ਪਈਆਂ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਕਾਇਮ ਹੋਏ

"15 ਨਵੰਬਰ 1920 ਨੂੰ ਅਕਾਲ ਤਖ਼ਤ ਦੇ ਸਾਹਮਣੇ ਸਰਬੱਤ ਖ਼ਾਲਸਾ ਦਾ ਇਕੱਠ ਬੁਲਾ ਕੇ 175 ਮੈਂਬਰੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣਾਈ ਗਈ। 14 ਦਸੰਬਰ 1920 ਨੂੰ ਅਕਾਲ ਤਖ਼ਤ 'ਤੇ ਹੋਏ ਕੌਮੀ ਇਕੱਠ ਵਿੱਚ 'ਗੁਰਦਵਾਰਾ ਸੇਵਕ ਦਲ' ਕਾਇਮ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਜਥੇਬੰਦੀ ਦਾ ਨਾਂ ਮਨਜ਼ੂਰ ਕਰਨ ਲਈ ਇੱਕ ਕੌਮੀ ਇਕੱਠ 23 ਜਨਵਰੀ 1921 ਨੂੰ ਅਕਾਲ ਤਖ਼ਤ 'ਤੇ ਬੁਲਾ ਕੇ ਇਸ ਦਾ ਨਾਂ 'ਅਕਾਲੀ ਦਲ' ਸਵੀਕਾਰ ਕਰ ਲਿਆ ਗਿਆ। (ਮਗਰੋਂ 29 ਮਾਰਚ 1922 ਦੇ ਦਿਨ ਅਕਾਲੀ ਦਲ ਨੇ ਆਪਣੇ ਛੇਵੇਂ ਮਤੇ ਮੁਤਾਬਿਕ ਜਥੇਬੰਦੀ ਦਾ ਨਾਂ 'ਸ਼੍ਰੋਮਣੀ ਅਕਾਲੀ ਦਲ' ਰੱਖ ਲਿਆ। **ਅਕਾਲੀ ਦਲ ਨੇ ਦੋ-ਨੁਕਾਤੀ ਪ੍ਰੋਗਰਾਮ ਐਲਾਨਿਆ: 1. ਸਾਰੇ ਅਕਾਲੀ ਜੱਥਿਆਂ ਨੂੰ ਇਕੱਠੇ ਕਰ ਕੇ ਪੰਥ ਦੀ ਸੇਵਾ ਕਰਨੀ, 2. ਗੁਰਦਵਾਰਿਆਂ ਦੀ ਸੇਵਾ ਵਾਸਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹੁਕਮ ਉੱਤੇ ਅਮਲ ਕਰਨਾ** (ਰੋਜ਼ਾਨਾ ਅਕਾਲੀ: 28. ਦਸੰਬਰ 1921)" {ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼, ਸਫ਼ੇ 797-819}

ਨੋਟ: ਅੱਜ ਗੁਰਮਤਿ-ਵਿਹੂਣੇ ਅਖੌਤੀ ਸਿੱਖ ਰਾਜਨੀਤਕ ਲੀਡਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਅਖੌਤੀ ਸ਼੍ਰੋਮਣੀ ਅਕਾਲੀ ਦਲ (ਕਾਲੀ ਦਲ) ਦਾ ਧਾਰਮਿਕ ਵਿੰਗ ਹੀ ਨਹੀਂ, ਸਗੋਂ ਆਪਣਾ ਨਿੱਜੀ ਗ਼ੁਲਾਮ ਧਾਰਮਿਕ ਵਿੰਗ ਬਣਾ ਲਿਆ ਹੈ। ਇਸ ਗੁਰਮਤਿ-ਵਿਰੋਧੀ ਰੁਝਾਨ ਨੂੰ ਠੱਲ੍ਹ ਪਾ ਕੇ ਦਰੁੱਸਤ ਕਰਨ ਦੀ ਫ਼ੌਰਨ ਜ਼ਰੂਰਤ ਹੈ।

ਗੁਰਦਵਾਰੇ ਬਿਪਰਵਾਦੀਆਂ ਦੀ ਗ਼ੁਲਾਮੀ 'ਚੋਂ ਆਜ਼ਾਦ ਹੋ ਕੇ ਬਿਪਰਵਾਦ ਦੇ ਗ਼ੁਲਾਮਾਂ (ਕਾਲੀਆਂ) ਦੀ ਗ਼ੁਲਾਮੀ 'ਚ

ਇੰਝ ਸੰਨ 1922 ਵਿੱਚ, ਨਨਕਾਣਾ ਸਾਹਿਬ ਅਤੇ ਹੋਰ ਇਤਿਹਾਸਕ ਗੁਰਦਵਾਰਿਆਂ ਨੂੰ ਮਹੰਤਾਂ, ਨਿਰਮਲਿਆਂ ਤੇ ਉਦਾਸੀਆਂ ਦੇ ਕਬਜ਼ੇ 'ਚੋਂ ਆਜ਼ਾਦ ਕਰਵਾ ਕੇ ਸਿੱਖ ਕੌਮ ਗੁਰਦਵਾਰਾ ਸੰਸਥਾ ਅਧੀਨ ਜਥੇਬੰਦ ਹੋਣ ਲੱਗੀ ਅਤੇ ਪੰਜਾਬ ਨੂੰ ਫ਼ਰੰਗੀਆਂ ਦੀ ਗ਼ੁਲਾਮੀ ਤੋਂ ਆਜ਼ੋਦ ਕਰਾਉਣ ਲਈ ਚੱਲ ਰਹੇ ਹਥਿਆਰਬੰਦ ਸੰਘਰਸ਼ ਵਿੱਚ ਕੁੱਦ ਪਈ। ਸ਼ਾਤਰ ਫ਼ਰੰਗੀ ਸਾਮਰਾਜ ਦੀ ਨੀਂਦ ਹਰਾਮ ਹੋ ਗਈ।

"12 ਅਕਤੂਬਰ 1923 ਦੇ ਦਿਨ, 23772-73 ਨੰਬਰ ਚਿੱਠੀ ਜਾਰੀ ਕਰ ਕੇ, ਸਰਕਾਰ ਵੱਲੋਂ (ਸ਼੍ਰੋਮਣੀ) ਅਕਾਲੀ ਦਲ ਤੇ ਅਕਾਲੀ ਜਥੇ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਲੋਕਲ ਗੁਰਦਵਾਰਾ ਕਮੇਟੀਆਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ ਨਾਲ ਹੀ ਉਸ ਰਾਤ ਅਤੇ ਅਗਲੇ ਦਿਨ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਦਫ਼ਾਵਾਂ 120-ਬੀ, 121-ਏ, 124-ਏ, 17-ਏ ਅਤੇ 17-ਬੀ ਹੇਠ ਗ੍ਰਿਫ਼ਤਾਰ ਕਰ ਲਿਆ।ਸਾਰੇ ਅਕਾਲੀ ਆਗੂਆਂ ਨੂੰ ਲਾਹੌਰ ਦੇ ਕਿਲ੍ਹੇ ਵਿੱਚ ਬੰਦ ਕਰ ਦਿੱਤਾ ਗਿਆ। 1925 ਵਿੱਚ ਸਰਕਾਰ ਨੇ (ਕੁਝ ਸਰਕਾਰੀ ਪੱਖ ਵਾਲੇ ਸਿੱਖਾਂ ਦੀ ਸਹਾਇਤਾ ਨਾਲ) ਵੋਟਾਂ ਦੇ ਵਿਧਾਨ ਦੇ ਅਧਾਰ 'ਤੇ ਬਣਾਇਆ 'ਸਿੱਖ ਗੁਰਦਵਾਰਾ ਐਕਟ-1925) ਪਾਰਲੀਮੈਂਟ ਤੋਂ ਪਾਸ ਕਰਵਾ ਲਿਆ, 9 ਜੁਲਾਈ, 1925 ਨੂੰ ਗਵਰਨਰ ਪੰਜਾਬ ਹੇਲੀ ਨੇ ਕੌਂਸਲ 'ਚ ਗੁਰਦਵਾਰਾ ਬਿੱਲ 'ਤੇ ਬੋਲਦਿਆਂ ਐਲਾਨ ਕੀਤਾ ਕਿ, 'ਜੋ ਅਕਾਲੀ ਇਸ ਗੁਰਦਵਾਰਾ ਬਿੱਲ ਨੂੰ ਮਨਜ਼ੂਰ ਕਰ ਲੈਣ ਅਤੇ ਇਸ 'ਤੇ ਅਮਲ ਕਰਨ ਦਾ ਭਰੋਸਾ ਦਿਵਾਣ, ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਵੇਗਾ'।ਲਾਹੌਰ ਕਿਲ੍ਹੇ ਦੇ ਅੰਦਰ ਬਹੁਤੇ ਅਕਾਲੀ ਇਸ ਗੱਲ ਦੇ ਖ਼ਿਲਾਫ਼ ਸਨ ਕਿ ਸ਼ਰਤਾਂ ਮੰਨ ਕੇ ਰਿਹਾਈ ਲਈ ਜਾਵੇ, ਪਰ ਸ.ਬ. ਮਹਿਤਾਬ ਸਿੰਘ ਬਾਹਰ ਆ ਕੇ ਕਮੇਟੀ ਉੱਪਰ ਕਬਜ਼ਾ ਕਰਨ ਲਈ ਕਾਹਲੇ ਸਨ। ...... ਖ਼ੈਰ, ਮਹਿਤਾਬ ਸਿੰਘ ਪਾਰਟੀ ਨੇ ਸਰਕਾਰ ਅੱਗੇ ਹਥਿਆਰ ਸੁੱਟ ਦਿੱਤੇ । 21 ਜਨਵਰੀ 1926 ਨੂੰ ਰਿਸਾਲਦਾਰ ਸੁੰਦਰ ਸਿੰਘ ਅਤੇ ਰਿਸਾਲਦਾਰ ਜੋਧ ਸਿੰਘ ਨੇ ਗਵਰਨਰ ਦੀਆਂ ਸ਼ਰਤਾਂ ਮਨਜ਼ੂਰ ਕਰ ਕੇ ਰਿਹਾਈ ਲੈ ਲਈ। ਇਸ ਤੋਂ ਬਾਅਦ 25 ਜਨਵਰੀ ਨੂੰ ਬਾਵਾ ਹਰਿਕਿਸ਼ਨ ਸਿੰਘ ਨੇ ਸ਼ਰਤਾਂ ਨੂੰ ਮਨਜ਼ੂਰ ਕਰ ਲਿਆ। ...... ਇਸ ਤੋਂ ਬਾਅਦ 19 ਹੋਰ ਆਗੂਆਂ ਨੇ ਵੀ ਸ਼ਰਤਾਂ ਮੰਨ

ਕੇ ਰਿਹਾਈ ਕਰਵਾਈ। 18 ਫ਼ਰਵਰੀ ਨੂੰ ਤੇਜਾ ਸਿੰਘ ਚੂਹੜਕਾਣਾ ਵੀ ਇਨ੍ਹਾਂ ਦੇ ਪਿੱਛੇ ਤੁਰਦਾ ਬਣਿਆ। ਪਰ 15 ਅਕਾਲੀ ਆਗੂਆਂ ਨੇ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਅਕਾਲੀਆਂ ਉਤੇ ਮੁਕੱਦਮਾ ਚਲਦਾ ਰਿਹਾ।......ਅਤੇ 27 ਸਤੰਬਰ 1926 ਤੱਕ ਸਾਰੇ ਗ੍ਰਿਫ਼ਤਾਰ ਕੀਤੇ ਅਕਾਲੀ ਆਗੂਆਂ ਨੂੰ ਰਿਹਾ ਕਰ ਦਿੱਤਾ।" (ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ ਸਫ਼ੇ 903-17)। **ਇਸ ਤਰ੍ਹਾਂ, ਭਾਵੇਂ ਗੁਰਦਵਾਰੇ ਬਿਪਰਵਾਦੀਆਂ (ਮਹੰਤ, ਨਿਰਮਲੇ ਤੇ ਉਦਾਸੀ) ਤੋਂ ਤਾਂ ਆਜ਼ਾਦ ਕਰਵਾ ਲਏ ਗਏ ਪਰ ਇਨ੍ਹਾਂ ਦਾ ਪ੍ਰਬੰਧਕੀ ਸਿਸਟਮ ਗੁਰਮਤਿ ਸਿਧਾਂਤਾਂ (ਗੁਣਵੱਤਾ ਦੇ ਆਧਾਰ 'ਤੇ ਸੀਲੈਕਸ਼ਨ) ਦੇ ਅਨੁਕੂਲ ਨਾ ਬਣਾਇਆ ਜਾ ਸਕਿਆ। 'ਵੋਟ-ਵਿਧਾਨ' ਦੇ ਅਮਲ ਵਿੱਚ ਆਉਣ ਨਾਲ, ਗੁਰਮਤਿ ਫ਼ਲਸਫ਼ੇ ਨਾਲੋਂ ਟੁੱਟਿਆ ਹੋਇਆ ਸਿੱਖ ਕੌਮ ਦਾ ਕਾਫ਼ੀ ਵੱਡਾ ਹਿੱਸਾ, ਅੱਗੇ ਹੋਰ ਧੜੇਬੰਦੀਆਂ ਵਿੱਚ ਪੈ ਕੇ ਵੰਡਿਆ ਗਿਆ।**

ਸਿੱਖ ਕੌਮ ਨਾਲ ਮਨੂੰਵਾਦੀਆਂ ਦਾ ਧ੍ਰੋਹ - ਸਿੱਖ ਕੌਮ ਫ਼ਰੰਗੀਆਂ ਦੀ ਗੁਲਾਮੀ 'ਚੋਂ ਨਿਕਲ ਕੇ, ਮਨੂੰਵਾਦੀਆਂ ਦੀ ਗ਼ੁਲਾਮੀ 'ਚ

ਇਸੇ ਦੌਰਾਨ ਹੀ, ਸਿੱਖ ਕੌਮ ਦੇ ਫ਼ਰੰਗੀਆਂ ਦੀ ਗ਼ੁਲਾਮੀ ਚੋਂ ਆਜ਼ਾਦ ਹੋਣ ਲਈ ਚੱਲ ਰਹੇ ਹਥਿਆਰਬੰਦ ਸੰਘਰਸ਼ ਨੇ ਸ੍ਰੀ ਮੋਹਨ ਦਾਸ ਕਰਮ ਚੰਦ ਗਾਂਧੀ, ਸ੍ਰੀ ਜਵਾਹਰ ਲਾਲ ਨਹਿਰੂ ਅਤੇ ਬਲਭ ਭਾਈ ਪਟੇਲ ਵਰਗੇ ਸ਼ਾਤਰ ਕਾਂਗਰਸੀ ਲੀਡਰਾਂ ਨੂੰ ਵੀ ਬੇਹੱਦ ਚਿੰਤਾ ਦੇ ਆਲਮ ਵੱਲ ਧਕੇਲ ਦਿੱਤਾ, ਕਿਉਂਕਿ, ਸ਼ਾਇਦ, ਇਨ੍ਹਾਂ ਅੰਦਰ ਅੰਗਰੇਜ਼ੀ ਸਾਮਰਾਜ ਦੇ ਖ਼ਿਲਾਫ਼ ਹਥਿਆਰਬੰਦ ਸੰਘਰਸ਼ ਕਰਨ ਦੀ ਲੋੜੀਂਦੀ ਹਿੰਮਤ ਨਹੀਂ ਸੀ। ਅੰਗਰੇਜ਼ੀ ਸਾਮਰਾਜ ਦੇ ਖ਼ਿਲਾਫ਼ ਇਹ ਆਪਣਾ ਸ਼ਾਂਤਮਈ ਅੰਦੋਲਨ ਚਲਾ ਰਹੇ ਸਨ ਅਤੇ ਤੱਤੀ ਜਗ੍ਹਾ 'ਤੇ ਪੈਰ ਨਹੀਂ ਰੱਖਣਾ ਚਾਹੁੰਦੇ ਸਨ। ਇਨ੍ਹਾਂ ਨੇ ਆਪਣੀਆਂ ਲੂੰਬੜ-ਚਾਲਾਂ (ਸਿੱਖ ਲੀਡਰਾਂ ਨਾਲ ਜਾਣ-ਬੁੱਝ ਕੇ ਝੂਠੇ ਵਾਅਦੇ ਕਰ ਕੇ) ਰਾਹੀਂ ਸਿੱਖ ਲੀਡਰਾਂ ਨੂੰ ਪੁਚਕਾਰ ਲਿਆ ਅਤੇ ਸਿੱਖ ਕੌਮ ਵੱਲੋਂ ਪੰਜਾਬ ਨੂੰ ਫ਼ਰੰਗੀਆਂ ਦੀ ਗ਼ੁਲਾਮੀ 'ਚੋਂ ਆਜ਼ਾਦ ਕਰਾਉਣ ਲਈ ਚੱਲ ਰਹੇ ਹਥਿਆਰਬੰਦ ਸੰਘਰਸ਼ ਨੂੰ ਵਿੱਚ-ਵਿਚਾਲੇ ਹੀ ਛੁਡਵਾ ਕੇ, ਸਿੱਖ ਕੌਮ ਨੂੰ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੀਆਂ ਮੂਹਰਲੀਆਂ ਸਫ਼ਾਂ ਵਿੱਚ ਹੋ ਕੇ ਲੜਨ-ਮਰਨ ਲਈ ਝੋਂਕ ਦਿੱਤਾ। ਭਾਰਤ ਦੀ ਆਬਾਦੀ ਦਾ ਡੇਢ (1.1/2) % ਹਿੱਸਾ ਹੋਣ ਦੇ ਬਾਵਜੂਦ, ਸਿੱਖ ਕੌਮ ਨੇ ਬੇਈਮਾਨ ਕਾਂਗਰਸੀ ਲੀਡਰਾਂ ਦੇ ਝੂਠੇ ਵਾਅਦਿਆਂ 'ਤੇ ਭਰੋਸਾ ਕਰ ਕੇ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿੱਚ 80% ਤੋਂ ਵੀ ਵੱਧ ਯੋਗਦਾਨ ਪਾਇਆ। **ਸੰਨ 1947 ਵਿੱਚ ਅੰਗਰੇਜ਼ਾਂ ਦੇ ਭਾਰਤ ਵਿੱਚੋਂ ਚਲੇ ਜਾਣ ਸਾਰ ਹੀ ਇਨ੍ਹਾਂ ਧੋਖੇਵਾਜ਼ 'ਹਿੰਦੂ'**

ਲੀਡਰਾਂ ਨੇ ਤੋਤੇ ਵਾਗੂੰ ਅੱਖਾਂ ਫੇਰ ਲਈਆਂ। ਭੋਲੀ-ਭਾਲੀ ਸਿੱਖ ਕੌਮ ਫ਼ਰੰਗੀਆਂ ਦੀ ਗ਼ੁਲਾਮੀ 'ਚੋਂ ਨਿਕਲ ਕੇ ਬਿਪਰਵਾਦੀਆਂ ਦੀ ਗ਼ੁਲਾਮੀ ਵਿੱਚ ਫਸ ਗਈ।

ਜਿਸ ਤਰ੍ਹਾਂ ਕਿ ਗ਼ੁਲਾਮ ਕੌਮਾਂ ਨਾਲ, ਅਕਸਰ ਹੀ ਹੁੰਦਾ ਆਇਆ ਹੈ, ਬਿਪਰਵਾਦੀਆਂ ਦੀ ਗ਼ੁਲਾਮੀ ਵਿੱਚ ਫਸੀ ਸਿੱਖ ਕੌਮ ਵੀ ਪੈਰ-ਪੈਰ 'ਤੇ ਧੱਕੇਸ਼ਾਹੀਆਂ, ਵਿਤਕਰੇ ਅਤੇ ਬੇ-ਇਨਸਾਫੀਆਂ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਈ ਜਿਸ ਦੇ ਫ਼ਲਸਰੂਪ ਕੌਮ ਨੂੰ ਆਪਣੇ ਹੱਕ ਹਾਸਿਲ ਕਰਨ ਲਈ, ਸ਼ਾਂਤਮਈ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਿਆ। ਮਾਤ-ਭਾਸ਼ਾ ਦੇ ਆਧਾਰ 'ਤੇ ਭਾਰਤ ਵਿੱਚ ਸੂਬੇ ਹੋਂਦ ਵਿੱਚ ਆਏ, ਪਰ ਸਿੱਖਾਂ ਨੂੰ ਆਪਣੀ ਮਾਂ-ਬੋਲੀ ਵਾਲਾ ਸੂਬਾ ਬਣਾਉਣ ਲਈ ਵੀ ਸਾਲਾਂ-ਬੱਧੀ ਸੰਘਰਸ਼ ਕਰਨਾ ਪਿਆ, ਜੇਲ੍ਹਾਂ ਕੱਟਣੀਆਂ ਪਈਆਂ, ਸ਼ਹਾਦਤਾਂ ਦੇਣੀਆਂ ਪਈਆਂ। ਪਰ ਫਿਰ ਵੀ ਕੇਂਦਰ ਸਰਕਾਰ ਨੇ ਇੱਕ ਪੰਜਾਬੀ ਸੂਬੀ ਜਿਹੀ ਹੀ ਕੌਮ ਨੂੰ ਦਿੱਤੀ,ਅਤੇ ਇਸ ਦੇ ਕੁਦਰਤੀ ਸੋਮੇ ਦਰਿਆਈ ਪਾਣੀ, ਗ਼ੈਰ-ਕਾਨੂੰਨੀ ਢੰਗ ਨਾਲ ਇਸ ਤੋਂ ਖੋਹ ਲਏੇ ਗਏ, ਕੱਝ ਕੁ ਪੰਜਾਬੀ ਮਾਤ-ਭਾਸ਼ਾ ਵਾਲੇ ਇਲਾਕੇ ਪੰਜਾਬ ਵਿੱਚੋਂ ਕੱਢ ਦਿੱਤੇ ਗਏ ਅਤੇ ਇਸ ਦੀ ਰਾਜਧਾਨੀ ਚੰਡੀਗੜ੍ਹ ਵੀ ਖੋਹ ਕੇ ਕੇਂਦਰੀ- ਖੇਤਰ ਬਣਾ ਦਿੱਤਾ ਗਿਆ।

ਸਿੱਖ ਕੌਮ ਨਾਲ ਧੱਕੇਸ਼ਾਹੀਆਂ ਦਾ ਸਿਲਸਿਲਾ ਇਥੇ ਹੀ ਖ਼ਤਮ ਨਹੀਂ ਹੋਇਆ। ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਇਸ ਦੀ ਵੱਡੇ ਪੱਧਰ 'ਤੇ ਨਸਲਕੁਸ਼ੀ ਕਰਨ ਲਈ, ਸਾਜਿਸ਼ੀ ਕਾਰਵਾਈਆਂ ਅਰੰਭ ਕਰ ਦਿੱਤੀਆਂ ਗਈਆਂ। 3 ਜੂਨ ਸੰਨ 1984 (ਸ਼ਹੀਦੀ ਦਿਹਾੜਾ ਗੁਰੂ ਅਰਜੁਨ ਸਾਹਿਬ) ਦੇ ਦਿਨ ਦਰਬਾਰ ਸਾਹਿਬ ਸਮੂਹ ਅੰਮ੍ਰਿਤਸਰ ਅਤੇ ਤਕਰੀਬਨ ਤਿੰਨ ਦਰਜਨ ਹੋਰ ਗੁਰਦਵਾਰਿਆਂ 'ਤੇ ਭਾਰਤੀ ਫ਼ੌਜ ਤੋਂ ਤੋਪਾਂ ਅਤੇ ਟੈਂਕਾਂ ਨਾਲ ਹਮਲਾ ਕਰਵਾ ਦਿੱਤਾ ਗਿਆ। ਸਿੱਖ ਕੌਮ ਦੀ ਨਸਲਕੁਸ਼ੀ ਦਾ ਇਹ ਪ੍ਰੋਗਰਾਮ ਵੱਡੀ ਪੱਧਰ 'ਤੇ, ਤਕਰੀਬਨ 1995 ਤੱਕ ਚਲਦਾ ਰਿਹਾ। ਕੇਂਦਰੀ ਸਟੇਟ ਦੀ ਇਸ ਨੀਤੀ ਵਿੱਚ ਤਬਦੀਲੀ ਹੋਣ ਦੇ ਕੋਈ ਪੁਖ਼ਤਾ ਸਬੂਤ ਅੱਜ ਤੱਕ ਵੀ ਸਾਹਮਣੇ ਨਹੀਂ ਆਏ।ਗੁਰਦਵਾਰੇ ਵੀ ਬਿਪਰਵਾਦੀਆਂ ਦੇ ਸਿੱਧੇ ਕਬਜ਼ੇ 'ਚੋਂ ਨਿਕਲ ਕੇ, ਹੌਲੀ-ਹੌਲੀ ਅਸਿਧੇ ਢੰਗ ਨਾਲ, ਮਨੂੰਵਾਦੀਆਂ ਦੇ ਗ਼ੁਲਾਮਾਂ (ਅਖੌਤੀ ਅਕਾਲੀਆਂ) ਦੀ ਗ਼ੁਲਾਮੀ ਵਿੱਚ ਫਸਦੇ ਚਲੇ ਗਏ।

੬. ਵਰਤਮਾਨ ਹਾਲਾਤ

ਆਓ, ਹੁਣ ਇਸ ਪੁਸਤਕ ਦੇ ਅਰੰਭ ਵਿੱਚ ਉਠਾਏ ਜਾ ਚੁੱਕੇ ਇਸ ਅਹਿਮ ਸਵਾਲ ਵੱਲ ਮੁੜੀਏ ਕਿ ਗੁਰੂ ਨਾਨਕ ਸਾਹਿਬ ਵੱਲੋਂ, ਰੱਬੀ-ਰਜ਼ਾ ਅਨੁਸਾਰ, ਸਮੁੱਚੇ ਸੰਸਾਰ ਅੰਦਰ, ਸਹਿਜੇ-ਸਹਿਜੇ, ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਆਧਾਰ 'ਤੇ, ਹੱਕ, ਸੱਚ ਤੇ ਕੁਦਰਤੀ ਇਨਸਾਫ਼ ਦਾ ਜ਼ਾਮਨ ਸਦੀਵਕਾਲੀ ਹਲੇਮੀ-ਰਾਜ ਸਥਾਪਤ ਕਰਨ ਲਈ, ਅਰੰਭ ਕੀਤੇ ਲਾਸਾਨੀ (ਗੁਰਮਤਿ) ਇਨਕਲਾਬ ਦੇ ਵਿਕਾਸ ਲਈ ਸਥਾਪਤ ਕੀਤੀ ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਸਥਾਨਕ ਗੁਰਮਤਿ ਸੰਸਥਾ 'ਸੰਗਤਿ' (ਮੌਜੂਦਾ ਗੁਰਦਵਾਰਾ) ਦੇ ਪ੍ਰਬੰਧਕੀ ਸਿਸਟਮ ਅਤੇ ਸਿੱਖ ਸਮਾਜ ਅੰਦਰ ਏਨਾ ਦੁੱਖਦਾਈ ਨਿਘਾਰ ਕਦੋਂ, ਕਿਵੇਂ ਅਤੇ ਕਿਉਂ ਆਇਆ ?

ਉੱਪਰ ਕੀਤੀ ਜਾ ਚੁੱਕੀ ਸੰਖੇਪ ਇਤਿਹਾਸਕ ਵਿਚਾਰ 'ਚੋਂ ਇਸ ਸਵਾਲ ਦਾ ਜਵਾਬ ਭਲੀ-ਭਾਂਤ ਮਿਲਦਾ ਨਜ਼ਰ ਆ ਰਿਹਾ ਹੈ, ਯਾਨੀ ਕਿ

(ੳ) ਸਿੱਖ ਕੌਮ ਦੇ ਲੀਡਰਾਂ ਦਾ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਤੋਂ ਟੁੱਟ ਜਾਣਾ;

(ਅ) ਗੁਰਮਤਿ ਇਨਕਲਾਬ ਦੇ ਦੁਸ਼ਮਣਾਂ (ਬਿਪਰਵਾਦੀਆਂ) ਦੀਆਂ ਸਾਜਿਸ਼ੀ ਕਾਰਵਾਈਆਂ;

(ੲ) ਗੁਰਮਤਿ ਫ਼ਲਸਫ਼ੇ ਦੇ ਵਿਰੋਧੀ (ਫ਼ਰੰਗੀ ਸਾਮਰਾਜ) ਦੀਆਂ ਸਾਜਿਸ਼ੀ ਕਾਰਵਾਈਆਂ; ਅਤੇ

(ਸ) ਸਿੱਖ ਕੌਮ ਨਾਲ ਧੋਖਾ ਕਰ ਕੇ ਅਗੱਸਤ ਸੰਨ 1947 ਤੋਂ ਭਾਰਤ ਉਪ-ਮਹਾਂਦੀਪ ਦੀ ਰਾਜ-ਸੱਤਾ 'ਤੇ ਕਾਬਜ਼ ਹੋਈ ਚਲੀ ਆ ਰਹੀ ਬਿਪਰਵਾਦੀ ਲਾਬੀ (Coterie) ਦੀਆਂ ਘੱਟ-ਗਿਣਤੀਆਂ ਦਾ ਨੇਸਤੋ-ਨਾਬੂਦ ਕਰਨ ਦੀਆਂ ਮਾਨਵ-ਵਿਰੋਧੀ ਸਾਜਿਸ਼ੀ ਕਾਰਵਾਈਆਂ ।

(ੳ) ਅਠਾਰ੍ਹਵੀਂ ਸਦੀ ਦੌਰਾਨ, ਇਤਿਹਾਸਕ ਕਾਰਨਾਂ ਕਰ ਕੇ, ਸਮੂਹਕ ਤੌਰ 'ਤੇ ਘਰੋਂ ਬੇਘਰ ਹੋਈ, ਪਹਾੜ ਜਿੱਡੀਆਂ ਬਿਪਤਾਵਾਂ ਦਾ ਪੂਰੇ ਹੌਂਸਲੇ ਅਤੇ ਦ੍ਰਿੜਤਾ ਨਾਲ ਟਾਕਰਾ ਕਰਦੀ, ਜ਼ਿੰਦਗੀ-ਮੌਤ ਦੇ ਬੜੇ ਭਿਆਨਕ ਹਥਿਆਰਬੰਦ ਸੰਘਰਸ਼ਾਂ ਵਿੱਚ ਉਲਝੀ, ਸਮੁੱਚੀ ਸਿੱਖ ਕੌਮ ਦੀਆਂ ਜਵਾਨ ਹੋ ਰਹੀਆਂ ੨-੩ ਪੁਸ਼ਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰਬ-ਕਲਿਆਣਕਾਰੀ ਅਦੁੱਤੀ ਫ਼ਲਸਫ਼ੇ ਬਾਰੇ, ਬਾ-ਕਾਇਦਾ ਤਰੀਕੇ ਨਾਲ, ਲੋੜੀਂਦੀ ਜਾਣਕਾਰੀ ਨਾ ਦਿੱਤੀ ਜਾ ਸਕੀ। ਇਸ ਕਰ ਕੇ ਹੌਲੀ-ਹੌਲੀ, ਸੰਨ 1770 ਤੱਕ, ਕੌਮ ਦਾ ਤਕਰੀਬਨ

90-95 ਫ਼ੀ ਸਦੀ ਹਿੱਸਾ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) **ਦੇ ਫ਼ਲਸਫ਼ੇ ਤੋਂ ਅਮਲੀ ਤੌਰ 'ਤੇ ਟੁੱਟ ਗਿਆ ਅਤੇ ਗੁਰਦਵਾਰਾ ਸੰਸਥਾ ਨੂੰ ਫਿਰ ਤੋਂ ਗੁਰਮਤਿ-ਗਾਡੀ ਰਾਹ 'ਤੇ ਲਿਆਉਣ ਦਾ ਵਿਚਾਰ ਹੀ ਕੌਮ ਦੇ ਆਗੂਆਂ ਨੂੰ ਭੁੱਲ ਗਿਆ।** ਗੁਰਮਤਿ-ਵਿਹੂਣੇ ਰਣਜੀਤ ਸਿੰਘ ਨੇ ਵੀ ਆਪਣੇ ਰਾਜ-ਕਾਲ ਦੌਰਾਨ, ਗੁਰਦਵਾਰਾ ਸੰਸਥਾ ਨੂੰ ਗੁਰਮਤਿ ਫ਼ਲਸਫ਼ੇ ਅਨੁਸਾਰ ਕਾਰਜਸ਼ੀਲ ਕਰਨ ਵੱਲ ਧਿਆਨ ਨਾ ਦਿੱਤਾ ਕਿਉਂਕਿ ਉਹ ਬਿਪਰਵਾਦੀ ਡੋਗਰਿਆਂ ਅਤੇ ਪੂਰਬੀਏ ਬ੍ਰਾਹਮਣਾਂ ਦੇ ਹੱਥਾਂ ਵਿੱਚ ਹੀ ਖੇਡਦਾ ਰਿਹਾ।

(ਅ) ਜਿਵੇਂ, ਜਦੋਂ ਕਿਸੇ ਘਰ ਦੇ ਮੈਂਬਰ ਅਵੇਸਲੇ ਹੋ ਜਾਣ ਤਾਂ ਅਕਸਰ ਹੀ ਚੋਰਾਂ, ਠੱਗਾਂ ਅਤੇ ਡਾਕੂਆਂ ਦੇ ਅੜਿੱਕੇ ਆ ਜਾਂਦੇ ਹਨ, ਠੀਕ ਇਸੇ ਤਰ੍ਹਾਂ ਤਕਰੀਬਨ ਸੰਨ 1716 ਤੋਂ ਹੀ, ਗੁਰਦਵਾਰਿਆ 'ਤੇ ਕਾਬਜ਼ **ਮਾਨਵ-ਵਿਰੋਧੀ ਸੰਗਠਨਾਂ/ਅਨਸਰਾਂ ਨੇ, ਸਿੱਖ ਕੌਮ ਦੇ ਅਜਿਹੇ ਦੁਖ-ਦਾਈ ਹਾਲਾਤ ਦਾ ਪੂਰਾ ਫਾਇਦਾ ਉਠਾ ਕੇ, ਸਮੇਂ-ਸਮੇਂ ਸਿਰ, (ਗੁਰਦਵਾਰਾ ਸੰਸਥਾ ਦੀ ਕੁਵਰਤੋਂ ਕਰ ਕੇ) ਸਿੱਖ ਕੌਮ ਦੇ ਸ਼ਾਨਾਂ-ਮੱਤੇ ਇਤਿਹਾਸ, ਸਿਧਾਂਤ ਅਤੇ ਸਭਿਆਚਾਰ ਅੰਦਰ ਬ੍ਰਾਹਮਣਵਾਦੀ ਖ਼ੋਟ ਮਿਲਾ ਕੇ ਸਮੁੱਚੀ ਕੌਮ ਨੂੰ, ਗੁਰਮਤਿ ਗਾਡੀ-ਰਾਹ ਤੋਂ ਭਟਕਾ ਕੇ, ਭੰਬਲ-ਭੂਸਿਆਂ ਵਿੱਚ ਪਾਈ ਰੱਖਿਆ।**

ੲ) ਸੰਨ 1849 ਤੋਂ ਪੰਜਾਬ 'ਤੇ ਕਾਬਜ਼ ਹੋਏ ਫ਼ਰੰਗੀਆਂ ਨੇ ਵੀ ਆਪਣੀਆਂ ਸਾਜਿਸ਼ੀ ਕਾਰਵਾਈਆਂ ਦੁਆਰਾ ਸਿੱਖ ਕੌਮ ਨੂੰ ਸਿਧਾਂਤਕ, ਇਤਿਹਾਸਕ ਅਤੇ ਸਭਿਆਚਾਰਕ ਪੱਖਾਂ ਤੋਂ ਉਲਝਣਾਂ ਵਿੱਚ ਪਾਈ ਰੱਖਿਆ ਅਤੇ ਗੁਰਦਵਾਰਿਆਂ ਨੂੰ ਕਾਨੂੰਨੀ ਤੌਰ 'ਤੇ ਬਿਪਰਵਾਦੀਆਂ ਦੀਆਂ ਨਿਜੀ ਮਲਕੀਅਤਾਂ ਬਣਾ ਦਿੱਤਾ।

(ਸ) ਸੰਨ 1947 ਵਿੱਚ ਭਾਰਤ ਦੀ ਆਜ਼ਾਦੀ ਤੋਂ ਬਾਅਦ, ਸਿੱਖ ਕੌਮ ਬਿਪਰਵਾਦੀਆਂ ਦੀ ਗ਼ੁਲਾਮੀ 'ਚ ਫਸ ਗਈ। ਬਿਪਰਵਾਦੀਆਂ ਨੇ ਸਿੱਖ ਕੌਮ ਦਾ ਸਰਵਨਾਸ਼ ਕਰਨ ਲਈ ਸਾਜਿਸ਼ੀ ਕਾਰਵਾਈਆਂ ਅਰੰਭ ਕਰ ਦਿੱਤੀਆਂ।

ਇਨ੍ਹਾਂ ਸਾਰੇ ਕਾਰਨਾਂ ਕਰ ਕੇ ਸਿੱਖ ਕੌਮ ਗੁਰਦਵਾਰਾ ਸੰਸਥਾ ਨੂੰ ਗੁਰਮਤਿ ਫ਼ਲਸਫ਼ੇ ਅਨੁਸਾਰ ਕਾਰਜਸ਼ੀਲ ਕਰਕੇ ਗੁਰਮਤਿ ਇਨਕਲਾਬ ਨੂੰ ਪੁਨਰ-ਸੁਰਜੀਤ ਨਾ ਕਰ ਸਕੀ। ਅੱਜ ਹਾਲਾਤ ਇਤਨੇ ਚਿੰਤਾਜਨਕ ਬਣ ਚੁੱਕੇ ਹਨ ਕਿ ਸਿਵਾਏ ਕਿਸੇ ਟਾਵੇਂ-ਟਾਵੇਂ ਗੁਰਦਵਾਰੇ ਦੇ, ਪਿੰਡ ਦੇ ਗੁਰਦਵਾਰੇ ਤੋਂ ਲੈ ਕੇ ਦਰਬਾਰ ਸਾਹਿਬ,

ਅੰਮ੍ਰਿਤਸਰ ਤੱਕ, ਗੁਰਦਵਾਰਾ ਸੰਸਥਾ ਦਾ ਪ੍ਰਬੰਧਕੀ ਸਿਸਟਮ ਗੁਰਮਤਿ ਗਾਡੀ-ਰਾਹ ਤੋਂ ਭੱਟਕ ਕੇ ਬੁਰੀ ਤਰ੍ਹਾਂ ਕੁਰਾਹੇ ਪੈ ਚੁੱਕਾ ਹੈ ਅਤੇ ਗੁਰਦਵਾਰਿਆਂ ਰਾਹੀਂ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਕਰ ਕੇ ਲਾਸਾਨੀ ਗੁਰਮਤਿ ਇਨਕਲਾਬ ਨੂੰ ਪੁਨਰ-ਸੁਰਜੀਤ ਕਰਨ ਦੀ ਬਜਾਏ, **ਗੁਰਦਵਾਰਿਆਂ ਦੇ ਗੁਰਮਤਿ-ਵਿਹੂਣੇ, ਚੌਧਰਾਂ ਦੇ ਭੁੱਖੇ, ਧੜੇਬੰਦਕ, ਸੁਆਰਥੀ ਬਿਰਤੀ ਵਾਲੇ ਪ੍ਰਬੰਧਕ, ਬ੍ਰਾਹਮਣਵਾਦੀ ਸਾਜਿਸ਼ਾਂ ਦਾ ਸ਼ਿਕਾਰ ਹੋ ਕੇ, ਗੁਰਦਵਾਰਾ ਸੰਸਥਾ ਦੁਆਰਾ ਬ੍ਰਾਹਮਣਵਾਦੀ ਕਰਮ-ਕਾਂਡਾਂ, ਜ਼ਾਤ-ਪਾਤ, ਊਚ-ਨੀਚ, ਵਹਿਮਾਂ-ਭਰਮਾਂ ਦਾ ਪ੍ਰਚਾਰ ਕਰ ਕੇ ਇਸ ਇਨਕਲਾਬ ਨੂੰ ਸਗੋਂ ਪੁੱਠਾ ਗੇੜਾ ਦਈ ਜਾ ਰਹੇ ਹਨ।** ਨਤੀਜੇ ਵੱਜੋਂ, ਮਨੁੱਖੀ ਸਮਾਜ ਗੁਰਮਤਿ ਸੋਝੀ ਤੋਂ ਵਾਂਝਾ ਹੋ ਕੇ ਬਿਪਰਵਾਦੀ (ਕਰਮ-ਕਾਂਡੀ) ਵਿਚਾਰਧਾਰਾ ਵੱਲ ਨੂੰ ਰੁਚਿਤ ਹੁੰਦਾ ਜਾ ਰਿਹਾ ਹੈ।ਇਸ ਹਕੀਕਤ ਦੀ ਪੁਸ਼ਟੀ, ਗੁਰਦਵਾਰਿਆਂ ਰਾਹੀਂ, ਗੁਰਮਤਿ ਦੇ ਝੂਠੇ ਲੇਬਲ ਹੇਠ, ਕੀਤੀਆਂ ਜਾ ਰਹੀਆਂ ਹੇਠ ਲਿਖੀਆਂ ਗੁਰਮਤਿ-ਵਿਰੋਧੀ (ਬ੍ਰਹਮਣਵਾਦੀ) ਕਾਰਵਾਈਆਂ ਤੋਂ ਭਲੀ-ਭਾਂਤ ਹੋ ਜਾਂਦੀ ਹੈ:

੧. ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਸੀਲੈਕਸ਼ਨ ਲਈ ਗੁਰਮਤਿ-ਵਿਰੋਧੀ 'ਵੋਟ-ਵਿਧਾਨ' ਦਾ ਲਾਗੂ ਹੋਣਾ

ਪੱਛਮੀ ਸਭਿਅਤਾ ਦੀ ਅੰਨ੍ਹੀ ਰੀਸ ਕਰ ਕੇ, ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਵੋਟ-ਵਿਧਾਨ ਅਨੁਸਾਰ ਚੁਣੇ ਜਾ ਰਹੇ ਹਨ। **ਗੁਰਮਤਿ ਫ਼ਲਸਫ਼ੇ ਅੰਦਰ 'ਗਣ-ਤੰਤ੍ਰ' ਨੂੰ ਨਹੀਂ, 'ਗੁਣ-ਤੰਤ੍ਰ' ਨੂੰ ਪ੍ਰਵਾਨਗੀ ਹੈ ਅਤੇ 'ਇਲੈਕਸ਼ਨ' ਦੀ ਬਜਾਏ 'ਸੀਲੈਕਸ਼ਨ' ਵਿਧੀ ਪ੍ਰਵਾਨਤ ਹੈ।** ਕੌਮ ਅੰਦਰ ਧੜੇਬੰਦੀਆਂ ਉਜਾਗਰ ਹੋਣ ਦਾ ਮੂਲ ਕਾਰਨ ਇਹ 'ਵੋਟ-ਵਿਧਾਨ' ਹੀ ਹੈ।**ਕੀ ਕਿਸੇ ਹੋਰ ਮਜ਼੍ਹਬ ਵਿੱਚ ਵੀ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਕਰਨ ਲਈ ਵੋਟ-ਵਿਧਾਨ' ਦੀ ਵਿਧੀ ਲਾਗੂ ਹੈ ਸੰਸਾਰ ਵਿੱਚ? ਜੇਕਰ ਨਹੀਂ, ਤਾਂ ਫਿਰ ਸਿੱਖ ਧਰਮ ਵਿੱਚ ਹੀ ਅਜਿਹਾ ਕਿਉਂ ਹੋ ਰਿਹਾ ਹੈ ? ਇਹ ਵਿਸ਼ਾ ਗੰਭੀਰਤਾ ਨਾਲ ਵਿਚਾਰਨ ਵਾਲਾ ਹੈ।**

੨. ਗੁਰਦਵਾਰਿਆਂ ਅੰਦਰ ਮੂਰਤੀ - ਪੂਜਾ

ਬਹੁਤ ਸਾਰੇ ਗੁਰਦਵਾਰਿਆਂ ਅੰਦਰ ਗੁਰੂ ਸਾਹਿਬਾਨ ਦੀਆਂ ਮਨੋ-ਕਲਪਿਤ (ਮਨ-ਘੜਤ) ਤਸਵੀਰਾਂ ਟੰਗੀਆਂ ਹੋਈਆਂ ਹਨ ਅਤੇ ਭੋਲੀ ਸੰਗਤ ਇਨ੍ਹਾਂ ਤਸਵੀਰਾਂ ਨੂੰ ਹੀ, ਅੰਨ੍ਹੀ-ਸ਼ਰਧਾ ਵੱਸ, ਮੱਥੇ ਟੇਕੀ ਜਾ ਰਹੀ ਹੈ ਜਾਂ ਕਿਸੇ ਅਖੌਤੀ ਸੰਤ-ਬਾਬੇ ਦੇ ਪੈਰਾਂ 'ਤੇ ਨੱਕ ਰਗੜਦੀ ਵੇਖੀ ਜਾ ਸਕਦੀ ਹੈ। ਇਹ ਮੂਰਤੀ-ਪੂਜਾ ਦਾ ਹੀ ਦੂਜਾ ਰੂਪ ਹੈ। **ਗੁਰਮਤਿ ਫ਼ਲਸਫ਼ਾ ਇੱਕੋ ਇੱਕ ਵਾਹਿਦ ਪ੍ਰਭੂ ਦੀ ਪੂਜਾ ਹੀ ਦ੍ਰਿੜ ਕਰਵਾਉਂਦਾ ਹੈ:**

ਪੂਜਹੁ ਰਾਮੁ ਏਕੁ ਹੀ ਦੇਵਾ ॥ (ਕਬੀਰ ਜੀ, ੪੮੪)।

੩. **ਗੁਰਦਵਾਰਿਆਂ ਅੰਦਰ ਜ਼ਾਤ-ਪਾਤ ਦਾ ਬੋਲ-ਬਾਲਾ**

ਕਈ ਗੁਰਦਵਾਰੇ ਜ਼ਾਤ-ਬਰਾਦਰੀਆਂ ਦੇ ਨਾਂਅ ਤੇ ਉਸਾਰੇ ਜਾ ਚੁੱਕੇ ਹਨ, ਹਾਲਾਂਕਿ ਗੁਰਮਤਿ ਫ਼ਲਸਫ਼ਾ ਜ਼ਾਤ-ਪਾਤ ਦੀ ਹੋਂਦ ਨੂੰ ਹੀ ਸਖ਼ਤੀ ਨਾਲ ਰੱਦ ਕਰਦਾ ਹੈ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਾਵਾਰਾ॥
ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ॥ (ਮ.੩, ੧੧੨੮)।

ਗੁਰਦਵਾਰਿਆਂ ਦੇ ਪ੍ਰਬੰਧ ਅੰਦਰ, ਅਕਸਰ ਹੀ, ਅਖੌਤੀ ਨੀਵੀਂ ਜ਼ਾਤ ਵਾਲਿਆਂ ਨੂੰ ਕੋਈ ਨੁਮਾਇੰਦਗੀ ਨਹੀਂ ਦਿੱਤੀ ਜਾਂਦੀ। ਕਿਉਂ ?

੪. **ਗੁਰਦਵਾਰਿਆਂ ਅੰਦਰ ਸਮਾਧਾਂ (ਮੜ੍ਹੀਆਂ) ਦੀ ਪੂਜਾ**

ਕੁੱਝ ਗੁਰਦਵਾਰਿਆਂ ਦੀ ਹਦੂਦ ਅੰਦਰ ਸਮਾਧਾਂ (ਮੜ੍ਹੀਆਂ) ਬਣੀਆਂ ਹੋਈਆਂ ਹਨ ਜਿਥੇ ਦੀਵੇ ਜਗਾ ਕੇ ਖੀਰਾਂ ਵਰਤਾ ਕੇ, ਇਨ੍ਹਾਂ ਦੀ ਮੰਨਤ ਕੀਤੀ ਜਾਂਦੀ ਹੈ:

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥
(ਮ.੧, ੬੩੪)

ਭਾਵ: ਮੈਂ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਆਸਰੇ ਦੀ, (ਕਿਸੇ ਅਖੌਤੀ ਸੰਤ-ਬਾਬੇ ਦੀ, ਕਿਸੇ ਹੋਰ ਮਜ਼੍ਹਬ ਦੀ, ਕਿਸੇ ਦੇਵੀ-ਦੇਵਤੇ ਦੀ, ਕਿਸੇ ਅਵਤਾਰ ਜਾਂ ਪੈਗੰਬਰ ਦੀ) ਭਾਲ ਵਿੱਚ ਨਹੀਂ ਪੈਂਦਾ। ਪ੍ਰਭੂ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਪੂਜਦਾ, ਮੈਂ ਕਿਤੇ ਸਮਾਧਾਂ ਤੇ ਮਸਾਣਾਂ (ਸਮਸ਼ਾਨ ਭੂੰਮੀ) ਵਿੱਚ ਨਹੀਂ ਜਾਂਦਾ, ਮਾਇਕ ਪਦਾਰਥਾਂ ਦੀ ਤ੍ਰਿਸ਼ਨਾ ਵਿੱਚ ਫਸ ਕੇ (ਪਰਮੇਸ਼ਰ ਦੇ ਦਰ ਤੋਂ ਬਿਨਾਂ) ਕਿਸੇ ਹੋਰ ਘਰ (ਮੱਤ ਜਾਂ ਮਜ਼੍ਹਬ) ਵਿੱਚ ਨਹੀਂ ਜਾਂਦਾ, ਮੇਰੀ ਮਾਇਕ ਪਦਾਰਥਾਂ (ਮਾਇਕ ਸੁਖਾਂ) ਦੀ ਭੁੱਖ ਪਰਮੇਸ਼ਰ ਦੇ ਨਾਮ (ਰੱਬੀ-ਗੁਣਾਂ ਦੀ ਪ੍ਰਾਪਤੀ) ਨੇ ਮਿਟਾ ਦਿੱਤੀ ਹੈ।

੫. **ਗੁਰਦਵਾਰਿਆਂ ਅੰਦਰ ਕਰਮ-ਕਾਂਡੀ ਪਾਠ (ਅਖੰਡ/ਸਾਧਾਰਨ ਸੰਪਟ ਪਾਠ ਆਦਿ) - ਮਾਇਆ ਦਾ ਵਾਪਾਰ**

ਗੁਰਬਾਣੀ ਰਸਮੀ ਤੌਰ 'ਤੇ ਗਿਣਤੀਆਂ-ਮਿਣਤੀਆਂ ਦੇ ਪਾਠ ਕਰਨ ਲਈ ਨਹੀਂ ਪ੍ਰਗਟ ਹੋਈ। **ਗੁਰਬਾਣੀ ਅੰਦਰ ਗੁਰਮਤਿ ਜੀਵਨ-ਜਾਚ ਦਾ ਉਪਦੇਸ਼ ਦ੍ਰਿੜ ਕਰਵਾਇਆ ਗਿਆ ਹੈ ਜਿਸ ਨੂੰ ਸਮਝ ਕੇ, ਮਨੋਂ ਸਵੀਕਾਰ ਕਰਕੇ, ਰੋਜ਼ਾਨਾ ਦੇ ਜੀਵਨ ਵਿੱਚ ਢਾਲਿਆਂ ਹੀ ਜੀਵਨ ਸਫ਼ਲ ਹੋ ਸਕਦਾ ਹੈ। ਗੁਰਬਾਣੀ ਦਾ ਤੋਤਾ-ਰਟਨ, ਕਰਮ-ਕਾਂਡੀ**

ਕਾਰਵਾਈ ਹੀ ਹੈ। ਕਰਮਕਾਂਡ ਨੂੰ ਗੁਰਮਤਿ ਫ਼ਲਸਫ਼ਾ ਮੁੱਢੋਂ ਹੀ ਰੱਦ ਕਰਦਾ ਹੈ:

ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥
ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥

(ਮ.੧,੭੯੧)

ਭਾਵ: ਵੇਦ ਆਦਿਕ ਧਰਮ-ਪੁਸਤਕਾਂ ਦੇ (ਨਿਰੇ) ਪਾਠ ਤਾਂ ਦੁਨਿਆਵੀ ਵਿਹਾਰ (ਸਮਝੋ)। ਵਿਦਵਾਨ ਲੋਕ ਇਨ੍ਹਾਂ ਨੂੰ ਪੜ੍ਹ-ਪੜ੍ਹ ਕੇ ਇਨ੍ਹਾਂ ਦੇ ਸਿਰਫ਼ ਅਰਥ ਹੀ ਵਿਚਾਰਦੇ ਹਨ। **ਜਦ ਤੱਕ ਮੱਤ ਨਹੀਂ ਬਦਲਦੀ (ਅਮਲੀ ਜੀਵਨ ਪਲਟਾ ਨਹੀਂ ਖਾਂਦਾ), ਨਿਰੇ ਪਾਠ ਅਤੇ ਅਰਥ ਵਿਚਾਰਨ ਨਾਲ ਤਾਂ ਲੋਕਾਈ ਖੁਆਰ ਹੀ ਹੁੰਦੀ ਹੈ।** ਹੇ ਨਾਨਕ! ਉਹ ਮਨੁੱਖ ਹੀ (ਅਗਿਆਨਤਾ ਦੇ ਘੁੱਪ ਹਨ੍ਹੇਰੇ ਵਿੱਚੋਂ) ਪਾਰ ਲੰਘਦਾ ਹੈ ਜਿਸ ਨੇ ਆਪਣਾ ਅਮਲੀ ਜੀਵਨ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਉਪਦੇਸ਼ਾਂ ਅਨੁਸਾਰ ਢਾਲ ਲਿਆ ਹੈ { ਆਪਣੀ ਮੱਤ ਦੀ ਬਜਾਏ, ਸ਼ਬਦ-ਗੁਰੂ ਦੀ ਮੱਤ, (ਗੁਰਮਤਿ) ਅਨੁਸਾਰ ਚੱਲ ਰਿਹਾ ਹੈ}।

"*ਕਰਮ ਕਾਂਡ ਬਹੁ ਕਰਹਿ ਅਚਾਰ ॥*
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥

(ਮ.੩,੧੬੨)

ਭਾਵ: ਜਿਹੜੇ ਬੰਦੇ ਸ਼ਾਸਤ੍ਰਾਂ ਅਨੁਸਾਰ ਮਿਥੇ ਹੋਏ ਅਨੇਕਾਂ ਧਾਰਮਿਕ ਕਰਮ (ਰਸਮਾਂ ਆਦਿ) ਕਰਦੇ ਹਨ, ਪਰ ਪਰਮਾਤਮਾ ਦੇ ਨਾਮ ਤੋਂ ਵਾਂਝੇ ਰਹਿੰਦੇ ਹਨ (ਇਹ ਕਰਮ-ਕਾਂਡ ਉਨ੍ਹਾਂ ਦੇ ਅੰਦਰ) ਅਹੰਕਾਰ (ਪੈਦਾ ਕਰਦੇ ਹਨ, ਤੇ ਉਨ੍ਹਾਂ ਦਾ ਜੀਵਨ) ਫ਼ਿਟਕਾਰਜੋਗ ਹੀ ਰਹਿੰਦਾ ਹੈ।**ਪਰਮੇਸ਼ਰ ਸਰੂਪ ਗੁਰਬਾਣੀ ਨੂੰ ਮਾਇਆ ਦੇ ਵਾਪਾਰ ਵਜੋਂ ਵਰਤਣਾ ਲਾਹਨਤ ਯੋਗ ਹੈ।**

ਗੁਰਦਵਾਰਿਆਂ ਅੰਦਰ ਗੁਰਮਤਿ-ਵਿਰੋਧੀ ਕੱਚੀਆਂ-ਪਿੱਲੀਆਂ ਰਚਨਾਵਾਂ ਦੇ ਪਾਠ, ਕੀਰਤਨ ਅਤੇ ਵਿਚਾਰਾਂ

ਗੁਰਦਵਾਰਾ ਸੰਸਥਾ ਦੇ ਮਾਲਿਕ, ਪ੍ਰਧਾਨ, ਪਰਮੇਸ਼ਰ ਦੇ ਸ਼ਬਦ-ਰੂਪ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਅਤੇ ਇਸ ਗੁਰਮਤਿ ਸੰਸਥਾ ਦੁਆਰਾ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ '੧ਓ' ਤੋਂ ਲੈ ਕੇ 'ਤਨੁ ਮਨੁ ਥੀਵੈ ਹਰਿਆ ਤੱਕ' ਦੇ ਫ਼ਲਸਫ਼ੇ ਦਾ ਹੀ ਪ੍ਰਚਾਰ ਕੀਤਾ ਜਾ ਸਕਦਾ ਹੈ। ਪਰ ਗੁਰਮਤਿ ਸਿਧਾਂਤਾਂ ਦੀ ਸੂਝ ਤੋਂ ਕੋਰੇ ਪ੍ਰਬੰਧਕ ਇਸ ਪਾਸੇ ਧਿਆਨ ਹੀ ਨਹੀਂ ਦੇਂਦੇ। **ਇਹ ਗੁਰਮਤਿ-ਵਿਹੂਣੇ ਪ੍ਰਬੰਧਕ, ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਅਨੁਸਾਰ ਇਸ ਸੰਸਥਾ ਨੂੰ ਗੁਰਮਤਿ ਇਨਕਲਾਬ ਦੇ ਵਿਕਾਸ ਲਈ,**

ਕਾਰਜਸ਼ੀਲ ਕਰਨ ਦੀ ਬਜਾਏ, ਗੁਰੂ 'ਤੇ ਆਪਣਾ ਹੁਕਮ ਚਲਾਉਣ ਦੀਆਂ ਕਾਲੀਆਂ ਕਰਤੂਤਾਂ ਕਰ ਰਹੇ ਹਨ।{ਗੁਰੂ ਗ੍ਰੰਥ ਸਾਹਿਬ ਦੀ ਸੰਸਥਾ (ਗੁਰਦਵਾਰੇ) ਨੂੰ ਆਪਣੀ ਪ੍ਰਾਈਵੇਟ ਲਿਮਿਟਿਡ ਕੰਪਣੀ ਦੀ ਤਰ੍ਹਾਂ ਚਲਾਉਣ ਦੀ ਗੁਸਤਾਖ਼ੀ ਕਰ ਰਹੇ ਹਨ}।

ਹਨੂੰਮਾਨ ਅਤੇ 'ਸ਼ਨੀ-ਦੇਵਤਾ' ਵੀ ਗੁਰਦਵਾਰਿਆਂ 'ਚ ਆ ਵੜੇ!

ਅੱਜ ਕਲ, ਕੁੱਝ ਇੱਕ ਗੁਰਦਵਾਰਿਆਂ ਦੀ ਸੰਗਤਿ ਨੇ, ਗੁਰਮਤਿ ਫ਼ਲਸਫ਼ੇ ਦੀ ਬੜੀ ਡੂੰਘੀ ਖ਼ੋਜ ਕਰ ਕੇ, "ਨਵੇਂ ਗੁਰਮਤਿ-ਸਿਧਾਂਤਾਂ" ਨੂੰ ਲੱਭ ਕੇ ਗੁਰੂ ਦੀਆਂ ਖ਼ੁਸ਼ੀਆਂ (ਅਸਲ ਵਿੱਚ ਲਾਹਨਤਾਂ) ਹਾਸਿਲ ਕਰ ਲਈਆਂ ਹਨ। ਯਾਨੀ ਕਿ, ਹਨੂੰਮਾਨ ਨੂੰ ਖ਼ੁਸ਼ ਕਰਨ ਲਈ ਮੰਗਲਵਾਰ ਨੂੰ ਗੁਰਦਵਾਰਿਆਂ ਵਿੱਚ ਲੱਡੂਆਂ ਅਤੇ ਬੂੰਦੀ ਦਾ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ, ਅਤੇ 'ਸ਼ਨੀ-ਦੇਵਤੇ' ਦੀ ਕਰੋਪੀ ਤੋਂ ਬਚਣ ਲਈ ਸ਼ਨਿਚਰਵਾਰ ਨੂੰ ਤੜਕਾ-ਲੱਗੇ ਕਾਲੇ ਛੋਲਿਆਂ ਦਾ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਧੰਨ ਸਿੱਖੀ!

ਗੁਰਦਵਾਰਿਆਂ ਅੰਦਰ ਪਗੜੀ-ਧਾਰੀ (ਸਿੱਖੀ ਸਰੂਪ ਵਾਲੇ) ਬ੍ਰਾਹਮਣ ਆ ਵੜੇ!

ਗੁਰਦਵਾਰਿਆਂ ਅੰਦਰ ਅੰਨਦ-ਕਾਰਜ ਕਰਨ ਦੇ 'ਰੇਟ' ਮੁਕੱਰਰ ਕੀਤੇ ਜਾ ਚੁੱਕੇ ਹਨ। ਪਰ, ਚਲਾਕੀ ਨਾਲ, ਇਨ੍ਹਾਂ ਨੂੰ 'ਰੇਟ' (ਭਾੜਾ) ਕਹਿਣ ਦੀ ਬਜਾਏ 'ਭੇਟਾ' ਦਾ ਨਾਂਅ ਦਿੱਤਾ ਜਾ ਰਿਹਾ ਹੈ। ਭਾਵ ਕਿ, ਭਾੜਾ ਲੈ ਕੇ ਵਿਆਹ ਕੀਤੇ ਜਾ ਰਹੇ ਹਨ।

ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉਂ ਸੁਜਾਣੁ॥

(ਮ.੧, ੪੭੧)

ਭਾਵ: ਆਪਣੇ ਜਜਮਾਨਾਂ ਦੀਆਂ ਧੀਆਂ ਦੇ ਵਿਆਹ ਭਾੜਾ ਲੈ ਕੇ ਕਰਦਾ ਹੈ ਅਤੇ ਪੱਤ੍ਰੀ ਸੋਧ-ਸੋਧ ਕੇ ਉਨ੍ਹਾਂ ਨੂੰ ਰਸਤਾ ਦੱਸਦਾ ਹੈ (ਧਾਰਮਿਕ ਉਪਦੇਸ਼ ਦਿੰਦਾ ਹੈ)। ਹੇ ਲੋਕੋ! ਸੁਣੋ, ਵੇਖੋ, ਇਹ ਅਚਰਜ ਤਮਾਸ਼ਾ! (ਪੰਡਤ ਆਪ ਤਾਂ) ਮਨੋਂ ਅੰਨ੍ਹਾ ਹੈ (ਭਾਵ, ਅਗਿਆਨੀ ਹੈ), (ਪਰ ਆਪਣਾ) ਨਾਮ (ਰਖਾਇਆ ਹੋਇਆ ਹੈ) 'ਸਿਆਣਾ'।

ਹਾਂ, ਲੜਕਾ ਅਤੇ ਲੜਕੀ ਵਾਲੇ ਪਰਿਵਾਰ ਯਥਾ ਜੋਗ ਭੇਟਾ ਇਸ ਸੰਸਥਾ ਲਈ ਦੇ ਸਕਦੇ ਹਨ ।ਪਰ **'ਰੇਟ' ਮੁਕੱਰਰ ਕਰਨੇ ਗੁਰਮਤਿ-ਵਿਰੋਧੀ ਕਾਰਵਾਈ ਹੈ।**

੯. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਦੇਵਤਿਆਂ ਦੀ ਪੂਜਾ !

ਬ੍ਰਾਹਮਣ ਵੱਲੋਂ ਰਾਮਾਇਣ ਆਦਿ ਦੇ ਕੀਤੇ ਜਾ ਰਹੇ ਅਖੰਡ-ਪਾਠਾਂ ਦੀ ਨਕਲ ਕਰ ਕੇ, ਗੁਰਦਵਾਰਿਆਂ ਅੰਦਰ (ਜਾਂ ਘਰਾਂ ਅੰਦਰ), ਗੁਰੂ ਗ੍ਰੰਥ ਸਾਹਿਬ ਦੇ ਕਰਮ-ਕਾਂਡੀ ਪਾਠ ਕੀਤੇ ਜਾ ਰਹੇ ਹਨ, ਜਿਨ੍ਹਾਂ ਦੌਰਾਨ ਹੇਠ ਲਿਖੀਆਂ (ਬ੍ਰਾਹਮਣਵਾਦੀ) ਦੇਵੀ-ਦੇਵਤਿਆਂ ਦੀ ਪੂਜਾ ਦੀਆਂ ਫ਼ਜ਼ੂਲ ਖਰਚੇ ਵਾਲੀਆਂ ਗੁਰਮਤਿ-ਵਿਰੋਧੀ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ:

(ੳ) ਸ਼ੁੱਧ ਦੇਸੀ ਘਿਉ ਦੀਆਂ ਜੋਤਾਂ ਜਗਾਉਣੀਆਂ-ਅਗਨੀ ਦੇਵਤੇ ਦੀ ਪੂਜਾ।

(ਅ) ਕੁੰਭ ਰੱਖਣੇ- ਖ਼ੁਆਜਾ (ਜਲ-ਦੇਵਤੇ) ਦੀ ਪੂਜਾ ।

(ੲ) ਧੂਪਾਂ ਧੁਖਾਉਣੀਆਂ:-ਦੇਵੀ-ਦੇਵਤਿਆਂ ਨੂੰ ਖ਼ੁਸ਼ ਕਰਨ ਦੀ ਹਵਨ-ਯੱਗ ਆਦਿ ਦੀ ਰੀਤ।

(ਸ) ਲਾਲ ਕੱਪੜੇ 'ਚ ਲਪੇਟਿਆ (ਲਾਲ ਧਾਗੇ ਨਾਲ ਬੰਨ੍ਹਿਆ) ਨਾਰੀਅਲ - ਯੱਗ ਸਮੇਂ ਦੇਵੀ-ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਬਲੀ ਦੇਣ ਦੀ ਰੀਤ ਦਾ ਚਿੰਨ੍ਹ (Symbol)

(ਹ) ਕੁੰਭ ਹੇਠਾਂ ਅਨਾਜ ਦੇ ਦਾਣੇ ਰੱਖਣੇ - ਅੰਨ-ਦੇਵਤੇ ਦੀ ਪੂਜਾ ਦੀ ਰੀਤ।

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥

(ਮ.੧, ੬੩੭)

ਭਾਵ: ਹੇ ਭਾਈ ਜੇ ਦੇਵੀ-ਦੇਵਤਿਆਂ ਦੀਆਂ ਪੱਥਰ ਆਦਿਕ ਦੀਆਂ, ਮੂਰਤੀਆਂ ਦੀ ਪੂਜਾ ਕਰੀਏ, ਤਾਂ ਇਹ ਕੁਝ ਵੀ ਨਹੀਂ ਦੇ ਸਕਦੇ, ਮੈਂ ਇਨ੍ਹਾਂ ਪਾਸੋਂ ਕੁਝ ਵੀ ਨਹੀਂ ਮੰਗਦਾ।

੧੦. ਹਰ ਕਿਸਮ ਦੇ ਕਰਮ-ਕਾਂਡਾਂ (ਵਿਖਾਵੇ-ਮਾਤਰ ਦੇ ਕੰਮ) ਨੂ ਸਖ਼ਤੀ ਨਾਲ ਰੱਦ ਕਰਨ ਵਾਲੇ ਸਤਿਗੁਰਾਂ ਦੇ ਪੁਰਬ ਵੀ ਕਰਮ-ਕਾਂਡੀ ਕਾਰਵਾਈਆਂ ਨਾਲ ਅਰੰਭ ਕਰ ਕੇ ਮਨਾਉਣੇ - ਸਤਿਗੁਰਾਂ ਨਾਲ ਕੋਝਾ ਮਜ਼ਾਕ !

ਹੇ ਸੱਚੇ ਪਾਤਿਸ਼ਾਹ! ਤੁੱਸੀਂ ਭਾਵੇਂ ਸਾਨੂੰ ਸਾਰੇ ਹੀ ਕਰਮ-ਕਾਂਡਾਂ ਤੋਂ ਸਖ਼ਤੀ ਨਾਲ ਰੋਕਿਆ ਹੋਇਆ ਹੈ, ਪਰ ਅਸੀਂ ਤੁਹਾਡਾ ਹੁਕਮ ਥੋੜ੍ਹਾ ਹੀ ਮੰਨਣਾ ਹੈ ? ਜੇਕਰ ਅਸੀਂ ਲੋਕਾਚਾਰੀ ਨੂੰ ਛੱਡ ਦਿੱਤਾ ਤਾਂ ਸਾਡਾ ਤਾਂ ਸਮਾਜ 'ਚ ਨੱਕ ਵੱਢਿਆ ਜਾਊ। ਅਸੀਂ ਸਮਾਜ ਵਿੱਚ ਮੂੰਹ ਦਿਖਾਉਣ ਜੋਗੇ ਵੀ ਨਹੀਂ ਰਹਾਂਗੇ! ਕੀ ਅੱਜ ਕੋਈ ਐਸਾ ਗੁਰਦਵਾਰਾ (ਜਾਂ ਡੇਰਾ) ਹੈ ਜਿੱਥੇ ਸਤਿਗੁਰਾਂ ਨਾਲ

ਸਬੰਧਤ ਗੁਰਪੁਰਬ ਗੁਰੂ ਗ੍ਰੰਥ ਸਾਹਿਬ (ਜਾਂ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਕਿਸੇ ਵਿਸ਼ੇਸ਼ ਬਾਣੀ) ਦਾ ਰਸਮੀ ਤੌਰ 'ਤੇ (ਕਰਮ-ਕਾਂਡੀ) ਪਾਠ ਕਰ ਕੇ ਨਹੀਂ ਅਰੰਭ ਕੀਤੇ ਜਾ ਰਹੇ ? **ਸਤਿਗੁਰਾਂ ਨੇ ਸਾਰੀਆਂ ਕਰਮ-ਕਾਂਡੀ ਕਾਰਵਾਈਆਂ ਨੂੰ ਸਖ਼ਤੀ ਨਾਲ ਰੱਦ ਕੀਤਾ ਹੋਇਆ ਹੈ।**

ਕਰਮ ਕਾਂਡ ਕਿਸ ਨੂੰ ਆਖਦੇ ਹਨ ?

ਬ੍ਰਾਹਮਣ (ਪੁਜਾਰੀ), ਨੇ ਸਮਾਜ ਅੰਦਰ ਆਪਣੀ ਸਰਦਾਰੀ ਪੱਕੇ ਤੌਰ 'ਤੇ ਸਥਾਪਤ ਕਰਨ ਲਈ, ਸਾਰੀਆਂ ਧਾਰਮਿਕ ਰਸਮਾਂ/ਰੀਤਾਂ ਬ੍ਰਾਹਮਣ ਦੀ ਅਗੁਵਾਈ ਹੇਠ ਹੀ ਹੋਣੀਆਂ ਲਾਜ਼ਮੀ ਕਰਾਰ ਦੇ ਦਿੱਤੀਆਂ ਸਨ।ਇਨ੍ਹਾਂ ਰਸਮਾਂ/ਰੀਤਾਂ ਦੌਰਾਨ, ਬ੍ਰਾਹਮਣ ਵੇਦਾਂ ਆਦਿ ਦੇ ਢੁਕਵੇਂ ਸਲੋਕਾਂ (ਮੰਤ੍ਰਾਂ) ਦਾ, ਬਾਹਰੀ ਤੌਰ 'ਤੇ ਸੁੱਚਾ ਹੋ ਕੇ, ਪੂਰੀ ਸੁੱਚਮ ਨਾਲ ਮੰਤ੍ਰ-ਜਾਪ ਕਰਦਾ ਸੀ (ਅੱਜ ਵੀ ਕਰਦਾ ਹੈ)। ਕਹਿਣ ਨੂੰ ਤਾਂ ਇਹ ਵਿਖਾਵੇ ਮਾਤਰ ਦੀਆਂ ਕਾਰਵਾਈਆਂ (ਕਰਮ-ਕਾਂਡ) ਦੇਵੀ-ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਕੀਤੀਆਂ ਜਾਂਦੀਆਂ ਸਨ, ਪਰ ਅਸਲ ਵਿੱਚ **ਬ੍ਰਾਹਮਣ ਨੇ ਇਨ੍ਹਾਂ ਕਰਮ-ਕਾਂਡਾਂ ਦੁਆਰਾ ਆਪਣੇ ਜਜਮਾਨਾਂ ਦੀ ਖ਼ੂਨ-ਪਸੀਨੇ ਦੀ ਕਮਾਈ ਨੂੰ ਲੁੱਟਣ ਲਈ ਹੀ ਇਹ ਸਾਰੇ ਭਰਮ-ਜਾਲ ਵਿਛਾਏ ਸਨ (ਰੋਟੀਆਂ ਕਾਰਣਿ ਪੂਰਹਿ ਤਾਲ)।**

ਬ੍ਰਾਹਮਣਵਾਦੀਆਂ ਦੀਆਂ ਸਾਜਿਸ਼ਾਂ ਦਾ ਸ਼ਿਕਾਰ ਹੋ ਕੇ, ਅੱਜ ਮਨਮੁਖਿ ਸਿੱਖਾਂ ਨੇ ਵੀ ਇਨ੍ਹਾਂ ਭੇਡ-ਚਾਲੀ ਰਸਮਾਂ ਨੂੰ ਪੂਰੀ ਤਰ੍ਹਾਂ (ਧਰਮ ਦੇ ਨਾਂ 'ਤੇ) ਅਪਣਾ ਲਿਆ ਹੈ। ਅਜਿਹੇ ਪਾਠਾਂ (ਅਖੰਡ, ਸਾਧਾਰਨ, ਸੰਪਟ ਆਦਿ) ਦੌਰਾਨ ਸ਼ਬਦ ਦੀ ਵਿਚਾਰ, ਆਮ ਤੌਰ 'ਤੇ, ਮਨਫ਼ੀ ਹੀ ਹੁੰਦੀ ਹੈ। ਜਿਸ ਧਾਰਮਿਕ ਕਾਰਵਾਈ ਰਾਹੀਂ ਸੰਗਤਿ ਨੂੰ ਗੁਰਬਾਣੀ ਦੇ ਸਿਧਾਂਤਾਂ ਦੀ ਜੋਗ ਢੰਗ ਨਾਲ ਜਾਣਕਾਰੀ ਨਾ ਦਿੱਤੀ ਜਾਵੇ, **ਉਹ ਧਾਰਮਿਕ ਰਸਮ ਕਰਮ-ਕਾਂਡ ਤੋਂ ਵੱਧ ਹੋਰ ਕੁਝ ਵੀ ਨਹੀਂ।** ਕੀ ਅਸੀਂ ਸਤਿਗੁਰਾਂ ਦੇ ਹੁਕਮਾਂ ਦੀ ਬੇ-ਸ਼ਰਮੀ ਨਾਲ, ਸ਼ਰ੍ਹੇਆਮ, ਉਲੰਘਣਾ ਕਰ ਕੇ ਵੀ ਆਪਣੇ ਆਪ ਨੂੰ ਸਿੱਖ ਅਖਵਾਉਣ ਦੇ ਹੱਕਦਾਰ ਹੋ ਸਕਦੇ ਹਾਂ ?

੧੧. ਗੁਰਦਵਾਰਿਆਂ ਵਿੱਚ ਸ਼ੋਰ-ਸ਼ਰਾਬਾ (ਆਵਾਜ਼-ਪ੍ਰਦੂਸ਼ਨ)

ਗੁਰਦੁਆਰਿਆਂ ਅੰਦਰ, ਸੰਗਤਿ ਦੀ ਗਿਣਤੀ ਅਨੁਸਾਰ, ਜੋਗ ਸਾਊਂਡ ਸਿਸਟਮ ਲਗਾਇਆ ਜਾ ਸਕਦਾ ਹੈ, ਜਿਸ ਦੀ ਆਵਾਜ਼ ਪ੍ਰਕਾਸ਼-ਹਾਲ ਦੇ ਅੰਦਰ ਹੀ ਰਹੇ। ਪਰ ਬਹੁਤ ਸਾਰੇ ਗੁਰਦਵਾਰਿਆਂ ਦੀਆਂ ਛੱਤਾਂ/ਦੀਵਾਰਾਂ 'ਤੇ ਲੋੜ ਤੋਂ ਵੱਧ ਲਾਊਡ ਸਪੀਕਰ ਲਗਵਾ ਕੇ ਉੱਚੀ ਆਵਾਜ਼ ਵਿੱਚ ਗੁਰਬਾਣੀ

ਦਾ ਪਾਠ, ਕੀਰਤਨ, ਕਥਾ ਜਾਂ ਢਾਡੀ ਵਾਰਾਂ ਸੁਣਾਈਆਂ ਜਾਂਦੀਆਂ ਹਨ। ਅਜਿਹਾ ਨਜ਼ਾਰਾ ਗੁਰਪੁਰਬਾਂ ਦੇ ਦਿਨਾਂ ਵਿੱਚ ਤਾਂ ਆਮ ਹੀ ਵੇਖਣ ਨੂੰ ਮਿਲਦਾ ਹੈ।ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਨ ਨਾਲ ਆਵਾਜ਼-ਪ੍ਰਦੂਸ਼ਨ ਫੈਲਦਾ ਹੈ ਜਿਸ ਨਾਲ ਜਿੱਥੇ ਵਿਦਿਆਰਥੀਆਂ, ਬੀਮਾਰਾਂ, ਬਜ਼ੁਰਗਾਂ, ਦਿਮਾਗ਼ੀ ਕੰਮ ਕਰਨ ਵਾਲਿਆਂ ਅਤੇ ਇਕਾਂਤ ਵਿੱਚ ਸ਼ਾਂਤੀ ਨਾਲ ਗੁਰਬਾਣੀ ਵਿਚਾਰਨ/ਪੜ੍ਹਨ ਵਾਲਿਆਂ ਨੂੰ ਪ੍ਰੇਸ਼ਾਨੀ ਹੁੰਦੀ ਹੈ ਉਥੇ ਗੁਰਦਵਾਰਿਆਂ ਦੇ ਨੇੜਲੇ ਘਰਾਂ ਦੇ ਵਸਨੀਕਾਂ ਨੂੰ ਵੀ ਬੇ-ਲੋੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। **ਇਹ ਇੱਕ ਵਿਗਿਆਨਕ ਸੱਚਾਈ ਹੈ ਕਿ ਇੱਕ ਖ਼ਾਸ ਸੀਮਾ ਤੋਂ ਵਧੇਰੇ ਆਵਾਜ਼-ਪ੍ਰਦੂਸ਼ਨ ਹਰ ਪ੍ਰਕਾਰ ਦੇ ਜੀਵਨ ਲਈ ਖ਼ਤਰਨਾਕ ਹੁੰਦਾ ਹੈ। ਕੀ ਗੁਰਦਵਾਰੇ ਸਮਾਜ ਦੇ ਭਲੇ ਲਈ ਹੋਂਦ ਵਿੱਚ ਆਏ ਹਨ ਕਿ ਸਮਾਜ ਵਿੱਚ ਮਾਨਸਿਕ ਪ੍ਰੇਸ਼ਾਨੀਆਂ ਪੈਦਾ ਕਰਨ ਲਈ ?** ਏਥੇ ਹੀ ਬੱਸ ਨਹੀਂ, ਕਈ ਪਿੰਡਾਂ/ਕਸਬਿਆਂ ਵਿੱਚ ਇੱਕ ਤੋਂ ਵਧੇਰੇ ਧਾਰਮਕਿ ਅਸਥਾਨ ਹਨ ਅਤੇ ਇਹ ਸਾਰੇ ਸ਼ੋਰ ਪੈਦਾ ਕਰਨ ਵਿੱਚ ਇੱਕ-ਦੂਜੇ ਤੋਂ ਬਾਜੀ ਮਾਰਨਾ ਚਾਹੁੰਦੇ ਹਨ। ਇੱਕੋ ਹੀ ਸਮੇਂ 'ਤੇ, ਕਿਸੇ ਧਰਮ ਅਸਥਾਨ ਵਿੱਚੋਂ ਕੁੱਝ ਪੜ੍ਹਿਆ/ਗਾਇਆ ਜਾ ਰਿਹਾ ਹੁੰਦਾ ਅਤੇ ਕਿਸੇ ਵਿੱਚੋਂ ਕੁੱਝ ਹੋਰ, ਜਿਸ ਦੇ ਨਤੀਜੇ ਵਜੋਂ, ਇਸ ਕਾਵਾਂ-ਰੌਲੀ ਵਿੱਚ, ਕੁੱਝ ਵੀ ਸਮਝ ਗੋਚਰਾ ਨਹੀਂ ਹੋ ਰਿਹਾ ਹੁੰਦਾ। ਗੁਰੂ ਗ੍ਰੰਥ ਸਾਹਿਬ ਦਾ ਆਲਮਗ਼ੀਰੀ ਫ਼ਲਸਫ਼ਾ ਇਸ ਦਸ਼ਾ ਬਾਰੇ ਇੰਜ ਇਲਾਹੀ ਸੇਧ ਦੀ ਬਖ਼ਸ਼ਿਸ਼ ਕਰਦਾ ਹੈ:

ਕਬੀਰ, ਮੁਲਾਂ ਮੁਨਾਰੇ ਕਿਆ ਚਢਹਿ, ਸਾਂਈ ਨ ਬਹਰਾ ਹੋਇ ॥
ਜਾ ਕਾਰਨਿ ਤੂੰ ਬਾਂਗ ਦੇਹਿ, ਦਿਲ ਹੀ ਭੀਤਰਿ ਜੋਇ॥

(ਕਬੀਰ ਜੀ, ੧੩੭੪)

ਭਾਵ: ਹੇ ਕਬੀਰ! (ਆਖ) ਹੇ ਮੁੱਲਾਂ! ਮਸਜਦ ਦੇ ਮੁਨਾਰੇ ਉੱਤੇ ਚੜ੍ਹ ਕੇ ਉੱਚੀ ਆਵਾਜ਼ ਦੇਣ ਦਾ ਤੈਨੂੰ ਆਪ ਤਾਂ ਕੋਈ ਲਾਭ ਨਹੀਂ ਹੋ ਰਿਹਾ। ਜਿਸ (ਰੱਬ ਦੀ ਨਮਾਜ਼) ਦੀ ਖ਼ਾਤਰ ਤੂੰ ਬਾਂਗ ਦੇ ਰਿਹਾ ਹੈਂ, ਉਸ ਨੂੰ ਆਪਣੇ ਦਿਲ ਵਿੱਚ ਵੇਖ (ਤੇਰੇ ਅੰਦਰ ਹੀ) ਵਸਦਾ ਹੈ। **ਜੇ ਤੇਰੇ ਆਪਣੇ ਅੰਦਰ ਸ਼ਾਂਤੀ ਨਹੀਂ, ਸਿਰਫ਼ ਲੋਕਾਂ ਨੂੰ ਹੀ ਸੱਦ ਰਿਹਾ ਹੈਂ, ਤਾਂ ਖ਼ੁਦਾ ਬੋਲਾ ਨਹੀਂ (ਉਹ ਤੇਰੇ ਦਿਲ ਦੀ ਹਾਲਤ ਵੀ ਜਾਣਦਾ ਹੈ, ਉਸ ਨੂੰ ਠੱਗਿਆ ਨਹੀਂ ਜਾ ਸਕਦਾ)।**

ਨੋਟ: ਇਥੇ ਉਦਾਹਰਨ ਭਾਵੇਂ ਇੱਕ ਮੁੱਲਾਂ ਦੀ ਲਈ ਗਈ ਹੈ, ਪਰ ਗੁਰਬਾਣੀ ਦਾ ਸੁਨੇਹਾ ਸਾਰੀ ਮਨੁੱਖਤਾ ਲਈ ਸਾਂਝਾ ਹੈ, ਦੂਸਰੇ ਮਜ਼੍ਹਬਾਂ ਦੇ ਧਾਰਮਿਕ ਆਗੂਆਂ ਦੀਆਂ ਇਸ ਤਰ੍ਹਾਂ ਸ਼ੋਰ-ਪ੍ਰਦੂਸ਼ਨ ਫੈਲਾਉਣ ਵਾਲੀਆਂ ਸਾਰੀਆਂ ਕਾਰਵਾਈਆਂ ਵੀ ਇਸ ਵਿੱਚ ਸ਼ਾਮਿਲ ਹਨ।

ਧਰਮ ਦੇ ਨਾਂ 'ਤੇ ਸ਼ੋਰ-ਸ਼ਰਾਬੇ ਵਾਲੇ, ਨਗਰ-ਕੀਰਤਨ, 'ਅਲੌਕਿਕ ਕੀਰਤਨ ਦਰਬਾਰ'/ ਢਾਡੀ ਦਰਬਾਰ ਅਤੇ ਜਗਰਾਤੇ ਆਦਿ

ਸਮਾਜ ਵਿੱਚ ਸੁੱਚੀਆਂ ਭਾਈਚਾਰਕ ਸਾਂਝਾਂ ਪੈਦਾ ਕਰਨ ਲਈ, ਜੋਗ ਢੰਗ ਨਾਲ, ਸਮੇਂ-ਸਮੇਂ ਸਿਰ, ਇਕੱਠ ਕਰਨੇ ਸ਼ਲਾਘਾਯੋਗ ਹਨ, ਪਰ ਧਰਮ ਦੇ ਨਾਂਅ 'ਤੇ ਸੜਕਾਂ 'ਤੇ (ਜਾਂ ਘਰਾਂ 'ਚ ਵੀ) ਸ਼ੋਰ-ਸ਼ਰਾਬੇ ਵਾਲੇ ਪ੍ਰੋਗਰਾਮ ਕਰਨੇ ਕਿਸੇ ਵੀ ਪੱਖ ਤੋਂ ਮੁਨਾਸਿਬ ਨਹੀਂ ਕਹੇ ਜਾ ਸਕਦੇ, ਕਿਉਂਕਿ ਅਜਿਹਾ ਕਰਨ ਨਾਲ ਜਿੱਥੇ ਆਮ ਆਵਾਜਾਈ ਵਿੱਚ ਬੇ-ਲੋੜੀਆਂ ਰੁਕਾਵਟਾਂ ਪੈਦਾ ਹੁੰਦੀਆਂ ਹਨ, ਉੱਥੇ ਆਵਾਜ਼-ਪ੍ਰਦੂਸ਼ਨ ਵੀ ਸੁਰੱਖਿਅਤ ਸੀਮਾਂ ਤੋਂ ਬਹੁਤ ਜ਼ਿਆਦਾ ਵਧ ਜਾਂਦਾ ਹੈ। **ਜਿਸ ਮਹੱਲੇ ਵਿੱਚ ਅਜਿਹੇ ਪ੍ਰੋਗਰਾਮ ਕੀਤੇ ਜਾਂਦੇ ਹਨ (ਖ਼ਾਸ ਕਰ ਕੇ ਜਗਰਾਤੇ) ਉਥੋਂ ਦੇ ਵਾਸੀਆਂ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ - ਇਹ, ਸਾਫ਼ ਸ਼ਬਦਾਂ ਵਿੱਚ, ਧਰਮ ਦੇ ਨਾਂਅ 'ਤੇ ਅਤੰਕਵਾਦੀ ਕਾਰਵਾਈਆਂ ਹੀ ਹਨ** ਅਤੇ ਇਨ੍ਹਾਂ ਪ੍ਰੋਗਰਾਮਾਂ 'ਤੇ ਕੀਤੇ ਜਾਣ ਵਾਲੇ ਖਰਚੇ, ਸੰਗਤਿ ਵੱਲੋਂ ਧਾਰਮਿਕ ਸ਼ਰਧਾ ਨਾਲ ਦਿੱਤੇ ਗਏ ਧਨ ਅਤੇ ਪਦਾਰਥਾਂ ਦੀ ਨਿੰਦਣਯੋਗ ਦੁਰਵਰਤੋਂ।

ਸੰਗਰਾਂਦ, ਪੂਰਨਮਾਸ਼ੀ, ਮੱਸਿਆ ਆਦਿ ਥਿੱਤਾਂ ਵਾਰਾਂ ਨੂੰ ਪਵਿੱਤ੍ਰ ਦਿਹਾੜਿਆਂ ਵਜੋਂ ਮਾਨਤਾ ?

ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਅਨੁਸਾਰ ਕੋਈ ਵੀ ਥਿੱਤ ਜਾ ਵਾਰ (ਦਿਨ) ਜਾਂ ਮਹੂਰਤ (ਸਮਾਂ) ਆਪਣੇ ਆਪ ਵਿੱਚ ਪਵਿੱਤ੍ਰ ਜਾਂ ਅਪਵਿੱਤ੍ਰ ਨਹੀ ਹੁੰਦਾ। ਉਹੀ ਸਮਾਂ ਪਵਿੱਤ੍ਰ ਅਤੇ ਸ਼ੁਭ ਹੈ ਜਿਸ ਵਕਤ ਪ੍ਰਭੂ-ਪਿਤਾ ਦੀ ਯਾਦ ਮਨੁੱਖ ਦੇ ਮਨ/ਹਿਰਦੇ ਵਿੱਚ ਆ ਵੱਸੇ;

ਸਾ ਵੇਲਾ, ਸੋ ਮੂਰਤੁ, ਸਾ ਘੜੀ, ਸੋ ਮੁਹਤੁ, ਸਫਲੁ ਹੈ, ਮੇਰੀ ਜਿੰਦੁੜੀਏ,
ਜਿਤੁ ਹਰਿ ਮੇਰਾ ਚਿਤਿ ਆਵੈ ਰਾਮ॥ (ਮ.੪,੫੪੦)

ਭਾਵ: ਹੇ ਮੇਰੀ ਸੋਹਣੀ ਜਿੰਦੇ! ਉਹ ਵੇਲਾ ਭਾਗਾਂ ਵਾਲਾ ਹੈ, ਉਹ ਘੜੀ ਭਾਗਾਂ ਵਾਲੀ ਹੈ, ਉਹ ਸਮਾਂ ਭਾਗਾਂ ਵਾਲਾ ਹੈ, ਜਿਸ ਵੇਲੇ ਪਿਆਰਾ ਪਰਮਾਤਮਾ ਚਿੱਤਿ ਵਿੱਚ ਆ ਵਸਦਾ ਹੈ (ਉਸਦੀ ਯਾਦ ਚਿੱਤ ਵਿੱਚ ਆ ਵਸਦੀ ਹੈ)।

ਗੁਰਦਵਾਰਾ ਸੰਸਥਾ ਦੇ ਗੁਰਮਤਿ-ਵਿਹੂਣੇ, ਬੇਸਮੱਝ, ਪ੍ਰਬੰਧਕ, ਗੁਰੂ ਗ੍ਰੰਥ ਸਾਹਿਬ ਦੇ ਅਦੁੱਤੀ ਫ਼ਲਸਫ਼ੇ ਤੋਂ ਸੇਧ ਲੈਣ ਦੀ ਬਜਾਏ ਬ੍ਰਾਹਮਣਵਾਦੀਆਂ ਵੱਲੋਂ ਸੰਨ ੧੭੧੬ ਅਤੇ ੧੯੨੨ ਵਿਚਕਾਰ, ਗੁਰਦਵਾਰਿਆਂ ਅੰਦਰ ਪ੍ਰਚਲਤ ਕੀਤੀਆਂ ਗੁਰਮਤਿ-ਵਿਰੋਧੀ

(ਬ੍ਰਾਹਮਣਵਾਦੀ) ਕਾਰਵਾਈਆਂ ਨੂੰ ਹੀ 'ਗੁਰਮਤਿ' ਸਮਝ ਕੇ, ਅੰਨ੍ਹੇਵਾਹ ਕਰੀ ਜਾ ਰਹੇ ਹਨ। ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਨੂੰ ਗੋਲਕਾਂ ਭਰਨ ਦਾ ਮੌਕਾ ਵੀ ਮਿਲ ਜਾਂਦਾ ਹੈ ਅਤੇ ਉਸ ਤੋਂ ਪਿੱਛੋਂ ਗੋਲਕਾਂ ਦੀ ਮਾਇਆ ਦੀ ਦੁਰ-ਵਰਤੋਂ ਕਰਨ ਦਾ ਵੀ।। ਸਤਿਗੁਰਾਂ ਦਾ ਫੁਰਮਾਣੁ ਹੈ:

ਸਤਿਗੁਰ ਬਾਝਹੁ ਅੰਧੁ ਗੁਬਾਰੁ ॥
ਥਿਤੀ ਵਾਰ ਸੇਵਹਿ ਮੁਗਧ ਗਵਾਰ ॥ (ਮ.੩, ੮੪੨-੮੪੩)

ਭਾਵ: ਪਰਮੇਸ਼ਰ ਦੀ ਸ਼ਰਣਿ ਆਉਣ ਤੋਂ ਬਿਨਾਂ, ਮਨੁੱਖ (ਆਤਮਕ ਜੀਵਨ ਵੱਲੋਂ) ਪੂਰੇ ਤੌਰ ਤੇ ਅੰਨ੍ਹਾ ਹੋਇਆ ਰਹਿੰਦਾ ਹੈ, (ਪ੍ਰਭੂ-ਪਿਤਾ ਦਾ ਆਸਰਾ-ਪਰਨਾ ਛੱਡ ਕੇ) ਮੂਰਖ ਮਨੁੱਖ ਹੀ ਥਿੱਤਾਂ-ਵਾਰਾਂ ਮਨਾਉਂਦੇ ਫਿਰਦੇ ਹਨ।

ਇਸ ਪੱਖ ਤੋਂ ਸਿੱਖ ਕੌਮ ਨੂੰ ਗੁਮਰਾਹ ਕਰ ਕੇ ਬ੍ਰਾਹਮਣਵਾਦ ਵਾਲੇ ਪਾਸੇ ਜੋੜਨ ਲਈ, ਨਕਲੀ ਸੰਤ-ਬਾਬਿਆਂ (ਸ਼ੁਤਰਮੁਰਗ਼) ਅਤੇ ਡੇਰੇਦਾਰਾਂ ਨੇ ਵੀ ਭਰਵਾਂ ਯੋਗਦਾਨ ਪਾਇਆ ਹੈ ਕਿਉਂਕਿ ਥਿੱਤਾਂ-ਵਾਰਾਂ ਦੀ ਪਵਿੱਤ੍ਰਤਾ ਦੇ ਬਹਾਨੇ, ਇਹ ਅਪਣੇ ਅਸਥਾਨਾਂ 'ਤੇ, ਇਨ੍ਹਾਂ 'ਸ਼ੁੱਭ ਦਿਹਾੜਿਆਂ'(?) ਦੇ ਦਿਨ ਸੰਗਿਤ ਦਾ ਵੱਧ ਤੋਂ ਵੱਧ ਇਕੱਠ ਕਰ ਕੇ ਸੰਗਤਿ ਦੀ ਮਾਇਆ ਅਤੇ ਰਸਦਾਂ-ਵਸਤਾਂ ਹਾਸਿਲ ਕਰਨਾ ਚਾਹੁੰਦੇ ਹਨ ਅਤੇ ਇਸ ਦੇ ਨਾਲ-ਨਾਲ ਹੀ ਆਪਣੇ 'ਪਰਬਚਨਾਂ'(?) ਦੁਆਰਾ ਸੰਗਤਿ ਦਾ ਮੱਤ-ਪਰਿਵਰਤਨ (Brain Wash) ਕਰ ਕੇ ਅੰਧ੍ਰ-ਵਿਸ਼ਵਾਸ਼ ਦੇ ਟੀਕੇ ਵੀ ਲਾਉਂਦੇ ਰਹਿੰਦੇ ਹਨ ਕਿਉਂਕਿ ਅੰਧ-ਵਿਸ਼ਵਾਸ਼ੀ ਇਕੱਠ ਹੀ ਇਨ੍ਹਾਂ ਵਿਹਲੜਾਂ ਦੀ ਰੋਜ਼ੀ-ਰੋਟੀ ਅਤੇ ਐਸ਼-ਪ੍ਰਸਤੀ ਦਾ ਵਸੀਲਾ ਬਣ ਸਕਦਾ ਹੈ। ਜੇਕਰ ਸੰਗਤਿ ਨੂੰ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੀ ਸਹੀ ਸਮਝ ਆ ਗਈ ਤਾਂ ਇਹ ਵਿਚਾਰੇ ਨਕਲੀ ਸਾਧ ਤਾਂ ਭੁੱਖੇ ਮਰ ਜਾਣਗੇ!

ਗੁਰਦਵਾਰਿਆਂ ਦੀਆਂ ਇਮਾਰਤਾਂ ਦੀ ਉਸਾਰੀ 'ਤੇ ਹੀ ਪੂਰਾ ਜ਼ੋਰ!

ਕਿਸੇ ਵੀ ਗੁਰਦਵਾਰਾ ਸੰਸਥਾ ਅੰਦਰ ਗੁਰੂ ਗ੍ਰੰਥ ਸਾਹਿਬ ਲਈ ਯੋਗ ਪ੍ਰਕਾਸ਼ ਅਸਥਾਨ ਅਤੇ ਨਿਵਾਸ-ਅਸਥਾਨ ਹੋਣੇ ਜ਼ਰੂਰੀ ਹਨ। ਇਸ ਤੋਂ ਇਲਾਵਾ, ਸੰਗਤਿ ਦੇ ਬੈਠਣ ਲਈ, ਲੰਗਰ ਤਿਆਰ ਕਰਨ ਅਤੇ ਵਰਤਾਉਣ ਲਈ, ਆਏ ਮੁਸਾਫ਼ਰਾਂ ਦੀ ਰਿਹਾਇਸ਼ ਲਈ ਵੀ ਯੋਗ ਪ੍ਰਬੰਧ ਹੋਣਾ ਚਾਹੀਦਾ ਹੈ।ਪਰ ਸਭ ਤੋਂ ਜ਼ਰੂਰੀ ਪੱਖ ਹੈ ਇਸ ਸੰਸਥਾ ਦੁਆਰਾ, ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦਾ ਅਧੁਨਿਕ ਪ੍ਰਚਾਰ ਸਾਧਨਾਂ ਦੀ ਸੁਚੱਜੀ ਵਰਤੋਂ ਕਰ ਕੇ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ (ਗੁਰਮਤਿ) ਇਨਕਲਾਬ ਦਾ ਵਿਕਾਸ ਕਰ ਕੇ ਸਾਰੇ ਸੰਸਾਰ ਅੰਦਰ ਹਲੇਮੀ-ਰਾਜ ਦੀ ਸਥਾਪਨਾ ਲਈ ਉਪਰਾਲੇ ਕਰਨੇ। ਪਰ ਬਦਕਿਸਮਤੀ ਨਾਲ, ਇਸ ਸਭ ਤੋਂ ਜ਼ਰੂਰੀ ਪੱਖ ਨੂੰ ਮੁਕੰਮਲ ਤੌਰ 'ਤੇ ਨਜ਼ਰ-ਅੰਦਾਜ਼ ਕਰ ਕੇ, ਕੌਮ ਦਾ ਪੂਰਾ ਜ਼ੋਰ ਗੁਰਦਵਾਰੇ ਦੀ

ਇਮਾਰਤ ਦੀ ਮਹਿੰਗੀ-ਤੋਂ-ਮਹਿੰਗੀ ਉਸਾਰੀ ਅਤੇ ਵਿਸ਼ੇਸ਼ ਸਮਾਗਮਾਂ ਦੌਰਾਨ ਮਹਿੰਗੇ ਤੋਂ ਮਹਿੰਗੇ ਮਲਕ ਭਾਗੋ ਦੇ ਲੰਗਰ ਤਿਆਰ ਕਰਨ 'ਤੇ ਹੀ ਲੱਗ ਰਿਹਾ ਹੈ। ਗੁਰੂ ਕੇ ਲੰਗਰਾਂ ਵਿੱਚ ਬਾਕੀ ਦਿਨਾਂ 'ਤੇ ਤਿਆਰ ਕੀਤਾ ਜਾ ਰਿਹਾ ਲੰਗਰ ਪੌਸ਼ਟਿਕਤਾ ਅਤੇ ਸਫ਼ਾਈ ਦੇ ਪੱਖਾਂ ਤੋਂ ਵਧੀਆਂ ਨਹੀਂ ਹੁੰਦਾ ਜਿਸ ਵਿੱਚ ਸੁਧਾਰ ਕਰਨ ਦੀ ਲੋੜ ਹੈ। ਇਸ ਦਾ ਕਾਰਨ ਹੈ ਕੌਮ ਅੰਦਰ ਗੁਰਮਤਿ ਫ਼ਲਸਫ਼ੇ ਦੀ ਸੋਝੀ ਦੀ ਘਾਟ।

ਗੁਰਦਵਾਰਿਆਂ ਅੰਦਰ 'ਠੇਕੇ ਦੇ ਪਾਠਾਂ' ਦੀ ਲੜੀ-ਗੁਰਬਾਣੀ ਦਾ ਵਾਪਾਰੀਕਰਨ !

ਗੁਰਦਵਾਰਿਆਂ ਅੰਦਰ ਪ੍ਰਬੰਧਕਾਂ ਵੱਲੋਂ ਮੁਕੱਰਰ ਕੀਤੇ ਰੇਟਾਂ 'ਤੇ, ਠੇਕੇ ਦੇ ਪਾਠ ਬੁੱਕ ਕੀਤੇ ਜਾਂਦੇ ਹਨ। ਪਾਠ ਕਰਵਾਉਂਣ ਵਾਲੇ ਤੋਂ, (ਪਾਠ ਕਰ ਕੇ) ਮੁਕੱਰਰ ਕੀਤੀ ਰਕਮ ਲੈ ਲਈ ਜਾਂਦੀ ਹੈ, ਪਾਠੀਆਂ ਨੂੰ ਮੁਕੱਰਰ ਕੀਤੀ 'ਪਾਠ-ਸੇਵਾ' (ਰਕਮ) ਦੇ ਦਿੱਤੀ ਜਾਂਦੀ ਹੈ ਅਤੇ ਪਾਠ ਦਾ ਫ਼ਲ ਪਾਠ ਕਰਵਾਉਂਣ ਵਾਲੇ ਦੇ ਨਾਂਅ ਟਰਾਂਸਫ਼ਰ ਕਰਨ ਲਈ ਸਤਿਗੁਰਾਂ ਅੱਗੇ ਅਰਦਾਸਿ ਕਰ ਦਿੱਤੀ ਜਾਂਦੀ ਹੈ। **ਇਹ ਸਾਰੀ ਦੀ ਸਾਰੀ ਕਾਰਵਾਈ, ਗੁਰਮਤਿ-ਸਿਧਾਂਤ' ਦੀ ਉਲੰਘਣਾ ਕਰਨ ਵਾਲੀ 'ਪਖੰਡ-ਕਿਰਿਆ' ਤੋਂ ਵੱਧ ਕੁੱਝ ਵੀ ਨਹੀਂ।** ਇਹ ਕਰਮ-ਕਾਂਡੀ ਕਾਰਵਾਈ ਨਿਰੰਕਾਰ ਦੇ ਸ਼ਬਦ-ਸਰੂਪ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਹੈ। **ਗੁਰਬਾਣੀ ਨੂੰ ਵਾਪਾਰ ਬਣਾਇਆ ਜਾ ਰਿਹਾ ਹੈ। ਗੁਰਬਾਣੀ ਠੇਕੇ ਦੇ ਪਾਠ ਕਰਨ ਲਈ ਨਹੀਂ ਪ੍ਰਗਟ ਹੋਈ। ਇਹ ਸਤਿਗੁਰਾਂ ਰਾਹੀਂ, ਪ੍ਰਭੂ-ਪ੍ਰੇਰਨਾ ਦੁਆਰਾ ਪ੍ਰਗਟ ਹੋਈ, ਕਲਿਆਣਕਾਰੀ ਗੁਰਮਤਿ ਜੀਵਨ-ਜਾਚ ਹੈ।**

ਹੋਰ ਤਾਂ ਹੋਰ, ਗੁਰਮਤਿ-ਵਿਹੂਣੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ, ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ, ਇਹ ਕਾਰਵਾਈ ਕਰ ਰਹੀ ਹੈ ਅਤੇ ਕਈ-ਕਈ ਸਾਲਾਂ ਲਈ ਅਖੰਡ ਪਾਠ ਅਡਵਾਂਸ ਵਿੱਚ ਹੀ ਬੁੱਕ ਕਰੀ ਜਾ ਰਹੀ ਹੈ। **ਕਾਬੇ 'ਚੋਂ ਹੀ ਕੁਫ਼ਰ ਉੱਠਣ ਵਾਲੀ ਗੱਲ ਬਣੀ ਪਈ ਹੈ। ਸਦ ਅਫ਼ਸੋਸ!**

ਗੁਰਦਵਾਰਿਆਂ ਅੰਦਰ ਰੋਜ਼ਾਨਾ (ਦੋ-ਵੇਲੇ) ਸਤਿਗੁਰਾਂ ਦੀ ਤੌਹੀਨ !

ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਵਿੱਚ ਇੱਕ ਰਚਨਾ 'ਵਾਰ ਦੁਰਗਾ' ਦੇ ਸਿਰਲੇਖ ਹੇਠ, ਜਿਸ ਨੂੰ 'ਵਾਰ ਸ੍ਰੀ ਭਗਉਤੀ ਜੀ ਕੀ' ਵੀ ਕਿਹਾ ਜਾਂਦਾ ਹੈ, (ਇਸ ਅਸ਼ਲੀਲਤਾ ਨਾਲ ਭਰਪੂਰ, ਸ਼ਾਕਤੀ ਕਿਤਾਬ ਦੇ ਪੰਨਾ ਨੰਬਰ ੧੧੯ ਤੋਂ ਪੰਨਾ ਨੰਬਰ ੧੨੭ ਤੱਕ) ਦਰਜ਼ ਹੈ। ੫੫ ਪਉੜੀਆਂ ਵਾਲੀ ਇਸ ਰਚਨਾ

ਵਿੱਚੋਂ ਇਸ ਦੀ ਪਹਿਲੀ ਪਉੜੀ ਨੂੰ ਚੁੱਕ ਕੇ, 'ਸਿੱਖ ਰਹਿਤ ਮਰਿਯਾਦਾ' ਵਿੱਚ ਦਰਜ਼ ਅਰਦਾਸ ਦੇ ਅਰੰਭ ਵਿੱਚ ਜੜ ਦਿੱਤਾ ਗਿਆ ਹੈ ਅਤੇ ਇਹ ਦੱਸਿਆ ਜਾ ਰਿਹਾ ਹੈ ਕਿ ਇਹ ਦਸਮੇਸ਼ ਪਿਤਾ ਜੀ ਦੀ ਰਚਨਾ ਹੈ। ਪਰ ਇਸ ਵਾਰ ਦਾ ਲਿਖਾਰੀ ਖ਼ੁਦ ਹੀ ਇਸ ਵਾਰ ਦੀ ਆਖ਼ਰੀ ਪਉੜੀ (ਪਉੜੀ ਨੰਬਰ ੫੫) ਵਿੱਚ ਇੰਝ ਬਿਆਨ ਕਰ ਰਿਹਾ ਹੈ:

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥

(ਵਾਰ ਦੁਰਗਾ, ਪਉੜੀ 55,ਸਫ਼ਾ 127)

ਭਾਵ: ਇਸ (ਵਾਰ ਦੁਰਗਾ) ਦਾ ਸਾਰਾ ਪਾਠ ਦੁਰਗਾ ਦੇਵੀ ਦੇ ਸਬੰਧ ਵਿੱਚ ਹੀ ਹੈ ਅਤੇ ਜਿਹੜਾ ਮਨੁੱਖ ਇਸ ਦਾ ਪਾਠ ਕਰੇਗਾ (ਗਾਵੇਗਾ) ਉਸ ਦਾ ਜਨਮ-ਮਰਨ ਦਾ ਗੇੜ ਮੁੱਕ ਜਾਵੇਗਾ।ਇਹ ਰਚਨਾ ਕਵੀ ਸ਼ਿਆਮ ਦੀ ਹੈ ਅਤੇ ਇਹ ਵਿਚਾਰ ਵੀ ਉਸੇ ਦੇ ਹੀ ਹਨ, ਨਾਕਿ ਦਸਮੇਸ਼ ਜੀ ਦੇ ।

ਸੁਆਲ ਪੈਦਾ ਹੋ ਸਕਦਾ ਹੈ ਕਿ **ਜੇਕਰ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ, ਤਾਂ ਕੀ ਦਸਮੇਸ਼ ਪਿਤਾ ਜੀ, ਗੁਰਮਤਿ ਸਿਧਾਂਤਾਂ ਦੀ ਉਲੰਘਣਾ ਕਰ ਕੇ, ਆਪਣੇ ਸਿੱਖਾਂ ਨੂੰ ਦੁਰਗਾ ਦਾ ਪਾਠ ਕਰ ਕੇ, ਮੁਕਤੀ ਹਾਸਿਲ ਕਰਨ ਦਾ ਉਪਦੇਸ਼ ਦੇ ਸਕਦੇ ਹਨ ? ਹਰਗਿਜ਼ ਨਹੀਂ। ਇਹ ਬਿਪਰਵਾਦੀਆਂ ਦੀ ਕੋਝੀ ਸਾਜਿਸ਼ ਹੈ ਜਿਸ ਦੁਆਰਾ ਇਸ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਜੋੜਨ ਦੇ ਯਤਨ ਕੀਤੇ ਜਾ ਰਹੇ ਹਨ।** ਗੁਰੂ ਗ੍ਰੰਥ ਸਾਹਿਬ ਤਾਂ, ਦੁਰਗਾ ਬਾਰੇ ਇੰਝ ਫ਼ੁਰਮਾ ਰਹੇ ਹਨ:

ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥

(ਨਾਮਦੇਵ ਜੀ,੮੭੪)

ਭਾਵ: ਹੇ ਭਵਾਨੀ ! (ਹੇ ਦੁਰਗਾ ਮਾਤਾ ਜੀ!) ਤੂੰ ਸਭ ਦਾ ਮੁੱਢ ਅਖ਼ਵਾਉਂਦੀ ਹੈਂ, ਪਰ (ਆਪਣੇ ਭਗਤਾਂ ਨੂੰ) ਮੁਕਤੀ ਦੇਣ ਵੇਲੇ ਪਤਾ ਨਹੀਂ ਕਿੱਥੇ ਲੁਕੀ ਰਹਿੰਦੀ ਹੈਂ ? (ਭਾਵ, ਮੁਕਤੀ ਭਵਾਨੀ ਪਾਸ ਨਹੀਂ ਹੈ)। ਇੱਥੇ ਆ ਕੇ ਹੁਣ ਬੜੀ ਅਜੀਬ ਜਿਹੀ ਕਿਸਮ ਦੀ ਦੁਬਿਧਾ ਖੜ੍ਹੀ ਹੋ ਜਾਂਦੀ ਹੈ - **ਗੁਰੂ ਗ੍ਰੰਥ ਸਾਹਿਬ ਦੇਵੀ-ਦੇਵਤਿਆਂ ਦੀ ਪੂਜਾ ਕਰਨ ਤੋਂ ਵਰਜ਼ ਰਹੇ ਹਨ ਅਤੇ ਬਚਿੱਤ੍ਰ ਨਾਟਕ ਦੀ ਇਹ ਰਚਨਾ (ਦੁਰਗਾ ਦੇਵੀ ਦੇ ਸਬੰਧ ਵਿੱਚ ਲਿਖੀ) 'ਵਾਰ ਦੁਰਗਾ' ਦਾ ਪਾਠ ਕਰ ਕੇ ਮੁਕਤੀ ਪ੍ਰਾਪਤ ਕਰਨ ਲਈ ਕਹਿ ਰਹੀ ਹੈ।ਕੀ ਗੁਰਮਤਿ ਸਿਧਾਂਤਾਂ ਦੀ ਉਲੰਘਣਾ ਕਰਨ ਦਾ ਉਪਦੇਸ਼ ਦੇਣ ਵਾਲੀ ਅਜਿਹੀ ਰਚਨਾ ਦੇ ਲਿਖਣ ਵਾਲੇ ਗੁਰੂ ਗੋਬਿੰਦ**

ਸਿੰਘ ਜੀ ਹੋ ਸਕਦੇ ਹਨ ? ਇਥੇ ਹੀ ਬੱਸ ਨਹੀਂ। ਸਿੱਖ ਅਰਦਾਸ ਦੇ ਅਰੰਭ ਵਿੱਚ ਦਰਜ਼ ਕੀਤੀ ਇਸ ਪਉੜੀ ਦੀ ਬਣਤਰ ਵੀ ਵਿਚਾਰਨ ਯੋਗ ਹੈ:

"ੴ ਵਾਹਿਗੁਰੂ ਜੀ ਕੀ ਫ਼ਤਹਿ। ਸ੍ਰੀ ਭਗਉਤੀ ਜੀ ਸਹਾਇ॥
ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸ਼ਾਹੀ ੧੦॥
ਪ੍ਰਿਥਮ ਭਗਉਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥
.... ਸੱਭ ਥਾਈਂ ਹੋਇ ਸਹਾਇ॥"

ਇਥੇ ਤਿੰਨ ਨੁਕਤੇ ਵਿਚਾਰਨਜੋਗ ਹਨ।

ਪਹਿਲਾ, ਇਸ ਪਉੜੀ ਵਿੱਚ ਆਏ ਸ਼ਬਦ 'ਭਗਉਤੀ' ਦੇ ਅਰਥ, ਮਜ਼ਬੂਰੀ-ਵੱਸ, ਕਈ ਵਿਦਵਾਨ 'ਪਰਮਾਤਮਾ ਕਰ ਰਹੇ ਹਨ। ਪਰ ਜਿਵੇਂ ਉੱਪਰ ਵਿਚਾਰ ਕੀਤੀ ਜਾ ਚੁੱਕੀ ਹੈ, ਇਸ ਪਉੜੀ ਦਾ ਲਿਖਾਰੀ ਕਹਿ ਰਿਹਾ ਹੈ ਕਿ 'ਭਗਉਤੀ' ਸ਼ਬਦ ਦੁਰਗਾ ਦੇਵੀ ਵਾਸਤੇ ਵਰਤਿਆ ਗਿਆ ਹੈ। ਤਾਂ ਫ਼ਿਰ ਕੀ ਸਿੱਖ, ਗੁਰੂ ਨਾਨਕ ਸਾਹਿਬ ਨੂੰ ਧਿਆਉਣ ਤੋਂ ਪਹਿਲਾਂ, ਭਗਉਤੀ (ਦੁਰਗਾ) ਦਾ ਸਿਮਰਨ ਕਰਿਆ ਕਰਨ ? ਕੀ ਦੁਰਗਾ ਦੇਵੀ ਦਾ ਰੁਤਬਾ ਗੁਰੂ ਨਾਨਕ ਸਾਹਿਬ ਦੇ ਰੁਤਬੇ ਤੋਂ ਉੱਚਾ ਹੈ ?

ਦੂਜਾ, ਇਸ ਪਉੜੀ ਵਿੱਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਦੇ ਨਾਂਅ ਹੀ ਆਉਂਦੇ ਹਨ, ਦਸਮੇਸ਼ ਪਿਤਾ ਜੀ ਦਾ ਨਾਂਅ ਨਹੀਂ ਆਉਂਦਾ। ਅਜਿਹਾ ਸਿੱਖ ਕੌਮ ਨੂੰ ਗੁਮਰਾਹ ਕਰਨ ਲਈ ਹੀ ਕੀਤਾ ਗਿਆ ਹੈ।

ਤੀਜਾ, ਜਿਸ ਤਰ੍ਹਾਂ ਬਿਪਰਵਾਦੀਆਂ ਨੇ ਅਲੱਗ-ਅਲੱਗ ਕਿਸਮ ਦੇ ਵਰ (ਬਖਸ਼ਿਸ) ਪ੍ਰਾਪਤ ਕਰਨ ਲਈ ਅਲੱਗ-ਅਲੱਗ (ਮਨ-ਘੜਤ) ਦੇਵੀ-ਦੇਵਤੇ ਪ੍ਰਗਟ ਕੀਤੇ ਹੋਏ ਹਨ, ਠੀਕ ਉਸੇ ਤਰ੍ਹਾਂ ਹੀ ਇਸ ਪਉੜੀ ਵਿੱਚ ਗੁਰੂ ਨਾਨਕ ਜੋਤਿ ਦੇ ਅਲੱਗ-ਅਲੱਗ ਗੁਰੂ ਜਾਮਿਆਂ ਨੂੰ ਅਲੱਗ-ਅਲੱਗ ਕਿਸਮ ਦੇ ਵਰ ਦੇਂਦੇ ਹੋਏ ਦਰਸਾਇਆ ਗਿਆ ਹੈ। ਇਹ ਗੁਰਮਤਿ ਸਿਧਾਂਤਾਂ ਦੀ ਘੋਰ ਉਲੰਘਣਾ ਹੈ। ਵੈਸੇ ਵੀ, ਗੁਰਮਤਿ ਸਿਧਾਂਤ, 'ਵਰ', ਅਤੇ 'ਸਰਾਪਾਂ ਦੇ ਬਿਪਰਵਾਦੀ ਅਸੂਲਾਂ ਨੂੰ ਮੁੱਢੋਂ ਹੀ ਰੱਦ ਕਰਦੇ ਹਨ।ਇਥੇ ਹੀ ਬੱਸ ਨਹੀਂ। ਕੁੱਝ ਕੁ ਗੁਰਦਵਾਰਿਆਂ (ਜਾਂ ਘਰਾਂ ਵਿੱਚ ਵੀ) ਦੀਵਾਨ/ਸਮਾਗਮ ਦੀ ਸਮਾਪਤੀ ਦੀ ਅਰਦਾਸ ਕਰਨ ਤੋਂ ਬਾਅਦ ਗੁਰਮਤਿ-ਵਿਹੂਣੇ ਸਿੱਖ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਆਲਮਗ਼ੀਰੀ ਫ਼ਲਸਫ਼ੇ ਦੀ ਉਲੰਘਣਾ ਕਰਨ ਵਾਲੀਆਂ, ਕੱਚੀਆਂ-ਪਿੱਲੀਆਂ ਰਚਨਾਵਾਂ (ਬੇਨਤੀ ਚੌਪਈ ਆਦਿ) ਦਾ ਸੰਗਤੀ-ਰੂਪ ਵਿੱਚ ਪਾਠ ਕਰਨ ਲੱਗ ਪੈਂਦੇ ਹਨ। ਅਜਿਹੀਆਂ ਕਾਰਵਾਈਆਂ ਗੁਰੂ ਗ੍ਰੰਥ ਸਾਹਿਬ ਦਾ ਘੋਰ ਨਿਰਾਦਰ ਕਰਨ ਸਮਾਨ ਹਨ।

੧੭. ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੇ ਪ੍ਰਚਾਰ 'ਤੇ ਪ੍ਰਬੰਧਕਾਂ ਵੱਲੋਂ ਪਾਬੰਦੀਆਂ ?

ਕੁੱਝ ਕੁ ਗੁਰਦਵਾਰਾ ਸੰਸਥਾਵਾਂ ਦੇ ਗੁਰਮਤਿ-ਵਿਹੂਣੇ ਪ੍ਰਬੰਧਕ, ਗੁਰਦਵਾਰਿਆਂ ਅੰਦਰ ਗੁਰਮਤਿ ਫ਼ਲਸਫ਼ੇ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਕਰਨ ਵਾਲਿਆਂ 'ਤੇ, ਫ਼ਜ਼ੂਲ ਜਿਹੇ ਬਹਾਨੇ ਬਣਾ ਕੇ, ਅਣ-ਅਧਿਕਾਰਤ ਤੌਰ 'ਤੇ, ਪਾਬੰਦੀਆਂ ਲਾ ਦੇਂਦੇ ਹਨ, ਜਿਵੇਂ ਕਿ

(ੳ) ਹੇ ਭਾਈ! ਗੁਰਦਵਾਰੇ ਦੀ ਸਟੇਜ ਤੋਂ ਕਿਸੇ ਵਿਵਾਦਮਈ ਵਿਸ਼ੇ ਬਾਰੇ ਗੱਲ ਨਹੀਂ ਕਰਨੀ।

ਟਿੱਪਣੀ: ਜੇ ਕਿਸੇ ਵਿਵਾਦਮਈ ਵਿਸ਼ੇ 'ਤੇ ਵਿਚਾਰ ਹੀ ਨਹੀਂ ਹੋਵੇਗੀ ਤਾਂ ਵਿਵਾਦਾਂ ਦਾ, ਗੁਰਮਤਿ ਫ਼ਲਸਫ਼ੇ ਦੀ ਰੋਸ਼ਨੀ ਅਨੁਸਾਰ, ਹੱਲ ਕਿਵੇਂ ਕੱਢਿਆ ਜਾ ਸਕੇਗਾ ?

(ਅ) ਹੇ ਭਾਈ! ਗੁਰਦਵਾਰੇ ਦੀ ਸਟੇਜ ਤੋਂ 'ਡੇਰੇਦਾਰਾਂ/ਸੰਤ-ਬਾਬਿਆਂ' ਅਤੇ ਧਾਰਮਿਕ ਆਗੂਆਂ ਦੇ (ਗੁਰਮਤਿ-ਵਿਰੋਧੀ) ਕਿਰਦਾਰ ਬਾਰੇ ਕੋਈ ਗੱਲ ਨਹੀਂ ਕਰਨੀ !

ਟਿੱਪਣੀ: ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਸੱਚ 'ਤੇ ਡਟ ਕੇ ਪਹਿਰਾ ਦੇਣ ਦੀ ਤਾਕੀਦ ਕਰਦਾ ਹੈ ਅਤੇ ਸੱਚੀ ਗੱਲ ਕਹਿਣ ਲੱਗਿਆਂ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦਾ। ਧਰਮ ਦਾ ਲਿਬਾਸ ਪਹਿਨ ਕੇ ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਕਰਨ ਵਾਲੇ ਪਖੰਡੀਆਂ ਦਾ ਨਿਝੱਕ ਅਤੇ ਨਿਡੱਰ ਹੋ ਕੇ ਇੰਝ ਪਰਦਾ ਫ਼ਾਸ਼ ਕਰਦਾ ਹੈ।

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆਂ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ, ਓਜਾੜੇ ਕਾ ਬੰਧੁ॥ (ਮ.੧, ੬੬੨)

(ੲ) ਹੇ ਭਾਈ! ਗੁਰਦਵਾਰੇ ਦੀ ਸਟੇਜ ਤੋਂ ਸਿਆਸਤ ਦੇ ਵਿਸ਼ੇ 'ਤੇ ਕੋਈ ਗੱਲ ਨਹੀਂ ਕਰਨੀ!

ਟਿੱਪਣੀ: ਗੁਰੂ ਨਾਨਕ ਸਾਹਿਬ ਨੇ ਤਾਂ ਜ਼ੁਲਮ ਕਰਕੇ ਪਰਜਾ ਦਾ ਖ਼ੂਨ ਪੀਣ ਵਾਲੇ ਹਾਕਮਾਂ ਅਤੇ ਉਨ੍ਹਾਂ ਦੇ ਭ੍ਰਿਸ਼ਟ ਅਹਿਲਕਾਰਾਂ ਦੀ ਤੁਲਨਾ ਖੂੰਖਾਰ ਜੰਗਲੀ ਜਾਨਵਰਾਂ ਅਤੇ ਕੁੱਤਿਆਂ-ਬਿੱਲਿਆਂ ਨਾਲ ਕੀਤੀ ਹੈ। ਕੀ ਇਸ ਤਰ੍ਹਾਂ, ਗੁਰੂ ਸਾਹਿਬ ਸਿਆਸਤ ਦੀ ਗੱਲ ਨਹੀਂ ਕਰ ਰਹੇ ?

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ੍ਹਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥
(ਮ.੧, ੧੨੮੮)

੧੮. ਕੁੱਝ ਗੁਰਦਵਾਰਿਆਂ ਅੰਦਰ ਕਤਲ ਅਤੇ ਬਲਾਤਕਾਰ ਦੀਆਂ ਨਾ-ਬਖ਼ਸ਼ਣਯੋਗ ਅਪ੍ਰਾਧਕ ਕਾਰਵਾਈਆਂ

ਜਿਵੇਂ ਕਿ ਇਸ ਪੁਸਤਕ ਵਿੱਚ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਗੁਰੂ ਨਾਨਕ ਸਾਹਿਬ (ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ-ਜਾਮਿਆਂ) ਨੇ ਗੁਰਦਵਾਰਾ ਸੰਸਥਾ ਇਸ ਵਾਸਤੇ ਕਾਇਮ ਕੀਤੀ ਸੀ ਕਿ ਸਥਾਨਕ ਪੱਧਰ 'ਤੇ ਇੱਕ ਜ਼ਾਤ-ਪਾਤ ਰਹਿਤ ਆਦਰਸ਼ਕ ਸਮਾਜ ਦੀ ਸਿਰਜਨਾ ਕੀਤੀ ਜਾਵੇ ਅਤੇ ਅਜਿਹੇ ਸਮਾਜ ਦੀ ਸਹਾਇਤਾ ਨਾਲ ਸਮੁੱਚੇ ਸੰਸਾਰ ਅੰਦਰ, ਸਹਿਜੇ-ਸਹਿਜੇ, ਹੱਕ ਸੱਚ ਅਤੇ ਕੁਦਰਤੀ ਇਨਸਾਫ਼ ਦਾ ਜ਼ਾਮਨ ਸਦੀਵਕਾਲੀ ਹਲੇਮੀ-ਰਾਜ ਸਥਾਪਤ ਕੀਤਾ ਜਾਵੇ। ਪਰ ਇਤਿਹਾਸਕ ਕਾਰਨਾਂ ਕਰ ਕੇ (ਜਿਨ੍ਹਾਂ ਦਾ ਸੰਖੇਪ ਜ਼ਿਕਰ ਇਸ ਪੁਸਤਕ ਵਿੱਚ ਕੀਤਾ ਜਾ ਚੁਕਾ ਹੈ), ਇਸ ਸੰਸਥਾ ਦਾ ਪ੍ਰਬੰਧਕੀ ਸਿਸਟਮ, ਹੌਲੀ-ਹੌਲੀ, ਗੁਰਮਤਿ ਗਾਡੀ-ਰਾਹ ਤੋਂ ਭਟਕਦਾ ਚਲਾ ਗਿਆ। **ਅੱਜ ਹਾਲਾਤ ਇਤਨੇ ਦੁੱਖਦਾਈ ਅਤੇ ਚਿੰਤਾਜਨਕ ਬਣ ਚੁੱਕੇ ਹਨ ਕਿ ਸਿੱਖ ਕੌਮ ਦੀ ਇਸ ਬੁਨਿਆਦੀ ਪ੍ਰਚਾਰ ਸੰਸਥਾ 'ਤੇ ਪਿਛਲੇ ਤਕਰੀਬਨ 60-70 ਸਾਲਾਂ ਤੋਂ ਹੇਠ ਦਿੱਤੀਆਂ ਸ਼੍ਰੇਣੀਆਂ ਦੇ ਲੋਕ, ਪ੍ਰਬੰਧਕਾਂ ਦੇ ਰੂਪ ਵਿੱਚ, ਕਾਬਜ਼ ਹੋਏ ਚਲੇ ਆ ਰਹੇ ਹਨ:**

(ੳ) **ਧਾਰਮਿਕ ਲਿਬਾਸ ਵਿੱਚ ਮਨੂੰਵਾਦੀ ਵਿਚਾਰਧਾਰਾ ਦੇ ਹਮਾਇਤੀ:** ਇਸ ਸ਼੍ਰੇਣੀ ਵਿੱਚ ਅਖੌਤੀ ਸੰਤ-ਸਮਾਜੀਏ, ਨਿਰਮਲੇ, ਉਦਾਸੀ, ਗੁਰੂ-ਡੰਮੀਏ, ਡੇਰੇਦਾਰ, ਕਲੇਰਾਂਵਾਲੀਏ, ਗੋਬਿੰਦ ਸਦਨ ਵਾਲੇ, ਅਤੇ ਕੁੱਝ ਕੁ ਟਕਸਾਲੀਏ ਸ਼ਾਮਿਲ ਹਨ। ਆਮ ਤੌਰ 'ਤੇ ਲੰਮੇ ਚਿੱਟੇ ਚੋਲੇ, ਗੋਲ ਦਸਤਾਰਾਂ ਅਤੇ ਨੰਗੀਆਂ ਲੱਤਾਂ ਇਨ੍ਹਾਂ ਦੀ ਪਛਾਣ ਦੇ ਚਿੰਨ੍ਹ (Trade Mark) ਹਨ।

(ਅ) **ਸਧਾਰਨ ਸਿੱਖੀ ਸਰੂਪ ਵਿੱਚ ਅਨਮੱਤੀਏ** - ਇਸ ਸ਼੍ਰੇਣੀ ਵਿੱਚ ਮਨੂੰਵਾਦੀਆਂ ਦੇ ਗ਼ੁਲਾਮਾਂ ਦੇ ਗ਼ੁਲਾਮ (ਕਾਲੀ ਦਲੀਏ), ਕਮਿਊਨਿਸਟ (ਮਾਰਕਸਵਾਦੀ), ਕੁੱਝ ਕੁ ਹੋਰ ਸਿਆਸੀ ਪਾਰਟੀਆਂ ਦੇ ਮੈਂਬਰ, ਅਤੇ ਜ਼ਾਤ-ਬਰਾਦਰੀਆਂ ਦੇ ਗੁਰਮਤਿ - ਵਿਰੋਧੀ ਜਾਲ ਵਿੱਚ ਬੁਰੀ ਤਰ੍ਹਾਂ ਫਸੇ ਹੋਏ ('ਜੱਟ-ਸਿੱਖ', 'ਖੱਤਰੀ ਸਿੱਖ', 'ਰਾਮਗੜ੍ਹੀਏ ਸਿੱਖ', ਰਵਿਦਾਸੀਏ ਸਿੱਖ, 'ਬਾਲਮੀਕੀ ਸਿੱਖ', 'ਮਜ਼੍ਹਬੀ ਸਿੱਖ'...... ਆਦਿ) ਸ਼ਾਮਿਲ ਕੀਤੇ ਜਾ ਸਕਦੇ ਹਨ।

(ੲ) **ਘੋਨ-ਮੋਨੀਏ (ਕਲੀਨ ਸ਼ੇਵਨ)** : ਇਸ ਸ਼੍ਰੇਣੀ ਵਿੱਚ ਸਿੱਖੀ ਤੋਂ ਪਤਿਤ ਹੋ ਚੁੱਕੇ, ਵਿਦੇਸ਼ਾਂ ਵਿੱਚ ਜਾ ਕੇ ਵੱਸੇ ਹੋਏ, ਸਿੱਖੀ ਨਾਵਾਂ (ਸਿੰਘ ਅਤੇ ਕੌਰ') ਵਾਲੇ ਥੋੜ੍ਹੇ ਜਿਹੇ ਵਿਅਕਤੀ ਸ਼ਾਮਿਲ ਹਨ।

ਕੁੱਝ ਕੁ ਗੁਰਦਵਾਰਿਆਂ ਅਤੇ ਡੇਰਿਆਂ ਦੀ ਹਦੂਦ ਅੰਦਰ, ਪਿੱਛਲੇ ਤਕਰੀਬਨ 60-70 ਸਾਲਾਂ ਤੋਂ, ਕਤਲ, ਬਲਾਤਕਾਰ ਅਤੇ ਮਾਰ-ਕੁਟਾਈ ਦੀਆਂ ਨਾ-ਬਖ਼ਸ਼ਣਯੋਗ ਗੁੰਡਾ-ਗਰਦੀ ਕਾਰਵਾਈਆਂ ਹੁੰਦੀਆਂ ਆ ਰਹੀਆਂ ਹਨ। ਇਹ ਕਾਰਵਾਈਆਂ, ਆਮ ਤੌਰ 'ਤੇ ਉਪਰ ਵਰਣਨ ਕੀਤੀਆਂ (ੳ) ਅਤੇ (ੲ) ਸ਼ੇਣੀਆਂ ਵੱਲੋਂ ਹੀ ਕੀਤੀਆਂ ਜਾ ਰਹੀਆਂ ਹਨ, ਪਰ ਕੋਈ ਟਾਂਵੀਂ-ਟਾਵੀਂ ਅਪ੍ਰਾਧਕ ਘਟਨਾ ਮਨੂੰਵਾਦੀਆਂ ਦੀ ਸਾਜਿਸ਼ ਦੇ ਸ਼ਿਕਾਰ ਹੋ ਚੁੱਕੇ (ਅ) ਸ਼੍ਰੇਣੀ ਦੇ ਗੁਰਦਵਾਰਾ ਪ੍ਰਬੰਧਕਾਂ ਵੱਲੋਂ ਵੀ ਕੀਤੀ ਜਾ ਰਹੀ ਹੈ {ਮਿਸਾਲ ਦੇ ਤੌਰ 'ਤੇ ਆਸਟਰੀਆ ਵਿੱਚ ਵੀਆਨਾ ਦੇ ਇੱਕ ਗੁਰਦਵਾਰੇ ਵਿੱਚ ਰਵਿਦਾਸੀਆਂ ਦੀ ਸੰਪ੍ਰਦਾ ਵੱਲੋਂ ਸੰਨ 2009 ਵਿੱਚ ਸਿੱਖਾਂ 'ਤੇ ਕੀਤੇ ਕਾਤਲਾਨਾ ਹਮਲੇ ਦੀ ਘਟਨਾ ਅਤੇ ਰੌਚਿਸਟਰ (ਅਮਰੀਕਾ) ਦੇ ਗੁਰਦਵਾਰੇ 'ਤੇ ਕਾਬਜ਼ ਹੋ ਚੁੱਕੇ ਘੋਨ-ਮੋਨੀਆਂ ਵੱਲੋਂ ਪਾਹੁਲ-ਧਾਰੀ ਸਿੱਖਾਂ ਦੇ ਗੁਰਦਵਾਰੇ ਅੰਦਰ ਦਾਖ਼ਲੇ 'ਤੇ, ਕਾਨੂੰਨ ਦੀ ਦੁਰਵਰਤੋਂ ਰਾਹੀਂ ਲਗਾਈ ਗਈ ਰੋਕ}।

ਆਸ ਦੀ ਕਿਰਣ

ਖ਼ੁਸ਼-ਕਿਸਮਤੀ ਨਾਲ, ਸਿੱਖ ਕੌਮ ਵਿੱਚ ਇੱਕ ਜਾਗਰੂਕ ਹੋ ਚੁੱਕੀ ਅਤੇ ਦਿਨੋ-ਦਿਨ ਜਾਗਰੂਕ ਹੋ ਰਹੀ ਸ਼੍ਰੇਣੀ ਵੀ ਹੈ। ਅਸਲ ਵਿੱਚ ਇਸ ਨੂੰ 'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ' ਕਿਹਾ ਜਾ ਸਕਦਾ ਹੈ। ਪਿਛਲੇ ਕੁੱਝ ਕੁ ਦਹਾਕਿਆਂ ਤੋਂ, ਮਨੁੱਖਤਾ ਦਾ ਇਹ ਅਹਿਮ ਹਿੱਸਾ, ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੀ ਲੋਅ ਅੰਦਰ, ਅਗਿਆਨਤਾ ਦੀ ਨੀਂਦ ਤੋਂ ਜਾਗ ਕੇ ਗੁਰੂ ਨਾਨਕ ਸਾਹਿਬ ਵੱਲੋਂ ਪੰਦਰ੍ਹਵੀਂ ਸਦੀ ਵਿੱਚ ਅਰੰਭ ਕੀਤੇ ਲਾਸਾਨੀ (ਗੁਰਮਤਿ) ਇਨਕਲਾਬ ਦੀਆਂ ਸਫ਼ਾਂ ਵਿੱਚ ਜੁੜਦਾ ਚਲਿਆ ਆ ਰਿਹਾ ਹੈ ਅਤੇ ਇਸ ਕਾਫ਼ਲੇ ਵਿੱਚ ਸੰਸਾਰ ਦੇ ਸਾਰੇ ਹੀ ਦੇਸ਼ਾਂ ਦੇ ਵਸਨੀਕ, ਬਿਨਾਂ ਕਿਸੇ ਭਿੰਨ-ਭੇਦ ਤੋਂ (ਨਸਲ, ਕੌਮ, ਦੇਸ਼, ਰੰਗ, ਲਿੰਗ ਅਤੇ ਜ਼ਾਤ-ਪਾਤ ਦੇ ਭੇਦ ਤੋਂ) ਸ਼ਾਮਿਲ ਹੁੰਦੇ ਜਾ ਰਹੇ ਹਨ। ਸੰਸਾਰ ਵਿੱਚ, ਹਲੇਮੀ-ਰਾਜ, ਮਨੁੱਖਤਾ ਦੇ ਇਸ ਵਰਗ ਨੇ ਹੀ ਸਥਾਪਤ ਕਰਨਾ ਹੈ, ਅਤੇ ਕਰਨਾ ਹੈ ਜੁੱਗੋ-ਜੁੱਗ ਅਟੱਲ, ਮਨੁੱਖਤਾ ਦੇ ਰਹਿਬਰ, ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਆਲਮਗ਼ੀਰੀ ਫ਼ਲਸਫ਼ੇ ਦੀ ਇਲਾਹੀ ਰੌਸ਼ਨੀ ਅਨੁਸਾਰ। ਦੁਨੀਆਂ ਦੀ ਕੋਈ ਵੀ ਮਾਨਵਵਾਦੀ ਲਹਿਰ ਇਸ ਪਰਉਪਕਾਰੀ ਇਨਕਲਾਬ ਦਾ ਵਿਰੋਧ ਕਰਨ ਬਾਰੇ ਸੋਚ ਵੀ ਨਹੀਂ ਸਕਦੀ ਅਤੇ ਤਿੰਨਾਂ ਹੀ ਜਹਾਨਾਂ ਦੀ ਕੋਈ ਵੀ ਮਾਨਵ-ਵਿਰੋਧੀ ਸ਼ੈਤਾਨੀ-ਸ਼ਕਤੀ ਇਸ ਇਲਾਹੀ ਇਨਕਲਾਬ ਦੇ ਵਿਕਾਸ ਨੂੰ ਬਹੁਤੀ ਦੇਰ ਤੱਕ ਰੋਕ ਨਹੀਂ ਸਕੇਗੀ, ਕਿਉਂਕਿ ਮਨੁੱਖਤਾ ਦੇ ਪਾਸ, ਮਨੁੱਖ ਦੇ

ਕਲਿਆਣ ਲਈ, ਇਸ ਦੇ ਬਰਾਬਰ ਦਾ ਹੋਰ ਕੋਈ ਮਾਨਵ-ਵਾਦੀ ਫ਼ਲਸਫ਼ਾ ਹੈ ਹੀ ਨਹੀਂ। ਪਰ ਸਿੱਖ ਕੌਮ ਦੀ ਗੁਰਮਤਿ ਸਿਧਾਂਤਾਂ ਵੱਲੋਂ ਗ਼ਫ਼ਲਤ ਦੇ ਕਾਰਨ, ਸੰਸਾਰ ਵਿੱਚ ਇਸ ਸਰਬੱਤ ਦੇ ਭਲੇ ਦੇ ਜ਼ਾਮਨ ਫ਼ਲਸਫ਼ੇ ਦਾ ਆਧੁਨਿਕ ਮੀਡੀਆ ਦੀ ਸੁਚੱਜੀ ਵਰਤੋਂ ਕਰ ਕੇ, ਵਿਉਂਤ-ਬੰਦ ਢੰਗ ਨਾਲ ਜਥੇਬੰਦ ਹੋ ਕੇ ਪ੍ਰਚਾਰ ਹੀ ਨਹੀਂ ਕੀਤਾ ਜਾ ਸਕਿਆ। ਲੇਖਕ ਇਹ ਦਾਅਵਾ ਜਜ਼ਬਾਤੀ ਹੋ ਕੇ ਨਹੀਂ ਕਰ ਰਿਹਾ ਬਲਕਿ ਸ਼ਬਦ-ਗੁਰੂ ਦੇ ਇਸ ਫ਼ੁਰਮਾਣ ਦੇ ਆਧਾਰ 'ਤੇ ਹੀ ਲਿਖ ਰਿਹਾ ਹੈ:

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥(ਮ.੧,੯੫੩)

<u>ਨੋਟ</u>: ਉੱਪਰ ਗੁਰਦਵਾਰਿਆਂ ਅੰਦਰ ਗੁਰਮਤਿ ਦੇ ਨਾਮ ਹੇਠ ਕੀਤੀਆਂ ਜਾ ਰਹੀਆਂ ਕੁੱਝ ਕੁ ਬ੍ਰਾਹਮਣਵਾਦੀ ਕਾਰਵਾਈਆਂ ਦਾ ਵੰਨਗੀ ਮਾਤਰ ਹੀ ਜ਼ਿਕਰ ਕੀਤਾ ਗਿਆ ਹੈ। ਜੇਕਰ ਨੀਝ ਲਾ ਕੇ ਵੇਖਿਆ ਜਾਵੇ ਤਾਂ ਹੋਰ ਵੀ ਅਜਿਹੀਆਂ ਕਰਮ-ਕਾਂਡੀ ਅਤੇ ਵਹਿਮਾਂ-ਭਰਮਾਂ ਨੂੰ ਮਾਨਤਾ ਦੇਣ ਵਾਲੀਆਂ ਗੁਰਮਤਿ-ਵਿਰੋਧੀ ਕਾਰਵਾਈਆਂ ਅਜੋਕੇ ਅਖੌਤੀ ਸਿੱਖ ਦੇ ਜੀਵਨ ਦਾ ਹਿੱਸਾ ਬਣ ਚੁਕੀਆਂ ਹੋਈਆਂ ਨਜ਼ਰੀਂ ਪੈ ਜਾਣਗੀਆਂ !

੭. ਲਾਸਾਨੀ (ਗੁਰਮਤਿ) ਇਨਕਲਾਬ ਦਾ ਲਾਸਾਨੀ ਵਿਰੋਧ

ਅਦਭੁੱਤ ਪ੍ਰਭੂ ਦੇ ਅਦਭੁੱਤ ਚਮਤਕਾਰ

ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਫ਼ਲਸਫ਼ੇ ਦੇ ਅਧਿਐਨ ਤੋਂ, ਅਦਭੁੱਤ ਪ੍ਰਭੂ ਦੇ ਅਨੇਕਾਂ ਹੀ ਅਦਭੁੱਤ ਚਮਤਕਾਰਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਥੇ ਇਨ੍ਹਾਂ ਬਾਰੇ ਵਿਚਾਰ ਕਰਨਾ, ਹਥਲੀ ਪੁਸਤਕ ਦਾ ਵਿਸ਼ਾ ਨਹੀਂ ਹੈ। **ਉਹ ਮਾਲਿਕ-ਪ੍ਰਭੂ, ਆਪਣੀ ਮੌਜ ਅਨੁਸਾਰ, ਸ੍ਰਿਸ਼ਟੀ ਦੇ ਦਿਸਦੇ ਅਤੇ ਅਣਦਿਸਦੇ ਪਸਾਰੇ ਦੀ ਰਚਨਾ ਛਿਨ-ਮਾਤਰ ਵਿੱਚ ਹੀ ਕਰ ਦੇਂਦਾ ਹੈ ਅਤੇ ਛਿਨ ਵਿੱਚ ਹੀ ਇਸ ਦਾ ਵਿਨਾਸ਼ ਕਰ ਕੇ ਫ਼ਿਰ ਆਪੇ ਹੀ ਆਪ ਰਹਿ ਜਾਂਦਾ ਹੈ।** ਅਜਿਹਾ ਘਟਨਾ-ਕਰਮ ਕਈ ਬਾਰ ਵਰਤ ਚੁੱਕਾ ਹੈ:

"ਅਟਲੁ ਅਡੋਲੁ ਅਤੋਲੁ ਮੁਰਾਰੇ॥ ਖਿਨ ਮਹਿ ਢਾਹੇ, ਫੇਰਿ ਉਸਾਰੇ॥"

(ਮ.੧, ੧੦੩੪) ਅਤੇ

"ਕਈ ਬਾਰ, ਪਸਰਿਓ ਪਾਸਾਰ॥ ਸਦਾ ਸਦਾ, ਇਕੁ ਏਕੰਕਾਰ॥"

(ਮ.੫,੨੭੬)

ਜਦੋਂ ਵੀ, ਪ੍ਰਭੂ-ਪਿਤਾ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਉਸੇ ਵਕਤ ਤੋਂ ਹੀ, ਇਸ ਸਾਰੀ ਕਾਇਆਨਾਤ ਦੇ ਦਰੁਸਤ ਬ੍ਰਹਮੰਡੀ-ਵਰਤਾਰੇ ਬਾਰੇ ਅਟੱਲ ਵਿਧੀ-ਵਿਧਾਨ (ਨਿਯਮ, ਕਾਇਦੇ-ਕਾਨੂੰਨ) ਸਿਰਜ ਕੇ ਪੱਕੇ ਤੌਰ 'ਤੇ ਲਾਗੂ ਕਰ ਦੇਂਦਾ ਹੈ। ਸਮੁੱਚੀ ਮਨੁੱਖਤਾ ਲਈ ਸੰਨ 1469 ਦਾ ਉਹ ਦਿਹਾੜਾ, ਸੱਚ-ਮੁੱਚ ਹੀ ਸਭ ਤੋਂ ਸੁਭਾਗਾ ਦਿਨ ਸੀ, ਜਿਸ ਦਿਨ ਪ੍ਰਭੂ-ਪਿਤਾ ਨੇ ਗੁਰੂ ਨਾਨਕ ਸਾਹਿਬ ਨੂੰ ਧੁਰੋਂ ਹੀ ਵਰੋਸਾਅ ਕੇ, ਸਮੁੱਚੀ ਮਨੁੱਖਤਾ ਦੇ ਕਲਿਆਣ ਹਿੱਤ, ਸੰਸਾਰ ਵਿੱਚ ਭੇਜਿਆ। **ਗੁਰੂ ਨਾਨਕ ਸਾਹਿਬ ਨੇ, ਰੱਬੀ-ਰਜ਼ਾ ਅਨੁਸਾਰ, ਮਨੁੱਖਤਾ ਨੂੰ ਇਸ ਦਰੁੱਸਤ ਬ੍ਰਹਮੰਡੀ ਵਰਤਾਰੇ ਦੇ ਨਿਯਮਾਂ, ਕਾਇਦੇ-ਕਾਨੂੰਨਾਂ ਦੀ ਸੋਝੀ ਦੇਣ ਲਈ, ਮਾਲਿਕ-ਪ੍ਰਭੂ ਨਾਲ ਇੱਕਸੁਰ ਹੋਏ ਆਤਮਿਕ ਮੰਡਲਾਂ ਵਿੱਚੋਂ, ਪ੍ਰਭੂ-ਪ੍ਰੇਰਨਾ ਦੁਆਰਾ, ਸਰਬ-ਸਾਂਝੀ ਗੁਰਬਾਣੀ ਪ੍ਰਗਟ ਕੀਤੀ** ਜਿਸ ਨੇ ਉਸ ਵਕਤ ਤੱਕ ਮਨੁੱਖਤਾ ਅੰਦਰ ਧਰਮ ਦੇ ਨਾਂਅ 'ਤੇ ਪਾਏ ਗਏ ਸਾਰੇ ਵਖਰੇਵਿਆਂ (ਲਿੰਗ, ਨਸਲ, ਰੰਗ, ਦੇਸ਼, ਜ਼ਾਤ, ਵਰਨ ਆਦਿ) ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਨੂੰ ਵਿਗਿਆਨਕ ਢੰਗ ਨਾਲ,ਦਲੀਲ ਦੇ ਆਧਾਰ 'ਤੇ, ਰੱਦ ਕਰ ਦਿੱਤਾ। **ਸਮੁੱਚੀ ਮਨੁੱਖਤਾ ਨੂੰ ਇੱਕੋ ਇੱਕ ਵਾਹਿਦ ਪ੍ਰਭੂ-ਪਿਤਾ ਦੇ ਬੱਚੇ ਦੱਸ ਕੇ, ਇੱਕ ਆਦਰਸ਼ਕ ਵਿਸ਼ਵ-ਭਾਈਚਾਰੇ ਦੀ ਸਥਾਪਨਾ ਦਾ ਰਾਹ ਪੱਧਰਾ ਕਰ ਦਿੱਤਾ। ਇੱਥੇ ਹੀ ਬੱਸ ਨਹੀਂ, ਸਮੁੱਚੇ ਸੰਸਾਰ ਅੰਦਰ, ਸਦੀਵਕਾਲੀ ਹਲੇਮੀ-ਰਾਜ ਸਥਾਪਤ ਕਰਨ ਲਈ ਇੱਕ ਸਦੀਵਕਾਲੀ ਲਾਸਾਨੀ**

(ਗੁਰਮਤਿ) ਇਨਕਲਾਬ ਦਾ ਆਗਾਜ਼ ਕਰ ਦਿੱਤਾ। ਸਮੁੱਚੀ ਮਨੁੱਖਤਾ ਲਈ ਇਹ ਇੱਕ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਮਨੁੱਖਤਾ ਦੇ ਹੁਣ ਤੱਕ ਉਪਲੱਬਧ ਇਤਿਹਾਸ ਦੇ ਪੰਨਿਆਂ ਵਿੱਚੋਂ ਗੁਰੂ ਨਾਨਕ ਸਾਹਿਬ ਦੇ ਪੱਧਰ ਦੇ ਹੋਰ ਕਿਸੇ ਪਰਉਪਕਾਰੀ ਅਤੇ ਸਰਬ-ਸਾਂਝੇ ਰਹਿਬਰ ਦੇ ਦੀਦਾਰ ਨਹੀਂ ਹੁੰਦੇ।

ਸਰਬੱਤ ਦੇ ਭਲੇ ਦੇ ਜ਼ਾਮਨ ਗੁਰਮਤਿ ਇਨਕਲਾਬ ਦਾ ਵਿਰੋਧ ਕਿਉਂ?

ਇਹ ਇੱਕ ਬਹੁਤ ਹੀ ਹੈਰਾਨੀ-ਭਰੀ ਅਤੇ ਵੱਡੇ ਦੁਖਾਂਤ ਵਾਲੀ ਗੱਲ ਹੈ ਕਿ ਅਜਿਹੇ ਲਾਸਾਨੀ ਪਰਉਪਕਾਰੀ ਸਤਿਗੁਰਾਂ ਵੱਲੋਂ ਸਰਬੱਤ ਦੇ ਭਲੇ ਲਈ ਅਰੰਭ ਕੀਤੇ ਇਸ ਇਨਕਲਾਬ ਦੇ ਵਿਕਾਸ ਨੂੰ ਰੋਕਣ ਲਈ, ਕੁਝ ਧਿਰਾਂ, ਇਸ ਦੇ ਅਰੰਭ ਕਾਲ ਤੋਂ ਹੀ,ਪੂਰੀ ਵਿਉਂਤ ਨਾਲ ਜਥੇਬੰਦ ਹੋ ਕੇ, ਕਿਉਂ ਅੱਡੀ-ਚੋਟੀ ਦਾ ਜ਼ੋਰ ਲਗਾਉਂਦੀਆਂ ਆ ਰਹੀਆਂ ਹਨ? ਕੌਣ ਹਨ ਇਹ ਧਿਰਾਂ ਅਤੇ ਇਹ ਅਜਿਹਾ ਕਿਉਂ ਕਰਦੀਆਂ ਆ ਰਹੀਆਂ ਹਨ ? ਇਨਾਂ ਬਹੁਤ ਹੀ ਅਹਿਮ ਅਤੇ ਅਸਾਧਾਰਨ ਸਵਾਲਾਂ ਦਾ ਜਵਾਬ ਲੱਭਣ ਲਈ ਗੁਰਬਾਣੀ ਤੋਂ ਵੱਧ ਸਿੱਕੇਬੰਦ ਕੋਈ ਹੋਰ ਸਰੋਤ ਨਹੀਂ ਹੋ ਸਕਦਾ। **ਸਮੁੱਚੀ ਮਨੁੱਖਤਾ ਦੇ ਭਲੇ ਲਈ, ਇਨ੍ਹਾਂ ਅਹਿਮ ਸਵਾਲਾਂ ਦਾ ਜਵਾਬ ਲੱਭ ਕੇ, ਇਨ੍ਹਾਂ ਮਾਨਵ-ਵਿਰੋਧੀ ਧਿਰਾਂ ਦੇ ਚਿਹਰੇ ਬੇ-ਨਕਾਬ ਕਰਨੇ ਬਹੁਤ ਹੀ ਜ਼ਰੂਰੀ ਹਨ।ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਇਹ ਅਸੁਰੀ (ਸ਼ੈਤਾਨੀ) ਸ਼ਕਤੀਆਂ ਕੂੜ-ਪ੍ਰਚਾਰ ਅਤੇ ਭ੍ਰਿਸ਼ਟ ਰਾਜਸੀ ਸੱਤਾ ਦਾ ਸਹਾਰਾ ਲੈ ਕੇ ਮਨੁੱਖਤਾ ਨੂੰ (ਵਿਸ਼ੇਸ਼ ਕਰ ਕੇ ਸਿੱਖ ਕੌਮ ਨੂੰ) ਗੁਮਰਾਹ ਕਰ ਕੇ, ਭੰਬਲ-ਭੂਸਿਆਂ ਵਿੱਚ ਪਾ ਕੇ, ਸੰਸਾਰ ਵਿੱਚ ਹਲੇਮੀ-ਰਾਜ ਦੀ ਸਥਾਪਤੀ ਦੇ ਰਾਹ ਦਾ ਰੋੜਾ ਬਣੀਆਂ ਹੀ ਰਹਿਣਗੀਆਂ।**

ਜਗਤ, ਕਰਤਾ ਪੁਰਖੁ ਦੀ ਅਲੌਕਿਕ ਖੇਡ - ਸੱਚ ਅਤੇ ਕੂੜ ਦੀਆਂ ਟੀਮਾਂ ਦਾ ਵਿਲੱਖਣ ਮੁਕਾਬਲਾ

ਪ੍ਰਭੂ-ਪਿਤਾ ਨੇ ਕੁਦਰਤਿ ਦੀ ਰਚਨਾ ਕਰ ਕੇ, ਇਸ ਸੰਸਾਰ ਨੂੰ ਇੱਕ ਅਲੌਕਿਕ 'ਮੱਲ ਅਖਾੜੇ' ਦਾ ਰੂਪ ਦੇ ਦਿੱਤਾ ਅਤੇ ਆਪ ਬੈਠ ਕੇ ਇਸ ਰੰਗ-ਤਮਾਸ਼ੇ ਦੀ ਖੇਡ (ਮਾਇਆ ਦੇ ਭਲਵਾਨਾਂ ਅਤੇ ਜੀਵਾਂ ਵਿਚਕਾਰ ਹੋ ਰਹੇ ਦੰਗਲ) ਦਾ ਨਜ਼ਾਰਾ ਲੈ ਰਿਹਾ ਹੈ:

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ, ਗੁਰਿ ਥਾਪੀ ਦਿਤੀ ਕੰਡਿ ਜੀਉ ॥੧੮॥
ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥
ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥

(ਮ:੫,੭੪)

ਭਾਵ: ਮੈਂ ਮਾਲਿਕ-ਪ੍ਰਭੂ ਦਾ ਅੰਞਾਣ ਜਿਹਾ ਪਹਿਲਵਾਨ ਸਾਂ, ਪਰ ਗੁਰੂ ਨੂੰ ਮਿਲ ਕੇ (ਸ਼ਬਦ-ਗੁਰੂ ਦੇ ਉਪਦੇਸ਼ ਦੀ ਕਮਾਈ ਕਰ ਕੇ, ਮਾਲਿਕ-ਪ੍ਰਭੂ ਦਾ ਮਿਲਾਪ ਹਾਸਿਲ ਕਰ ਕੇ), ਮੈਂ ਉੱਚੇ ਦੁਮਾਲੇ ਵਾਲਾ ਬਣ ਗਿਆ ਹਾਂ। ਜਗਤ-ਅਖਾੜੇ ਵਿੱਚ ਸਾਰੇ ਜੀਵ ਆ ਇਕੱਠੇ ਹੋਏ ਹਨ, ਤੇ (ਇਸ ਅਖਾੜੇ ਨੂੰ) ਪਿਆਰਾ ਪ੍ਰਭੂ ਆਪ ਬੈਠਾ ਵੇਖ ਰਿਹਾ ਹੈ।੧੭। **ਵਾਜੇ ਵੱਜ ਰਹੇ ਹਨ, ਢੋਲ ਵੱਜ ਰਹੇ ਹਨ, ਨਗਾਰੇ ਵੱਜ ਰਹੇ ਹਨ (ਭਾਵ, ਸਾਰੇ ਜੀਵ ਮਾਇਆ ਵਾਲੀ ਦੌੜ-ਭੱਜ ਕਰ ਰਹੇ ਹਨ),** ਪਹਿਲਵਾਨ ਆ ਇਕੱਠੇ ਹੋਏ ਹਨ, (ਪਿੜ ਦੇ ਦੁਆਲੇ, ਜਗਤ-ਅਖਾੜੇ ਵਿੱਚ) ਫ਼ੇਰੀਆ ਲੈ ਰਹੇ ਹਨ। **ਮੇਰੀ ਪਿੱਠ ਉੱਤੇ (ਮੇਰੇ) ਗੁਰੂ ਨੇ ਥਾਪੀ ਦਿੱਤੀ, ਤਾਂ ਮੈਂ (ਵਿਰੋਧੀ) ਪੰਜੇ (ਕਾਮਾਦਿਕ) ਜੁਆਨ ਕਾਬੂ ਕਰ ਲਏ।੧੮।**

ਸਾਰੇ (ਨਰ, ਨਾਰਿ) ਮਨੁੱਖਾ ਜਨਮ ਲੈ ਕੇ ਆਏ ਹਨ, ਪਰ (ਇਥੇ ਆਪੋ ਆਪਣੇ ਕੀਤੇ ਕਰਮਾਂ ਅਨੁਸਾਰ) ਪਰਲੋਕ-ਘਰ ਵਿੱਚ ਵੱਖ-ਵੱਖ ਜੂਨਾਂ ਵਿੱਚ ਪੈ ਕੇ ਜਾਣਗੇ। ਜੇਹੜੇ ਮਨੁੱਖ ਗੁਰੂ (ਸ਼ਬਦ ਗੁਰੂ) ਦੇ ਦੱਸੇ ਰਾਹ 'ਤੇ ਤੁਰਦੇ ਹਨ, ਉਹ ਇਥੋਂ (ਹਰਿ-ਨਾਮ ਦਾ) ਨਫ਼ਾ ਖੱਟ ਕੇ ਜਾਂਦੇ ਹਨ। **ਪਰ ਅਪਣੇ ਮਨ ਦੇ ਪਿੱਛੇ ਤੁਰਨ ਵਾਲੇ (ਮਨ-ਮਤੀਏ) ਬੰਦੇ ਪਹਿਲੀ ਰਾਸ-ਪੂੰਜੀ ਭੀ ਗਵਾ ਕੇ ਜਾਂਦੇ ਹਨ (ਪਹਿਲੇ ਕੀਤੇ ਭਲੇ ਕੰਮਾਂ ਦੇ ਸੰਸਕਾਰ ਵੀ ਮੰਦ-ਕਰਮਾਂ ਦੀ ਰਾਹੀਂ ਮਿਟਾ ਕੇ ਜਾਂਦੇ ਹਨ)।੧੯।**

ਸਪੱਸ਼ਟ ਹੈ, ਕਿ ਕਰਤਾ ਪੁਰਖੁ ਨੇ, ਕੁਦਰਤਿ ਦੀ ਰਚਨਾ ਵਿੱਚ, ਇੱਕ ਬਹੁਤ ਹੀ ਪਰਬਲ ਸ਼ਕਤੀ (ਮਾਇਆ) ਨੂੰ ਵੀ ਪੈਦਾ ਕਰ ਕੇ ਸ਼ਾਮਿਲ ਕੀਤਾ ਹੋਇਆ ਹੈ ਅਤੇ ਉੱਪਰ ਵਰਣਨ ਕੀਤੇ ਜਗਤ-ਅਖਾੜੇ (ਮੱਲ-ਅਖਾੜੇ) ਵਿੱਚ, ਜੀਵਾਂ ਅਤੇ ਮਾਇਆ ਦੇ ਪਹਿਲਵਾਨਾਂ (ਕਾਮਾਦਿਕਾਂ) ਦੀ ਕੁਸ਼ਤੀ ਹੋ ਰਹੀ ਦੱਸੀ ਗਈ ਹੈ। **ਜਿਹੜੇ ਜੀਵ ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਹਰ ਵਕਤ ਤਨ-ਮਨ ਨਾਲ ਪਾਲਣਾ ਕਰਦੇ (ਭਾਵ ਕਿ, ਹੁਕਮ ਰਜ਼ਾਈ ਚਲਦੇ) ਰਹਿੰਦੇ ਹਨ, ਉਹ ਮਾਇਆ ਦੇ ਭਲਵਾਨਾਂ ਨੂੰ ਚਿੱਤ ਕਰ ਕੇ (ਹਰਾ ਕੇ) ਆਪਣਾ ਮਨੁੱਖਾ ਜੀਵਨ ਸਫ਼ਲ ਕਰਦੇ ਹੋਏ (ਜੀਵਨ-ਮੁਕਤ ਹੋ ਕੇ) ਪ੍ਰਭੂ-ਪਿਤਾ ਵਿੱਚ ਹੀ ਸਮਾ ਜਾਂਦੇ ਹਨ। ਪਰ ਜਿਹੜੇ ਮੰਦ-ਕਰਮੀ ਜੀਵ ਸ਼ਬਦ-ਗੁਰੂ ਦੇ ਉਪਦੇਸ਼ਾਂ ਤੋਂ ਪਾਸਾ ਵੱਟ ਕੇ (ਪ੍ਰਭੂ-ਪਿਤਾ ਨੂੰ ਭੁਲਾ ਕੇ) ਆਪਣੇ ਮਨ ਦੀ ਮਤਿ (ਮਨਮਤਿ) ਅਨੁਸਾਰ ਚਲਦੇ ਹਨ, ਮਾਇਆ ਦੀ ਟੀਮ (ਪਹਿਲਵਾਨ) ਉਨ੍ਹਾਂ 'ਤੇ ਜਿੱਤ ਪ੍ਰਾਪਤ ਕਰ ਕੇ ਉਨ੍ਹਾਂ ਨੂੰ ਆਪਣੇ ਵੱਸ ਵਿੱਚ ਕਰ ਲੈਂਦੀ ਹੈ।** ਅਜਿਹੇ ਅਭਾਗੇ ਜੀਵ, ਮਾਇਆ ਦੇ ਬੰਧਨਾਂ ਵਿੱਚ ਫਸ ਕੇ, ਮਾਇਆ ਦੀ ਟੀਮ ਦੇ ਸਹਿਜੋਗੀ ਬਣ ਕੇ, ਆਪਣੇ ਸੁਆਰਥਾਂ ਦੀ ਪੂਰਤੀ ਵਾਲੀ (ਮਾਇਕ ਪਦਾਰਥਾਂ ਦੀ ਪ੍ਰਾਪਤੀ ਲਈ), ਖੇਡ

ਖੇਡਦੇ ਹੋਏ, ਕਿਸੇ ਵੀ ਪਾਪ ਕਰਮ ਤੋਂ ਸੰਗਦੇ ਨਹੀਂ, ਬਲਕਿ ਸੱਚ ਦੇ ਰਸਤੇ 'ਤੇ ਚੱਲਣ ਵਾਲਿਆਂ ਦਾ, ਹਰ ਸੰਭਵ ਤਰੀਕੇ ਨਾਲ, ਵਿਰੋਧ ਕਰਨਾ ਉਨ੍ਹਾਂ ਦਾ ਸੁਭਾਅ ਬਣ ਜਾਂਦਾ ਹੈ, ਕਿਉਂਕਿ ਉਨ੍ਹਾਂ ਅੰਦਰ ਕੂੜ ਦੀ ਟੇਕ ਅਤੇ ਕੂੜ ਦਾ ਹੀ ਵਰਤਾਰਾ ਵਰਤਦਾ ਰਹਿੰਦਾ ਹੈ। ਇਸ ਲਈ, ਉਨ੍ਹਾਂ ਨੂੰ ਸੱਚ (ਰੱਬੀ-ਹੁਕਮ, ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ) ਚੰਗਾ ਨਹੀਂ ਲਗਦਾ!

ਜਿਨ੍ਹਾ ਅੰਦਰਿ ਕੂੜੁ ਵਰਤੈ, ਸਚੁ ਨ ਭਾਵਈ ॥
ਜੇ ਕੋ ਬੋਲੈ ਸਚੁ, ਕੂੜਾ ਜਲਿ ਜਾਵਈ ॥
ਕੂੜਿਆਰੀ ਰਜੈ ਕੂੜਿ, ਜਿਉ ਵਿਸਟਾ ਕਾਗੁ ਖਾਵਈ ॥ (ਮ.੩, ੬੪੬)

ਭਾਵ: ਜਿਨ੍ਹਾਂ ਦੇ ਹਿਰਦੇ ਵਿੱਚ ਕੂੜ ਵਰਤਦਾ ਹੈ, ਉਨ੍ਹਾਂ ਨੂੰ ਸੱਚ (ਰੱਬੀ ਗੁਣਾਂ ਵਾਲਾ ਸਦਾਚਾਰ) ਚੰਗਾ ਨਹੀਂ ਲਗਦਾ; ਜੇ ਕੋਈ ਮਨੁੱਖ ਸੱਚ ਬੋਲੇ, ਤਾਂ ਝੂਠਾ (ਸੁਣ ਕੇ) ਸੜ-ਬਲ ਜਾਂਦਾ ਹੈ; **ਝੂਠ ਦਾ ਵਾਪਾਰੀ ਝੂਠ ਵਿੱਚ ਹੀ ਪ੍ਰਸੰਨ ਹੁੰਦਾ ਹੈ, ਜਿਵੇਂ ਪੰਛੀ 'ਕਾਂ' ਵਿਸ਼ਟਾ ਖਾਂਦਾ ਹੈ (ਤੇ ਪ੍ਰਸੰਨ ਹੁੰਦਾ ਹੈ)।**

ਸੱਚ ਦੀਆਂ ਟੀਮਾਂ (ਹੁਕਮਿ ਰਜ਼ਾਈ ਚੱਲਣ ਵਾਲੇ ਜੀਵ)

ਇਨ੍ਹਾਂ ਟੀਮਾਂ ਵਿੱਚ, ਕਰਤੇ ਦੀ ਕੁਦਰਤਿ ਦੇ ਅਸੂਲਾਂ, ਨਿਯਮਾਂ ਅਤੇ ਕਾਇਦੇ-ਕਾਨੂੰਨਾਂ ਦੀ, ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਉਪਦੇਸ਼ਾਂ ਦੁਆਰਾ ਸੋਝੀ ਪ੍ਰਾਪਤੀ ਕਰ ਕੇ, ਕੇਵਲ ਅਤੇ ਕੇਵਲ ਵਾਹਿਦ ਪ੍ਰਭੂ-ਪਿਤਾ ਦੀ ਸ਼ਰਣਿ ਵਿੱਚ ਰਹਿ ਕੇ 'ਹੁਕਮਿ ਰਜਾਈ ਚੱਲਣ ਵਾਲੇ ਜੀਵ ਸ਼ਾਮਿਲ ਕੀਤੇ ਜਾ ਸਕਦੇ ਹਨ।

ਕੂੜ ਦੀਆਂ ਟੀਮਾਂ (ਮਹਾਂ ਮੂਰਖ ਮਨਮੁਖਿ ਜੀਵ)

ਇਨ੍ਹਾਂ ਵਿੱਚ ਮਾਇਆ ਦੇ ਭਲਵਾਨਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਹਉਮੈ, ਨਿੰਦਿਆ ਆਦਿ) ਤੋਂ ਇਲਾਵਾ, ਮੂਲ ਰੂਪ ਵਿੱਚ, ਕੁਦਰਤਿ ਦੇ ਕਾਇਦੇ-ਕਾਨੂੰਨਾਂ ਦੀ ਜਾਣ-ਬੁੱਝ ਕੇ ਉਲੰਘਣਾ ਕਰਨ ਵਾਲੇ, ਮਨੁੱਖਤਾ ਵਿੱਚ ਕਈ ਕਿਸਮ ਦੀਆਂ ਵੰਡੀਆਂ (ਜ਼ਾਤ-ਪਾਤ, ਦੇਸ਼, ਲਿੰਗ ,ਰੰਗ, ਨਸਲ, ਆਰਥਿਕ ਆਦਿ) ਪਾ ਕੇ ਸਮਾਜ ਦੀ ਪਿੱਠ 'ਤੇ ਸਵਾਰ ਹੋਣ ਦੀ ਲਾਲਸਾ ਰੱਖਣ ਵਾਲੇ ਜੀਵ ਸ਼ਾਮਿਲ ਕੀਤੇ ਜਾ ਸਕਦੇ ਹਨ।**ਇਹ ਕੂੜ ਦੀਆਂ ਟੀਮਾਂ ਹੀ ਸਰਬੱਤ ਦੇ ਭਲੇ ਦੇ ਜ਼ਾਮਨ ਗੁਰਮਤਿ ਇਨਕਲਾਬ ਦੇ ਵਿਕਾਸ ਨੂੰ ਰੋਕਣ ਲਈ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਵਿਉਂਤਬੰਦ ਢੰਗ ਨਾਲ ਜਥੇਬੰਦ ਹੋ ਕੇ ਪੂਰਾ ਟਿੱਲ ਲਾਉਂਦੀਆਂ ਆ ਰਹੀਆਂ ਹਨ। ਵਿਚਾਰ ਦੀ ਸਰਲਤਾ ਲਈ, ਗੁਰਮਤਿ ਇਨਕਲਾਬ ਦਾ ਵਿਰੋਧ ਕਰ ਰਹੀਆਂ, ਕੂੜ ਦੀਆਂ ਟੀਮਾਂ ਨੂੰ ਹੇਠ ਲਿਖੇ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:**

ਅਖੌਤੀ (so-called) ਸਿੱਖ
ਗੁਰਮਤਿ-ਵਿਰੋਧੀ ਗ਼ੈਰ-ਸਿੱਖ

ਅਖੌਤੀ (so-called) ਸਿੱਖ

ਇਨ੍ਹਾਂ ਵਿੱਚ ਹੇਠ ਲਿਖੀਆਂ ਧਿਰਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ:

੧. ਪੁਜਾਰੀ (ਤਖ਼ਤਾਂ ਦੇ ਅਖੌਤੀ ਜਥੇਦਾਰ)।

੨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ 'ਤੇ ਜੱਫ਼ਾ ਮਾਰੀ ਬੈਠਾ ਗੁਰਮਤਿ-ਵਿਰੋਧੀ ਟੋਲਾ।

੩. ਗੁਰੂ-ਡੰਮੀਏ ।

੪. ਅਖੌਤੀ ਸੰਤ-ਸਮਾਜੀਏ (ਨਕਲੀ ਸੰਤ)।

੫. ਹੋਰ ਡੇਰਿਆਂ ਦੇ ਸੰਚਾਲਕ ਅਤੇ ਅਖੌਤੀ 'ਗੁਰਮਤਿ ਪ੍ਰਚਾਰਕ'।

੬. ਅਖੌਤੀ ਪੰਥਕ ਰਾਜਨੀਤਕ ਪਾਰਟੀਆਂ ਦੇ ਮੁਖੀ ਅਤੇ ਅਹੁਦੇਦਾਰ।

੭. ਅਖੌਤੀ ਪੰਥਕ ਮੀਡੀਆ।

੮. ਖ਼ੁਦਗਰਜ਼ ਸਿਆਸਤਦਾਨਾਂ ਦੇ ਪ੍ਰਭਾਵ ਹੇਠ ਵਿਚਰ ਰਹੀਆਂ ਗੁਰਦਵਾਰਾ ਤਾਲਮੇਲ ਕਮੇਟੀਆਂ।

੯. ਅਖੌਤੀ ਸਿੱਖ ਸੰਪਰਦਾਵਾਂ।

੧੦. ਗੁਰਦਵਾਰਾ ਪ੍ਰਬੰਧਕੀ ਸਿਸਟਮ ਵਿੱਚ ਸਥਾਪਤ ਹੋਏ ਚਲੇ ਆ ਰਹੇ ਗੁਰਮਤਿ-ਵਿਹੂਣੇ ਪ੍ਰਬੰਧਕ।

੧੧. ਮਦਾਰੀ ਬਿਰਤੀ ਵਾਲੇ ਅਖੌਤੀ ਸਿੱਖ।

੧੨. ਹਉਮੈ-ਗ੍ਰਸੇ ਖ਼ਰੂਦੀ ਬਿਰਤੀ ਵਾਲੇ 'ਤੀਸਮਾਰ-ਖਾਂ' ।

੧ ਭ੍ਰਿਸ਼ਟ ਸਿਆਸਤਦਾਨਾਂ ਦੀ ਸਰਪ੍ਰਸਤੀ ਅਧੀਨ ਅਕਾਲ ਤਖ਼ਤ (ਅਤੇ ਦੂਜੇ ਤਖ਼ਤਾਂ) ਦੀ ਸੰਸਥਾ ਨੂੰ ਗ਼ੁਲਾਮ ਬਣਾਈ ਬੈਠੇ 'ਪੁਜਾਰੀ'

ਗੁਰਮਤਿ ਫ਼ਲਸਫ਼ੇ 'ਚ ਅਕਾਲ ਤਖ਼ਤ ਦਾ ਸਿਧਾਂਤ ਅਤੇ ਹੁਕਮਨਾਮਾ

ਕੀ ਅਕਾਲ ਤਖ਼ਤ ਕੇਵਲ ਇੱਕ ਇਮਾਰਤ ਹੈ ਜਾਂ ਇਸ ਇਮਾਰਤ ਦੀ ਦੇਖ-ਭਾਲ ਕਰਨ ਲਈ ਮੁਕੱਰਰ ਕੀਤੇ ਕੁੱਝ ਕੁ ਵਿਅਕਤੀ? ਕੀ ਅਕਾਲ ਤਖ਼ਤ ਦਾ ਕੋਈ ਜਥੇਦਾਰ ਵੀ ਹੋ ਸਕਦਾ ਹੈ ? ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਆਲਮਗੀਰੀ ਗੁਰਮਤਿ ਫ਼ਲਸਫ਼ੇ ਅਤੇ ਗੁਰ-ਇਤਿਹਾਸ ਦਾ ਨੀਝ ਲਾ ਕੇ ਅਧਿਐਨ ਕੀਤਿਆਂ, ਇਨ੍ਹਾਂ ਸਾਰੇ ਹੀ ਸਵਾਲਾਂ ਦੇ ਜਵਾਬ ਬੜੇ ਸਪੱਸ਼ਟ ਰੂਪ ਵਿੱਚ ਮਿਲ ਜਾਂਦੇ ਹਨ।

"ਜੂਨ 1608 (ਹਾੜ੍ਹ ੧੬੬੫) ਵਿੱਚ ਆਪ ਨੇ (ਗੁਰੂ ਹਰਿਗੋਬਿੰਦ ਸਾਹਿਬ ਨੇ) ਅਕਾਲ ਤਖ਼ਤ ਸਾਹਿਬ (ਪਹਿਲਾ ਨਾਮ ਅਕਾਲ-ਬੁੰਗਾ) ਪ੍ਰਗਟ ਕੀਤਾ।......... ਅਕਾਲ ਤਖ਼ਤ ਸਾਹਿਬ ਪਰਗਟ ਕਰਨ ਦਾ ਮਕਸਿਦ ਇਹ ਸੀ ਕਿ ਸਿੱਖ ਸਿਰਫ਼ ਅਕਾਲਪੁਰਖੁ ਨੂੰ 'ਸੱਚਾ ਪਾਤਿਸ਼ਾਹ' ਮੰਨਦਾ ਹੈ ਤੇ ਆਪਣੇ ਆਪ ਨੂੰ ਸਿਰਫ਼ ਉਸ ਵਾਹਿਗੁਰੂ ਦੀ ਹੀ ਰਿਆਇਆ (ਪਰਜਾ) ਮੰਨਦਾ ਹੈ।....... ਅਕਾਲ ਤਖ਼ਤ ਸਾਹਿਬ ਉਸ ਵਕਤ ਸਿਰਫ਼ ਇੱਕ ਨਿੱਕਾ ਜਿਹਾ ਥੜ੍ਹਾ ਸੀ ਜਿਸ ਦੀ ਨੀਂਹ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਰੱਖੀ ਸੀ ਅਤੇ ਬਾਕੀ ਦਾ ਢਾਂਚਾ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੇ ਬਣਾਇਆ ਸੀ। ਅਕਾਲ ਤਖ਼ਤ ਸਾਹਿਬ ਪ੍ਰਗਟ ਕਰਨ ਮਗਰੋਂ ਗੁਰੂ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨ ਕੇ ਐਲਾਨ ਕੀਤਾ ਕਿ ਸਿੱਖ ਧਰਮ ਵਿੱਚ ਮੀਰੀ ਤੇ ਪੀਰੀ ਇੱਕ ਹਨ। ਢਾਡੀ ਨੱਥਾ ਤੇ ਅਬਦੁੱਲਾ (ਛੇਵੇਂ ਪਾਤਿਸ਼ਾਹ ਦੇ ਹਜ਼ੂਰੀ ਢਾਢੀ) ਇਸ ਸਬੰਧੀ ਲਿਖਦੇ ਹਨ:

'ਦੋ ਤਲਵਾਰਾਂ ਬੱਧੀਆਂ, ਇਕ ਮੀਰ ਦੀ ਇਕ ਪੀਰ ਦੀ......'

ਕੁੱਝ ਲਿਖਾਰੀ ਸਿਰਫ਼ ਆਪ ਨੂੰ 'ਮੀਰੀ-ਪੀਰੀ ਦਾ ਪਾਤਿਸ਼ਾਹ' ਵੀ ਲਿਖਦੇ ਹਨ, ਜੋ ਸਹੀ ਨਹੀਂ। ਸਿਰਫ਼ ਛੇਵੇਂ ਗੁਰੂ ਹੀ ਨਹੀਂ, ਬਲਕਿ ਸਾਰੇ ਗੁਰੂ ਹੀ, 'ਮੀਰੀ-ਪੀਰੀ ਦੇ ਪਾਤਿਸ਼ਾਹ' ਸਨ" (ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼, ਸਫ਼ੇ 227-28)।

"ਅਕਾਲ ਤਖ਼ਤ, ਜਾਂ ਅਕਾਲ ਬੁੰਗਾ, ਦੀ ਨੀਂਹ ਹਰਿਮੰਦਰ ਸਾਹਿਬ ਦੇ ਸਾਹਮਣੇ ਸੰਨ 1608 ਵਿੱਚ ਰੱਖੀ ਗਈ। ਇਹ ਕੋਈ ਤਿੰਨ ਮੀਟਰ ਉੱਚੇ ਥੜ੍ਹੇ ਉੱਤੇ ਉਸਾਰਿਆ ਗਿਆ। ਪਹਿਲਾਂ ਮਿੱਟੀ ਦੇ ਉੱਚੇ ਟਿੱਬੇ ਨੂੰ ਪੱਧਰਾ ਕੀਤਾ ਗਿਆ...... ਇਹ ਗੁਰੂ ਜੀ ਦੀ ਸੰਸਾਰਕ ਸ਼ਕਤੀ ਦੀ ਗੱਦੀ ਸੀ।...... ਇਥੇ ਗੁਰੂ ਹਰਿਗੋਬਿੰਦ ਜੀ ਆਪਣੇ ਸਿੱਖਾਂ ਦੇ ਕੁਸ਼ਤੀ ਦੇ ਮੁਕਾਬਲੇ ਅਤੇ ਤਲਵਾਰ ਦੀ ਲੜਾਈ ਆਦਿ, ਫ਼ੌਜੀ ਕਮਾਲ ਵੇਖਦੇ। ਉਨ੍ਹਾਂ ਨੇ ਸੰਸਾਰਕ ਮਾਮਲਿਆਂ ਵਿੱਚ ਵੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਅਤੇ ਲੋਕਾਂ ਨੂੰ ਛੇਤੀ-ਛੇਤੀ ਸੁਵੱਲਾ ਨਿਆਂ ਉਪਲੱਬਧ ਕੀਤਾ। ਗੁਰੂ ਜੀ ਨੇ ਇਕ ਸਾਜ਼- 'ਢੱਡ' ਦੀ ਕਾਢ ਕੱਢੀ ਜੋ ਵਾਰਾਂ ਗਾਉਣ ਲਈ ਅਨੁਕੂਲ ਸੀ; ਅਤੇ ਢਾਢੀਆਂ ਨੇ ਬੀਰਤਾ ਦੀਆਂ ਵਾਰਾਂ ਗਾਉਣੀਆਂ ਅਰੰਭ ਕੀਤੀਆਂ" (ਡਾ. ਸੰਗਤ ਸਿੰਘ: ਇਤਿਹਾਸ 'ਚ ਸਿੱਖ, ਸਫ਼ਾ 39)।

ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਫ਼ਲਸਫ਼ੇ ਅਨੁਸਾਰ, ਕੇਵਲ ਅਤੇ ਕੇਵਲ ਕਰਤਾ ਪੁਰਖੁ (ਅਕਾਲ ਪੁਰਖੁ, ਪਰਮਾਤਮਾ) ਹੀ ਸਦਾ ਕਾਇਮ ਰਹਿਣ ਵਾਲਾ 'ਸੱਚਾ ਪਾਤਿਸ਼ਾਹ' (ਰਾਜਿਆਂ ਦਾ ਵੀ ਰਾਜਾ) ਹੈ। ਇਹ ਗੱਲ ਵੀ ਸਪੱਸ਼ਟ ਹੀ ਹੈ ਕਿ ਸਮੁੱਚੀ ਸ੍ਰਿਸ਼ਟੀ ਦੇ ਜ਼ਰੇ-ਜ਼ਰੇ ਵਿੱਚ ਰਮੇ ਹੋਏ ਪਰਮਾਤਮਾ ਦਾ ਕੋਈ ਇੱਕ ਵਿਸ਼ੇਸ਼ ਥਾਂ ਹੀ (ਉਸ ਦਾ) ਤਖ਼ਤ

ਨਹੀਂ ਹੋ ਸਕਦਾ। ਇਸ ਕਰ ਕੇ ਗੁਰੂ ਸਾਹਿਬਾਨ ਜਿਸ ਇਲਾਕੇ ਵਿੱਚ ਵੀ ਵਿਚਰ ਰਹੇ ਹੁੰਦੇ ਸਨ, ਉਥੋਂ ਹੀ ਗੁਰਬਾਣੀ ਰੂਪੀ ਹੁਕਮਨਾਮਾ ਜਾਰੀ ਕਰ ਦਿਆ ਕਰਦੇ ਸਨ। ਇਹ ਤਖ਼ਤ ਰੂਪੀ ਉੱਚਾ ਥੜ੍ਹਾ ਪ੍ਰਭੂ-ਪਿਤਾ ਦੇ ਹਲੇਮੀ ਰਾਜ ਦੀ (ਸੂਖਮ) ਪ੍ਰਭੂ-ਸੱਤਾ ਦਾ ਲਖਾਇਕ, (ਸਥੂਲ) ਚਿੰਨ੍ਹ ਹੈ। ਗੁਰਬਾਣੀ ਦੇ ਹੇਠ ਦਿੱਤੇ ਫ਼ੁਰਮਾਣ ਇਸ ਹਕੀਕਤ ਦੀ ਪੁਸ਼ਟੀ ਕਰਦੇ ਹਨ:

ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥

(ਮ.੧. ੧੧੮੮)

ਤਿਸੁ ਬਿਨੁ ਅਵਰੁ ਨ ਕੋਈ ਰਾਜਾ, ਕਰਿ ਤਪਾਵਸੁ ਬਣਤ ਬਣਾਈ॥"

(ਮ.੩,੯੧੧)

ਸਚੁ ਪਾਤਿਸਾਹੀ, ਅਮਰੁ ਸਚੁ, ਸਚੇ ਸਾਚਾ ਥਾਨੁ ॥ (ਮ.੫, ੪੮)

ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥ (ਮ.੩,੯੪੭)

ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥ (ਮ.੫,੯੬੪)

ਕੋਊ ਹਰਿ ਸਮਾਨਿ ਨਹੀ ਰਾਜਾ॥

ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ ॥

(ਕਬੀਰ ਜੀ, ੮੫੬)

ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵ ਦੈ ॥

(ਰਾਮਕਲੀ ਦੀ ਵਾਰ,੯੬੬)

'ਹੁਕਮਨਾਮਾ'

'ਹੁਕਮਨਾਮਾ', ਹਾਕਮ ਦਾ ਹੀ ਹੋ ਸਕਦਾ ਹੈ, ਅਤੇ ਸਦੀਵਕਾਲੀ ਸੱਚਾ ਹਾਕਮ ਕੇਵਲ ਪਰਮਾਤਮਾ ਹੀ ਹੈ। ਇਸ ਮੁਤਾਬਿਕ, ਨਿਰੰਕਾਰ ਪਰਮਾਤਮਾ ਦੇ **ਸ਼ਬਦ-ਸਰੂਪ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ, ਗੁਰਬਾਣੀ, ਸਮੁੱਚੀ ਮਨੁੱਖਤਾ ਲਈ ਪਰਮੇਸ਼ਰ ਦਾ ਸਦੀਵਕਾਲੀ 'ਹੁਕਮਨਾਮਾ' ਹੈ:**

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥

(ਮ.੩, ੫੧੫)

ਇਸ ਮੁਤਾਬਿਕ, ਕਿਸੇ ਅਖੌਤੀ ਜਥੇਦਾਰ (ਅਸਲ ਵਿੱਚ ਪੁਜਾਰੀ) ਨੂੰ ਹੁਕਮਨਾਮਾ ਜਾਰੀ ਕਰਨ ਦਾ ਕੋਈ ਅਧਿਕਾਰ ਹੀ ਨਹੀਂ ਹੈ।

'ਜਥੇਦਾਰ' ਅਕਾਲ ਤਖ਼ਤ (ਜਾਂ ਦੂਸਰੇ ਤਖ਼ਤ) -ਪੁਜਾਰੀ ਸ਼੍ਰੇਣੀ

ਗੁਰਮਤਿ ਫ਼ਲਸਫ਼ੇ ਅਨੁਸਾਰ, **ਅਕਾਲ ਤਖ਼ਤ, ਇੱਕ ਅਹਿਮ ਗੁਰਮਤਿ ਸਿਧਾਂਤ (ਪ੍ਰਭੂ-ਪਿਤਾ ਦੇ ਹਲੇਮੀ ਰਾਜ ਦੀ ਪ੍ਰਭੂ-ਸੱਤਾ ਦਾ ਨਿਸ਼ਾਨ) ਦਾ ਸਥੂਲ ਪ੍ਰਗਟਾਵਾ ਹੈ।** ਕਿਸੇ ਜਥੇ ਦਾ ਤਾਂ ਜਥੇਦਾਰ ਹੁੰਦਾ ਹੈ, ਪਰ ਕਿਸੇ ਗੁਰਮਤਿ ਸਿਧਾਂਤ

ਦਾ ਜਥੇਦਾਰ ਹੋਣਾ ਆਪਣੇ ਆਪ ਵਿੱਚ ਹੀ ਇੱਕ ਹਾਸੋ-ਹੀਣੀ ਜਿਹੀ ਗੱਲ ਹੈ। ਸਵਾਲ ਪੈਦਾ ਹੋ ਸਕਦਾ ਹੈ ਕਿ **'ਜਥੇਦਾਰ' ਅਕਾਲ ਤਖ਼ਤ ਦਾ ਅਹੁਦਾ, ਫਿਰ ਕਿਵੇਂ ਪ੍ਰਚੱਲਤ ਹੋ ਗਿਆ?** ਇਸ ਅਹਿਮ ਸਵਾਲ ਦਾ ਜਵਾਬ 19ਵੀਂ ਅਤੇ 20ਵੀਂ ਸਦੀ ਦੇ ਸਿੱਖ ਇਤਿਹਾਸ 'ਤੇ ਉਡਣੀ-ਝਾਤ ਮਾਰ ਕੇ ਲੱਭਿਆ ਜਾ ਸਕਦਾ ਹੈ।

ਮਾਰਚ ਸੰਨ 1849 ਵਿੱਚ ਫ਼ਰੰਗੀਆਂ ਨੇ, ਸਿੱਖ ਰਾਜ ਦੀਆਂ ਉੱਚ ਪਦਵੀਆਂ (ਪ੍ਰਧਾਨ ਮੰਤਰੀ, ਸਿੱਖ ਫ਼ੌਜ ਦਾ ਮੁਖੀ ਅਤੇ ਹੋਰ ਵਜ਼ੀਰੀਆਂ) 'ਤੇ ਬਿਰਾਜਮਾਨ ਜੰਮੂ ਦੇ ਡੋਗਰਿਆਂ ਅਤੇ ਯੂ.ਪੀ./ਬਿਹਾਰ ਦੇ ਬ੍ਰਾਹਮਣਾਂ (ਜੋ ਕਿ ਸਾਰੇ ਹੀ ਸਿੱਖੀ ਸਰੂਪ ਵਿੱਚ ਸਨ) ਨਾਲ ਅੰਦਰ-ਖ਼ਾਤੇ ਗੰਢ-ਤ੍ਰੁੱਪ ਕਰ ਕੇ (ਇਨ੍ਹਾਂ ਗ਼ਦਾਰਾਂ ਦੀ ਸਹਾਇਤਾ ਨਾਲ ਐਂਗਲੋ-ਸਿੱਖ ਵਾਰਜ਼ ਵਿੱਚ ਜੇਤੂ ਰਹੀਆਂ ਸਿੱਖ ਫ਼ੌਜਾਂ ਨੂੰ ਹਰਾ ਕੇ), ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ ਅਤੇ ਅਕਾਲ ਤਖ਼ਤ ਤੇ ਹੋਰ ਅਹਿਮ ਇਤਿਹਾਸਕ ਗੁਰਦਵਾਰਿਆਂ ਦਾ ਪ੍ਰਬੰਧ ਆਪਣੇ ਕਬਜ਼ੇ ਵਿੱਚ ਕਰ ਕੇ, ਉਥੇ ਆਪਣੇ ਪਿੱਠੂਆਂ ਨੂੰ ਸਰਬਰਾਹ/ਮਹੰਤ ਸਥਾਪਤ ਕਰ ਦਿੱਤਾ।

"ਇਹ ਗੱਲ ਅੰਗਰੇਜ਼ਾਂ ਦੇ ਹਿੱਤ ਵਿੱਚ ਸੀ ਕਿ ਉਹ ਗੁਰਦਵਾਰਿਆਂ ਦੇ ਮਹੰਤਾਂ ਤੇ ਸਰਬਰਾਹਾਂ ਦੀ ਪਿੱਠ ਠੋਕ ਕੇ ਉਨ੍ਹਾਂ ਦੀ ਸਿੱਖ ਕੌਮ ਵਿੱਚ ਮਾਣ-ਪ੍ਰਤਿਸ਼ਟਾ (ਪੋਪ ਵਰਗਾ) ਸਥਾਪਤ ਕਰਾਉਣ, ਗੁਰਧਾਮਾਂ ਦੀਆਂ ਜਾਇਦਾਦਾਂ ਉੱਤੇ ਉਨ੍ਹਾਂ ਦਾ ਕਬਜ਼ਾ ਪੱਕਾ ਕਰਾਉਣ ਅਤੇ ਗੁਰਦੁਆਰਿਆਂ ਉੱਤੇ ਉਨ੍ਹਾਂ ਦੇ ਖ਼ਾਨਦਾਨੀ ਕਬਜ਼ੇ ਨੂੰ ਕਾਨੂੰਨੀ-ਮਾਨਤਾ ਦੇਣ। ਇਸ ਸਭ ਕਾਸੇ ਦੇ ਇਵਜ਼ ਵਿੱਚ, ਉਹ ਮਹੰਤਾਂ ਤੇ ਸਰਬਰਾਹਾਂ ਨੂੰ ਆਪਣੇ ਪੱਕੇ ਵਫ਼ਾਦਾਰ ਬਣਾ ਕੇ, ਉਨ੍ਹਾਂ ਦੇ ਬਣੇ ਰਸੂਖ਼ ਦੀ ਮਦਦ ਨਾਲ, ਪੰਜਾਬ ਦੇ ਲੋਕਾਂ ਨੂੰ ਆਸਾਨੀ ਨਾਲ ਆਪਣਾ ਗ਼ੁਲਾਮ ਬਣਾ ਕੇ ਰੱਖ ਸਕਦੇ ਸਨ। ਇਸ ਤਰ੍ਹਾਂ ਅੰਗਰੇਜ਼ ਹਕੂਮਤ ਤੇ ਮਹੰਤ, ਆਪਣੇ-ਆਪਣੇ ਸੁਆਰਥਾਂ ਕਾਰਨ, ਇੱਕ-ਦੂਜੇ ਲਈ ਅਤਿ ਲੋੜੀਂਦੇ ਸਨ।

ਵੀਹਵੀਂ ਸਦੀ ਤੋਂ ਪਿਛਲੀ ਸਦੀ ਵਿੱਚ, 18 ਮਾਰਚ, 1887 ਨੂੰ ਅਕਾਲ ਬੁੰਗੇ ਦੇ ਸਰਬਰਾਹ ਤੇ ਹੋਰ 29 ਮਹੰਤਾਂ ਤੇ ਪੁਜਾਰੀਆਂ ਨੇ ਪ੍ਰੋਫ਼ੈਸਰ ਗੁਰਮੁਖ ਸਿੰਘ ਵਰਗੇ ਮਹਾਨ ਸੁਧਾਰਕ, ਸਿੱਖੀ ਦੇ ਪ੍ਰਚਾਰਕ ਤੇ ਵਿਦਵਾਨ ਗੁਰਸਿੱਖ ਨੂੰ ਸਿੱਖੀ ਵਿੱਚੋਂ ਛੇਕ ਦੇਣ ਦਾ ਅਣ-ਅਧਿਕਾਰਤ ਤੇ ਲਾਹਨਤੀ 'ਹੁਕਮਨਾਮਾ' ਕੱਢਣ ਦੀ ਨੀਚਤਾ ਕੀਤੀ ਸੀ ਅਤੇ ਗਿਆਨੀ ਦਿੱਤ ਸਿੰਘ ਵਰਗੇ ਨਾਮਵਰ ਗੁਰਸਿੱਖ ਸੁਧਾਰਕ ਤੇ ਵਿਦਵਾਨ ਧਾਰਮਕ ਆਗੂ ਦੇ ਵਿਰੁੱਧ ਵੀ ਭੰਡੀ-ਪ੍ਰਚਾਰ ਕਰ ਕੇ ਸਿੱਖੀ ਵਿੱਚੋਂ ਕੱਢਣ ਦੀਆਂ ਗੱਲਾਂ ਕੀਤੀਆਂ ਸਨ। ....

ਕਾਮਾਗਾਟਾ ਮਾਰੂ ਜਹਾਜ਼ ਦੇ 15 ਗ਼ੈਰਤਮੰਦ ਸਿੱਖ ਯਾਤਰੀ ਅੰਗਰੇਜ਼ ਦੀ ਦਮਨ-ਨੀਤੀ ਕਾਰਨ 29 ਮਾਰਚ 1914 ਨੂੰ ਗੋਲੀ ਨਾਲ ਮਾਰ ਦਿੱਤੇ ਗਏ ਸਨ। ਉਹ ਸਿੱਖ, ਅੰਗਰੇਜ਼ ਦੀ ਗ਼ੁਲਾਮੀ ਦੇ ਵਿਰੁੱਧ ਸੰਘਰਸ਼ ਕਰਨਾ ਚਾਹੁੰਦੇ ਸਨ। ਅਕਾਲ ਤਖ਼ਤ ਦੇ ਸਰਬਰਾਹ ਅਰੂੜ ਸਿੰਹੁ ਤੇ ਉਸ ਦੇ ਸਾਥੀ ਮਹੰਤਾਂ ਤੇ ਪੁਜਾਰੀਆਂ ਨੇ, ਅੰਗਰੇਜ਼ ਦੀ

ਖ਼ੁਸ਼ਨੂਦੀ ਹਾਸਿਲ ਕਰਨ ਲਈ, ਅੰਗਰੇਜ਼ਾਂ ਦੀਆਂ ਗੋਲੀਆਂ ਨਾਲ ਮਾਰੇ ਗਏ ਆਜ਼ਾਦੀ ਦੇ ਪਰਵਾਨਿਆਂ ਨੂੰ ਸਿੱਖੀ ਚੋਂ ਖ਼ਾਰਜ਼ ਕਰਨ ਦਾ ਐਲਾਨ ਕਰ ਦਿੱਤਾ।.........

ਇਸੇ ਤਰ੍ਹਾਂ, 13 ਅਪ੍ਰੈਲ ਸੰਨ 1919 ਨੂੰ ਜਲ੍ਹਿਆਂ ਵਾਲੇ ਬਾਗ ਵਿਖੇ ਨਿਹੱਥੇ ਪੰਜਾਬੀਆਂ ਦੇ ਖ਼ੂਨ ਨਾਲ ਆਪਣੇ ਹੱਥ ਰੰਗਣ ਵਾਲੇ ਜਨਰਲ ਡਾਇਰ ਤੇ ਕੈਪਟਨ ਬ੍ਰਿਗਸ ਨੂੰ ਤੱਤਕਾਲੀ ਸਰਬਰਾਹ ਅਰੂੜ ਸਿੰਹੁ ਨੇ ਅਕਾਲ ਤਖ਼ਤ 'ਤੇ ਬੁਲਾ ਕੇ ਸਿਰੋਪਾਉ ਹੀ ਨਹੀਂ ਸੀ ਦਿੱਤਾ, ਬਲਕਿ ਦੋਹਾਂ ਨੂੰ ਸਿੱਖੀ ਵਿੱਚ ਸ਼ਾਮਿਲ ਕਰਨ ਦਾ ਡਰਾਮਾ ਰਚਦਿਆਂ ਕੇਸ ਕਟਾਉਣ ਤੇ ਤੰਬਾਕੂ ਤੱਕ ਨੂੰ ਵਰਤਣ ਦੀਆਂ ਆਪਹੁਦਰੀਆਂ ਛੋਟਾਂ ਦਾ ਐਲਾਨ ਵੀ ਕੀਤਾ ਸੀ।

ਸਿੱਖਾਂ ਨੂੰ, ਮਹੰਤਾਂ ਤੇ ਸਰਬਰਾਹਾਂ ਤੋਂ ਗੁਰਦਵਾਰਿਆਂ ਦਾ ਪ੍ਰਬੰਧ ਤੇ ਜਾਇਦਾਦਾਂ ਵਾਪਿਸ ਲੈਣ ਲਈ, ਬਹੁਤ ਘਾਲਣਾਵਾਂ ਘਾਲਣੀਆਂ ਪਈਆਂ। ਜਾਇਦਾਦਾਂ ਕੁਰਕ ਕਰਵਾ ਕੇ ਕੈਦਾਂ ਹੀ ਨਹੀਂ ਕੱਟਣੀਆਂ ਪਈਆਂ, ਬਲਕਿ ਇਤਿਹਾਸਕ ਗੁਰਦਵਾਰੇ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਵੱਡੀ ਗਿਣਤੀ ਵਿੱਚ ਸ਼ਹੀਦੀਆਂ ਪ੍ਰਾਪਤ ਕਰਨੀਆਂ ਪਈਆਂ ...... ਗੁਰਦਵਾਰਿਆਂ ਨੂੰ ਮਹੰਤਾਂ ਤੇ ਸਰਬਰਾਹਾਂ ਤੋਂ ਆਜ਼ਾਦ ਕਰਵਾ ਕੇ ਉਨ੍ਹਾਂ ਦਾ ਪ੍ਰਬੰਧ ਸਿੱਖ ਗੁਰਦਵਾਰਾ ਐਕਟ (1925) ਬਣਵਾ ਕੇ, ਸਿੱਖਾਂ ਦੇ ਹੱਥ ਲਿਆਂਦਾ ਜਾ ਸਕਿਆ। ......

12 ਅਕਤੂਬਰ 1920 ਨੂੰ ਤੇਜਾ ਸਿੰਘ ਭੁੱਚਰ 25 ਸਿੰਘਾਂ ਦਾ ਜਥਾ ਲੈ ਕੇ ਅਖੌਤੀ ਨੀਵੀਂ ਜਾਤ ਵਾਲਿਆਂ ਦੀ ਦੇਗ਼ ਦੀ ਅਕਾਲ ਤਖ਼ਤ 'ਤੇ ਅਰਦਾਸ ਕਰਾਉਣ ਲਈ) ਗਏ ਸਨ, ਤੇ 25 ਸਿੰਘਾਂ ਦੇ ਜੱਥੇਦਾਰ ਹੋਣ ਕਰ ਕੇ 'ਜਥੇਦਾਰ' ਲਕਬ ਨਾਲ ਨਿਵਾਜ਼ੇ ਗਏ ਸਨ। ਉਨ੍ਹਾਂ ਨੇ ਅਕਾਲ ਬੁੰਗੇ ਦੇ ਮੁੱਖ ਸੇਵਾਦਾਰ ਦੀ ਜ਼ਿੰਮੇਵਾਰੀ ਸੰਭਾਲੀ ਸੀ, ਜੋ ਉਸ ਸਮੇਂ ਸਰਬਰਾਹ ਅਖਵਾਉਂਦੇ ਸੀ। ਤੇਜਾ ਸਿੰਘ ਭੁੱਚਰ ੧੧ਵੀਂ ਥਾਵੇਂ, ਗੁਰੂ ਰੂਪ ਬਣ ਕੇ, 'ਹੁਕਮਨਾਮੇ' ਕੱਢਣ ਵਾਲੇ ਉਸ ਕਿਸਮ ਦੇ 'ਜੱਥੇਦਾਰ' ਨਹੀਂ ਸਨ ਬਣੇ, ਜਿਸ ਤਰ੍ਹਾਂ ਦੇ ਵੀਹਵੀਂ ਸਦੀ ਦੇ ਮਗਰਲੇ ਚਾਲ੍ਹੀ ਕੁ ਸਾਲਾਂ ਦੇ ਬਹੁਤੇ ਸਰਬਰਾਹਾਂ ਜਾਂ 'ਜੱਥੇਦਾਰਾਂ' ਨੇ ਕੀਤਾ ਹੈ।

20ਵੀਂ ਸਦੀ ਦੇ ਦੂਜੇ ਅੱਧ ਵਿੱਚ, ਅਰਥਾਤ 15 ਅਗੱਸਤ 1947 ਤੋਂ ਪਿੱਛੋਂ, ਦੇਸ਼ ਦੇ ਰਾਜਸੀ ਪਾਰਟੀਆਂ ਦੇ ਸਮੀਕਰਣ ਤੇ ਪੰਥਕ ਹਾਲਾਤ ਇਤਨੇ ਤੇਜ਼ੀ ਨਾਲ ਬਦਲੇ ਕਿ ਪਹਿਲੀ ਅੱਧੀ ਸਦੀ ਵਿੱਚ ਪੈਦਾ ਹੋਈ ਸਿੱਖ ਚੇਤਨਾ, ਜਾਗ੍ਰਿਤ ਹੋਣ ਦੀ ਥਾਂ, ਨਵੇਂ ਭੁਲੇਖਿਆਂ ਦੇ ਧੂੰਏ ਹੇਠ ਹੋਰ ਜ਼ਿਆਦਾ ਆ ਕੇ ਪੂਰੀ ਤਰ੍ਹਾਂ ਧਵਾਂਖੀ ਗਈ। ਅੰਦਰੂਨੀ ਤੇ ਬੈਰੂਨੀ ਵਿਰੋਧੀ ਸ਼ਕਤੀਆਂ ਅਤੇ ਸਾਡੇ ਕਮਜ਼ੋਰ ਪ੍ਰਚਾਰ-ਪ੍ਰਬੰਧ ਕਾਰਨ, ਅਕਾਲ ਤਖ਼ਤ ਤੇ ਇਸ ਦੇ 'ਜੱਥੇਦਾਰ' ਬਾਰੇ ਵੰਨ-ਸੁਵੰਨੇ ਵਿਸ਼ਵਾਸ਼ਾਂ ਤੇ ਮਨੌਤਾਂ ਦਾ ਪ੍ਰਚਾਰ ਵੱਡੀ ਪੱਧਰ ਤੇ ਹੋ ਗਿਆ। ਗ਼ਲਤ-ਫ਼ਹਿਮੀ ਭਰੇ ਤੱਥਾਂ ਤੇ ਵਿਚਾਰਾਂ ਨੂੰ ਵਿਰੋਧੀਆਂ ਅਤੇ ਆਪਣਿਆਂ ਵੱਲੋਂ, ਜਾਣੇ ਜਾਂ ਅਣਜਾਣੇ ਵਿੱਚ, ਬਹੁਤ ਦੁਹਰਾਇਆ ਗਿਆ। **ਗੋਬਲਜ਼ ਦੀ ਦੁਹਰਾਉ ਥਿਊਰੀ'** ਦਾ

ਇਤਨਾ ਜ਼ਿਆਦਾ ਵਿਆਪਕ ਅਤੇ ਗ਼ਲਤ ਪ੍ਰਭਾਵ ਪੈ ਚੁੱਕਾ ਹੈ ਕਿ ਸਹੀ ਤੱਥਾਂ ਤੇ ਤਜਵੀਜ਼ਾਂ ਨੂੰ ਕੋਈ ਵੀ ਵਿਅਕਤੀ ਨਾ ਨਿੱਜੀ ਤੌਰ ਤੇ ਸੁਣਨ-ਵਿਚਾਰਨ ਲਈ ਤਿਆਰ ਹੈ ਤੇ ਨਾ ਹੀ ਪੰਥਕ ਜਥੇਬੰਦੀਆਂ ਹੀ ਸਹੀ ਤੱਥਾਂ ਤੇ ਤਜਵੀਜ਼ਾਂ 'ਤੇ ਕੰਨ ਧਰਨ ਲਈ ਤਤਪਰ ਨਜ਼ਰ ਆਉਂਦੀਆਂ ਹਨ।

ਹਾਲਤ ਅਜਿਹੀ ਬਣ ਚੁੱਕੀ ਹੈ ਕਿ ਕੁੱਝ ਤਜਵੀਜ਼ਾਂ ਸ਼੍ਰੋਮਣੀ ਕਮੇਟੀ ਦੇ ਸੁਚੱਜੇ ਪ੍ਰਬੰਧ ਲਈ, ਅਕਾਲ ਤਖ਼ਤ ਦੀ ਸ਼ਾਨ ਦੁਬਾਲਾ ਕਰਨ ਲਈ ਜਾਂ ਸਰਬਰਾਹ ਅਥਵਾ 'ਜਥੇਦਾਰ' ਦੇ ਨਿੱਜੀ ਤੇ ਪੰਥਕ ਹਿੱਤਾਂ ਲਈ ਵੀ ਦਿੱਤੀਆਂ ਜਾਣ, ਤਾਂ ਉਹ ਵੀ ਗ਼ਲਤ ਧਾਰਨਾਵਾਂ ਦੇ ਵੱਡੀ ਪੱਧਰ ਉੱਤੇ ਸਭ ਦੇ ਮਨਾਂ ਵਿੱਚ ਘਰ ਕਰ ਜਾਣ ਕਾਰਨ, ਬਹੁਤੇ ਲੋਕਾਂ ਵੱਲੋਂ ਬਿਨਾਂ ਵਿਚਾਰੇ ਨਾ-ਮਨਜ਼ੂਰ ਕਰ ਦਿੱਤੀਆਂ ਜਾਂਦੀਆਂ ਹਨ। ਸਿੱਖ-ਵਿਰੋਧੀ ਪਾਰਟੀ ਦਾ ਹਿੱਤ ਵੀ ਇਸੇ ਗੱਲ ਵਿੱਚ ਹੈ ਕਿ ਸਿੱਖਾਂ ਅੰਦਰ ਸਤਿਗੁਰਾਂ ਦੁਆਰਾ ਸਿਖਾਏ ਤੇ ਪ੍ਰਚਾਰੇ ਨਿਰੋਲ, ਖ਼ਾਲਸਾ ਸਿਧਾਂਤਾਂ ਬਾਰੇ ਵੱਧ ਤੋਂ ਵੱਧ ਭੁਲੇਖੇ ਪਾਏ ਜਾਣ ਤਾਕਿ ਸਮੁੱਚੀ ਸਿੱਖ ਕੌਮ ਬ੍ਰਾਹਮਣਵਾਦ ਜਾਂ ਬਿਪਰਵਾਦ ਦੀ ਜਕੜ ਵਿੱਚ ਆ ਕੇ ਆਪਣੀ ਹੋਂਦ ਤੇ ਪਛਾਣ ਹੀ ਗੁਆ ਲਏ।......

ਸਰਬਰਾਹ ਜਾਂ 'ਜਥੇਦਾਰ ਬਾਰੇ ਤਾਂ ਸਿੱਧੀ ਤੇ ਸਪੱਸ਼ਟ ਗੱਲ ਇਹੋ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਵਿੱਚ, ਕਿਸੇ ਵੀ ਸਰਬਰਾਹ ਜਾਂ 'ਜਥੇਦਾਰ' ਨੂੰ ਗੁਰਬਾਣੀ ਅਨੁਸਾਰ, ਰਹਿਤ ਮਰਿਯਾਦਾ ਅਨੁਸਾਰ, ਗੁਰਦਵਾਰਾ ਐਕਟ ਅਨੁਸਾਰ ਜਾਂ ਇਤਿਹਾਸਕ ਤੱਥਾਂ ਦੇ ਆਧਾਰ 'ਤੇ, ੧੧ਵੀਂ ਪਾਤਸ਼ਾਹੀ ਵਾਲੇ ਸਮੁੱਚੇ ਜਾਂ ਅੰਸ਼ਕ ਅਧਿਕਾਰ ਕਿਸੇ ਸੂਰਤ ਵਿੱਚ ਨਹੀਂ ਦਿੱਤੇ ਜਾ ਸਕਦੇ, ਜਿਨ੍ਹਾਂ ਨੂੰ ਹਥਿਆ ਕੇ ਅਤੇ ਵਰਤੋਂ ਵਿੱਚ ਲਿਆ ਕੇ ਆਪਣੇ ਵਿਰੋਧੀਆਂ ਨਾਲ ਕਿੜ ਕੱਢ ਕੇ ਜਾਂ ਰਾਜਸੀ ਧੜੇਬਾਜ਼ੀਆਂ ਵਿੱਚ ਪੈ ਕੇ ਆਪਣੇ ਮੁਖ਼ਾਲਿਫ਼ਾਂ ਨੂੰ ਨੀਵਾਂ ਦਿਖਾ ਕੇ ਜ਼ਲੀਲ ਕਰਨ ਦੇ ਵੱਡੇ ਗੁਰਮਤਿ-ਵਿਰੋਧੀ ਕਾਰਨਾਮੇ ਪਿਛਲੇ ਪੰਜ ਕੁ ਦਹਾਕਿਆਂ ਵਿੱਚ ਭਰਪੂਰ ਤੌਰ ਤੇ ਕੀਤੇ ਗਏ। ਨਾ ਹੀ ਇਹ ਗੱਲ ਮੰਨੀ ਜਾ ਸਕਦੀ ਹੈ ਕਿ ਸਿੱਖ ਕੌਮ ਦੀਆਂ ਵੋਟਾਂ ਨਾਲ ਚੁਣੀ ਗਈ ਸ਼੍ਰੋਮਣੀ ਕਮੇਟੀ ਵੱਲੋਂ ਵੀ, ਆਪਣੀ ਸਿਆਸੀ ਧੜੇਬਾਜ਼ੀ ਅਧੀਨ, ਮਨ-ਮਰਜ਼ੀ ਨਾਲ, ਬਿਨਾਂ ਕਿਸੇ ਪਰਖ ਜਾਂ ਕਸਵੱਟੀ ਨੂੰ ਵਰਤਦਿਆਂ, ਧੱਕੇ ਨਾਲ ਸ਼ਾਮਿਲ ਕੀਤੇ-ਕਰਾਏ ਚਾਰ ਹੋਰ ਸੱਜਣਾਂ ਨੂੰ ਮਿਲਾ ਕੇ "ਪੰਜ ਪਿਆਰਿਆਂ" ਦਾ ਲੁਭਾਵਣਾ ਨਾਮ ਦੇ ਕੇ, ੧੧ਵੀਂ ਪਾਤਿਸ਼ਾਹੀ ਜੁੱਗੋ-ਜੁੱਗ ਅਟੱਲ ਗੁਰੂ ਗ੍ਰੰਥ ਸਾਹਿਬ ਦੇ ਅਧਿਕਾਰ, ਇੱਕ ਜਾਂ ਕੁੱਝ ਵਿਅਕਤੀਆਂ ਨੂੰ, ਪੂਰਨ ਜਾਂ ਅੰਸ਼ਕ ਤੌਰ 'ਤੇ ਵੀ ਦਿੱਤੇ ਜਾਣ। ਸਿੱਖ ਮੱਤ ਦਾ ਧੁਰਾ ਗੁਰੂ ਗ੍ਰੰਥ ਸਾਹਿਬ ਹੀ ਰਹਿਣਗੇ, ਗ੍ਰੰਥੀ, 'ਜਥੇਦਾਰ' ਜਾਂ ਵਿਅਕਤੀ ਨੂੰ ਧੁਰਾ ਨਹੀਂ ਬਣਾਇਆ ਜਾ ਸਕਦਾ ਅਤੇ ਨਾ ਹੀ ਅਸਥਾਨ ਜਾਂ ਨਗਰ ਨੂੰ ਪ੍ਰਮੁੱਖਤਾ ਦਿੱਤੀ ਜਾ ਸਕਦੀ ਹੈ" (ਮਹਿੰਦਰ ਸਿੰਘ 'ਜੋਸ਼':ਸ੍ਰੀ ਅਕਾਲ ਤਖ਼ਤ ਤੇ ਇਸ ਦਾ ਜਥੇਦਾਰ, ਸਫ਼ੇ 35-38)।

ਪੁਜਾਰੀ ਕੌਣ ? ਅਨਮੱਤਾਂ ਦੇ ਧਾਰਮਿਕ ਆਗੂ, ਜੋ ਆਪਣੇ ਮਜ਼੍ਹਬ ਵਾਲਿਆਂ ਨੂੰ ਆਪਣੇ ਥੱਲੇ ਲਾ ਕੇ ਰੱਖਣ ਲਈ, ਆਪਣੇ ਆਪ ਨੂੰ ਫ਼ਤਵੇ, 'ਹੁਕਮਨਾਮੇ', ਨਿਰਦੇਸ਼ ਆਦਿ ਜਾਰੀ ਕਰਨ ਦੇ ਅਧਿਕਾਰੀ ਸਮਝਦੇ ਹਨ, 'ਪੁਜਾਰੀ' ਹਨ।

ਗੁਰੂ ਗ੍ਰੰਥ ਸਾਹਿਬ ਦੇ ਆਲਮਗੀਰੀ ਫ਼ਲਸਫ਼ੇ ਅੰਦਰ 'ਪੁਜਾਰੀ' ਦੀ ਕੋਈ ਹੋਂਦ ਹੀ ਨਹੀਂ ਹੈ, ਪਰ ਸਿੱਖ ਕੌਮ ਦੀ ਗ਼ਫ਼ਲਤ ਅਤੇ ਗੁਰਮਤਿ-ਸਿਧਾਂਤਾਂ ਵੱਲੋਂ ਅਣਜਾਣਤਾ ਕਾਰਨ, **ਸੰਨ 1970 ਦੇ ਆਸ-ਪਾਸ ਤੋਂ, ਖ਼ੁਦਗਰਜ਼, ਸ਼ਾਤਰ ਸਿਆਸਤਦਾਨਾਂ (ਸਿੱਖੀ ਸਰੂਪ ਵਿੱਚ ਵਿਚਰ ਰਹੇ ਮਨੂੰਵਾਦੀਆਂ ਦੇ ਗ਼ੁਲਾਮ) ਨੇ ਕੌਮ 'ਤੇ ਆਪਣੀ ਧੌਂਸ ਜਮਾਉਣ ਲਈ ਅਤੇ ਆਪਣੇ ਵਿਰੋਧੀਆਂ ਨੂੰ ਦਬਕਾ ਕੇ ਰੱਖਣ ਲਈ, ਆਪਣੇ ਜੀ-ਹਜ਼ੂਰੀਏ ਗ੍ਰੰਥੀਆਂ (ਜਾਂ ਆਪਣੇ ਧੜੇ ਦੇ ਕੁੱਝ ਹੋਰ ਵਿਅਕਤੀਆਂ) ਨੂੰ 'ਸਿੰਘ ਸਾਹਿਬ' ਦਾ ਖ਼ਿਤਾਬ ਦੇ ਕੇ, ਉਨ੍ਹਾਂ ਦੀਆਂ ਅਕਾਲ ਤਖ਼ਤ (ਜਾਂ ਹੋਰ ਅਖੌਤੀ ਤਖ਼ਤ) ਦੇ 'ਜਥੇਦਾਰ' ਵਜੋਂ ਨਿਯੁਕਤੀਆਂ ਕਰਨੀਆਂ ਅਰੰਭ ਦਿੱਤੀਆਂ। ਅਜਿਹਾ ਕਰ ਕੇ, ਪੁਜਾਰੀਵਾਦ ਨੂੰ ਵੀ, ਪਿਛਲੇ ਚੋਰ-ਦਰਵਾਜ਼ੇ ਰਾਹੀਂ, ਕੌਮ ਦੇ ਧਾਰਮਿਕ ਖੇਤਰ ਵਿੱਚ ਸਥਾਪਤ ਕਰ ਦਿੱਤਾ ਗਿਆ।** ਗੁਰਮਤਿ ਫ਼ਲਸਫ਼ੇ ਤੋਂ ਕੋਰੇ ਅਤੇ ਹੰਕਾਰੇ ਹੋਏ ਇਹ ਪੁਜਾਰੀ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਵੀ ਉੱਚਾ ਸਮਝਣ ਲੱਗ ਪਏ ਅਤੇ ਗੁਰਮਤਿ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਕਰਨ ਦੀ ਹਿੰਮਤ ਕਰਨ ਵਾਲੇ ਵਿਦਵਾਨਾਂ/ਪ੍ਰਚਾਰਕਾਂ ਨੂੰ ਆਪਣੇ ਸਾਹਮਣੇ ਪੇਸ਼ ਹੋਣ ਲਈ ਸੰਮਣ ਜਾਰੀ ਕਰਨ ਲੱਗ ਪਏ, ਉਨ੍ਹਾਂ ਨੂੰ ਅਣਅਧਿਕਾਰਤ ਤੌਰ 'ਤੇ ਸਿੱਖ ਕੌਮ ਵਿੱਚੋਂ ਖ਼ਾਰਜ ਕਰਨ ਲੱਗ ਪਏ। ਇਥੇ ਹੀ ਬੱਸ ਨਹੀਂ, **ਇਹ ਗੁਰਮਤਿ-ਵਿਹੂਣੇ ਪੁਜਾਰੀ, ਕੌਮ ਨੂੰ, ਕੁੱਝ ਇਸ ਭਾਂਤ ਦੇ ਗੁਰਮਤਿ ਵਿਰੋਧੀ 'ਹੁਕਮਨਾਮੇ' ਵੀ ਜਾਰੀ ਕਰਨ ਲੱਗ ਪਏ:"ਫ਼ਲਾਣੇ, ਫ਼ਲਾਣੇ ਨਾਲ ਕੌਮ ਦਾ ਕੋਈ ਵਿਅਕਤੀ ਰੋਟੀ-ਬੇਟੀ ਦੀ ਸਾਂਝ ਨਾ ਰੱਖੇ, ਇਨ੍ਹਾਂ ਨੂੰ ਕਿਸੇ ਧਾਰਮਿਕ ਸਟੇਜ ਦੇ ਨੇੜੇ ਨਾ ਢੁੱਕਣ ਦਿੱਤਾ ਜਾਵੇ" ਤਾਕਿ ਸਮਾਜ ਨੂੰ ਗੁਰਮਤਿ ਦੀ ਸੋਝੀ ਪ੍ਰਾਪਤ ਕਰਨ ਤੋਂ ਰੋਕ ਕੇ ਰੱਖਿਆ ਜਾ ਸਕੇ ਅਤੇ 'ਸਿਆਸੀ-ਪੁਜਾਰੀ-ਅਪ੍ਰਾਧੀ' ਗੱਠਜੋੜ ਦੇ ਸਮਾਜ-ਵਿਰੋਧੀ ਕਾਲੇ ਕਾਰਨਾਮਿਆਂ 'ਤੇ ਪਰਦਾ ਪਾ ਕੇ ਰੱਖਿਆ ਜਾ ਸਕੇ।** ਇਥੇ ਹੀ ਬੱਸ ਨਹੀਂ, ਇਹ ਪੁਜਾਰੀ ਆਪਣੇ 'ਹੁਕਮਨਾਮੇ' (ਕੂੜਨਾਮੇ) ਦੀ ਪਾਲਣਾ ਕਰਾਉਣ ਲਈ ਭੋਲੀ ਸੰਗਤਿ ਦੇ ਧਾਰਮਿਕ ਜਜ਼ਬਾਤਾਂ ਨੂੰ ਭੜਕਾਉਣ ਅਤੇ ਲੱਠ-ਮਾਰ ਅਪ੍ਰਾਧੀ ਅੰਸਰਾਂ ਦਾ ਪ੍ਰਯੋਗ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਉਦਾਹਰਨ ਦੇ ਤੌਰ 'ਤੇ, ਕੌਮ ਦੇ ਹੀਰੇ ਪ੍ਰੋਫ਼ੈਸਰ ਦਰਸ਼ਨ ਸਿੰਘ ਜੀ ਨੂੰ ਝੂਠੇ ਇਲਜ਼ਾਮ ਲਗਾ ਕੇ ਅਣਅਧਿਕਾਰਤ ਤੌਰ 'ਤੇ ਸੰਨ 2010 ਦੇ ਅਰੰਭ ਵਿੱਚ, ਕੌਮ ਵਿੱਚੋਂ ਛੇਕ ਦਿੱਤਾ ਗਿਆ। ਉਨ੍ਹਾਂ ਨੂੰ ਆਸਨਸੋਲ (ਪੱਛਮੀ ਬੰਗਾਲ) ਦੀ ਸੰਗਤਿ ਨੇ ਕੀਰਤਨ ਕਰਨ ਲਈ ਬੇਨਤੀ ਕਰ ਭੇਜੀ। ਜਦੋਂ ਪ੍ਰੋ. ਦਰਸ਼ਨ ਸਿੰਘ ਕੀਰਤਨ ਕਰਨ ਲਈ ਪੰਡਾਲ ਵੱਲ ਗਏ ਤਾਂ ਪਟਨਾ ਦੇ ਇਲਾਕੇ 'ਚੋਂ ਆਏ 40-50 ਬੰਦੇ ਪੰਡਾਲ ਵਿੱਚ ਪਹਿਲਾਂ ਹੀ ਪ੍ਰੋਫ਼ੈਸਰ ਜੀ 'ਤੇ ਹਮਲਾ ਕਰਨ ਲਈ ਤਿਆਰੀ ਕਰ ਕੇ ਬੈਠੇ ਹੋਏ ਸਨ।

ਉਨ੍ਹਾਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਛੱਡ ਕੇ ਪ੍ਰੋ. ਦਰਸ਼ਨ ਸਿੰਘ ਜੀ 'ਤੇ ਹਮਲਾ ਕਰ ਦਿੱਤਾ। ਉਸ ਵਕਤ ਤੱਕ ਅਜੇ ਹੋਰ ਸੰਗਤਿ ਪੰਡਾਲ ਵਿੱਚ ਨਹੀਂ ਪਹੁੰਚੀ ਸੀ। ਖ਼ੁਸ਼ਕਿਸਮਤੀ ਨਾਲ ਬੰਗਾਲ ਸੂਬੇ ਦੀ ਪੁਲਿਸ ਸੁਚੇਤ ਹੋ ਕੇ ਪਹੁੰਚ ਚੁੱਕੀ ਸੀ। ਇਸ ਕਰ ਕੇ, ਜਦੋਂ ਪੁਲਿਸ ਨੇ ਡੰਡਾ ਖੜਕਾਇਆ ਤਾਂ ਇਹ ਹਮਲਾਵਰ ਦੌੜ ਗਏ। ਕਿਹਾ ਜਾਂਦਾ ਹੈ ਕਿ ਇਨ੍ਹਾਂ ਨੂੰ ਪਟਨੇ ਦੇ ਗੁਰਮਤਿ-ਵਿਹੂਣੇ ਅਖੌਤੀ ਜਥੇਦਾਰ ਇਕਬਾਲ ਸਿਹੁੰ ਨੇ ਉਕਸਾ ਕੇ ਭੇਜਿਆ ਸੀ।

ਇਸੇ ਤਰ੍ਹਾਂ ਹੀ, ਸੰਨ 2011 ਜਨਵਰੀ-ਫ਼ਰਵਰੀ ਵਿੱਚ, ਪੂਨਾ (ਮਹਾਰਾਸ਼ਟਰ) ਦੀ ਸੰਗਤਿ ਨੇ ਪ੍ਰੋ. ਦਰਸ਼ਨ ਸਿੰਘ ਦੇ ਕੀਰਤਨ ਸਮਾਗਮ ਕਰਵਾਉਂਣ ਦਾ ਪ੍ਰੋਗਰਾਮ ਬਣਾ ਲਿਆ। ਇਨ੍ਹਾਂ ਕੀਰਤਨ ਸਮਾਗਮਾਂ ਨੂੰ ਰੋਕਣ ਲਈ ਪ੍ਰਧਾਨ, ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੇ ਅਖੌਤੀ ਜਥੇਦਾਰ ਨੇ ਪੂਨੇ ਦੇ ਡਿਪਟੀ ਕਮਿਸ਼ਨਰ, ਐਸ.ਐਸ.ਪੀ, ਅਤੇ ਡੀ.ਜੀ.ਪੀ. ਮਹਾਰਾਸ਼ਟਰ ਆਦਿ ਨੂੰ ਖ਼ਤ ਲਿਖੇ। ਨਾਲ ਦੀ ਨਾਲ ਹੀ, ਮੁੰਬਈ ਤੋਂ ਤਕਰੀਬਨ 25 ਸਿੱਖ ਸ਼ਕਲਾਂ ਵਾਲੇ ਵਿਅਕਤੀਆਂ ਨੂੰ ਪੂਨਾ ਪਹੁੰਚ ਕੇ, ਇਹ ਸਮਾਗਮ ਰੋਕਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਪਰ ਪੂਨਾ ਦੀ ਸੰਗਤਿ ਨੇ ਬੜੀ ਸੂਝ-ਬੂਝ ਨਾਲ, ਇਸ ਮਾਮਲੇ ਦੀ ਸਬੰਧਤ ਧਿਰਾਂ ਨੂੰ ਸਹੀ ਜਾਣਕਾਰੀ ਦੇ ਕੇ, (ਪੁਜਾਰੀ, ਪ੍ਰਧਾਨ ਸ਼੍ਰੋਮਣੀ ਕਮੇਟੀ ਦੀਆਂ ਗੁਰਮਤਿ ਵਿਰੋਧੀ ਸਾਜਿਸ਼ਾਂ ਦਾ ਪੜਦਾ ਫਾਸ਼ ਕਰ ਕੇ) ਇਹ ਸਮਾਗਮ ਸਿਰੇ ਚੜ੍ਹਾਏ। ਪੂਨਾ ਅਤੇ ਮਹਾਰਾਸ਼ਟਰਾ ਸੂਬੇ ਦੇ ਰਾਜਤੰਤ੍ਰ (ਪ੍ਰਸ਼ਾਸ਼ਨ) ਨੇ ਸਿੱਖ ਕੌਮ ਦੇ ਅੰਦਰੂਨੀ ਮਸਲਿਆਂ ਵਿੱਚ ਦਖ਼ਲ ਨਾ ਦੇ ਕੇ ਸ਼ਲਾਘਾਯੋਗ ਰੋਲ ਅਦਾ ਕੀਤਾ। ਕਿਹਾ ਜਾਂਦਾ ਹੈ ਕਿ ਮਹਾਰਾਸ਼ਟਰ ਦੇ ਰਾਜ-ਤੰਤ੍ਰ ਨੇ ਮੱਕੜ ਐਂਡ ਕੰਪਨੀ ਨੂੰ ਵੀ ਆਪਣੇ ਇਸ ਫ਼ੈਸਲੇ ਬਾਰੇ ਸੂਚਿਤ ਕਰ ਦਿੱਤਾ ਸੀ। ਦਿਲਚਸਪੀ ਦੀ ਗੱਲ ਇਹ ਹੈ ਕਿ ਮੁੰਬਈ ਤੋਂ ਮੱਕੜ ਐਂਡ ਕੰਪਨੀ ਵੱਲੋਂ ਸਮਾਗਮ ਨੂੰ ਰੋਕਣ ਲਈ ਭੇਜੇ ਬੰਦਿਆਂ ਨੇ ਇਨ੍ਹਾਂ 4-5 ਰੋਜ਼ਾ ਕੀਰਤਨ ਸਮਾਗਮਾਂ ਦੀਆਂ ਪੂਰੇ ਉਤਸ਼ਾਹ ਨਾਲ ਹਾਜ਼ਰੀਆਂ ਭਰੀਆਂ ਅਤੇ ਪ੍ਰੋ. ਦਰਸ਼ਨ ਸਿੰਘ ਨੂੰ ਉਚੇਚੇ ਤੌਰ ਤੇ ਬੇਨਤੀ ਕਰ ਕੇ ਮੁੰਬਈ ਵਿੱਚ ਵੀ ਉਨ੍ਹਾਂ ਦੇ ਕੀਰਤਨ ਸਮਾਗਮ ਕਰਵਾ ਕੇ, ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਸ਼ਾਬਾਸ਼!

ਉੱਪਰ, ਦੋ ਸੂਬਿਆਂ ਦੀਆਂ ਕਾਰਜ ਪਾਲਕਾਵਾਂ ਵੱਲੋਂ ਪੁਜਾਰੀਆਂ ਦੀਆਂ ਗੁਰਮਤਿ ਵਿਰੋਧੀ ਕਾਲੀਆਂ ਕਰਤੂਤਾਂ ਨੂੰ ਠੱਲ੍ਹ ਪਾਉਣ ਲਈ ਕੀਤੀਆਂ ਗਈਆਂ ਸ਼ਲਾਘਾਯੋਗ ਕਾਰਵਾਈਆਂ ਦਾ ਜ਼ਿਕਰ ਕੀਤਾ ਜਾ ਚੁੱਕਾ ਹੈ। ਗੱਲ ਨੂੰ ਸਿਰੇ ਲਾਉਣ ਲਈ, ਅਜਿਹੇ ਮਸਲਿਆਂ ਨਾਲ ਨਜਿੱਠਣ ਲਈ ਪੰਜਾਬ ਵਿੱਚ 'ਪੰਥਕ' ਅਖਵਾਉਣ ਵਾਲੀ ਪ੍ਰਕਾਸ਼ ਸਿਹੁੰ ਬਾਦਲ ਦੀ ਸਰਕਾਰ ਵੱਲੋਂ ਨਿਭਾਏ ਜਾ ਰਹੇ ਰੋਲ ਬਾਰੇ ਵੀ ਜ਼ਿਕਰ ਕਰਨਾ ਬਣਦਾ ਹੈ। ਏਥੇ ਸਿਰਫ਼ ਦੋ ਉਦਾਹਰਣਾਂ ਦੇਣੀਆਂ ਹੀ ਕਾਫ਼ੀ ਹੋਣਗੀਆਂ । (੧) ਪਹਿਲੀ, ਨਵਾਂ ਸ਼ਹਿਰ ਦੇ ਨੇੜੇ ਦੇ ਇੱਕ ਪਰਵਾਸੀ (NRI) ਸਿੱਖ ਪਰਿਵਾਰ ਨੇ ਪ੍ਰੋ. ਦਰਸ਼ਨ ਸਿੰਘ ਜੀ ਦਾ ਆਪਣੇ ਘਰੇ ਕੀਰਤਨ ਕਰਵਾਉਣ ਦਾ ਪ੍ਰੋਗਰਾਮ ਸੰਨ 2009 ਵਿਚ ਹੀ ਤੈਅ ਕਰ ਲਿਆ ਸੀ। ਉਸ ਪਰਿਵਾਰ ਨੇ ਸੰਨ 2010 ਵਿੱਚ ਪਰਦੇਸੋਂ ਆ ਕੇ, ਪਹਿਲਾਂ ਤੋਂ ਹੀ ਤੈਅ ਕੀਤੇ ਅਨੁਸਾਰ, ਕੀਰਤਨ ਦਾ ਇਹ ਸਮਾਗਮ ਰੱਖ ਲਿਆ।

ਜਦੋਂ ਪੰਜਾਬ ਦੀ 'ਪੰਥਕ' ਸਰਕਾਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਪੁਲਿਸ ਦੀ ਦੁਰਵਰਤੋਂ ਕਰ ਕੇ ਇਸ ਕੀਰਤਨ ਪ੍ਰੋਗਰਾਮ ਨੂੰ ਰੱਦ ਕਰਵਾ ਦਿੱਤਾ ਗਿਆ। (੨) ਦੂਜੀ, ਸ. ਗੁਰਦੇਵ ਸਿੰਘ 'ਬਟਾਲਵੀ' ਨੇ ਆਪਣੇ ਘਰ ਲੁਧਿਆਣੇ ਵਿਖੇ ਪ੍ਰੋ.ਦਰਸ਼ਨ ਸਿੰਘ ਜੀ ਦਾ ਕੀਰਤਨ ਦਾ ਸਮਾਗਮ ਰੱਖ ਲਿਆ। 'ਪੰਥਕ' ਸਰਕਾਰ ਨੂੰ ਇਸ ਦਾ ਪਤਾ ਲੱਗ ਗਿਆ। ਇੱਕ ਸਥਾਨਕ ਥਾਣੇਦਾਰ ਨੂੰ ਸ. ਗੁਰਦੇਵ ਸਿੰਘ ਦੇ ਘਰੇ ਭੇਜ ਕੇ ਸਪੱਸ਼ਟ ਲਫ਼ਜ਼ਾਂ ਵਿੱਚ ਹੁਕਮ ਦੇ ਦਿੱਤਾ ਕਿ ਉਹ ਇਸ ਕੀਰਤਨ ਸਮਾਗਮ ਨੂੰ ਰੱਦ ਕਰ ਦੇਣ, ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹਿਣ। ਕਿਹਾ ਜਾਂਦਾ ਹੈ ਕਿ ਥਾਣੇਦਾਰ ਨੇ ਸਪੱਸ਼ਟ ਕਹਿ ਦਿੱਤਾ ਸੀ ਕਿ, "ਇਹ ਕੀਰਤਨ ਸਮਾਗਮ ਕਿਸੇ ਵੀ ਕੀਮਤ 'ਤੇ ਨਾ ਹੋਣ ਦੇਣ ਲਈ ਸਰਕਾਰੀ ਹਦਾਇਤਾਂ ਆ ਚੁੱਕੀਆਂ ਹਨ ਅਤੇ ਸਰਕਾਰੀ ਹੁਕਮਾਂ ਦੀ ਪਾਲਣਾ ਹਰ ਕੀਮਤ ਤੇ ਕੀਤੀ ਜਾਵੇਗੀ, ਅਤੇ ਅਜਿਹਾ ਕਰਦੇ ਸਮੇਂ ਜਾਨ-ਮਾਲ ਦਾ ਨੁਕਸਾਨ ਵੀ ਹੋ ਸਕਦਾ ਹੈ"। ਇਹ ਕੀਰਤਨ ਸਮਾਗਮ ਵੀ ਰੱਦ ਹੋ ਗਿਆ। **ਯਾਨੀ ਕਿ ਗੁਰਬਾਣੀ ਦਾ ਕੀਰਤਨ ਵੀ, 'ਪੰਥਕ' ਸਰਕਾਰ ਦੇ ਸੂਬੇ ਅੰਦਰ, ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ। ਸਦ ਅਫ਼ਸੋਸ!**

ਇਹ ਪੁਜਾਰੀ, ਇਨ੍ਹਾਂ ਨੂੰ ਮਿਲੀ ਹੋਈ ਗੁਰਮਤਿ-ਵਿਰੋਧੀ ਮਾਨਤਾ ਨੂੰ ਤਿਆਗਣ ਲਈ, ਕਿਸੇ ਵੀ ਕੀਮਤ 'ਤੇ ਤਿਆਰ ਨਹੀਂ ਹੋਣਗੇ ਅਤੇ ਨਾ ਹੀ ਇਹ ਚਾਹੁਣਗੇ ਕਿ ਸਿੱਖ ਕੌਮ, ਗੁਰਦਵਾਰਾ ਸੰਸਥਾ ਦੁਆਰਾ ਜਾਗਰੂਕ ਹੋ ਕੇ, ਇਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਸ਼ਰਮਨਾਕ ਗੁਰਮਤਿ-ਵਿਰੋਧੀ ਕਾਰਵਾਈਆਂ ਦੀ ਵਿਰੋਧਤਾ ਕਰੇ। ਅਕਾਲ ਤਖ਼ਤ (ਤੇ ਹੋਰ ਤਖ਼ਤਾਂ) ਨੂੰ ਇਨ੍ਹਾਂ ਗੁਰੂ-ਦੋਖੀਆਂ (ਅਸਲ ਵਿੱਚ ਦੁਸ਼ਟ-ਸਭਾ) ਦੀ ਗ਼ੁਲਾਮੀ ਚੋਂ ਠੀਕ ਉਵੇਂ ਹੀ ਆਜ਼ਾਦ ਕਰਵਾਉਣਾ ਪਵੇਗਾ ਜਿਵੇਂ ੨੦ਵੀਂ ਸਦੀ ਦੇ ਅਰੰਭ ਵਿੱਚ ਭ੍ਰਿਸ਼ਟ ਮਹੰਤਾਂ ਤੇ ਸਰਬਰਾਹਾਂ ਤੋਂ ਆਜ਼ਾਦ ਕਰਵਾਇਆ ਸੀ। ਹੋਰ ਕੋਈ ਚਾਰਾ ਹੀ ਨਹੀਂ ਹੈ। ਇਸ ਸੰਘਰਸ਼ ਦੇ ਪਹਿਲੇ ਪੜਾਅ ਤੇ, ਇਨ੍ਹਾਂ ਵੱਲੋਂ ਜਾਰੀ ਕੀਤੇ ਜਾ ਰਹੇ ਕੂੜਨਾਮਿਆਂ ਅਤੇ ਆਦੇਸ਼ਾਂ/ਨਿਰਦੇਸ਼ਾਂ ਨੂੰ ਮਾਨਤਾ ਦੇਣੀ ਬੰਦ ਕਰਨੀ ਪਵੇਗੀ। ਇਸ ਤਰ੍ਹਾਂ, ਇਹ ਗੁਰੂ-ਦੋਖੀ, ਆਪਣੀ ਮੌਤ ਆਪ ਹੀ ਮਰ ਜਾਣਗੇ। ਇਸ ਸਬੰਧ ਵਿੱਚ ਸਤਿਗੁਰਾਂ ਦਾ ਫ਼ੁਰਮਾਨ ਹੈ:

"ਸੋ ਮੂਆ,ਜਿਸੁ ਮਨਹੁ ਬਿਸਾਰੈ॥ "(ਮ.੫, ੨੯੨)

ਇਸ ਸੰਘਰਸ਼ ਦੇ ਦੂਜੇ ਪੜਾਅ 'ਤੇ, ਇਹ ਆਪਣੇ ਕੂੜ-ਨਾਮਿਆਂ ਨੂੰ ਲਾਗੂ ਕਰਨ ਲਈ, ਆਪਣੇ ਸਿਆਸੀ ਮਾਲਕਾਂ (ਖ਼ੁਦਗ਼ਰਜ਼ ਅਤੇ ਸਿੱਖ ਕੌਮ ਦੇ ਗ਼ੱਦਾਰ ਲੀਡਰਾਂ) ਤੇ ਪੰਥ-ਵਿਰੋਧੀ ਮੀਡੀਆ ਦੀ ਸਹਾਇਤਾ ਲੈਣ ਦਾ ਯਤਨ ਕਰਨਗੇ। ਯਾਨੀ ਕਿ, ਭਾਰਤੀ ਗਣਤੰਤ੍ਰ ਦੇ ਦੋ ਥੰਮ੍ਹਾਂ (ਕਾਰਜ-ਪਾਲਿਕਾ ਤੇ ਭ੍ਰਿਸ਼ਟ ਮੀਡੀਆ) ਦੀ ਹਮਾਇਤ ਹਾਸਿਲ ਕਰ ਕੇ, ਰਾਜ-ਸ਼ਕਤੀ ਦੀ ਦੁਰਵਰਤੋਂ ਦੁਆਰਾ ਆਪਣੇ ਆਪ ਨੂੰ ਸਥਾਪਤ ਕਰੀ ਰੱਖਣ ਦੇ ਯਤਨ ਕਰਨਗੇ। ਇਥੇ ਹੀ ਬੱਸ ਨਹੀਂ, ਇਹ ਆਪਣੇ ਤੇ ਆਪਣੇ ਸਿਆਸੀ ਪ੍ਰਭੂਆਂ ਦੇ ਪਾਲਤੂ ਗੁੰਡਾ-ਬ੍ਰਿਗੇਡਾਂ ਦੀ ਵੀ ਖੁੱਲ੍ਹ ਕੇ ਵਰਤੋਂ ਕਰਨਗੇ।

ਪਰ ਗੁਰਮਤਿ-ਫ਼ਲਸਫ਼ੇ ਅਨੁਸਾਰ ਜਾਗਰੂਕ ਹੋ ਚੁੱਕੀ ਕੌਮੀ-ਸ਼ਕਤੀ (ਗੁਰੂ ਗ੍ਰੰਥ ਦਾ ਖ਼ਾਲਸਾ ਪੰਥ) ਦੇ ਇਨਕਲਾਬੀ ਕਾਫ਼ਲੇ ਅੱਗੇ ਇਹ ਧਿਰਾਂ ਬਹੁਤੀ ਦੇਰ ਤੱਕ ਟਿੱਕ ਨਹੀਂ ਸਕਣਗੀਆਂ।

੨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ 'ਤੇ ਜੱਫ਼ਾ ਮਾਰੀ ਬੈਠਾ ਗੁਰਮਤਿ-ਵਿਰੋਧੀ ਟੋਲਾ

"ਸੁਪਰੀਮ ਕੋਰਟ ਦੇ ਸੇਵਾ-ਮੁਕਤ ਸੀਨੀਅਰ ਜੱਜ ਜਸਟਿਸ ਕੁਲਦੀਪ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਸਿਰਫ਼ ਇੱਕੋ-ਇੱਕ ਬੰਦੇ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ, ਅਕਾਲ ਤਖ਼ਤ ਦੇ 'ਜੱਥੇਦਾਰ' ਅਤੇ ਹੋਰ ਅਹੁਦੇਦਾਰਾਂ ਨੂੰ ਨਿਯੁਕਤ ਕਰਨਾ ਸਿਰਫ਼ ਇੱਕ ਢੌਂਗ ਹੈ, ਫ਼ਰੇਬ ਹੈ ਅਤੇ ਸਿੱਖ ਕੌਮ ਨੂੰ ਇਸ ਝੂਠੀ ਖ਼ੁਦ-ਮੁਖ਼ਤਿਆਰੀ ਵਿਰੁੱਧ ਡਟ ਕੇ ਅਤੇ ਤਰਕ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ।ਭਾਰਤ ਦੇ ਵਿਧਾਨ ਦੀ ਉਦਾਹਰਣ ਦੇਂਦਿਆਂ ਜਸਟਿਸ ਕੁਲਦੀਪ ਸਿੰਘ ਨੇ ਕਿਹਾ ਕਿ **ਸਿਰਫ਼ ਸਿੱਖ ਧਰਮ ਨੇ ਹੀ ਗੁਰਦਵਾਰਾ ਐਕਟ-1925 ਦੀ ਡੀਂਗ ਮਾਰ ਕੇ ਧਰਮ ਚਲਾਉਣ ਦੇ ਸਾਰੇ ਅਧਿਕਾਰ ਸਿਆਸੀ ਨੇਤਾਵਾਂ ਕੋਲ ਦਿੱਤੇ ਹੋਏ ਹਨ ਜਦਕਿ ਬਾਕੀ ਧਰਮਾਂ -ਹਿੰਦੂ, ਈਸਾਈ, ਬੋਧੀ, ਜੈਨੀ, ਇਸਲਾਮ ਵਾਲਿਆਂ ਨੇ ਅੰਦਰੂਨੀ ਤੌਰ 'ਤੇ ਸਾਰੀ ਤਾਕਤ ਆਪਣੇ ਕੋਲ ਰੱਖੀ ਹੋਈ ਹੈ।** ਚੰਡੀਗੜ੍ਹ ਵਿਖੇ, ਇੱਕ ਸਮਾਰੋਹ ਵਿੱਚ ਸਿੱਖ ਧਰਮ ਵਿੱਚ, ਅਖੌਤੀ ਆਗੂਆਂ ਵੱਲੋਂ ਲਿਆਂਦੇ ਨਿਘਾਰ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਸਿਰਮੌਰ ਧਾਰਮਿਕ ਸੰਸਥਾ, **'ਸ਼੍ਰੋਮਣੀ ਕਮੇਟੀ' ਨੂੰ ਵੋਟਾਂ ਰਾਹੀਂ ਚੁਣਨ ਵਾਲਾ ਗੁਰਦਵਾਰਾ ਐਕਟ-1925 ਵੇਲਾ ਵਿਹਾ ਚੁੱਕਾ ਹੈ। ਇਹ ਅੰਦਰੋਂ ਖੋਖ਼ਲਾ ਹੈ ਅਤੇ ਇਸ ਨੂੰ ਖ਼ਤਮ ਕਰ ਕੇ ਸਾਦਾ ਜਿਹਾ 4 ਕੁ ਨੁਕਤਿਆਂ ਦਾ ਐਕਟ ਬਣਾਉਣਾ ਚਾਹੀਦਾ ਹੈ। ਜਸਟਿਸ ਕੁਲਦੀਪ ਸਿੰਘ ਨੇ ਕਿਹਾ ਕਿ ਸਮੁੱਚੀ ਸਿੱਖ ਕੌਮ ਨੂੰ ਸਿਰਫ਼ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣੀ ਚਾਹੀਦੀ ਹੈ ਨਾਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਾਂ, ਅਹੁਦੇਦਾਰਾਂ ਜਾਂ ਤਖ਼ਤਾਂ ਦੇ ਜਥੇਦਾਰਾਂ ਦੇ ਚੱਕਰ ਵਿੱਚ ਪੈਣਾ ਚਾਹੀਦਾ ਹੈ।**ਸੇਵਾ-ਮੁਕਤ ਜੱਜ ਨੇ ਕਿਹਾ ਕਿ ਗੁਰਦਵਾਰਾ ਐਕਟ-1925 ਤਾਂ ਅੰਗਰੇਜ਼ ਸਰਕਾਰ ਵੇਲੇ ਗੁਰਦਵਾਰਿਆਂ ਦੇ ਚੌਧਰੀ ਆਪਣੇ ਕਾਬੂ ਹੇਠ ਕਰ ਕੇ, ਉਨ੍ਹਾਂ ਨੂੰ ਅਪਣੇ ਮਤਲਬ ਲਈ ਵਰਤਣ ਦਾ ਉਪਰਾਲਾ ਸੀ ਜਦਕਿ ਪਿਛਲੇ 90 ਸਾਲਾਂ 'ਚ, ਚੁਣੇ ਹੋਏ ਇਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸਿਆਸੀ ਆਗੂਆਂ ਦੀ ਕਮਾਨ-ਹੇਠ ਸੱਚੇ-ਸੁੱਚੇ ਤੇ

ਵਿਗਿਆਨਕ ਸਿੱਖ ਧਰਮ ਨੂੰ ਲੀਹੋਂ ਲਾਹ ਦਿੱਤਾ ਹੈ। ਜਸਟਿਸ ਕੁਲਦੀਪ ਸਿੰਘ ਨੇ ਸਲਾਹ ਦਿੱਤੀ ਹੈ ਕਿ ਸਿੱਖ ਧਰਮ ਨੂੰ ਮਜ਼ਬੂਤ ਕਰਨ ਅਤੇ ਇਸ ਦਾ ਪ੍ਰਚਾਰ ਕਰਨ ਲਈ, ਸਿਆਸੀ ਲੀਡਰਾਂ ਨੂੰ ਦੂਰ ਰੱਖ ਕੇ, ਸਿਰਫ਼ ਤੇ ਸਿਰਫ਼ ਧਾਰਮਕ ਪਰ ਪੜ੍ਹੇ-ਲਿਖੇ ਆਗੂਆਂ ਤੇ ਵਰਕਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਗੁਰਦਵਾਰਾ ਐਕਟ-1925 ਦੀ ਥਾਂ ਇੱਕ ਛੋਟਾ ਜਿਹਾ ਸਾਦਾ ਤੇ ਸਪੱਸ਼ਟ ਐਕਟ ਬਣਾਉਣ ਦੀ ਵਕਾਲਤ ਕਰਦਿਆਂ, ਸੇਵਾ-ਮੁਕਤ ਜੱਜ ਨੇ ਕਿਹਾ ਕਿ ਸਿੱਖ ਧਰਮ ਦੇ ਅੰਦਰੂਨੀ ਮਾਮਲੇ, ਕੇਵਲ ਸਹੀ ਸੋਚ ਵਾਲੇ ਧਾਰਮਕ ਨੇਤਾਵਾਂ ਨੂੰ ਹੀ ਹੱਲ ਕਰਨੇ ਚਾਹੀਦੇ ਹਨ, ਨਾਕਿ ਪੰਜਾਬ ਦੀ ਤਰ੍ਹਾਂ ਸਾਰਾ ਕੁੱਝ ਇੱਕ ਸਿਆਸੀ ਨੇਤਾ ਦੇ ਹੱਥ 'ਚ ਦੇ ਦੇਣਾ ਚਾਹੀਦਾ ਹੈ।...... ਗੁਰਦਵਾਰਿਆਂ 'ਚ ਚੜ੍ਹਾਵੇ ਦੀ ਦੁਰਵਰਤੋਂ ਅਤੇ ਸਿਆਸੀ ਮੁਫ਼ਾਦਾਂ ਲਈ ਸ਼ਰ੍ਹੇਆਮ **ਗੋਲਕ ਦੀ ਵਰਤੋਂ ਬਾਰੇ ਸੇਵਾ-ਮੁਕਤ ਜੱਜ ਨੇ ਕਿਹਾ ਕਿ ਇਸ ਦਾ ਸੌਖਾ ਤੇ ਸਾਦਾ ਹੱਲ ਇਹੀ ਹੈ ਕਿ ਵੱਖ-ਵੱਖ ਇਲਾਕਿਆਂ 'ਚੋਂ ਨਾਮਜ਼ਦ ਕੀਤੇ ਅਗਾਂਹ-ਵਧੂ ਤੇ ਧਾਰਮਿਕ ਸੋਚ ਵਾਲੇ ਆਗੂ, ਸ਼੍ਰੋਮਣੀ ਕਮੇਟੀ ਦੀ ਥਾਂ, ਇੱਕ ਸਿਆਣੇ ਲੋਕਾਂ ਦੀ ਕਮੇਟੀ ਬਣਾਉਣ ਅਤੇ ਸਾਫ਼-ਸੁਥਰੇ ਮਤੇ ਰਾਹੀਂ ਅਮਲੀ-ਰਾਹ ਤੈਅ ਕਰਨ ਨਾ ਕਿ 1925 ਦੇ ਐਕਟ ਰਾਹੀਂ ਅੰਨ੍ਹੇਵਾਹ ਵੋਟਾਂ ਪਾ ਕੇ ਅਨਪੜ੍ਹਾਂ ਦੀ ਮਿਨੀ ਪਾਰਲੀਮੈਂਟ ਚੁਣਨ"**। (ਰੋਜ਼ਾਨਾ ਸਪੋਕਸਮੈਨ: 5 ਅਪ੍ਰੈਲ 2011)

ਇਸ ਪੁਸਤਕ ਦਾ ਲੇਖਕ ਵੀ ਉਪਰੋਕਤ ਸਮਾਗਮ ਵਿੱਚ ਹਾਜ਼ਰ ਸੀ। ਜਸਟਿਸ ਕੁਲਦੀਪ ਸਿੰਘ ਜੀ ਨੇ ਦੱਸਿਆ ਕਿ ਸੰਨ 1925 ਤੱਕ, ਮਹੰਤ, ਅੰਗਰੇਜ਼ੀ ਰਾਜ ਦੀ ਸਰਪ੍ਰਸਤੀ ਅਧੀਨ, ਗੁਰਦਵਾਰਿਆਂ ਦੇ ਮਾਲਿਕ ਬਣ ਚੁੱਕੇ ਸਨ ਅਤੇ ਗੁਰਦਵਾਰਿਆਂ ਦੀਆਂ ਜ਼ਮੀਨਾਂ ਦੀਆਂ ਗਿਰਦਾਵਰੀਆਂ/ਇੰਤਕਾਲ ਮਹੰਤਾਂ ਦੇ ਨਾਮ ਹੋ ਚੁੱਕੇ ਸਨ। ਇਸ ਕਰ ਕੇ ਮਹੰਤਾਂ ਤੋਂ ਗੁਰਦਵਾਰਿਆਂ ਦੀਆਂ ਜਾਇਦਾਦਾਂ ਵਾਪਿਸ ਲੈ ਕੇ ਸਿੱਖ ਕੌਮ ਨੂੰ ਸੌਂਪਣ ਲਈ ਕਾਨੂੰਨ ਬਣਾਉਣਾ ਜ਼ਰੂਰੀ ਸੀ। ਉਨ੍ਹਾਂ ਦੱਸਿਆ ਕਿ ਗੁਰਦਵਾਰਾ ਐਕਟ-1925 ਦੀਆਂ ਬਹੁਤ ਸਾਰੀਆਂ ਮੱਦਾਂ ਇਨ੍ਹਾਂ ਜਾਇਦਾਦਾਂ ਨੂੰ ਮਹੰਤਾਂ ਤੋਂ ਵਾਪਸ ਲੈਣ ਬਾਰੇ ਹੀ ਵੇਰਵੇ ਦਿੰਦੀਆਂ ਹਨ ਅਤੇ ਮਹੰਤਾਂ ਨੂੰ ਗੁਰਦਵਾਰਿਆਂ ਦੀਆਂ ਜਾਇਦਾਦਾਂ ਤੋਂ ਕਾਨੂੰਨੀ ਤੌਰ 'ਤੇ ਬੇ-ਦਖ਼ਲ ਕਰਨ ਤੋਂ ਬਾਅਦ, ਇਸ ਐਕਟ ਨੂੰ, ਸੰਵਿਧਾਨਕ ਪੈਂਤੜਾ ਲੈ ਕੇ, ਬੇ-ਅਸਰ ਕਰ ਦਿੱਤਾ ਜਾਣਾ ਚਾਹੀਦਾ ਸੀ। ਹੁਣ ਵੀ ਇਸ ਐਕਟ ਨੂੰ ਰੱਦ ਕਰਵਾ ਕੇ ਹੀ ਸਿੱਖ ਕੌਮ ਵਿੱਚ ਆ ਰਹੇ ਸਰਬ-ਪੱਖੀ ਨਿਘਾਰ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

ਲੇਖਕ ਦਾ ਨਿੱਜੀ ਵਿਚਾਰ ਵੀ ਇਹੀ ਹੈ ਕਿ **'ਵੋਟਾਂ ਦਾ ਵਿਧਾਨ' ਗੁਰਮਤਿ-ਫ਼ਲਸਫ਼ੇ ਦੇ ਬੁਨਿਆਦੀ ਸਿਧਾਂਤਾਂ ਦੀ ਵਿਰੋਧਤਾ ਕਰਦਾ ਹੈ। ਵੋਟ-ਵਿਧਾਨ ਤੋਂ ਛੁਟਕਾਰਾ ਪਾਏ ਬਗ਼ੈਰ ਸਿੱਖ ਕੌਮ ਦੀ ਚੜ੍ਹਦੀ ਕਲਾ**

ਨਹੀਂ ਹੋ ਸਕਣੀ ਅਤੇ ਨਾ ਹੀ ਗੁਰਮਤਿ-ਇਨਕਲਾਬ ਦਾ ਸੰਸਾਰ ਵਿੱਚ ਵਿਕਾਸ ਹੀ ਕੀਤਾ ਜਾ ਸਕੇਗਾ। ਪਰ ਸਵਾਲਾਂ ਦਾ ਸਵਾਲ ਇਹ ਹੈ ਕਿ 'ਕੀ ਵੋਟਾਂ ਦੇ ਵਿਧਾਨ ਦੀ ਦੁਰਵਰਤੋਂ ਕਰ ਕੇ, ਇਸ ਸੰਸਥਾ ਦੇ ਸਾਧਨਾਂ 'ਤੇ, ਤਕਰੀਬਨ ਪਿਛਲੇ 60-70 ਸਾਲਾਂ ਤੋਂ ਜੱਫ਼ਾ ਮਾਰ ਕੇ ਬੈਠੇ ਹੋਏ ਭ੍ਰਿਸ਼ਟ ਸਿਆਸਤਦਾਨ ਅਤੇ ਉਨ੍ਹਾਂ ਦੇ ਲਿਫ਼ਾਫ਼ੇ ਵਿੱਚੋਂ ਨਿਕਲ ਕੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੇ ਹੋਰ ਅਹੁਦਿਆਂ ਦਾ ਅਨੰਦ ਮਾਣਨ ਵਾਲੇ ਚਾਪਲੂਸੀਏ ਅਖੌਤੀ ਸਿੱਖ, ਗੁਰਦਵਾਰਾ ਸੰਸਥਾ ਨੂੰ ਗੁਰਮਤਿ-ਫ਼ਲਸਫ਼ੇ ਅਨੁਸਾਰ ਕਾਰਜਸ਼ੀਲ ਹੋਣ ਵੀ ਦੇਣਗੇ? ਗੁਰੂ ਦੀ ਗੋਲਕ 'ਤੇ ਮੌਜਾਂ ਲੁੱਟਣ ਵਾਲਾ ਇਹ ਵਿਹਲੜ ਲਾਣਾ ਅਜਿਹਾ ਕਰ ਕੇ ਆਪਣੇ ਹੀ ਪੈਰਾਂ 'ਤੇ ਕੁਹਾੜਾ ਮਾਰਨ ਦੀ ਬੇ-ਵਕੂਫ਼ੀ ਭਲਾ ਕਿਉਂ ਕਰੇਗਾ? **ਜਿਵੇਂ ਦੁਸ਼ਟ ਮਹੰਤਾਂ ਨੇ ਆਪਣੇ ਕਬਜ਼ੇ ਹੇਠਲੇ ਗੁਰਧਾਮਾਂ ਨੂੰ ਐਸ਼ੋ-ਇਸ਼ਰਤ ਦੇ ਅੱਡੇ ਬਣਾ ਕੇ ਰੱਖਿਆ ਹੋਇਆ ਸੀ, ਅਜੋਕੇ 'ਮਾਡਰਨ ਮਹੰਤ' (ਵਰਤਮਾਨ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ, ਅਤੇ ਕੁੱਝ ਕੁ ਡੇਰੇਦਾਰ ਅਖੌਤੀ ਸੰਤ-ਬਾਬੇ) ਉਨ੍ਹਾਂ ਨੂੰ ਵੀ ਮਾਤ ਦੇ ਗਏ ਲਗਦੇ ਹਨ। ਇਸ ਹਕੀਕਤ ਦੀ ਪੁਸ਼ਟੀ, ਕਾਫ਼ੀ ਅਰਸੇ ਤੋਂ ਮੀਡੀਆ ਦੀਆਂ ਸੁਰਖ਼ੀਆਂ ਦਾ ਸ਼ਿੰਗਾਰ ਬਣਦੀਆਂ ਆ ਰਹੀਆਂ, ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਤੋਂ, ਭਲੀ-ਭਾਂਤ ਹੋ ਜਾਂਦੀ ਹੈ।** ਇੱਥੇ ਇੱਕੋ ਉਦਾਹਰਣ ਹੀ ਦੇਣੀ ਕਾਫ਼ੀ ਹੋਵੇਗੀ। ਕੋਈ ਦੱਸ-ਪੰਦਰਾਂ ਸਾਲ ਪਹਿਲਾਂ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦਾ ਤੱਤਕਾਲੀਨ ਸੀਨੀਅਰ ਉੱਪ (ਵਾਈਸ) ਪ੍ਰਧਾਨ, ਸ਼੍ਰੋਮਣੀ ਕਮੇਟੀ ਦੀ ਗੱਡੀ ਲੈ ਕੇ ਉਤਰਾਖੰਡ ਵੱਲ ਅੱਯਾਸ਼ੀ ਕਰਨ ਨਿਕਲ ਗਿਆ। ਦੇਵਨੇਤ ਨਾਲ, ਉਸ ਦੀ ਗੱਡੀ ਦਾ ਬਹੁਤ ਹੀ ਬੁਰਾ ਹਾਦਸਾ ਹੋ ਗਿਆ ਅਤੇ ਉਹ ਵਿਚਾਰਾ ਰੱਬ ਨੂੰ ਪਿਆਰਾ (ਨਰਕ-ਵਾਸੀ) ਹੋ ਗਿਆ। ਇਸ ਤੋਂ ਅੱਗੇ ਲਿਖਣ ਤੋਂ ਪਹਿਲਾਂ ਲੇਖਕ ਦਾ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਉਸ ਦੀ ਗੱਡੀ ਵਿੱਚੋਂ ਇੱਕ ਜਵਾਨ ਲੜਕੀ, ਜਿਸ ਦੀ ਉਮਰ ਸ਼ਾਇਦ ਉਸ ਦੀ ਧੀ ਦੇ ਬਰਾਬਰ ਹੀ ਹੋਵੇਗੀ, ਇਤਰਾਜ਼ਯੋਗ ਹਾਲਤ ਵਿੱਚ ਪਾਈ ਗਈ। ਇਥੇ ਹੀ ਬੱਸ ਨਹੀਂ। ਉਸ ਗੱਡੀ 'ਚੋਂ ਸ਼ਰਾਬ ਦੀਆਂ ਬੋਤਲਾਂ ਵੀ ਮਿਲੀਆਂ। ਇਹ ਸ੍ਰੀਮਾਨ ਜੀ, ਗੁਰਚਰਨ ਸਿੰਘ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਲਾਹ ਕੇ, ਆਪ ਉਸ ਕੁਰਸੀ ਦੀ ਸ਼ੋਭਾ ਵਧਾਉਣ ਲਈ ਯਤਨਸ਼ੀਲ ਸਨ। **ਅੱਜ ਹਾਲਾਤ ਇਤਨੇ ਸ਼ਰਮਨਾਕ ਬਣ ਚੁਕੇ ਹਨ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਸਰਾਵਾਂ ਵਿੱਚ ਰਾਤ ਨੂੰ ਠਹਿਰਨ ਵਾਲੀ ਇਕੱਲੀ-ਇਕਹਿਰੀ ਜਵਾਨ ਧੀ-ਭੈਣ ਦੀ ਇੱਜ਼ਤ ਮਹਿਫ਼ੂਜ਼ ਨਹੀਂ ਹੈ। ਸਿੱਖ ਕੌਮ ਲਈ, ਸਿੱਖਾਂ ਦੀ ਇਸ 'ਧਾਰਮਿਕ ਪਾਰਲੀਮੈਂਟ' ਦੇ ਇਸ ਤੋਂ ਵੱਧ ਇਨਸਾਨੀਅਤ ਤੋਂ ਗਿਰੇ ਹੋਏ ਕਿਰਦਾਰ ਦੀ, ਹੋਰ**

ਕੀ ਮਿਸਾਲ ਦਿੱਤੀ ਜਾ ਸਕਦੀ ਹੈ ? ਸ਼੍ਰੋਮਣੀ ਗੁ.ਪ. ਕਮੇਟੀ ਸੰਗਤਿ ਵੱਲੋਂ ਸ਼ਰਧਾ-ਵੱਸ ਭੇਟ ਕੀਤੇ ਦਸਵੰਧ, ਰਸਦਾਂ-ਵਸਤਾਂ ਦੀ ਦੁਰਵਰਤੋਂ ਕਰ ਕੇ ਸਿੱਖ ਸਿਧਾਂਤ ਅਤੇ ਸਿੱਖ ਕੌਮ ਦਾ ਮਲੀਆਮੇਟ ਕਰਨ ਤੇ ਤੁਲੀ ਹੋਈ ਹੈ। ਤੱਤਕਾਲੀਨ ਮੁੱਖ ਸੇਵਾਦਾਰ ਅਕਾਲ ਤਖ਼ਤ, (ਜੋਗਿੰਦਰ ਸਿਹੁੰ ਵੇਦਾਂਤੀ) ਨੇ ਗੁਰਮਤਿ ਸਿਧਾਂਤਾਂ ਦਾ ਘਾਣ ਅਤੇ ਸਤਿਗੁਰਾਂ ਦਾ ਘੋਰ ਅਪਮਾਨ ਕਰਨ ਵਾਲੀ, (ਕਿਸੇ ਗੁੰਮਨਾਮ ਲਿਖਾਰੀ ਦੀ ਲਿਖੀ ਹੋਈ) ਪੁਸਤਕ "ਗੁਰ-ਬਿਲਾਸ ਪਾ. ਛੇਵੀਂ" ਦੀ, ਸ਼੍ਰੋਮਣੀ ਕਮੇਟੀ ਦੇ ਫੰਡਾਂ ਦੀ ਦੁਰਵਰਤੋਂ ਕਰ ਕੇ, ਦੁਬਾਰਾ ਸੰਪਾਦਨਾ ਕੀਤੀ ਅਤੇ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰਦਆਰਿਆਂ ਵਿੱਚੋਂ ਕੱਢ ਕੇ ਬਾਹਰ ਸੁਟੀ, ਇਸ ਗੁਰਮਤਿ ਵਿਰੋਧੀ ਕਿਤਾਬ ਦੀ ਗੁਰਦਵਾਰਿਆਂ ਅੰਦਰ ਫ਼ਿਰ ਤੋਂ ਕਥਾ ਅਰੰਭ ਕਰਵਾਉਣ ਦੀ ਵਕਾਲਤ ਕੀਤੀ।ਇਸੇ ਤਰ੍ਹਾਂ ਹੀ, ਹਿੰਦੀ ਵਿੱਚ "ਸਿੱਖ ਇਤਿਹਾਸ" ਸਿਰਲੇਖ ਵਾਲੀ 704 ਸਫ਼ਿਆਂ ਦੀ ਕਿਤਾਬ ਵੀ ਸ਼੍ਰੋਮਣੀ ਕਮੇਟੀ ਦੇ ਨਾਮ 'ਤੇ ਪ੍ਰਕਾਸ਼ਿਤ ਕਰ ਕੇ ਮੱਧ-ਪ੍ਰਦੇਸ਼,ਮਹਾਰਾਸ਼ਟਰਾ ਆਦਿ ਹਿੰਦੀ-ਭਾਸ਼ੀ ਇਲਾਕਿਆਂ ਵਿੱਚ ਮੁਫ਼ਤ ਵੰਡੀ ਗਈ। ਇਸ ਪੁਸਤਕ ਵਿੱਚ ਗੁਰੂ ਸਾਹਿਬਾਨ ਦੀ ਨਾ-ਕਾਬਲੇ-ਏ-ਬਰਦਾਸ਼ਤ ਤੌਹੀਨ ਕੀਤੀ ਗਈ ਹੈ। ਇਨ੍ਹਾਂ ਪੁਸਤਕਾਂ ਬਾਰੇ ਸੰਖੇਪ ਜਾਣਕਾਰੀ ਇਸ ਪੁਸਤਕ ਦੇ ਅੰਤ ਵਿੱਚ ਦਿੱਤੇ ਦਸਤਾਵੇਜ਼ ਵਿੱਚ ਦਿੱਤੀ ਗਈ ਹੈ।

ਖ਼ਾਲਸਾ ਜੀ! ਹਿੰਮਤ ਹਾਰ ਕੇ ਹੱਥ-ਤੇ-ਹੱਥ ਧਰ ਕੇ ਬੈਠਣ ਦਾ ਸਮਾਂ ਨਹੀਂ ਹੈ। ਇਹ ਸਮਾਂ ਹੈ ਕੁੱਝ ਕਰਨ ਦਾ। ਇਨ੍ਹਾਂ ਦੁਸ਼ਟਾਂ ਨੇ ਗੁਰੂ ਨਾਨਕ ਸਾਹਿਬ ਦੇ ਨੂਰਾਨੀ ਮਸਤਕ 'ਤੇ ਵੀ ਕਾਲੇ ਦਾਗ਼ ਲਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ, ਸਮੁੱਚੀ ਮਨੁੱਖਤਾ ਦਾ ਭਲਾ ਲੋਚਣ ਵਾਲੀ ਸ਼ੇਰਾਂ ਦੀ ਕੌਮ ਦਾ ਸਿਰ, ਸੰਸਾਰ ਵਿੱਚ ਨੀਵਾਂ ਕਰਨ ਲਈ, ਪੂਰੀ ਵਾਹ ਲਾਈ ਹੋਈ ਹੈ ਇਨ੍ਹਾਂ ਗੁਰੂ-ਦੋਖੀਆਂ ਨੇ। **ਆਓ! ਵੀਰੋ, ਭੈਣੋਂ, ਬਜ਼ੁਰਗੋ ਅਤੇ ਮੇਰੀ ਸ਼ਾਨਾ-ਮੱਤੀ ਕੌਮ ਦੇ ਹੋਣਹਾਰ ਬਚੇ-ਬਚੀਓ!! 'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ' ਨਾਮੀ ਵਿਸ਼ਵ-ਪੱਧਰੀ ਗੁਰਮਤਿ ਇਨਕਲਾਬੀ ਲਹਿਰ ਦੇ ਕਾਫ਼ਲੇ ਵਿੱਚ ਸ਼ਾਮਿਲ ਹੋ ਕੇ ਮਨੁੱਖਤਾ ਦੇ ਉਜੱਲ ਭਵਿੱਖ ਲਈ, ਪ੍ਰਭੂ-ਪਿਤਾ ਦੇ ਚਰਨਾਂ ਦੀ ਓਟ ਲੈ ਕੇ, ਗੁਰਮਤਿ-ਜੁਗਤਿ ਅਨੁਸਾਰ, ਅਸਰਦਾਰ ਅਮਲੀ-ਕਦਮ ਚੁੱਕੀਏ !!!**

"If winter has come, spring can not be far behind". ਅਰਥਾਤ, 'ਜੇ ਕਰ ਹੱਡਾਂ ਨੂੰ ਸੁੰਨ ਕਰ ਦੇਣ ਵਾਲੀ ਕਹਿਰ ਦੀ ਸਰਦ-ਰੁੱਤ ਆ ਗਈ ਹੈ, ਤਾਂ ਬਸੰਤ-ਰੁੱਤ ਆਉਣ ਵਿੱਚ ਵੀ ਬਹੁਤੀ ਦੇਰ ਨਹੀਂ ਹੋ ਸਕਦੀ'।

ਗੁਰੂ-ਡੰਮੀਏ:

ਸਿੱਖੀ ਸਰੂਪ ਵਿੱਚ ਵਿਚਰ ਰਿਹਾ ਇਹ ਗੁਰਮਤਿ-ਵਿਰੋਧੀ ਲਾਣਾ ਵੀ, ਸੰਨ 1849 ਵਿੱਚ ਪੰਜਾਬ ਦੇ ਗਲ ਪਏ ਫ਼ਰੰਗੀ ਰਾਜ ਦੇ ਗ਼ੁਲਾਮੀ ਦੇ ਜੂਲੇ ਦੇ ਵੱਕਤ ਤੋਂ ਹੀ, ਸਰਕਾਰੀ ਸਰਪ੍ਰਸਤੀ ਅਧੀਨ, ਗੁਰੂ ਗ੍ਰੰਥ ਸਾਹਿਬ ਦੀ ਗੁਰਗੱਦੀ (ਗੁਰਿਆਈ) ਦਾ ਸ਼ਰੀਕ ਬਣ ਕੇ ਵਿਚਰਦਾ ਆ ਰਿਹਾ ਹੈ। **ਸੰਨ 1770 ਦੇ ਆਸ-ਪਾਸ ਤੋਂ ਹੀ, ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨਾਲੋਂ ਟੁੱਟੀ ਹੋਈ ਸਿੱਖ ਕੌਮ ਦਾ ਧੁੰਦਲਾ ਹੋਇਆ ਰਾਜਸੀ, ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਵਾਤਾਵਰਣ ਇਸ ਗੁਰੂ-ਦੋਖੀ ਲਾਣੇ ਨੂੰ ਬਹੁਤ ਹੀ ਰਾਸ ਆ ਰਿਹਾ ਹੈ। ਇਹ ਸਿੱਖ ਸਿਧਾਂਤ, ਗੁਰ-ਇਤਿਹਾਸ, ਸਿੱਖ-ਇਤਿਹਾਸ ਅਤੇ ਸਿੱਖ-ਸਭਿਆਚਾਰ ਦੇ ਭਗਵਾਂਕਰਨ ਕਰਨ ਦੀ ਕਿਰਿਆ ਵਿੱਚ ਮਨੂੰਵਾਦੀਆਂ ਦੇ ਸਹਿਜੋਗੀ ਹੋ ਕੇ ਵਿਚਰ ਰਹੇ ਹਨ।** ਇਹ ਵੀ ਨਹੀਂ ਚਾਹੁੰਦੇ ਕਿ ਗੁਰਦਵਾਰਾ ਸੰਸਥਾ, ਗੁਰਮਤਿ ਫ਼ਲਸਫ਼ੇ ਅਨੁਸਾਰ ਕਾਰਜਸ਼ੀਲ ਹੋ ਕੇ, ਸਿੱਖ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨਾਲ ਜੋੜੇ ਕਿਉਂਕਿ ਉਸ ਹਾਲਤ ਵਿੱਚ ਇਨ੍ਹਾਂ ਨੇ ਹੀਰੋ ਤੋਂ ਜ਼ੀਰੋ ਬਣ ਜਾਣਾ ਹੈ, ਕਿਸੇ ਨੇ ਇਨ੍ਹਾਂ ਦੀ ਬਾਤ ਨਹੀਂ ਪੁੱਛਣੀ। **ਇਸ ਲਈ ਕੌਮ ਨੂੰ, ਬਲਕਿ ਸਮੁੱਚੀ ਮਨੁੱਖਤਾ ਨੂੰ ਹੀ, ਗੁਰਮਤਿ ਦੇ ਆਲਮਗ਼ੀਰੀ ਫ਼ਲਸਫ਼ੇ ਨਾਲ ਅਮਲੀ ਤੌਰ 'ਤੇ ਜੋੜਨ ਦੇ ਨਿੱਗਰ ਉਪਰਾਲੇ ਕਰਨੇ ਪੈਣਗੇ।ਗੁਰਮਤਿ ਸਿਧਾਂਤਾਂ ਨਾਲ ਜੁੜੇ ਹੋਏ ਸਮਾਜ ਵਿੱਚੋਂ ਇਨ੍ਹਾਂ ਨੂੰ ਆਪਣੀ ਖ਼ੁਰਾਕ ਨਹੀਂ ਲੱਭਣੀ ਤੇ ਇਸ ਤਰ੍ਹਾਂ ਇਹ ਦੁਸ਼ਟ ਵੀ ਆਪਣੀ ਮੌਤ ਆਪ ਹੀ ਮਰ ਜਾਣਗੇ।**

ਅਖੌਤੀ ਸੰਤ-ਸਮਾਜੀਏ (ਨਕਲੀ ਸੰਤ)- ਬਾਨਾਰਸ ਕੇ ਠੱਗ!

ਦਸਾਂ ਨਹੁੰਆਂ ਦੀ ਕਿਰਤ ਦਾ ਤ੍ਰਿਸਕਾਰ ਕਰ ਚੁੱਕੇ ਇਸ ਵਿਹਲੜ ਤੇ ਲੁੱਗੜ ਲਾਣੇ ਨੇ 'ਸੰਤ-ਯੂਨੀਅਨ' ਬਣਾ ਕੇ ਰਜਿਸਟਰ ਕਰਵਾ ਲਈ ਹੋਈ ਹੈ ਅਤੇ ਗੁਰਮਤਿ ਨਾਲੋਂ ਟੁੱਟੀ ਹੋਈ ਕੌਮ ਦੇ ਵੱਡੇ ਹਿੱਸੇ ਨੂੰ ਉੱਲੂ ਬਣਾ ਕੇ, ਆਪਣੀ ਰੋਜ਼ੀ-ਰੋਟੀ ਦੇ ਨਾਲ-ਨਾਲ, ਐਸ਼-ਪ੍ਰਸਤੀ ਦਾ ਵੀ ਵਾਹਵਾ ਚੰਗਾ ਪ੍ਰਬੰਧ ਕੀਤਾ ਹੋਇਆ ਹੈ। ਇਨ੍ਹਾਂ ਦੇ ਅੰਨ੍ਹੀ-ਸ਼ਰਧਾ ਵਾਲੇ ਸ਼ਰਧਾਲੂਆਂ ਵੱਲੋਂ ਅਪਣੀ ਕਿਰਤ ਵਿੱਚੋਂ ਖ਼ਰੀਦ ਕੇ ਦਿੱਤੀਆਂ ਹੋਈਆਂ ਮਹਿੰਗੀਆਂ ਕਾਰਾਂ 'ਤੇ ਲਾਲ-ਪੀਲੀਆਂ ਬੱਤੀਆਂ ਲਗਾ ਕੇ, ਇਹ ਲੋਟੂ ਲਾਣਾ ਮੌਜ-ਮਸਤੀਆਂ ਕਰ ਰਿਹਾ ਹੈ। **ਇਹ ਪ੍ਰਜੀਵੀ (Parasitic) ਟੋਲਾ ਵੀ ਮਨੁੱਖਤਾ ਨੂੰ ਜਾਗਰੂਕ ਕਰਨ ਦੇ ਹਰ ਇੱਕ ਚੰਗੇ ਉੱਦਮ ਦਾ ਡੱਟ ਕੇ ਵਿਰੋਧ ਕਰਦਾ ਆ ਰਿਹਾ ਹੈ ਅਤੇ ਕਰਦਾ ਰਹੇਗਾ। ਗੁਰਮਤਿ ਫ਼ਲਸਫ਼ੇ ਦੀ ਰੌਸ਼ਨੀ ਅੰਦਰ**

ਜਾਗਰੂਕ ਹੋਇਆ ਸਮਾਜ ਇਨ੍ਹਾਂ ਨੂੰ ਇਸ ਤਰ੍ਹਾਂ ਵਗਾਹ ਮਾਰੇਗਾ ਜਿਵੇਂ ਮਨੁਖੀ ਸਰੀਰ ਆਪਣੇ ਅੰਦਰ ਜਮ੍ਹਾਂ ਹੋਏ, ਜ਼ਹਿਰੀਲੇ ਤੱਤਾਂ ਨੂੰ ਕੱਢ ਕੇ ਬਾਹਰ ਸੁੱਟ ਦਿੰਦਾ ਹੈ। ਇਨ੍ਹਾਂ ਨੂੰ ਕੋਈ ਪੁੱਛੇ ਕਿ ਬਈ 'ਸੰਤ'ਤਾਂ ਕੋਈ ਕਰੋੜਾਂ ਦੀ ਵਸੋਂ ਵਿੱਚ ਇੱਕ-ਅੱਧਾ ਹੀ ਹੁੰਦਾ ਹੈ, ਸੰਤਾਂ ਦਾ ਸਮਾਜ ਕਿਵੇਂ ਬਣ ਸਕਦਾ ਹੈ ? ਧੁਰ ਕੀ ਬਾਣੀ ਇਸ ਬਾਰੇ ਇੰਝ ਫ਼ੁਰਮਾ ਰਹੀ ਹੈ :

ਜਿਸ ਨੋ ਭਏ ਗੁੋਬਿੰਦ ਦਇਆਲਾ ॥
ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥
ਕੋਟਿ ਮਧੇ ਕੋਈ ਸੰਤੁ ਦਿਖਾਇਆ ॥
ਨਾਨਕੁ ਤਿਨ ਕੈ ਸੰਗਿ ਤਰਾਇਆ॥ (ਮ.੫, ੧੩੪੮)

ਭਾਵ: ਹੇ ਭਾਈ! ਜਿਸ ਮਨੁੱਖ ਉੱਤੇ ਪਰਮਾਤਮਾ ਦਇਆਵਾਨ ਹੋਇਆ, ਉਸ ਨੇ ਗੁਰੂ ਦਾ ਬਚਨ ਆਪਣੇ ਪੱਲੇ ਬੰਨ੍ਹ ਲਿਆ। **(ਪਰ ਇਹੋ ਜਿਹਾ) ਸੰਤ ਕ੍ਰੋੜਾਂ ਵਿੱਚੋਂ ਕੋਈ-ਕੋਈ ਵਿਰਲਾ ਹੀ ਵੇਖਣ ਵਿੱਚ ਆਉਂਦਾ ਹੈ।** ਨਾਨਕ (ਤਾਂ) ਇਹੋ ਜਿਹੇ (ਸੰਤ-ਜਨਾਂ) ਦੀ ਸੰਗਿਤ ਵਿੱਚ (ਹੀ ਸੰਸਾਰ-ਸਮੁੰਦਰ ਤੋਂ) ਪਾਰ ਲੰਘਾਂਦਾ ਹੈ।

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇਕਰ ਅਰਬਾਂ ਦੀ ਆਬਾਦੀ ਵਿੱਚ ਕੋਈ ਇੱਕ-ਅੱਧਾ ਹੀ ਅਸਲੀ ਸੰਤ ਹੁੰਦਾ ਹੈ ਤਾਂ ਇਹ 'ਸੰਤਾਂ' ਦੇ ਜਿਹੜੇ ਅੱਜਕਲ ਵੱਗ ਤੁਰੇ ਫ਼ਿਰਦੇ ਹਨ ਇਨ੍ਹਾਂ ਦਾ ਕੀ ਰਾਜ਼ ਹੈ ? ਅਸਲ ਵਿੱਚ, ਜੇਕਰ ਕਿਸੇ ਗੱਧੇ ਨੂੰ ਸ਼ੇਰ ਦੀ ਖੱਲ ਵਿੱਚ ਮੜ੍ਹ ਦਿੱਤਾ ਜਾਵੇ ਤਾਂ ਉਸਨੇ ਸ਼ੇਰ ਥੋੜ੍ਹਾ ਹੀ ਬਣ ਜਾਣਾ ਹੈ? ਇਹੀ ਹਾਲ ਇਨ੍ਹਾਂ ਨਕਲੀ ਸੰਤਾਂ ਦਾ ਹੈ। **ਇਹ ਸਿਰਫ਼ ਅਤੇ ਸਿਰਫ਼ ਧਾਰਮਿਕ ਲਿਬਾਸ (ਲੰਮੇ ਚੋਲੇ, ਖੰਡੇ ਵਾਲੀਆਂ ਗੋਲ ਦਸਤਾਰਾਂ, ਚੌੜੇ ਗਾਤਰੇ, ਮੋਟੇ ਕੜੇ, ਹਜ਼ੂਰੀਏ, ਜਪਮਾਲੀਆਂ, ਤਿੰਨ-ਫੁੱਟੀਆਂ ਕ੍ਰਿਪਾਨਾਂ, ਨੰਗੀਆਂ ਲੱਤਾਂ... ਆਦਿ) ਦੇ ਜ਼ੋਰ 'ਤੇ ਹੀ ਸੰਤ ਬਣਨਾ ਲੋਚਦੇ ਹਨ,** ਪਰ ਅੰਦਰੋਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਹਉਮੈ, ਨਿੰਦਿਆ, ਚੁੱਗਲੀ, ਤਾਤ ਪਰਾਈ, ਨਫ਼ਰਤ ਆਦਿ) ਦੀ ਤਪਸ਼ ਨੇ ਇਨ੍ਹਾਂ ਦਾ ਬੁਰਾ ਹਾਲ ਕੀਤਾ ਹੋਇਆ ਹੁੰਦਾ ਹੈ। ਇਨ੍ਹਾਂ ਪ੍ਰਥਾਇ ਹੀ ਗੁਰੂ ਗ੍ਰੰਥ ਸਾਹਿਬ ਜੀ ਨੇ ਫ਼ੁਰਮਾਇਆ ਹੈ:

"ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ॥
ਗਲੀ ਜਿਨ੍ਾ ਜਪਮਾਲੀਆ, ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ ॥੧॥
ਐਸੇ ਸੰਤ, ਨ ਮੋ ਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ॥ (ਕਬੀਰ ਜੀ, ੪੭੬)

ਭਾਵ: (ਜੋ ਮਨੁੱਖ) ਸਾਢੇ ਤਿੰਨ-ਤਿੰਨ ਗਜ਼ (ਲੰਮੀਆਂ) ਧੋਤੀਆਂ (ਪਹਿਨਦੇ ਅਤੇ) ਤਿਹਰੀਆਂ 'ਤੰਦਾਂ ਵਾਲੇ (ਰੇਸ਼ਮ ਦੇ) ਜਨੇਊ ਪਾਉਂਦੇ ਹਨ, ਜਿਨ੍ਹਾਂ ਦੇ ਗਲਾਂ ਵਿੱਚ ਮਾਲਾ ਹਨ ਤੇ ਹੱਥ ਵਿੱਚ ਲਿਸ਼ਕਦੇ ਹੋਏ ਲੋਟੇ ਹਨ, (ਨਿਰੇ ਇਨ੍ਹਾਂ ਲੱਛਣਾਂ ਕਰ ਕੇ) ਉਹ ਮਨੁੱਖ ਪ੍ਰਭੂ ਦੇ ਭਗਤ (ਸੰਤ) ਨਹੀਂ ਆਖੇ ਜਾਣੇ ਚਾਹੀਦੇ, ਉਹ ਤਾਂ (ਅਸਲ ਵਿੱਚ)

ਬਨਾਰਸੀ ਠੱਗ ਹਨ।੧। ਮੈਨੂੰ ਅਜਿਹੇ ਨਕਲੀ ਸੰਤ ਚੰਗੇ ਨਹੀਂ ਲਗਦੇ, ਜੋ ਮੂਲ ਨੂੰ ਵੀ ਟਹਿਣੀਆਂ ਸਮੇਤ ਖਾ ਜਾਣ (ਭਾਵ, ਜੋ ਮਾਇਆ ਦੀ ਖ਼ਾਤਰ ਕਿਸੇ ਵੀ ਪਾਪ-ਕਰਮ ਤੋਂ ਸੰਕੋਚ ਨਾ ਕਰਨ)॥ ॥ ਰਹਾਉ॥

ਨੋਟ: ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਬਾਣੀ ਦੇ ਉਪਦੇਸ਼ ਸਮੁੱਚੀ ਮਨੁੱਖਤਾ ਲਈ ਸਾਂਝੇ ਅਤੇ ਇੱਕਸਾਰ ਲਾਗੂ ਹੋਣ ਵਾਲੇ ਹਨ। ਇਥੇ ਭਾਵੇਂ ਉਦਾਹਰਣ ਇੱਕ ਕਰਮ-ਕਾਂਡੀ ਬ੍ਰਾਹਮਣ ਦੀ ਦਿੱਤੀ ਹੈ, ਪਰ ਸਮੁੱਚਾ ਭਾਵ ਇਹ ਹੈ ਕਿ ਕਿਸੇ ਵੀ ਮਜ਼੍ਹਬ ਦੇ ਬਾਹਰੀ ਪਹਿਰਾਵੇ ਦੇ ਧਾਰਨ ਮਾਤਰ ਨਾਲ ਹੀ ਮਨੁੱਖ ਧਰਮੀ ਨਹੀਂ ਬਣ ਜਾਂਦਾ- ਧਰਮ, ਕਿਸੇ ਭੇਖ ਜਾਂ ਚੁੰਚ-ਗਿਆਨ ਦਾ ਨਾਮ ਨਹੀਂ ਹੈ, **ਧਰਮ ਤਾਂ ਕਾਦਰ ਦੀ ਕੁਦਰਤਿ ਦੇ ਅਸੂਲਾਂ ਦੀ ਸੋਝੀ ਪ੍ਰਾਪਤੀ ਕਰ ਕੇ, ਸ਼ਬਦ-ਗੁਰੂ ਦੇ ਉਪਦੇਸ਼ਾਂ ਨੂੰ ਆਪਣੀ ਕਰਣੀ (ਕਿਰਦਾਰ) ਵਿੱਚ ਢਾਲਣ ਦਾ (ਕਮਾਉਣ ਦਾ) ਨਾਮ ਹੈ** ਅਤੇ ਇਹ ਕਮਾਈ ਹੋਵੇਗੀ ਮਨ,ਬਚਨ ਅਤੇ ਕਰਮਾਂ ਰਾਹੀਂ ਸ਼ਬਦ ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰਨ ਨਾਲ, ਐਵੇਂ ਗੱਲੀਂ-ਬਾਤੀਂ ਨਹੀਂ।

ਸੋ, ਇਹ (ਨਕਲੀ ਸੰਤ) ਸਿੱਖ ਕੌਮ ਦੇ ਬਗੀਚੇ ਵਿੱਚ ਉੱਗੀ ਹੋਈ ਇੱਕ ਜ਼ਹਿਰੀਲੀ ਬੂਟੀ ਹੈ ਜਿਸ ਨੂੰ ਉਖਾੜ ਕੇ ਬਾਹਰ ਸੁੱਟ ਦੇਣਾ ਹੀ ਕਾਫ਼ੀ ਨਹੀਂ, ਬਲਕਿ ਇਸ ਦਾ ਬੀਜ-ਨਾਸ ਕਰਨਾ ਜ਼ਰੂਰੀ ਹੈ ਤਾਕਿ ਕਿਤੇ ਇਹ ਫੇਰ ਕਿਸੇ ਹੋਰ ਥਾਂ 'ਤੇ ਜਾਕੇ ਨਾ ਉੱਗ ਪਵੇ। ਇਹ ਪੂਜੀਵੀ ਲਾਣਾ ਵੀ ਆਪਣੇ ਅੰਧ-ਵਿਸ਼ਵਾਸ਼ੀ ਸ਼ਰਧਾਲੂਆਂ ਦੀ ਸਹਾਇਤਾ ਨਾਲ ਗੁਰਦਵਾਰਾ ਸੰਸਥਾ ਨੂੰ ਪੁਨਰ-ਸੁਰਜੀਤ ਕਰਨ ਦੇ ਰਾਹ ਵਿੱਚ ਵੱਧ ਤੋਂ ਵੱਧ ਅੜਿੱਕੇ ਪੈਦਾ ਕਰਦਾ ਆ ਰਿਹਾ ਹੈ ਅਤੇ ਕਰੇਗਾ। ਇਨ੍ਹਾਂ ਦੇ ਸੁਧਰਨ ਦੀ ਬਹੁਤ ਘੱਟ ਆਸ ਹੈ।

੫ ਹੋਰ ਡੇਰਿਆਂ ਦੇ ਸੰਚਾਲਕ ਅਤੇ ਅਖੌਤੀ 'ਗੁਰਮਤਿ ਪ੍ਰਚਾਰਕ'

(ੳ) **ਡੇਰੇਦਾਰ:** ਗੁਰਮਤਿ ਫ਼ਲਸਫ਼ੇ ਅੰਦਰ ਡੇਰਾਵਾਦ ਲਈ ਉੱਕਾ ਹੀ ਕੋਈ ਜਗ੍ਹਾ ਨਹੀਂ ਹੈ।ਗੁਰਮਤਿ ਫ਼ਲਸਫ਼ੇ ਨਾਲੋਂ ਅਮਲੀ ਤੌਰ 'ਤੇ ਟੁੱਟਿਆ ਹੋਇਆ ਸਿੱਖ ਕੌਮ ਦਾ ਵੱਡਾ ਹਿੱਸਾ, ਇਨ੍ਹਾਂ ਡੇਰੇਦਾਰਾਂ ਨੇ ਕਾਬੂ ਕੀਤਾ ਹੋਇਆ ਹੈ।ਡੇਰੇਦਾਰ ਆਮ ਮਨੁੱਖਾਂ ਨਾਲੋਂ ਵਧੇਰੇ ਚਤੁਰ, ਚੁਸਤ-ਚਾਲਾਕ ਹੁੰਦਾ ਹੈ ਅਤੇ ਅਪਣੀ ਚੱਪਲ-ਬੁੱਧੀ ਦੇ ਸਹਾਰੇ, ਆਪਣੇ ਚੇਲੇ-ਚਾਟੜਿਆਂ ਨੂੰ ਮਿੱਠੀਆਂ-ਮਿੱਠੀਆਂ ਚਿੱਕਣੀਆਂ-ਚੋਪੜੀਆਂ ਗੱਲਾਂ ਅਤੇ ਮਿਥਿਹਾਸਕ-ਇਤਿਹਾਸਕ (ਸੱਚੀਆਂ-ਝੂਠੀਆਂ) ਕਥਾ-ਕਹਾਣੀਆਂ ਸੁਣਾ-ਸੁਣਾ ਕੇ ਉਨ੍ਹਾਂ ਦੇ ਵਿਸ਼ਵਾਸ਼ ਦਾ ਪਾਤਰ ਬਣ ਕੇ, ਉਨ੍ਹਾਂ ਦਾ ਮਤ-ਪਰਿਵਰਤਨ (brain wash) ਕਰਦਾ ਰਹਿੰਦਾ ਹੈ। ਇਹ ਲਾਣਾ ਵੀ ਮਨੂੰਵਾਦੀਆਂ ਦਾ ਸਹਿਜੋਗੀ ਹੀ ਕਿਹਾ ਜਾ ਸਕਦਾ ਹੈ ਅਤੇ ਇਸ ਦਾ ਮੰਤਵ ਵੀ ਕੱਚੇ-ਪਿੱਲੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ

ਕੇ ਆਪਣੇ ਬਦਬੂ ਮਾਰਦੇ ਨਾਸ਼ਵਾਨ ਸਰੀਰ ਨਾਲ ਜੋੜਨਾ ਹੁੰਦਾ ਹੈ ਅਤੇ ਵਿਹਲੜ ਬਣ ਕੇ ਸੰਗਤਿ ਵੱਲੋਂ ਭੇਟਾ ਕੀਤੇ ਪਦਾਰਥਾਂ ਦੀ ਦੁਰਵਰਤੋਂ ਕਰ ਕੇ ਐਸ਼ ਕਰਨਾ ਹੁੰਦਾ ਹੈ। ਅੱਜ ਨਿੱਕੇ ਜਿਹੇ ਪੰਜਾਬ ਸੂਬੇ ਦੇ ਸਾਢੇ ੧੨ ਹਜ਼ਾਰ ਪਿੰਡਾਂ ਵਿੱਚ ਤਕਰੀਬਨ ਸਾਢੇ ੧੮ ਹਜ਼ਾਰ ਡੇਰੇ ਹੋਂਦ ਵਿੱਚ ਆ ਚੁਕੇ ਹਨ ਜੋ ਸਿੱਖੀ ਅਤੇ ਸਿੱਖਾਂ ਦਾ ਹਰ ਪੱਖ ਤੋਂ ਸ਼ੋਸ਼ਨ ਕਰੀ ਜਾ ਰਹੇ ਹਨ। ਇਹ ਵੀ ਪੂਰੀ ਵਾਹ ਲਾਉਣਗੇ ਕਿ ਗੁਰਦਵਾਰਾ ਸੰਸਥਾ ਗੁਰਮਤਿ-ਗਾਡੀ-ਰਾਹ 'ਤੇ ਆ ਕੇ ਆਪਣੀ ਜ਼ਿੰਮੇਵਾਰੀ ਨਾ ਨਿਭਾਵੇ।

(ਅ) <u>'ਅਖੌਤੀ ਗੁਰਮਤਿ ਪ੍ਰਚਾਰਕ'</u>

ਕੁੱਛ ਕੁ ਅਖੌਤੀ ਗੁਰਮਤਿ ਪ੍ਰਚਾਰਕ ਵੀ ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਵਰਗੀਆਂ ਗੁਰਮਤਿ-ਵਿਰੋਧੀ ਕਿਤਾਬਾਂ ਦਾ ਗੁਰਮਤਿ ਦੇ ਲੇਬਲ ਹੇਠ, ਪ੍ਰਚਾਰ ਕਰਦੇ ਰਹੇ ਹਨ ਅਤੇ ਕਰ ਰਹੇ ਹਨ। ਜਿਵੇਂ ਕਿ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ, ਕੁੱਝ ਕੁ ਧਾਰਮਿਕ ਪਹਿਰਾਵੇ ਵਾਲੀਆਂ ਭਲੀਆਂ ਗੁਰਮਤਿ-ਪ੍ਰਚਾਰਕ ਰੂਹਾਂ ਵੀ ਸਿੱਖ ਕੌਮ ਵਿੱਚ ਹਨ ਜਿਹੜੀਆਂ ਸਮਾਜ ਦੀ ਸੇਵਾ ਵਿੱਚ ਤਨ-ਮਨ ਧਨ ਕਰ ਕੇ ਜੁਟੀਆਂ ਹੋਈਆਂ ਹਨ। ਭਾਵੇਂ ਕਿ, ਕਿਸੇ ਦਾ ਨਾਮ ਲੈ ਕੇ, ਜਿਥੋਂ ਤੱਕ ਹੋ ਸਕੇ, ਗੱਲ ਕਰਨ ਤੋਂ, ਸੰਕੋਚ ਕਰਨਾ ਚੰਗੀ ਗੱਲ ਹੁੰਦੀ ਹੈ, ਪਰ ਸੱਚਾਈ 'ਤੇ ਪੜਦਾ ਪਾਉਣਾ ਜਾਂ ਬੁਰਿਆਈ ਨੂੰ ਢੱਕ ਕੇ ਰੱਖਣ ਦੇ ਯਤਨ ਕਰਨੇ ਵੀ ਜਾਇਜ਼ ਨਹੀਂ ਆਖੇ ਜਾ ਸਕਦੇ। ਲੇਖਕ ਨੂੰ ਖ਼ੁਸ਼ੀ ਅਤੇ ਮਾਣ ਮਹਿਸੂਸ ਹੁੰਦਾ ਹੈ, ਕੌਮ ਦੀ ਸੇਵਾ (ਬਲਕਿ ਸਮੁੱਚੀ ਮਨੁੱਖਤਾ ਦੀ ਸੇਵਾ) ਵਿਚ ਜੁਟੇ ਹੋਏ ਪ੍ਰੋ. ਦਰਸ਼ਨ ਸਿੰਘ ਖ਼ਾਲਸਾ ਅਤੇ ਭਾਈ ਪੰਥਪ੍ਰੀਤ ਸਿੰਘ ਭਾਈ ਬਖ਼ਤਾਉਰ ਵਾਲੇ, ਵਰਗੇ ਕੌਮ ਦੇ ਹੀਰਿਆਂ ਦਾ ਨਾਮ ਲੈ ਕੇ ਦੱਸਣ ਵਿੱਚ।

੬ ਅਖੌਤੀ 'ਪੰਥਕ' ਰਾਜਨੀਤਕ ਪਾਰਟੀਆਂ ਦੇ ਮੁਖੀ, ਅਹੁਦੇਦਾਰ ਅਤੇ ਉਨ੍ਹਾਂ ਦੇ ਪਿੱਛਲੱਗ (ਪਾਰਟੀ ਵਰਕਰ)

ਇਹ ਇੱਕ ਕੌੜੀ ਸਚਾਈ ਹੈ ਕਿ, **"ਮੌਜੂਦਾ ਸਿੱਖ ਰਾਜਨੀਤੀ ਗੁਰੂ (ਸ਼ਬਦ-ਗੁਰੂ) ਤੋਂ ਬੇ-ਮੁੱਖ ਹੈ ਅਤੇ ਇਹੀ ਕਾਰਨ ਹੈ ਕਿ ਸਾਡੀ ਜ਼ਿੰਦਗੀ ਦੇ ਹਰ ਪਹਿਲੂ ਵਿੱਚ ਭੰਬਲ-ਭੂਸਾ ਹੈ।** ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ:

ਗੁਰੂ ਬਿਨ ਜਿਉਂਦੇ ਸਿੱਖ, ਜਦੋਂ ਰਣ ਖ਼ਾਸ ਦੇ।
ਬੇਲਗ਼ਾਮ ਸਭ ਯੁੱਧ ਹੋਣ ਇਤਿਹਾਸ ਦੇ।

ਸਿੱਖ ਕੌਮ ਦੇ ਵਿਦਵਾਨਾਂ ਦਾ ਇੱਕ ਵੱਡਾ ਦੁਖਾਂਤ ਇਹ ਹੈ ਕਿ ਉਹ ਜਦੋਂ ਵੀ ਗੁਰੂ ਗ੍ਰੰਥ ਸਾਹਿਬ ਦੇ ਰਾਜਨੀਤਕ ਸੰਦੇਸ਼ ਦੀ ਵਿਲੱਖਣਤਾ ਬਾਰੇ ਕੁੱਝ ਦੱਸਣ ਲਗਦੇ ਹਨ ਤਾਂ ਉਹ ਬਹੁ-ਗਿਣਤੀ ਵੱਲੋਂ ਦਿੱਤੇ ਮੌਜੂਦਾ ਰਾਜਨੀਤਕ ਢਾਂਚੇ ਦੇ ਪ੍ਰਭਾਵ ਹੇਠ ਰਹਿ ਕੇ ਹੀ ਗੁਰੂ ਗ੍ਰੰਥ ਸਾਹਿਬ ਦੇ ਰਾਜਨੀਤਕ ਪੈਗ਼ਾਮ ਦੀ ਵਿਆਖਿਆ ਕਰਦੇ ਹਨ। ਉਹ ਨਿਰਭਉ ਹੋ ਕੇ, ਨਿਰਵੈਰ ਹੋ ਕੇ, ਸੁਤੰਤਰ ਤੇ ਨਿਰਪੱਖ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਰਾਜਨੀਤਕ ਪੈਗ਼ਾਮ ਦੀ ਰੂਪ-ਰੇਖਾ ਨਿਸ਼ਚਿਤ ਨਹੀਂ ਕਰਦੇ। ਉਨ੍ਹਾਂ ਨੂੰ ਇੰਝ ਮਹਿਸੂਸ ਹੁੰਦਾ ਹੈ, ਜਿਵੇਂ ਕੋਈ ਅਦਿੱਖ ਤਾਕਤ ਉਨ੍ਹਾਂ ਦੀਆਂ ਸਾਰੀਆਂ ਸਰਗਰਮੀਆਂ ਦਾ ਪਿੱਛਾ ਕਰ ਰਹੀ ਹੈ। ਇੰਝ ਸਿੱਖਾਂ ਦੀ ਨੌਜਵਾਨ ਪੀੜ੍ਹੀ ਨੂੰ ਸਿੱਖ-ਰਾਜਨੀਤੀ ਦੀ ਸੁਤੰਤਰ ਹਸਤੀ ਬਾਰੇ ਕੋਈ ਵੀ ਗਿਆਨ ਹਾਸਿਲ ਨਹੀਂ ਹੁੰਦਾ।..........

ਸਾਡੀ ਹੈਰਾਨੀ ਵਿੱਚ ਉਸ ਵੇਲੇ ਹੋਰ ਵੀ ਵਾਧਾ ਹੋ ਜਾਂਦਾ ਹੈ, ਜਦੋਂ ਅਸੀਂ ਵੇਖਦੇ ਹਾਂ ਕਿ ਵਿਦੇਸ਼ਾਂ ਵਿੱਚ ਜਿੱਥੇ ਸਿੱਖ ਵਿਦਵਾਨਾਂ ਕੋਲ ਜਾਣਕਾਰੀ ਦੇ ਸਾਰੇ ਸੋਮੇਂ ਹਨ, ਉੱਥੇ ਵੀ ਗੁਰੂ ਗ੍ਰੰਥ ਸਾਹਿਬ ਦੇ ਰਾਜਨੀਤਕ ਪੈਗ਼ਾਮ ਬਾਰੇ ਨਿੱਠ ਕੇ ਵਿਚਾਰ ਨਹੀਂ ਹੋਈ। ਘੱਟੋ-ਘੱਟ ਅਜੇ ਤੱਕ ਸਿਰਫ਼ ਇਸੇ ਵਿਸ਼ੇ ਨੂੰ ਲੈ ਕੇ ਸ਼ਾਇਦ ਹੀ ਕਦੇ ਕੋਈ ਸੈਮੀਨਾਰ ਹੋਇਆ ਹੋਵੇ। ਇਸ ਸਬੰਧ ਵਿੱਚ ਕੋਈ ਵਿਸ਼ੇਸ਼ ਮੈਗਜ਼ੀਨ ਵੀ ਨਹੀਂ ਛਪਦਾ। ਟਾਵੇਂ-ਟਾਵੇਂ ਲੇਖ ਜ਼ਰੂਰ ਛਪਦੇ ਹਨ, ਪਰ ਉਹ ਵੀ ਸਤਈ ਪੱਧਰ ਦੇ ਹੁੰਦੇ ਹਨ ਅਤੇ ਉਨ੍ਹਾਂ ਦੀ ਸ਼ਬਦਾਵਲੀ ਸਿੱਖ ਜਜ਼ਬਿਆਂ ਨੂੰ ਟੁੰਬਦੀ ਹੀ ਨਹੀਂ, ਇੱਕ ਨਵਾਂ ਉਤਸ਼ਾਹ ਹੀ ਨਹੀਂ ਜਗਾਉਂਦੀ। ਸਾਡੇ ਸਿੱਖ ਲੀਡਰ ਕਦੇ ਵੀ ਰਾਜਨੀਤੀ ਦੇ ਸਿਧਾਂਤਾਂ, ਥਿਊਰੀਆਂ ਅਤੇ ਅਮਲਾਂ ਦੇ ਵਿਕਾਸ ਤੇ ਵਿਗਾਸ ਬਾਰੇ ਇਤਿਹਾਸ ਵਿੱਚ ਹੋਈਆਂ ਖੋਜਾਂ ਸਬੰਧੀ ਡੂੰਘੀਆਂ ਗੱਲਾਂ ਨਹੀਂ ਕਰਦੇ। ਉਨ੍ਹਾਂ ਨੂੰ ਚਲੰਤ ਰਾਜਨੀਤਕ ਸੰਸਥਾਵਾਂ 'ਤੇ ਕਾਬਜ਼ ਹੋਣ ਦੀ ਕਾਹਲੀ ਤੇ ਦੌੜ ਹੀ ਲੱਗੀ ਰਹਿੰਦੀ ਹੈ।ਉਹ ਘੱਟ ਹੀ ਇਨ੍ਹਾਂ ਗੱਲਾਂ ਵਿੱਚ ਦਿਲਚਸਪੀ ਲੈਂਦੇ ਹਨ ਕਿ ਸਿੱਖੀ ਦੀਆਂ ਆਪਣੀਆਂ ਮੌਲਿਕ ਸੰਸਥਾਵਾਂ ਵੀ ਸਿਰਜੀਆਂ ਜਾ ਸਕਦੀਆਂ ਹਨ। ਸਿੱਖ ਕੌਮ ਦਾ ਰਾਜਸੀ ਭਵਿੱਖ ਉਨ੍ਹਾਂ ਦੇ ਏਜੰਡੇ 'ਤੇ ਕਦੀ ਵੀ ਨਹੀਂ ਹੁੰਦਾ। ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਵੀ ਤੱਤ ਰੂਪ ਵਿੱਚ ਬਹੁਤ ਘੱਟ ਸਮਝ ਹੈ ਅਤੇ ਸੰਸਾਰ ਵਿੱਚ ਪੇਸ਼ ਹੋ ਰਹੇ ਤਾਜ਼ਾ ਰਾਜਸੀ ਰੁਝਾਨਾਂ, ਵਰਤਾਰਿਆਂ ਅਤੇ ਵਹਿਮਾਂ ਬਾਰੇ ਵੀ ਉਨ੍ਹਾਂ ਕੋਲ ਬਹੁਪਰਤੀ ਜਾਣਕਾਰੀ ਨਹੀਂ, ਇਉਂ ਉਹ ਅਪਣੇ ਧਰਮ ਗ੍ਰੰਥ ਤੋਂ ਵੀ ਦੂਰ ਹਨ ਅਤੇ ਜੇ ਉਹ ਮੌਜੂਦਾ

ਰਾਜਨੀਤੀ ਦੀ ਅਧੁਨਿਕ ਵਿਆਖਿਆ ਕਦੇ ਕਰਦੇ ਵੀ ਹਨ ਤਾਂ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਰਾਜਸੀ-ਆਦਰਸ਼ ਸ਼ਾਮਲ ਨਹੀਂ ਹੁੰਦੇ ਅਤੇ ਉਹ ਵਿਆਖਿਆ ਸਿੱਖ-ਇਤਿਹਾਸ ਦੇ ਜਜ਼ਬਿਆਂ ਤੋਂ ਸੱਖਣੀ ਹੁੰਦੀ ਹੈ" (ਕਰਮਜੀਤ ਸਿੰਘ, ਸਾਬਕਾ ਅਸਿਸਟੈਂਟ ਐਡੀਟਰ 'ਪੰਜਾਬੀ ਟ੍ਰਿਬੂਨ': 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ' ਸੰਕਲਪ ਦਾ ਰਾਜਨੀਤਕ ਪ੍ਰਕਾਸ਼, ਲੇਖ ਵਿੱਚੋਂ ਧੰਨਵਾਦ ਸਹਿਤ)।

ਇਸ ਨੂੰ ਸਿੱਖ ਕੌਮ ਦੀ ਤ੍ਰਾਸਦੀ ਹੀ ਕਿਹਾ ਜਾਣਾ ਚਾਹੀਦਾ ਹੈ ਕਿ ਵਰਤਮਾਨ 'ਪੰਥਕ' ਪਾਰਟੀਆਂ ਦੇ ਬਹੁਤੇ ਮੁਖੀ ਅਹੁਦੇਦਾਰ, ਅਤੇ ਉਨ੍ਹਾਂ ਦੇ ਅੰਨ੍ਹੇ ਹਮਾਇਤੀ (ਪਾਰਟੀ ਵਰਕਰਜ਼) ਜਾਣੇ ਜਾਂ ਅਣਜਾਣੇ ਵਿੱਚ, ਸਿੱਖ ਕੌਮ ਨਾਲ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਨਾਲ ਹੀ ਗ਼ੱਦਾਰੀਆਂ ਕਰਦੇ ਆ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਗੁਰੂ ਨਾਨਕ ਸਾਹਿਬ ਨੇ, ਪ੍ਰਭੂ-ਪਿਤਾ ਦੀ ਰਜ਼ਾ ਅਨੁਸਾਰ, ਸਮੁੱਚੇ ਸੰਸਾਰ ਵਿੱਚ (ਪੜਾਅ-ਦਰ-ਪੜਾਅ) ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤ੍ਾ, ਹੱਕ, ਸੱਚ ਤੇ ਕੁਦਰਤੀ ਇਨਸਾਫ਼ ਦਾ ਜ਼ਾਮਨ, ਸਦੀਵ-ਕਾਲੀ ਹਲੇਮੀ-ਰਾਜ ਸਥਾਪਤ ਕਰਨ ਵਾਸਤੇ ਪੰਦਰ੍ਹਵੀਂ ਸਦੀ ਦੇ ਅਖ਼ੀਰ ਵਿੱਚ, ਗ਼ਰੀਬ-ਜਨਤਕ ਆਧਾਰ ਵਾਲੇ ਸਦੀਵ-ਕਾਲੀ ਲਾਸਾਨੀ (ਗੁਰਮਤਿ) ਇਨਕਲਾਬ ਦਾ ਆਗਾਜ਼ ਕੀਤਾ ਸੀ। ਗੁਰੂ ਨਾਨਕ ਮਿਸ਼ਨ ਦੇ ਇਹ ਗ਼ੱਦਾਰ ਵੀ ਆਪੋ-ਅਪਣੀ ਕੁਨਬਾ-ਪੁਰਬੀ ਵਿੱਚ, ਕਾਫ਼ੀ ਅਰਸੇ ਤੋਂ, ਇਤਨੇ ਮਸਤ ਹੋ ਗਏ ਹਨ ਕਿ ਸਿੱਖ ਕੌਮ ਦੀਆਂ ਹੀ ਜੜ੍ਹਾਂ ਪੁੱਟਣ ਲੱਗੇ ਹੋਏ ਹਨ। ਗੁਰਦਵਾਰਾ ਸੰਸਥਾ ਨੂੰ ਗੁਰਮਤਿ ਫ਼ਲਸਫ਼ੇ ਅਨੁਸਾਰ ਪੁਨਰ-ਸੁਰਜੀਤ ਕਰਨ ਦੇ ਅਹਿਮ ਕਾਰਜ ਵਿੱਚ ਵੀ ਇਹ ਰੋੜੇ ਹੀ ਅਟਕਾਉਣਗੇ, ਪਰ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨੂੰ ਮੁਕੰਮਲ ਤੌਰ 'ਤੇ ਸਮਰਪਿਤ ਇਨਕਲਾਬੀ ਕਾਫ਼ਲੇ ਦੇ ਤੂਫ਼ਾਨੀ-ਵੇਗ ਅੱਗੇ ਇਹ ਵੀ ਬਹੁਤੀ ਦੇਰ ਟਿਕ ਨਹੀਂ ਸਕਣਗੇ।

੭ ਅਖੌਤੀ ਪੰਥਕ ਮੀਡੀਆ

ਗੁਰਮਤਿ ਸਿਧਾਂਤਾਂ ਵੱਲੋਂ ਬੇਖ਼ਬਰ, ਗ਼ਫ਼ਲਤ ਦੀ ਨੀਂਦ ਵਿਚ ਸੁੱਤੀ ਪਈ, ਸਿੱਖ ਕੌਮ ਦੇ ਲੀਡਰਾਂ ਦੀ ਮੁਜ਼ਰਮਾਨਾ ਅਣਗਹਿਲੀ ਅਤੇ ਸੁਆਰਥ-ਭਰਪੂਰ ਬੇਈਮਾਨੀ ਦੀ ਵਜ੍ਹਾ ਕਰ ਕੇ, ਕੌਮ ਅਜੇ ਤੱਕ ਆਪਣਾ ਕੋਈ ਅਜਿਹਾ ਅਧੁਨਿਕ ਮੀਡੀਆ ਨਹੀਂ ਸਥਾਪਤ ਕਰ ਸਕੀ ਜਿਹੜਾ, ਮੁਕੰਮਲ ਤੌਰ ਤੇ, ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨੂੰ ਸਮਰਪਿਤ ਹੋ ਕੇ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਗੁਰਮਤਿ ਇਨਕਲਾਬ ਦੇ ਵਿਕਾਸ ਲਈ ਸਹਾਇਤਾ ਕਰ ਸਕੇ, ਹਾਲਾਂਕਿ ਕੌਮ ਪਾਸ ਪੈਸੇ ਅਤੇ ਤਕਨੀਕੀ ਸਮਰੱਥਾ ਦੀ ਕੋਈ ਘਾਟ ਨਹੀਂ ਹੈ। ਜਿਹੜਾ ਥੋੜ੍ਹਾ-ਬਹੁਤ ਮੀਡੀਆ (ਦੂਰ-ਦਰਸ਼ਨ, ਅਖ਼ਬਾਰਾਂ, ਵੈਬ-

ਸਾਈਟਸ, ਪੁਸਤਕਾਂ, ਵੀਡੀਓ ਸੀਡੀਜ਼ ਤੇ ਮੈਗਜ਼ੀਨਾਂ ਦੇ ਰੂਪ ਵਿੱਚ) ਹੈ ਵੀ, ਉਸ ਵਿੱਚੋਂ ਵੀ ਟਾਵਾਂ-ਟਾਵਾਂ ਹੀ ਕੌਮ ਦੀ ਚੜ੍ਹਦੀ ਕਲਾ ਅਤੇ ਮਨੁੱਖਤਾ ਦੀ ਭਲਾਈ ਲਈ ਯੋਗਦਾਨ ਪਾ ਰਿਹਾ ਹੈ ਅਤੇ ਇਨ੍ਹਾਂ ਵਿੱਚੋਂ ਵੀ ਕੋਈ ਵਿਰਲਾ-ਵਿਰਲਾ ਹੀ ਗੁਰਮਤਿ ਇਨਕਲਾਬ ਨੂੰ ਸਮਰਪਿਤ ਨਜ਼ਰ ਆ ਰਿਹਾ ਹੈ। ਕੁੱਲ ਮਿਲਾ ਕੇ, ਸਥਿਤੀ ਨਿਰਾਸ਼ਾਜਨਕ ਹੀ ਨਜ਼ਰ ਆ ਰਹੀ ਹੈ। ਇਹ ਤਾਂ ਸਮਾਂ ਹੀ ਦੱਸੇਗਾ ਕਿ ਅਜੋਕੇ ਪੰਥਕ ਮੀਡੀਆ ਦਾ ਕਿਹੜਾ-ਕਿਹੜਾ ਅੰਗ ਗੁਰਮਤਿ ਇਨਕਲਾਬ ਦੇ ਵਿਕਾਸ ਲਈ ਕਿਤਨਾ-ਕਿਤਨਾ ਕੁ ਯੋਗਦਾਨ ਪਾਉਂਦਾ ਹੈ।

੮ ਖ਼ੁਦਗਰਜ਼ ਸਿਆਸਤਦਾਨਾਂ ਦੇ ਪ੍ਰਭਾਵ ਹੇਠ ਵਿਚਰ ਰਹੀਆਂ ਗੁਰਦਵਾਰਾ ਤਾਲਮੇਲ ਕਮੇਟੀਆਂ

ਕੁੱਝ ਸ਼ਹਿਰਾਂ ਤੇ ਕਸਬਿਆਂ ਵਿੱਚ, ਖ਼ੁਦਗਰਜ਼ ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠ, ਗੁਰਦਵਾਰਾ ਤਾਲਮੇਲ ਕਮੇਟੀਆਂ ਵੀ ਕਾਇਮ ਹੋ ਚੁੱਕੀਆਂ ਹਨ। ਇਹ ਵੀ ਗੁਰਦਵਾਰਾ ਸੰਸਥਾ ਨੂੰ ਗੁਰਮਤਿ-ਗਾਡੀ-ਰਾਹ 'ਤੇ ਲਿਆ ਕੇ ਕਾਰਜਸ਼ੀਲ ਕਰਨ ਦੇ ਕਾਰਜ ਵਿੱਚ, ਆਮ ਤੌਰ 'ਤੇ, ਰੁਕਾਵਟਾਂ ਹੀ ਪੈਦਾ ਕਰ ਰਹੀਆਂ ਹਨ ਅਤੇ ਅੱਗੇ ਨੂੰ ਵੀ ਕਰਨਗੀਆਂ ਕਿਉਂਕਿ **ਇਨ੍ਹਾਂ ਨੇ ਆਪਣੇ ਸਿਆਸੀ ਆਕਾਵਾਂ ਦੀਆਂ ਹਦਾਇਤਾਂ ਅਨੁਸਾਰ ਹੀ ਕੰਮ ਕਰਨਾ ਹੁੰਦਾ ਹੈ ਅਤੇ ਖ਼ੁਦ.ਗਰਜ਼ ਰਾਜਨੀਤਕ ਲੀਡਰਾਂ ਨੇ ਆਪਣੇ ਸੁਆਰਥ ਨੂੰ ਹੀ ਪਹਿਲ ਦੇਣੀ ਹੈ, ਗੁਰਮਤਿ ਸਿਧਾਂਤ ਤੇ ਗੁਰਮਤਿ ਪ੍ਰਚਾਰ ਨੂੰ ਨਹੀਂ।**

੯ ਅਖੌਤੀ ਸਿੱਖ ਸੰਪਰਦਾਵਾਂ

ਸੰਪਰਦਾ ਦੀ ਪ੍ਰੀਭਾਸ਼ਾ

੧. <u>Sect, religions' branch, faction or denomination</u> (ਪੰਜਾਬੀ ਯੂਨੀਵਰਸਿਟੀ: ਪੰਜਾਬੀ-ਅੰਗ੍ਰੇਜ਼ੀ ਕੋਸ਼)।

੨. ਕਿਸੇ ਇੱਕ ਧਾਰਮਕ ਵਿਚਾਰ ਰੱਖਣ ਵਾਲਿਆਂ ਦੀ ਟੋਲੀ ਜਾਂ ਫ਼ਿਰਕਾ, ਮੱਤ, ਧਰਮ (ਭਾਸ਼ਾ ਵਿਭਾਗ ਪੰਜਾਬ: ਪ੍ਰਮਾਣਿਤ ਪੰਜਾਬੀ ਕੋਸ਼)।

ਮੋਟੇ ਤੌਰ 'ਤੇ, ਕਿਸੇ ਮੱਤ ਦੀ ਉਸ ਸ਼ਾਖ਼ ਨੂੰ ਸੰਪਰਦਾ ਕਿਹਾ ਜਾ ਸਕਦਾ ਹੈ, ਜਿਹੜੀ ਆਪਣੇ ਮੂਲ-ਮੱਤ ਨਾਲੋਂ, ਕਿਸੇ ਵਖਰੇਵੇਂ ਕਾਰਨ ਟੁੱਟ ਕੇ ਅਲੱਗ ਹੋ ਗਈ ਹੋਵੇ। ਅਜਿਹਾ ਭਾਣਾ, ਅਕਸਰ, ਉਦੋਂ ਵਾਪਰਦਾ ਹੈ ਜਦੋਂ ਕਿਸੇ ਮੱਤ ਦਾ ਕੋਈ ਵਧੇਰੇ ਮਾਨਤਾ-ਪ੍ਰਾਪਤ ਪ੍ਰਾਣੀ ਆਪਣੇ ਮੱਤ ਦੇ ਮੁੱਢਲੇ ਸਿਧਾਂਤਾਂ ਦੀ ਆਪਣੀ ਮਨ-ਮਰਜ਼ੀ ਅਨੁਸਾਰ, ਵਿਆਖਿਆ ਕਰ ਕੇ, ਆਪਣਾ

ਅਲੱਗ ਫ਼ਿਰਕਾ, ਜੱਥਾ ਜਾਂ ਟੋਲਾ ਬਣਾ ਕੇ ਵਿਚਰਨਾ ਅਰੰਭ ਕਰ ਦੇਂਦਾ ਹੈ। ਜਿਸ ਤਰ੍ਹਾਂ ਸੰਸਾਰ ਦੇ ਤਕਰੀਬਨ ਸਾਰੇ ਹੀ ਮੱਤਾਂ ਨਾਲ ਇਹ ਭਾਣਾ ਵਾਪਰ ਚੁੱਕਾ ਹੈ, ਉਸੇ ਤਰ੍ਹਾਂ ਹੀ ਗੁਰਮਤਿ (ਸ਼ਬਦ-ਗੁਰੂ ਦੀ ਵਿਚਾਰਧਾਰਾ) ਨਾਲ ਵੀ ਕੁੱਝ ਵਿਅਕਤੀਆਂ ਨੇ, ਜਾਣੇ-ਅਣਜਾਣੇ 'ਚ, ਐਸਾ ਖਿਲਵਾੜ ਕਰਨ ਦੇ ਯਤਨ ਕੀਤੇ ਹਨ,ਪਰ ਸ਼ਬਦ-ਗੁਰੂ ਦੀ ਮੱਤ (ਵਿਚਾਰਧਾਰਾ) ਅਚੱਲ ਹੈ, ਇਸ ਨੂੰ ਕੋਈ ਮਾਈ ਦਾ ਲਾਲ ਆਪਣੀ ਬੁੱਧੀ ਦੇ ਸਹਾਰੇ ਚਲਾਇਮਾਨ ਨਹੀਂ ਕਰ ਸਕਦਾ। ਗੁਰੂ ਗ੍ਰੰਥ ਸਾਹਿਬ ਦਾ ਫ਼ੁਰਮਾਨ ਹੈ:

"ਗੁਰਮਤਿ ਮਤਿ ਅਚਲੁ ਹੈ, ਚਲਾਇ ਨ ਸਕੈ ਕੋਇ" ॥ (ਮ.੩,੫੪੮)

੧੦. ਗੁਰਮਤਿ ਦੇ ਨਾਮ 'ਤੇ ਸਥਾਪਤ ਹੋ ਚੁੱਕੀਆਂ ਸੰਪਰਦਾਵਾਂ

(ੳ) ਨਿਰੰਕਾਰੀ (ਲਹਿਰ)

"ਬ੍ਰਾਹਮਣਵਾਦ ਦੇ ਖ਼ਿਲਾਫ਼ ਪਹਿਲੀ ਜੱਦੋਜਹਿਦ ਪੱਠੋਹਾਰ ਦੇ 'ਬਾਬਾ' ਦਿਆਲ (ਸੰਨ 1783-1855) ਨੇ ਸ਼ੁਰੂ ਕੀਤੀ। ਉਸ ਨੇ ਸੰਨ ੧੮੫੧ ਵਿੱਚ ਰਾਵਲਪਿੰਡੀ ਵਿੱਚ ਨਿਰੰਕਾਰੀ ਦਰਬਾਰ ਦੀ ਨੀਂਹ ਰੱਖੀ। ਉਸ ਨੇ ਸਿੱਖਾਂ ਦੀ ਜ਼ਿੰਦਗੀ ਵਿੱਚੋਂ ਬ੍ਰਾਹਮਣੀ ਸੰਸਕਾਰ ਹੀ ਨਹੀਂ ਬਲਕਿ ਸਾਰੇ ਕਰਮ-ਕਾਂਡ ਕੱਢਣ ਵਾਸਤੇ ਵੀ ਕੋਸ਼ਿਸ਼ਾਂ ਕੀਤੀਆਂ। ਉਸ ਨੇ ਅਗਨੀ ਦੁਆਲੇ ਫੇਰੇ, ਸਰਾਧ, ਸੂਤਕ-ਪਾਤਕ, ਮਹੂਰਤ ਵਗ਼ੈਰਾ ਨੂੰ ਸਿੱਖੀ ਵਿੱਚੋਂ ਜਲਾਵਤਨ ਕੀਤਾ।...... ਉਹ (ਦਿਆਲ) 1809 ਵਿੱਚ ਭੇਰਾ ਗਿਆਂ ਤਾ ਉਥੋਂ ਦੇ ਇੱਕ ਖੱਤਰੀ ਚਰਨਦਾਸ ਕਪੂਰ ਨੇ ਆਪਣੀ ਧੀ ਦਾ ਵਿਆਹ ਉਸ ਨਾਲ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਇਹ ਮਹੀਨਾ ਚੇਤਰ (ਮਾਰਚ) ਦਾ ਸੀ ਤੇ ਹਿੰਦੂ ਇਸ ਮਹੀਨੇ ਵਿੱਚ ਵਿਆਹ ਨਹੀਂ ਕਰਦੇ। ਇਸ ਕਰ ਕੇ ਪੁਜਾਰੀਆਂ ਨੇ ਉਸ ਦਾ ਵਿਆਹ ਕਰਾਉਣ ਦੀਆਂ ਰਸਮਾਂ ਨਿਭਾਉਣ ਤੋਂ ਨਾਂਹ ਕਰ ਦਿੱਤੀ। ਮਜ਼ਬੂਰੀ ਵਿੱਚ ਇਹ ਰਸਮ ਅਰਦਾਸ, ਲਾਵਾਂ ਦੇ ਸ਼ਬਦ ਤੇ ਅਨੰਦ ਸਾਹਿਬ (ਛੇ ਪਉੜੀਆਂ) ਪੜ੍ਹ ਕੇ ਤੇ ਅਰਦਾਸ ਕਰ ਕੇ ਨਿਭਾਈ ਗਈ।(ਅਨੰਦ ਸਾਹਿਬ ਦੇ ਛੇ ਸ਼ਬਦ ਪੜ੍ਹਨ ਦੀ ਰੀਤ ਵੀ ਏਥੋਂ ਹੀ ਸ਼ੁਰੂ ਹੋਈ ਸੀ)। ਬੱਸ ਇਸੇ ਤੋਂ ਹੀ ਇਸ 'ਨਿਰੰਕਾਰੀ' ਲਹਿਰ ਦਾ ਮੁੱਢ ਬੱਝ ਗਿਆ" (ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ ਸਫ਼ੇ 705-06)।

ਹੌਲੀ-ਹੌਲੀ, ਇਹ ਨਿਰੰਕਾਰੀ ਲਹਿਰ ਇੱਕ ਸਿੱਖ ਸੰਪਰਦਾ ਦਾ ਰੂਪ ਧਾਰਨ ਕਰ ਗਈ ਅਤੇ ਗੁਰਮਤਿ ਦੇ ਮੂਲ-ਆਧਾਰ (ਗੁਰੂ ਗ੍ਰੰਥ ਸਾਹਿਬ) ਨਾਲੋਂ ਟੁੱਟ ਗਈ। ਇਸ ਲਹਿਰ ਦਾ ਮੁੱਖ ਇਲਾਕਾ

ਪੋਠੋਹਾਰ ਰਾਵਲਪਿੰਡੀ ਸੀ ਤੇ ਬਾਹਰ ਇਸ ਦਾ ਕੋਈ ਅਸਰ ਨਹੀਂ ਸੀ।

"ਦਿਆਲ ਦੀ ਮੌਤ (30-1-1855) ਤੋਂ ਮਗਰੋਂ ਉਸ ਦਾ ਪੁੱਤਰ ਦਰਬਾਰਾ ਸਿੰਘ ਇਸ ਲਹਿਰ ਦਾ ਮੁਖੀ ਬਣਿਆ।......... ਦਰਬਾਰਾ ਸਿੰਘ ਨੇ ਸਿੱਖਾਂ ਦੇ ਵਿਆਹ ਵਾਸਤੇ ਇੱਕ ਹੋਰ ਨਵੀਂ ਰਸਮ ਸ਼ੁਰੂ ਕੀਤੀ। ਉਸ ਨੇ ਚਾਰ ਲਾਵਾਂ ਪੜ੍ਹਾ ਕੇ, ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਚੱਕਰ ਕਢਵਾ ਕੇ ਅਰਦਾਸ ਕਰਨ ਦਾ ਤਰੀਕਾ ਸ਼ੁਰੂ ਕੀਤਾ। ਇਨ੍ਹਾਂ ਲਾਵਾਂ ਦੇ ਤਰੀਕੇ ਦਾ ਪਹਿਲਾ ਵਿਆਹ, 12 ਮਾਰਚ ੧੮੫੫ ਦੇ ਦਿਨ ਕੀਤਾ ਗਿਆ।... 1947 ਤੋਂ ਬਾਅਦ ਇਨ੍ਹਾਂ ਦੇ ਦੋ ਹਿੱਸੇ ਹੋ ਗਏ (ਇੱਕ ਅਸਲੀ ਨਿਰੰਕਾਰੀ ਤੇ ਦੂਜਾ ਨਕਲੀ ਨਿਰੰਕਾਰੀ)। ਇਨ੍ਹਾਂ ਦੇ ਇੱਕ ਹਿੱਸੇ (ਨਕਲੀ ਨਿਰੰਕਾਰੀ) ਦੇ ਖ਼ਿਲਾਫ਼ ੧੦ ਜੂਨ 1978 ਨੂੰ ਪੰਥ ਵੱਲੋਂ ਮੁਕੰਮਲ ਬਾਈਕਾਟ ਦਾ ਗੁਰਮਤਾ/ਹੁਕਮਨਾਮਾ ਹੋਣ ਨਾਲ ਸਿੱਖਾਂ ਵਿੱਚ ਇਨ੍ਹਾਂ ਦੀ ਹੋਂਦ ਖ਼ਤਮ ਹੋ ਗਈ। **(1947 ਤੋਂ ਮਗਰੋਂ ਦਿੱਲੀ ਵਿੱਚ ਚੱਲਿਆ 'ਨਿਰੰਕਾਰੀ ਦਰਬਾਰ' ਪੋਠੋਹਾਰ ਵਾਲਾ ਨਹੀਂ ਬਲਕਿ ਧਾਰਮਕ ਲੇਬਲ ਹੇਠ, ਇੱਕ ਮਾਫ਼ੀਆ ਵਰਗੀ ਜਮਾਤ ਹੈ ਜਿਸ ਨੂੰ ਹਿੰਦੂ ਤੇ ਹੋਰ ਸਿੱਖ-ਵਿਰੋਧੀ ਏਜੰਸੀਆਂ ਦੀ ਸਿੱਧੀ ਹਮਾਇਤ ਹਾਸਿਲ ਹੈ। ਇਹ ਗੱਲ ਵੀ ਕਾਬਲ-ਏ-ਜ਼ਿਕਰ ਹੈ ਕਿ ਇੰਦਰਾ ਗਾਂਧੀ ਵੀ ਇਸ ਗਰੁਪ ਦੇ ਜਲਸੇ ਵਿੱਚ ਨੰਗੇ ਪੈਰੀਂ ਜਾਇਆ ਕਰਦੀ ਸੀ, ਤਾਂ ਜੋ ਉਸ ਦੀ 'ਸ਼ਰਧਾ' ਨੂੰ ਵੇਖ ਕੇ ਲੋਕ ਇਸ ਜਮਾਤ ਦੇ ਨਾਲ ਜੁੜਨ ਤੇ ਸਿੱਖ-ਵਿਰੋਧੀ ਤਾਕਤਾਂ ਨੂੰ ਵਧੇਰੇ ਤਾਕਤ ਮਿਲੇ। ਸਰਕਾਰ ਅਤੇ ਹਿੰਦੂ ਜਥੇਬੰਦੀਆਂ ਦੀ ਖ਼ੁਫ਼ੀਆ ਸਰਪ੍ਰਸਤੀ ਰਾਧਾ ਸੁਆਮੀ, ਡੇਰਾ ਸੱਚਾ ਸੌਦਾ, ਆਸ਼ੁਤੋਸ਼ੀਆਂ-ਨੂਰਮਹਿਲੀਆਂ ਵਗ਼ੈਰਾ ਨੂੰ ਵੀ ਹਾਸਿਲ ਹੈ। ਬਹੁਤੇ ਪੁਲੀਸ ਤੇ ਆਈ.ਏ.ਐਸ. ਅਫ਼ਸਰ ਇਨ੍ਹਾਂ ਜੱਥੇਬੰਦੀਆਂ ਨਾਲ ਜੁੜੇ ਹੋਏ ਹਨ)।**" (ਉਪਰੋਕਤ ਸਫ਼ੇ 706-08)।

(ਅ) 'ਬਾਬਾ' ਰਾਮ ਸਿੰਘ ਅਤੇ ਕੂਕਾ 'ਲਹਿਰ'

"ਰਾਮ ਸਿੰਘ (੧੮੧੬-੧੮੮੫), ਕੰਵਰ ਨੌਨਿਹਾਲ ਸਿੰਘ (ਪੁੱਤਰ ਮਹਾਰਾਜਾ ਰਣਜੀਤ ਸਿੰਘ) ਦੀ ਫ਼ੌਜ ਵਿੱਚ ਇੱਕ ਆਮ ਸਿਪਾਹੀ ਸੀ।...... ਪਹਿਲੀ ਐਂਗਲੋ-ਸਿੱਖ ਲੜਾਈ ਦੇ ਖ਼ਤਮ ਹੋਣ ਮਗਰੋਂ

ਉਸ ਨੂੰ ਫ਼ੌਜ ਵਿੱਚੋਂ ਖ਼ਾਰਜ ਕਰ ਦਿੱਤਾ ਗਿਆ ਸੀ। ਨੌਕਰੀ ਖ਼ਤਮ ਹੋਣ ਮਗਰੋਂ ਉਹ ਆਪਣੇ ਪਿੰਡ ਭੈਣੀ ਆ ਗਿਆ। ਨੌਕਰੀ ਦੌਰਾਨ ਉਹ ਇੱਕ ਧਾਰਮਿਕ ਪ੍ਰਚਾਰਕ ਬਾਲਕ ਸਿੰਘ (1799-1862) ਨੂੰ ਮਿਲ ਚੁੱਕਾ ਸੀ। ਬਾਲਕ ਸਿੰਘ ਨੇ ਕਦੇ ਕੋਈ ਗਰੁੱਪ ਜਾਂ ਡੇਰਾ ਨਹੀਂ ਬਣਾਇਆ ਸੀ। ਇਸ ਕਰ ਕੇ ਆਪਣਾ ਵਾਰਿਸ ਬਣਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਉਂਵ ਬਾਲਕ ਸਿੰਘ 'ਅਭਿਆਸੀ' ਦੇ ਤੌਰ 'ਤੇ ਜਾਣਿਆ ਜਾਂਦਾ ਸੀ ਨਾਕਿ 'ਨਾਮਧਾਰੀ' ਵਜੋਂ। ਜਦੋਂ ਰਾਮ ਸਿੰਘ ਨੇ ਧਾਰਮਿਕ ਟੋਲਾ ਬਣਾਇਆ ਤਾਂ ਇਸ ਨਾਲ ਸਬੰਧਤ ਭੈਣੀ ਪਿੰਡ ਦੇ ਕੁੱਝ ਲੋਕ ਇਕੱਠੇ ਹੋ ਕੇ ਕੀਰਤਨ ਕਰਿਆ ਕਰਦੇ ਸਨ।...... ਕੁੱਝ ਕੂਕਿਆਂ ਨੇ ਬ੍ਰਾਹਮਣਾਂ ਦੇ ਅਸਰ ਹੇਠ ਆ ਕੇ 14 ਜੂਨ 1870 ਦੇ ਦਿਨ ਅੰਮ੍ਰਿਤਸਰ ਦੇ ਬੁੱਚੜਖਾਨੇ 'ਤੇ ਹਮਲਾ ਕਰ ਕੇ ਕੁੱਝ ਬੁੱਚੜ ਮਾਰ ਦਿੱਤੇ।...... ਇਸ ਮਗਰੋਂ ਇਨ੍ਹਾਂ ਨੇ 15 ਜਨਵਰੀ 1872 ਨੂੰ ਮਲੇਰਕੋਟਲਾ ਦੇ ਖ਼ਜ਼ਾਨੇ 'ਤੇ ਹਮਲਾ ਕੀਤਾ ਜਿਸ ਵਿੱਚ ਪੁਲੀਸ ਅਤੇ ਕੂਕਿਆਂ ਦੇ ਕਾਫ਼ੀ ਬੰਦੇ ਮਾਰੇ ਗਏ। ਸਰਕਾਰ ਨੇ 65 ਕੂਕਿਆਂ ਨੂੰ , ਮਲੇਕੋਟਲਾ ਵਿੱਚ ਤੋਪਾਂ ਅੱਗੇ ਖੜ੍ਹੇ ਕਰ ਕੇ ਉਡਾ ਦਿੱਤਾ। ਕੂਕਿਆਂ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਰਾਮ ਸਿੰਘ ਦਾ ਕੋਈ ਸਬੰਧ ਨਹੀਂ ਸੀ, ਪਰ ਕਿਉਂਕਿ ਇਹ ਹਰਕਤਾਂ ਕਰਨ ਵਾਲੇ ਉਸ ਦੇ ਚੇਲੇ ਸਨ, ਅੰਗਰੇਜ਼ਾਂ ਨੇ ਰਾਮ ਸਿੰਘ ਨੂੰ ਵੀ 17 ਜਨਵਰੀ 1872 ਦੇ ਦਿਨ ਭੈਣੀ ਤੋਂ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਪਹਿਲਾਂ ਅਲਾਹਾਬਾਦ ਅਤੇ ਫ਼ਿਰ ਰੰਗੂਨ (ਬਰਮਾ) ਭੇਜ ਦਿੱਤਾ, ਜਿਥੇ ਉਹ 29 ਨਵੰਬਰ 1885 ਦੇ ਦਿਨ ਚੜ੍ਹਾਈ ਕਰ ਗਿਆ।.... ਰਾਮ ਸਿੰਘ ਦੇ ਹੁੰਦਿਆਂ ਕੂਕਿਆਂ ਦੀ ਗਿਣਤੀ ਇੱਕ ਹਜ਼ਾਰ ਵੀ ਨਹੀਂ ਸੀ।

ਕੂਕੇ ਨਾਮਧਾਰੀ ਕਿਵੇਂ ਬਣੇ ?

ਰਾਮ ਸਿੰਘ ਦੀ ਮੌਤ (1885) ਤੋਂ ਕਾਫ਼ੀ ਚਿਰ ਮਗਰੋਂ ਤੱਕ ਵੀ ਇਸ ਜੱਥੇ ਦਾ ਨਾਮ 'ਨਾਮਧਾਰੀ' ਨਹੀਂ ਸੀ। ਇਹ ਕੋਈ ਲਹਿਰ ਨਹੀਂ ਸੀ ।...... ਅੰਗਰੇਜ਼ ਹਾਕਮ ਗੁਰਦਵਾਰਿਆਂ ਉੱਤੇ ਕਾਬਜ਼ ਮਹੰਤਾਂ ਦੇ ਨਾਲ ਸਨ। 1920 ਵਿੱਚ ਜਦੋਂ ਅਕਾਲੀ ਲਹਿਰ ਸ਼ੁਰੂ ਹੋਈ ਤਾਂ ਪਹਿਲਾਂ-ਪਹਿਲਾਂ, 'ਸਨਾਤਨੀ ਸਿੱਖ' ਦੇ ਲੇਬਲ ਹੇਠ ਗੁਰੂ ਸਾਹਿਬਾਨ ਦੇ ਵਾਰਿਸ (ਬੇਦੀ, ਤਰੇਹਨ, ਭੱਲੇ ਤੇ ਸੋਢੀ) ਮਹੰਤਾਂ ਦੀ ਮਦਦ ਵਾਸਤੇ ਨਿੱਤਰੇ। ਮਹੰਤਾਂ ਨੇ ਨਿਹੰਗਾਂ ਨੂੰ ਵੀ ਅਕਾਲੀ ਲਹਿਰ ਦੇ ਖ਼ਿਲਾਫ਼ ਵਰਤਣ ਦੀ ਕੋਸ਼ਿਸ਼ ਕੀਤੀ, ਪਰ 'ਬਾਬਾ' ਕਿਹਰ ਸਿੰਘ ਪੱਟੀ ਨਿਹੰਗ, ਅਕਾਲੀ ਦਲ ਦੇ ਨਾਲ ਰਿਹਾ। ਇਸੇ

ਕਰ ਕੇ ਨਿਹੰਗਾਂ ਨੂੰ ਮਹੰਤ ਜਾਂ ਅੰਗਰੇਜ਼ ਵਰਤ ਨਾ ਸਕੇ। ਇਸ ਮਗਰੋਂ **ਉਨ੍ਹਾਂ ਨੇ ਰਾਮ ਸਿੰਘ ਦੇ ਭਰਾ ਨੂੰ ਭੈਣੀ ਵਿੱਚ ਪਹੁੰਚ ਕੀਤੀ।ਰਾਮ ਸਿੰਘ ਦੇ ਭਤੀਜੇ ਪ੍ਰਤਾਪ ਸਿੰਘ (ਪੁੱਤਰ ਹਰੀ ਸਿੰਘ) ਨੂੰ ਪਹਿਲਾਂ ਤਾਂ ਨਾਮਧਾਰੀ ਕਹਿ ਕੇ ਰਾਮ ਸਿੰਘ ਦਾ ਵਾਰਿਸ ਬਣਾ ਕੇ ਪੇਸ਼ ਕੀਤਾ ਗਿਆ, ਪਰ ਮਗਰੋਂ ਇਸ ਨੂੰ 'ਫ਼ਿਰਕਾ' ਤੇ ਫਿਰ 'ਤੇਰ੍ਹਵਾਂ ਗੁਰੂ'ਬਣਾ ਕੇ ਸਿੱਖ ਧਰਮ ਦੇ ਖ਼ਿਲਾਫ਼ ਲਹਿਰ ਵਜੋਂ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ।**ਜਦੋਂ ਅੰਗਰੇਜ਼ ਇਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਵਰਤਣ ਵਿੱਚ ਕਾਮਯਾਬ ਹੋ ਗਏ ਤਾਂ ਉਨ੍ਹਾਂ ਨੇ 1922 ਵਿੱਚ ਭੈਣੀ ਪਿੰਡ ਵਿੱਚੋਂ ਪੁਲਿਸ ਚੌਂਕੀ ਹਟਾ ਲਈ। ਹੁਣ ਰਾਮ ਸਿੰਘ ਦਾ ਭਤੀਜਾ, ਪ੍ਰਤਾਪ ਸਿੰਘ ਅੰਗਰੇਜ਼ਾਂ, ਤੇ ਖਾਸ ਕਰ ਕੇ ਈਸਾਈ ਮਿਸ਼ਨਰੀਆਂ ਦੀਆਂ ਹਦਾਇਤਾਂ ਨਾਲ ਚੱਲਣ ਲੱਗ ਪਿਆ।

ਇਸ ਟੋਲੇ ਨੇ ਰਾਮ ਸਿੰਘ ਨੂੰ ਬਾਰ੍ਹਵਾਂ ਗੁਰੂ (ਬਾਲਕ ਸਿੰਘ ਨੂੰ ਯਾਰ੍ਹਵਾਂ ਗੁਰੂ ਕਹਿ ਕੇ) ਬਣਾਉਣ ਦੀ ਸਾਜਿਸ਼ 'ਤੇ ਅਮਲ ਸ਼ੁਰੂ ਕਰ ਦਿੱਤਾ। ਇਹ ਸ਼ਰ੍ਹੇਆਮ ਗੁਰੂ ਗ੍ਰੰਥ ਸਾਹਿਬ ਨੂੰ ਰੱਦ ਕਰਨਾ ਸੀ।

ਕੀ ਕੂਕੇ (ਅੱਜ ਦੇ ਨਾਮਧਾਰੀ) ਸਿੱਖ ਹਨ ?

1947 ਤੋਂ ਮਗਰੋਂ ਕੂਕੇ ਕਾਂਗਰਸ ਦੇ ਵਫ਼ਾਦਾਰ ਬਣ ਗਏ ਅਤੇ ਅੱਜ ਤੱਕ ਕਾਂਗਰਸ ਹਮਾਇਤੀ ਰਹੇ ਹਨ ਅਤੇ ਰਹਿਣਗੇ। **ਕੂਕੇ ਕਿਸੇ ਵੀ ਨੁਕਤੇ ਤੋਂ ਸਿੱਖ ਨਹੀਂ** ਮੰਨੇ ਜਾ ਸਕਦੇ। ਉਹ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ, ਅੱਗ ਦਵਾਲੇ ਫੇਰੇ ਲੈਂਦੇ ਹਨ, ਗਾਂ ਦੀ ਪੂਜਾ ਕਰਦੇ ਹਨ, ਦੇਹਧਾਰੀ ਗੁਰੂਡੰਮ ਦਾ ਪਖੰਡ ਕਰਦੇ ਹਨ। **ਕੂਕੇ ਸਿੱਖਾਂ ਵਾਸਤੇ ਕਾਫ਼ਿਰ ਹਨ ਤੇ ਇਨ੍ਹਾਂ ਦਾ ਦਰਜਾ, ਮੀਣਿਆਂ, ਰਾਮਰਾਈਆਂ, ਅਤੇ ਧੀਰਮਲ੍ਹੀਆਂ (ਜਾਂ ਨਿਰੰਕਾਰੀਆਂ, ਆਸ਼ੂਤੋਸ਼ੀਆਂ, ਨੂਰਮਹਿਲੀਆਂ, ਸਰਸਾ ਡੇਰੇ ਵਾਲਾ) ਵਰਗਾ ਹੈ।** ਉਹ ਗੁਰੂ ਗ੍ਰੰਥ ਸਾਹਿਬ ਦੇ ਵਿਰੋਧੀ ਹਨ। ਕੂਕੇ, ਹਿੰਦੂਆਂ ਦਾ ਇੱਕ ਫ਼ਿਰਕਾ ਤਾਂ ਹੋ ਸਕਦੇ ਹਨ, ਪਰ ਉਹ ਸਿੱਖ ਨਹੀਂ ਹਨ)"। (ਡਾ. ਹਰਜਿੰਦਰ ਸਿੰਘ ਦਿਲਗੀਰ:ਸਿੱਖ ਤਵਾਰੀਖ਼ ਸਫ਼ੇ 708-19)।

(ੲ) ਰਾਧਾਸਵਾਮੀਏ

ਇਹ ਸੰਪਰਦਾ, ਆਗਰੇ ਦੇ ਨੇੜੇ ਰਹਿਣ ਵਾਲੇ 'ਸਵਾਮੀ ਜੀ' ਅਤੇ ਉਨ੍ਹਾਂ ਦੀ ਪਤਨੀ 'ਰਾਧਾ' ਦੇ ਨਾਮ 'ਤੇ, ਵੀਹਵੀਂ ਸਦੀ ਦੌਰਾਨ ਹੋਂਦ 'ਚ ਆਈ ਸੀ । ਸਿੱਖ ਕੌਮ ਨੂੰ ਗੁਮਰਾਹ ਕਰਨ ਲਈ, ਇਸ ਸੰਪਰਦਾ ਦੇ ਮੁੱਖੀ ਵੀ ਸਿੱਖ ਸਰੂਪ ਵਾਲੇ ਅਖੌਤੀ ਸਿੱਖਾਂ ਨੂੰ ਹੀ ਬਣਾਇਆ ਜਾਂਦਾ ਰਿਹਾ ਹੈ।**ਇਹ ਵੀ ਭਾਵੇਂ ਆਸਰਾ ਤਾਂ (ਸਿਰਫ਼ ਦਿਖਾਵੇ ਮਾਤਰ ਲਈ) ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਹੀ ਲੈਂਦੇ ਹਨ, ਪਰ ਇਹ ਗੁਰਮਤਿ-ਵਿਰੋਧੀ ਦੇਹਧਾਰੀ ਗੁਰੂਡੰਮ ਹੀ ਹੈ।ਇਹ ਗੁਰਬਾਣੀ ਦੀ ਜਾਣ-ਬੁੱਝ ਕੇ ਆਪਣਾ ਸੁਆਰਥ ਪੂਰਾ ਕਰਨ ਲਈ**

ਦੁਰਵਿਆਖਿਆ ਕਰ ਕੇ ਆਪਣੀ 'ਹੱਟੀ' ਚਲਾ ਰਹੇ ਹਨ। ਇਸ ਲਈ ਇਹ ਗੁਰੂ ਨਾਨਕ ਦੇ ਘਰ ਦੇ ਚੋਰਾਂ ਸਮਾਨ ਹਨ।

(ਸ) ਕਲੇਰਾਂਵਾਲੀਏ (ਨਾਨਕਸਰੀਏ)

ਇਸ ਸੰਪਰਦਾ ਦੇ ਮੋਢੀ ਸਨ, 'ਬਾਬਾ' ਨੰਦ ਸਿੰਘ ਕਲੇਰਾਂ ਵਾਲੇ। 'ਬਾਬਾ' ਨੰਦ ਸਿੰਘ ਤੋਂ ਬਾਅਦ 'ਬਾਬਾ' ਈਸ਼ਰ ਸਿੰਘ ਝੋਰੜਾਂ ਵਾਲੇ ਇਸ ਦੇ ਮੁੱਖੀ ਬਣੇ। ਉਨ੍ਹਾਂ ਤੋਂ ਬਾਅਦ, ਇਹ ਸੰਪਰਦਾ ਕਈ ਹਿੱਸਿਆਂ 'ਚ ਵੰਡੀ ਗਈ। **ਇਨ੍ਹਾਂ ਨੇ 'ਗੁਰਦਵਾਰਾ' ਸੰਸਥਾ ਦੀ ਥਾਂ 'ਠਾਠਾਂ' ਬਣਾਈਆਂ ਹੋਈਆਂ ਹਨ, ਜਿੱਥੇ ਨਾ ਤਾਂ ਸਿੱਖ ਕੌਮ ਦਾ ਨਿਸ਼ਾਨ ਹੀ ਝੂਲਦਾ ਹੈ ਅਤੇ ਨਾ ਹੀ ਲੰਗਰ ਬਣਦਾ ਹੈ। ਇਹ ਸੰਪਰਦਾ ਵੀ, ਹੌਲੀ-ਹੌਲੀ, ਗੁਰੂ-ਡੰਮ ਅਤੇ ਮੂਰਤੀ-ਪੂਜਾ (ਬਿਪਰਵਾਦ) ਵੱਲ ਨੂੰ ਵੱਧਦੀ ਜਾ ਰਹੀ ਹੈ।**

ਸਿੱਖ ਕੌਮ 'ਚ ਸੰਪਰਦਾ ਲਈ ਕੋਈ ਥਾਂ ਨਹੀਂ !

ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਅੰਦਰ ਕਿਸੇ ਸੰਪਰਦਾ ਦੀ ਹੋਂਦ ਨੂੰ ਮੁੱਢੋਂ ਹੀ ਰੱਦ ਕੀਤਾ ਹੋਇਆ ਹੈ ਅਤੇ ਜਿਹੜੀਆਂ ਅਖੌਤੀ ਸਿੱਖ ਸੰਪਰਦਾਵਾਂ ਇਸ ਆਲਮਗੀਰੀ ਫ਼ਲਸਫ਼ੇ ਦੇ ਸਿਧਾਂਤਾਂ ਦੀ ਉਲੰਘਣਾ ਕਰ ਕੇ ਹੋਂਦ ਵਿੱਚ ਆਈਆਂ ਹੋਈਆਂ ਹਨ, ਉਨ੍ਹਾਂ ਕੋਲੋਂ ਗੁਰਮਤਿ ਇਨਕਲਾਬ ਦੇ ਵਿਕਾਸ ਲਈ ਕਿਸੇ ਹਾਂ-ਪੱਖੀ ਯੋਗਦਾਨ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਹਾਂ, ਆਪੋ-ਆਪਣੇ ਸੁਆਰਥਾਂ ਦੀ ਪੂਰਤੀ ਲਈ ਇਹ ਸੰਪਰਦਾਵਾਂ ਸਿੱਖ ਕੌਮ ਨੂੰ ਗੁਰਦਵਾਰਾ ਸੰਸਥਾ ਦੀ ਪੁਨਰ-ਸੁਰਜੀਤੀ ਰਾਹੀਂ ਜਾਗਰੂਕ ਹੋ ਕੇ ਗੁਰਮਤਿ ਇਨਕਲਾਬ ਦੇ ਸੰਸਾਰ ਵਿੱਚ ਵਿਕਾਸ ਕਰਨ ਦੀ ਕਿਰਿਆ ਨੂੰ ਰੋਕਣ ਲਈ ਜ਼ਰੂਰ ਯਤਨ ਕਰ ਰਹੀਆਂ ਹਨ ਤੇ ਕਰਨਗੀਆਂ। ਇਨ੍ਹਾਂ ਨੇ ਸਿੱਖ ਕੌਮ ਅੰਦਰ ਧਰਮ ਦੇ ਨਾਂ 'ਤੇ ਭਰਮ-ਭੁਲੇਖੇ ਖੜ੍ਹੇ ਕਰ ਕੇ ਭਾਰਤ ਵਿੱਚ ਤਾਂ ਗੁਰਮਤਿ ਸਿਧਾਂਤ, ਗੁਰ-ਇਤਿਹਾਸ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਦਾ ਭਗਵਾਂਕਰਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ **ਹੁਣ ਕੁੱਝ ਅਰਸੇ ਤੋਂ, ਇਹ ਮਾਨਵ-ਵਿਰੋਧੀ ਟੋਲੇ ਵਿਦੇਸ਼ਾਂ 'ਚ ਵੀ, ਆਪਣੇ ਅੰਧ-ਵਿਸ਼ਵਾਸ਼ੀ ਸ਼ਰਧਾਲੂਆਂ ਰਾਹੀਂ ਆਪਣੇ ਮਨਮਤੀ ਅੱਡੇ ਕਾਇਮ ਕਰਨ ਲਈ ਯਤਨਸ਼ੀਲ ਹਨ। ਇਹ ਵਿਦੇਸ਼ਾਂ 'ਚ ਜਾ ਕੇ ਵੱਸੇ ਹੋਏ ਸਿੱਖਾਂ ਲਈ ਪਰਖ ਦੀ ਘੜੀ ਅਤੇ ਖ਼ਤਰੇ ਦੀ ਘੰਟੀ ਹੈ। ਓ, ਸ਼ਬਦ-ਗੁਰੂ ਦੇ ਸਿੱਖ ਅਖਵਾਉਣ ਵਾਲਿਓ! ਸਮੁੱਚੀ ਮਨੁੱਖਤਾ ਦੇ ਗੁਰੂ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਿਧਾਂਤਾਂ ਨੂੰ ਸਮਝਣ ਦਾ**

ਯਤਨ ਕਰੋ, ਨਹੀਂ ਤਾਂ ਇਹ ਸੰਪਰਦਾਵਾਂ ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਨੂੰ ਤਹਿਸ-ਨਹਿਸ ਕਰ ਦੇਣਗੀਆਂ। ਸਿੱਖ ਕੌਮ ਦੀ ਮੌਜੂਦਾ ਡਾਵਾਂ-ਡੋਲ ਹਾਲਾਤ ਦਾ ਮੂਲ ਕਾਰਨ ਹੈ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਤੋਂ ਟੁੱਟ ਜਾਣਾ।

੧੦. **ਗੁਰਦਵਾਰਾ ਪ੍ਰਬੰਧਕੀ ਸਿਸਟਮ ਵਿੱਚ ਸਥਾਪਤ ਹੋਏ ਚਲੇ ਆ ਰਹੇ ਗੁਰਮਤਿ-ਵਿਹੂਣੇ ਪ੍ਰਬੰਧਕ**

ਅਜਿਹੇ ਗੁਰਮਤਿ-ਵਿਹੂਣੇ, ਖ਼ੁਦਗਰਜ਼, ਚੌਧਰਾਂ ਦੇ ਭੁੱਖੇ, ਧੜੇਬੰਦਕ ਅੰਸਰ ਵੀ ਇਸ ਗੁਰਮਤਿ ਸੰਸਥਾ 'ਤੇ ਆਪਣੀ ਪਕੜ ਬਣਾਈ ਰੱਖਣ ਲਈ ਪੂਰਾ ਟਿੱਲ ਲਗਾ ਰਹੇ ਹਨ ਅਤੇ ਲਾਉਂਦੇ ਰਹਿਣਗੇ। ਇਹ ਵੀ ਵਰਤਮਾਨ ਪ੍ਰਬੰਧਕੀ ਸਿਸਟਮ ਨੂੰ ਹੀ (ਇਸ ਵਿੱਚ ਮਾਮੂਲੀ ਤਬਦੀਲੀਆਂ ਕਰ ਕੇ) ਬਰਕਰਾਰ ਰੱਖਣਾ ਚਾਹੁਣਗੇ।ਇਨ੍ਹਾਂ ਨੂੰ ਰਾਹੇ-ਰਾਸਤਿ 'ਤੇ ਲਿਆਉਣ ਲਈ, ਗੁਰਮਤਿ ਦੇ ਕੇਵਲ ਇੱਕ ਸਿਧਾਂਤ ਨੂੰ ਹੀ ਲਾਗੂ ਕਰਨਾ ਕਾਫ਼ੀ ਹੋਵੇਗਾ। ਉਹ ਇਹ, ਕਿ **ਗੁਰਦਵਾਰਾ ਸੰਸਥਾ ਦੇ ਮਾਲਿਕ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਅਤੇ ਇਸ ਸੰਸਥਾ ਨਾਲ ਸਬੰਧਤ 'ਸੰਗਤਿ' ਤੇ 'ਪ੍ਰਬੰਧਕ' ਗੁਰੂ ਗ੍ਰੰਥ ਸਾਹਿਬ ਦੇ ਸੇਵਕ (ਚਾਕਰ) ਹਨ।** ਜਿਸ ਤਰ੍ਹਾਂ ਕਿਸੇ ਪਰਿਵਾਰ ਦੇ ਸਾਰੇ ਕਾਰਜ ਉਸ ਪਰਿਵਾਰ ਦੇ ਮੁੱਖੀ ਦੇ ਹੁਕਮਾਂ ਅਨੁਸਾਰ ਹੀ ਕੀਤੇ ਜਾਂਦੇ ਹਨ, ਭਾਵੇਂ ਕਿ ਪਰਿਵਾਰ ਦੇ ਦੂਜੇ ਮੈਂਬਰ (ਜਾਂ ਸੇਵਾਦਾਰ) ਪਰਿਵਾਰ ਦੇ ਕਾਰਜਾਂ ਲਈ ਆਪੋ-ਆਪਣੀ ਸਲਾਹ ਤਾਂ ਦੇ ਸਕਦੇ ਹਨ, ਪਰ ਉਹ ਪਰਿਵਾਰ ਦੇ ਮੁਖੀ ਨੂੰ ਆਪਣੇ ਹੁਕਮਾਂ ਅਨੁਸਾਰ ਚਲਾਉਣ ਦੀ ਗੁਸਤਾਖ਼ੀ ਭੁੱਲ ਕੇ ਵੀ ਨਹੀਂ ਕਰਦੇ। ਠੀਕ ਇਸੇ ਤਰ੍ਹਾਂ ਹੀ, **ਗੁਰਦਵਾਰਾ ਸੰਸਥਾ ਵੀ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ (ਗੁਰਮਤਿ ਫ਼ਲਸਫ਼ਾ) ਅਨੁਸਾਰ ਹੀ ਕਾਰਜਸ਼ੀਲ ਰਹੇਗੀ, ਸੰਗਤਿ ਤੇ ਪ੍ਰਬੰਧਕ ਇਸਨੂੰ ਆਪਣੀ ਮਰਜ਼ੀ ਨਾਲ ਚਲਾਉਣ ਦੇ ਅਧਿਕਾਰੀ ਨਹੀਂ ਹਨ। ਜਿਹੜੀ ਸੰਗਤਿ ਤੇ ਪ੍ਰਬੰਧਕ ਇਸ ਸੰਸਥਾ ਨੂੰ, ਗੁਰਮਤਿ ਸਿਧਾਂਤਾਂ ਦੀ ਉਲੰਘਣਾ ਕਰ ਕੇ, ਗੁਰੂ ਗ੍ਰੰਥ ਸਾਹਿਬ ਵੱਲੋਂ ਬੇਮੁੱਖ ਹੋ ਕੇ, ਆਪਣੇ ਹੁਕਮ ਅਨੁਸਾਰ ਚਲਾਉਣ ਦੀਆਂ ਕੋਝੀਆਂ ਕਾਰਵਾਈਆਂ ਕਰ ਰਹੇ ਹਨ, ਉਹ ਅਸਲ ਵਿੱਚ, ਗੁਰੂ ਗ੍ਰੰਥ ਸਾਹਿਬ 'ਤੇ ਆਪਣਾ ਹੁਕਮ ਚਲਾਉਣ ਦੀ ਮੂਰਖ਼ਤਾ ਹੀ ਕਰ ਰਹੇ ਹਨ ਜੋ ਕਿਸੇ ਹਾਲਤ ਵਿੱਚ ਵੀ ਬਰਦਾਸ਼ਤ ਕਰਨਯੋਗ ਨਹੀਂ ਹੈ।** ਅਜਿਹੇ ਅਨਸਰ ਆਪਣਾ ਅਮੋਲਕ ਮਨੁੱਖਾ ਜੀਵਨ ਅਜਾਂਈ ਤਾਂ ਗੁਆ ਕੇ ਜਾਣਗੇ ਹੀ, ਰੱਬੀ-ਦਰਗਾਹ ਅੰਦਰ, ਚੋਰਾਂ ਵਾਂਗੂੰ ਮੁਸ਼ਕਾਂ ਬੰਨ੍ਹ ਕੇ ਪੇਸ਼ ਕੀਤੇ ਜਾਣਗੇ ਅਤੇ ਵਿਸ਼ਟਾ ਦੇ ਕੀੜੇ ਬਣ ਕੇ, ਅਣਮਿਥੇ ਸਮੇਂ ਲਈ, ਦੁੱਖ ਭੋਗਣਗੇ। ਇਸ ਪ੍ਰਥਾਇ ਗੁਰੂ ਗ੍ਰੰਥ ਸਾਹਿਬ ਦਾ ਫ਼ੁਰਮਾਨ ਹੈ:

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥ (ਮ.੨, ੨੩੩)

ਸਿੱਖ ਦਾ ਕਰਤਵ ਹੈ, ਸ਼ਬਦ-ਗੁਰੂ ਦੇ ਹੁਕਮਾਂ (ਉਪਦੇਸ਼ਾਂ, ਸਿਧਾਂਤਾਂ) ਦੀ ਪਾਲਣਾ ਕਰਨਾ, ਨਾਕਿ ਗੁਰੂ ਅਤੇ ਗੁਰੂ ਦੀ ਸੰਸਥਾ 'ਤੇ ਆਪਣਾ ਹੁਕਮ ਚਲਾਉਣਾ।

੧੧. 'ਮਦਾਰੀ ਬਿਰਤੀ' ਵਾਲੇ ਅਖੌਤੀ ਸਿੱਖ

ਕੁੱਝ ਕੁ ਜਗ੍ਹਾ, ਸੰਗਤਿ ਵਿੱਚ, ਜੋੜ-ਤੋੜ ਦੀ ਖੇਡ ਦੇ ਮਾਹਿਰ, ਗੁਰਦਵਾਰਾ ਸੰਸਥਾ ਦੇ ਪ੍ਰਬੰਧਕਾਂ ਨੂੰ ਆਪਣੀਆਂ ਕਠ-ਪੁਤਲੀਆਂ ਦੇ ਤੌਰ ਤੇ ਕੰਟਰੋਲ ਕਰ ਕੇ ਚਲਾਉਣ ਵਾਲੇ ਬੰਦੇ ਵੀ ਹੁੰਦੇ ਹਨ। ਰਾਜਨੀਤਕ ਭਾਸ਼ਾ ਵਿੱਚ, ਇਨ੍ਹਾਂ ਨੂੰ ਕਿੰਗ ਮੇਕਰਜ਼ (King makers) ਕਿਹਾ ਜਾ ਸਕਦਾ ਹੈ। ਇਨ੍ਹਾਂ ਦੀ ਹੰਕਾਰੀ ਬਿਰਤੀ ਵੀ ਮੰਗ ਕਰੇਗੀ ਕਿ ਇਹ ਸੰਸਥਾ ਗੁਰਮਤਿ ਫ਼ਲਸਫ਼ੇ ਅਨੁਸਾਰ ਕਾਰਜਸ਼ੀਲ ਨਾ ਹੋਵੇ ਤਾਕਿ ਇਨ੍ਹਾਂ ਦਾ ਮਾਣ-ਸਤਿਕਾਰ ਬਣਿਆ ਰਹੇ ਅਤੇ ਪ੍ਰਬੰਧਕ ਗੁਰੂ ਗ੍ਰੰਥ ਸਾਹਿਬ ਤੋਂ ਅਗੁਵਾਈ ਲੈ ਕੇ ਚੱਲਣ ਦੀ ਬਜਾਏ, ਇਨ੍ਹਾਂ ਮਦਾਰੀਆਂ ਦੀਆਂ ਹਦਾਇਤਾਂ ਅਨੁਸਾਰ ਹੀ ਕੰਮ ਕਰਨ।

੧੨. 'ਹਉਮੈ-ਗ੍ਰਸੇ' ਖ਼ਰੂਦੀ ਬਿਰਤੀ ਵਾਲੇ 'ਤੀਸ ਮਾਰ-ਖ਼ਾਂ'

ਗੁਰਦਵਾਰਾ ਸੰਸਥਾ ਨਾਲ ਓਪਰੇ ਤੌਰ 'ਤੇ ਜੁੜੇ ਹੋਏ ਕੁੱਝ ਝਗੜਾਲੂ ਸੁਭਾਅ ਵਾਲੇ ਬੰਦੇ ਵੀ ਅਕਸਰ ਹੀ ਵੇਖਣ ਵਿੱਚ ਆਉਂਦੇ ਹਨ। ਇਹ ਗੁਰਮਤਿ ਦੀ ਸੋਝੀ ਅਤੇ ਗੁਰਮਤਿ ਜੀਵਨ-ਜਾਚ ਤੋਂ ਅਮਲੀ ਤੌਰ 'ਤੇ ਕੋਹਾਂ ਦੂਰ ਹੁੰਦੇ ਹਨ, ਪਰ ਹਰ ਵਿਸ਼ੇ 'ਤੇ 'ਚੁੰਝ-ਚਰਚਾ' ਕਰਨਾ ਇਨ੍ਹਾਂ ਦਾ ਸ਼ੁਗ਼ਲ ਬਣਿਆ ਹੁੰਦਾ ਹੈ। ਇਸ ਚੁੰਝ-ਚਰਚਾ ਵਿੱਚ ਵੀ ਇਹ ਦੂਜੇ ਦੀ ਗੱਲ ਨੂੰ ਧਿਆਨ ਨਾਲ ਸੁਣ ਕੇ ਦਲੀਲ-ਪੂਰਬਕ ਜਵਾਬ ਦੇਣਾ ਤਾਂ ਸਿੱਖੇ ਹੀ ਨਹੀਂ ਹੁੰਦੇ, ਬੱਸ ਅਪਣੀਆਂ ਯੱਭਲੀਆਂ ਹੀ ਮਾਰਦੇ ਰਹਿੰਦੇ ਹਨ ਅਤੇ ਉਚੀ, ਰੁੱਖੀ ਜਾਂ ਅਸਭਿਅਕ ਭਾਸ਼ਾ ਦੀ ਵਰਤੋਂ ਦੇ ਜ਼ੋਰ ਨਾਲ (ਦਲੀਲ ਨਾਲ ਨਹੀਂ) ਹੀ ਸੰਵਾਦ ਦੌਰਾਨ, ਹਾਵੀ (ਜੇਤੂ) ਹੋਣਾ ਲੋਚਦੇ ਹਨ। ਇਨ੍ਹਾਂ 'ਮਹਾਂਪੁਰਸ਼ਾਂ' ਨੂੰ ਅਕਸਰ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਬਾਰੇ ਉੱਕਾ ਹੀ ਕੋਈ ਜਾਣਕਾਰੀ ਨਹੀਂ ਹੁੰਦੀ, ਬੱਸ ਇਧਰ-ਉਧਰ ਦੀਆਂ ਝੂਠੀਆਂ-ਸੱਚੀਆਂ ਕਥਾ-ਕਹਾਣੀਆਂ ਦੇ ਆਧਾਰ 'ਤੇ ਹੀ ਬਹਿਸ ਕਰਨ ਦੇ ਆਦੀ ਹੁੰਦੇ ਹਨ।ਇਨ੍ਹਾਂ ਨੂੰ ਕੋਈ ਪੁੱਛੇ ਕਿ, **ਹੇ ਗੁਰਮਤਿ ਦੇ ਗਿਆਤਾ ਜੀਓ !ਜੇਕਰ 'ਗੁਰਬਾਣੀ' ਅਤੇ 'ਕਥਾ ਕਹਾਣੀ' ਵਿੱਚ ਕੋਈ ਵਿਰੋਧ ਹੋਵੇ ਤਾਂ ਕੀ 'ਗੁਰਬਾਣੀ' ਦੀ ਗੱਲ ਨੂੰ ਠੀਕ ਮੰਨੋਗੇ ਕਿ 'ਕਥਾ ਕਹਾਣੀ' ਦੇ ਪੱਖ ਨੂੰ ?** ਪਰ, ਇਹ 'ਮੈਂ ਨਾ ਮਾਨੂੰ' ਦੀ ਬਿਰਤੀ ਵਾਲੇ 'ਮਹਾਂਪੁਰਸ਼' ਆਪਣੀ ਜ਼ਿੱਦ ਨੂੰ ਕਦੇ ਵੀ ਛੱਡਣ ਲਈ ਤਿਆਰ ਨਹੀਂ

ਹੋਣਗੇ। ਜਦ ਕਦੇ ਇਹ ਸੰਗਤਿ ਵਿੱਚ ਆਉਂਦੇ ਵੀ ਹਨ ਤਾਂ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨੂੰ ਸਮਝਣ ਵਾਸਤੇ ਨਹੀਂ ਆਉਂਦੇ ਬਲਕਿ ਆਪਣੀ ਫ਼ੋਕੀ ਵਿਦਵਤਾ ਦਾ, 'ਖੁੰਢ-ਚਰਚਾ' ਦੁਆਰਾ, ਪ੍ਰਦਰਸ਼ਨ ਕਰਨ ਹੀ ਆਉਂਦੇ ਹਨ, ਯਾਨੀ ਕਿ ਹਰ ਇੱਕ ਵਿਸ਼ੇ 'ਤੇ ਦੂਜੀ ਧਿਰ ਨਾਲ ਸਿੰਗ ਫ਼ਸਾਉਣੇ ਇਨ੍ਹਾਂ ਦਾ ਸੁਭਾਅ ਬਣ ਚੁੱਕਿਆ ਹੁੰਦਾ ਹੈ। ਇਹ ਵੀ ਨਹੀਂ ਚਾਹੁਣਗੇ ਕਿ ਗੁਰਦਵਾਰਾ ਸੰਸਥਾ ਗੁਰਮਤਿ ਗਾਡੀ-ਰਾਹ 'ਤੇ ਆ ਕੇ ਗੁਰਮਤਿ ਇਨਕਲਾਬ ਦਾ ਵਿਕਾਸ ਕਰੇ। ਇਨ੍ਹਾਂ ਪ੍ਰਥਾਇ, ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ:

ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥
ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ, ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ, ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥

(ਮ.੧, ੧੪੧੧)

ਭਾਵ: ਹੇ ਭਾਈ! ਜਿਹੜੇ ਮਨੁੱਖ ਮਨੋਂ ਘੁੱਪ ਅੰਨ੍ਹੇ ਹਨ (ਪੁੱਜ ਕੇ ਮੂਰਖ ਹਨ, ਭਾਵ, ਗੁਰਮਤਿ ਸਿਧਾਂਤਾਂ ਦੀ ਸੋਝੀ ਤੋਂ ਬਿਲਕੁਲ ਹੀ ਕੋਰੇ ਹਨ), ਉਹ ਦੱਸਿਆਂ ਵੀ (ਇਨਸਾਨੀ) ਫ਼ਰਜ਼ ਨਹੀਂ ਜਾਣਦੇ, ਮਨ ਅੰਨ੍ਹਾ (ਭਾਵ, ਗੁਰਮਤਿ ਸਿਧਾਂਤਾਂ ਦੀ ਸੋਝੀ ਤੋਂ ਸੱਖਣਾ), ਹੋਣ ਕਰਕੇ, ਹਿਰਦਾ-ਕੰਵਲ (ਧਰਮ ਵੱਲੋਂ) ਉਲਟਿਆ ਹੋਇਆ ਹੋਣ ਦੇ ਕਾਰਨ, ਉਹ ਬੰਦੇ ਬਹੁਤ ਕੋਝੇ (ਕੋਝੇ ਜੀਵਨ ਵਾਲੇ) ਲੱਗਦੇ ਹਨ।ਕਈ ਮਨੁੱਖ ਐਸੇ ਹੁੰਦੇ ਹਨ ਜੋ (ਆਪ) ਗੱਲ ਕਰਨੀ ਵੀ ਜਾਣਦੇ ਹਨ, ਤੇ, ਕਿਸੇ ਦੀ ਆਖੀ ਵੀ ਸਮਝਦੇ ਹਨ, ਉਹ ਮਨੁੱਖ ਸੁਚੱਜੇ ਤੇ ਸੋਹਣੇ ਜਾਪਦੇ ਹਨ।

ਕਈ ਬੰਦਿਆਂ ਨੂੰ ਨਾ ਜੋਗੀਆਂ ਦੇ ਨਾਦ ਦਾ ਰਸ, ਨਾ ਵੇਦ (ਧਾਰਮਿਕ ਗ੍ਰੰਥਾਂ) ਦਾ ਸੌਂਕ, ਨਾ ਰਾਗ ਦੀ ਖਿਚ- ਕਿਸੇ ਤਰ੍ਹਾਂ ਦੇ ਕੋਮਲ ਹੁਨਰ ਵੱਲ ਰੁਚੀ ਨਹੀਂ ਹੈ, ਨਾ (ਵਿਚਾਰ ਵਿੱਚ) ਸਫ਼ਲਤਾ, ਨਾ ਸੁਚੱਜੀ ਬੁੱਧੀ, ਨਾ ਅਕਲ ਦੀ ਸਾਰ ਹੈ, ਤੇ ਇੱਕ ਅੱਖਰ ਵੀ (ਕੋਈ ਇੱਕ ਗੁਰਮਤਿ ਸਿਧਾਂਤ ਵੀ) ਨਹੀਂ ਸਮਝਦੇ (ਫ਼ਿਰ ਵੀ, ਆਕੜ ਹੀ ਆਕੜ ਵਿਖਾਲਦੇ ਹਨ)। **ਹੇ ਨਾਨਕ! ਜਿਨ੍ਹਾਂ ਵਿੱਚ ਕੋਈ ਗੁਣ (ਰੱਬੀ-ਗੁਣ) ਨਾ ਹੋਵੇ, ਤੇ, ਅਹੰਕਾਰ ਕਰੀ ਜਾਣ, ਉਹ ਮਨੁੱਖ ਨਿਰੇ ਖੋਤੇ ਹੀ ਹਨ।**

ਉੱਪਰ ਵਰਣਨ ਕੀਤੀਆਂ ਅਖੌਤੀ ਸਿੱਖ ਸ਼੍ਰੇਣੀਆਂ ਦਾ ਵਿਰੋਧ ਗੁਰਦਵਾਰਾ ਸੰਸਥਾ ਦੀ ਪੁਨਰ-ਸੁਰਜੀਤੀ ਤੱਕ ਹੀ ਸੀਮਤ ਨਹੀਂ ਰਹੇਗਾ, ਬਲਕਿ ਇਹ ਗੁਰੂ-ਦੋਖੀ ਧਿਰਾਂ, ਆਪਣੇ ਆਪਣੇ ਸੁਆਰਥ ਦੀ ਪੂਰਤੀ ਲਈ, ਆਖ਼ਰੀ ਦਮ ਤੱਕ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਇਨਕਲਾਬ ਦਾ ਵਿਰੋਧ ਕਰਦੀਆਂ ਹੀ ਰਹਿਣਗੀਆਂ।**ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਆ ਰਿਹਾ ਹੈ ਕਿ**

ਗੁਰਮਤਿ ਇਨਕਲਾਬ ਦਾ ਬਹੁਤਾ ਨੁਕਸਾਨ ਗੁਰਮਤਿ ਸਿਧਾਂਤਾਂ ਨਾਲੋਂ ਟੁੱਟੇ ਹੋਏ ਅਖੌਤੀ ਸਿੱਖਾਂ ਨੇ ਹੀ ਕੀਤਾ ਹੈ ਅਤੇ ਅੱਜ ਵੀ ਸਿੱਖ ਕੌਮ ਨੂੰ ਸਭ ਤੋਂ ਵੱਡਾ ਖ਼ਤਰਾ ਇਨ੍ਹਾਂ ਅਖੌਤੀ ਸਿੱਖਾਂ ਤੋਂ ਹੀ ਹੈ। ਇਸੇ ਕਰਕੇ ਆਮ ਕਹਾਵਤ ਜਿਹੀ ਬਣ ਗਈ ਹੈ ਕਿ-

''ਜੇ 'ਸਿੱਖ' ਸਿੱਖ ਨੂੰ ਨਾ ਮਾਰੇ, ਤਾਂ ਸਿੱਖ ਕੌਮ ਕਦੇ ਨਾ ਹਾਰੇ। ਇਸ ਕਰ ਕੇ, ਇਸ ਲਾਸਾਨੀ ਇਨਕਲਾਬ ਦੇ ਕਾਫ਼ਲੇ ਨੂੰ ਇਨ੍ਹਾਂ ਬੁੱਕਲ ਦੇ ਸਪੋਲੀਆਂ ਵੱਲੋਂ ਮੁਕੰਮਲ ਤੌਰ 'ਤੇ ਸੁਚੇਤ ਰਹਿ ਕੇ ਸੰਸਾਰ ਅੰਦਰ ਇਸ ਇਨਕਲਾਬ ਦਾ ਵਿਕਾਸ ਕਰਨਾ ਪਵੇਗਾ।

ਗੁਰਮਤਿ-ਵਿਰੋਧੀ ਗ਼ੈਰ-ਸਿੱਖ

ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਗੁਰੂ ਨਾਨਕ ਸਾਹਿਬ ਵੱਲੋਂ, ਰੱਬੀ-ਰਜ਼ਾ ਅਨੁਸਾਰ, ਅਰੰਭ ਕੀਤੇ ਅਜਿਹੇ **ਸਰਬੱਤ ਦੇ ਭਲੇ ਦੇ ਇਨਕਲਾਬ ਦਾ ਵਿਰੋਧ ਕਰਨ ਵਾਲੀ ਧਿਰ ਜਾਂ ਤਾਂ ਪਾਗ਼ਲ (ਮਹਾਂ-ਮੂਰਖ) ਕਹੀ ਜਾ ਸਕਦੀ ਹੈ ਅਤੇ ਜਾਂ ਫ਼ਿਰ 'ਮਹਾਂ-ਸ਼ੈਤਾਨ'**।ਪਾਗ਼ਲ ਪ੍ਰਾਣੀ ਨੂੰ ਤਾਂ ਸੋਝੀ ਹੀ ਨਹੀਂ ਹੁੰਦੀ ਕਿ ਉਹ ਕੀ ਕਰ ਰਿਹਾ ਹੈ ਅਤੇ ਕਿਉਂ ਕਰ ਰਿਹਾ ਹੈ।ਪਰ ਮਹਾਂ-ਸ਼ੈਤਾਨ ਹੱਦ ਦਰਜੇ ਦਾ ਚਲਾਕ ਤੇ ਸੁਆਰਥੀ ਹੁੰਦਾ ਹੈ ਅਤੇ ਆਪਣੇ ਸੁਆਰਥ ਦੀ ਪੂਰਤੀ ਲਈ ਉਹ ਕੁੱਝ ਵੀ (ਛੱਲ-ਕਪਟ, ਕਤਲ, ਬਲਾਤਕਾਰ ਵਰਗੇ ਸੰਗੀਨ ਜ਼ੁਰਮ ਵੀ) ਕਰ ਸਕਦਾ ਹੈ, ਕਿਉਂਕਿ ਉਸ ਲਈ ਸਰਬੱਤ ਦਾ ਭਲਾ ਜਾਂ ਨੈਤਿਕ-ਕਦਰਾਂ-ਕੀਮਤਾਂ (ਇਨਸਾਨੀਅਤ) ਕੋਈ ਮਾਅਨੇ ਨਹੀਂ ਰਖਦੀਆਂ। ਉਸ ਦੀ ਜ਼ਮੀਰ ਮੁਕੰਮਲ ਤੌਰ 'ਤੇ ਮਰ ਚੁੱਕੀ ਹੁੰਦੀ ਹੈ। **ਗੱਲ ਬੜੀ ਸਪੱਸ਼ਟ ਹੈ। ਲਾਸਾਨੀ (ਗੁਰਮਤਿ) ਇਨਕਲਾਬ ਉਨ੍ਹਾਂ ਮਾਨਵ-ਵਿਰੋਧੀ ਧਿਰਾਂ ਨੂੰ ਕਦੇ ਵੀ ਰਾਸ ਨਹੀਂ ਆ ਸਕਦਾ, ਜਿਨ੍ਹਾਂ ਨੇ ਆਪਣਾ ਸੁਆਰਥੀ ਉੱਲੂ ਸਿੱਧਾ ਕਰਨ ਲਈ ਸਮਾਜ ਵਿੱਚ ਕਈ ਕਿਸਮ ਦੀਆਂ ਵੰਡੀਆਂ (ਜ਼ਾਤ-ਪਾਤ, ਵਰਨ-ਆਸ਼ਰਮ, ਆਰਥਿਕ ਆਦਿ) ਪਾ ਕੇ ਆਪਣੀ ਚੌਧਰ ਤੇ ਧੌਂਸ ਦਾ ਸਿੱਕਾ ਜਮਾ ਕੇ ਰੱਖਣਾ ਹੁੰਦਾ ਹੈ।** ਇਨਕਲਾਬੀ ਗੁਰਮਤਿ ਫ਼ਲਸਫ਼ਾ ਇਨ੍ਹਾਂ ਸ਼ੈਤਾਨੀ ਧਿਰਾਂ ਨੂੰ ਨਾ ਸਿਰਫ਼ ਅਜਿਹਾ ਕਰਨ ਤੋਂ ਸਖ਼ਤੀ ਨਾਲ ਰੋਕਦਾ ਹੀ ਹੈ, ਬਲਕਿ ਇਨ੍ਹਾਂ ਨੂੰ ਸਹੀ ਟਿਕਾਣੇ 'ਤੇ ਲਿਆ ਕੇ ਹੀਰੋ ਤੋਂ ਜ਼ੀਰੋ ਬਣਾਉਂਦਾ ਹੈ। ਇਹੀ ਕਾਰਨ ਹੈ ਕਿ ਇਹ ਅਸੁਰੀ ਸ਼ਕਤੀਆਂ, ਕਿਸੇ ਕੀਮਤ 'ਤੇ ਵੀ, ਇਸ ਫ਼ਲਸਫ਼ੇ ਦੇ ਵਿਕਾਸ ਨੂੰ ਰੋਕਣਾ ਚਾਹੁੰਦੀਆਂ ਹਨ।

ਕੌਣ ਹਨ ਇਹ ਸ਼ੈਤਾਨੀ ਧਿਰਾਂ ਅਤੇ ਕੀ ਹਨ ਇਨ੍ਹਾਂ ਦੇ ਸੁਆਰਥ ?

ਇਨ੍ਹਾਂ ਪਰਲੇ ਦਰਜੇ ਦੀਆਂ ਤੁਅੱਸਬੀ ਤੇ ਸੁਆਰਥੀ ਧਿਰਾਂ ਨੂੰ, ਮੋਟੇ ਤੌਰ 'ਤੇ, ਹੇਠ ਲਿਖੀਆਂ ਸ਼੍ਰੇਣੀਆਂ (ਕਿਸਮਾਂ) ਵਿੱਚ ਵੰਡਿਆ ਜਾ ਸਕਦਾ ਹੈ:

੧ ਭ੍ਰਿਸ਼ਟ ਵਿਧਾਨ-ਪਾਲਕਾ।
੨. ਭ੍ਰਿਸ਼ਟ ਹਾਕਮ ਤੇ ਉਨ੍ਹਾਂ ਦੀ ਭ੍ਰਿਸ਼ਟ ਅਫ਼ਸਰਸ਼ਾਹੀ (ਭ੍ਰਿਸ਼ਟ ਕਾਰਜ-ਪਾਲਕਾ)।
੩. ਭ੍ਰਿਸ਼ਟ ਧਾਰਮਿਕ ਨੇਤਾ ਤੇ ਭ੍ਰਿਸ਼ਟ ਜੱਜ
੪. ਭ੍ਰਿਸ਼ਟ ਮੀਡੀਆ।
੫. ਮਾਨਵ-ਵਿਰੋਧੀ ਮਨੂੰਵਾਦੀ ਵਿਚਾਰਧਾਰਾ।
੬. ਜੋਗ-ਮੱਤ।
੭. ਹਿੰਦੂ-ਮੱਤ ?
੮. ਹਿੰਦੂਤਵ।
੯. ਬਾਣੀਆ (ਮਾਇਆਧਾਰੀ)।

੧. ਭ੍ਰਿਸ਼ਟ ਵਿਧਾਨ-ਪਾਲਕਾ

ਕਿਸੇ ਵੀ ਦੇਸ਼ ਨੂੰ ਚਲਾਉਣ ਲਈ ਉਸ ਦੇਸ਼ ਦਾ ਵਿਧਾਨ (ਲਿਖਤ ਰੂਪ ਵਿੱਚ, ਜਾਂ ਮੌਖਿਕ) ਘੜਿਆ ਜਾਂਦਾ ਹੈ। ਜੇਕਰ ਵਿਧਾਨਘਾੜੇ, ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮਾਂ, ਕਾਇਦੇ-ਕਾਨੂੰਨਾਂ ਦੀ ਬੁਨਿਆਦੀ ਸੋਝੀ ਰੱਖਣ ਵਾਲੇ ਅਤੇ ਨੈਤਿਕ-ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਵਾਲੇ ਹੋਣ, ਤਾਂ ਦੇਸ਼ ਦਾ ਵਿਧਾਨ ਹੱਕ, ਸੱਚ ਤੇ ਕੁਦਰਤੀ ਇਨਸਾਫ਼ ਦਾ ਜ਼ਾਮਨ ਹੋ ਨਿਬੜਦਾ ਹੈ ਅਤੇ ਆਸ ਬੱਝਦੀ ਹੈ ਕਿ ਦੇਸ਼ ਦੇ ਵਾਸੀ ਸੁਖ-ਸ਼ਾਂਤੀ ਪੂਰਬਕ ਜੀਵਨ ਵਸਰ ਕਰ ਸਕਣਗੇ। ਪਰ, **ਜੇਕਰ ਵਿਧਾਨਘਾੜੇ ਤੁਅੱਸਬੀ, ਸ਼ੈਤਾਨ ਬਿਰਤੀ ਵਾਲੇ, ਅਧਿਆਤਮਿਕ ਪੱਖ ਤੋਂ ਘੱਟ-ਅਕਲਮੰਦ ਅਤੇ ਸੁਆਰਥੀ ਹੋਣ ਤਾਂ ਉਸ ਦੇਸ਼ ਅੰਦਰ ਬਗ਼ਾਵਤ ਦਾ ਲਾਵਾ ਕਦੀ ਵੀ ਫ਼ੁੱਟ ਸਕਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਮਨੁੱਖਤਾ ਦਾ ਸਮੁੱਚਾ ਇਤਿਹਾਸ ਇਨ੍ਹਾਂ ਤੱਥਾਂ ਦੀ ਬੁਲੰਦ ਆਵਾਜ਼ ਵਿੱਚ ਪੁਸ਼ਟੀ ਕਰਦਾ ਆ ਰਿਹਾ ਹੈ। ਜਨਵਰੀ-ਫ਼ਰਵਰੀ 2011 ਵਿੱਚ ਮੱਧ-ਪੂਰਬ ਦੇ ਅਰਬ ਦੇਸ਼ਾਂ ਵਿੱਚ ਉੱਠੀਆਂ ਸਮੂਹ ਜਨਤਕ ਬਗ਼ਾਵਤਾਂ ਦੀਆਂ ਤਾਜ਼ਾ ਮਿਸਾਲਾਂ ਸਾਡੇ ਸਾਹਮਣੇ ਹਨ।**

ਬਦਕਿਸਮਤੀ ਨਾਲ, ਭਾਰਤ ਉਪ-ਮਹਾਂਦੀਪ ਦੇ ਵਿਧਾਨਘਾੜੇ ਉੱਪਰ ਵਰਣਨ ਕੀਤੀ ਦੂਜੀ ਸ਼੍ਰੇਣੀ ਵਿੱਚ ਸ਼ਾਮਿਲ ਕੀਤੇ ਜਾ ਸਕਦੇ ਹਨ। ਇਹੀ ਕਾਰਨ ਹੈ ਕਿ **ਅਗੱਸਤ 1947 ਵਿੱਚ ਦੇਸ਼ ਦੇ ਬਟਵਾਰੇ ਤੋਂ ਬਾਅਦ ਭਾਰਤ ਦੇ ਕਿਸੇ ਹਿੱਸੇ ਵਿੱਚ ਵੀ, ਹੱਕ, ਸੱਚ, ਇਨਸਾਫ਼ ਤੇ ਸੁਖ-ਸ਼ਾਂਤੀ ਨਾਮ ਦੀ ਸ਼ੈਅ ਦੇ ਦੀਦਾਰ ਅੱਜ ਤੱਕ ਨਸੀਬ ਨਹੀਂ ਹੋਏ।** ਭਾਰਤ ਦਾ ਵਿਧਾਨ, ਜਿੱਥੇ ਕਾਦਰ ਦੀ ਕੁਦਰਤਿ ਦੇ ਨਿਯਮਾਂ ਦੀ ਤਰਜਮਾਨੀ ਕਰਨ ਤੋਂ ਪੂਰੀ ਤਰ੍ਹਾਂ ਅਸਮਰੱਥ ਰਿਹਾ ਹੈ, ਉੱਥੇ ਘੱਟ-ਗਿਣਤੀਆਂ ਅਤੇ ਦਲਿਤਾਂ ਨੂੰ ਵੀ ਹਰ ਪੱਖ ਤੋਂ ਬਰਾਬਰਤਾ ਦੇ ਹੱਕ ਨਹੀਂ ਦੇ ਸਕਿਆ। **ਜਦੋਂ ਤੱਕ ਭਾਰਤ ਦੇ ਸੰਵਿਧਾਨ ਨੂੰ ਸਹੀ ਮਾਅਨਿਆਂ ਵਿੱਚ ਹੱਕ, ਸੱਚ ਤੇ ਕੁਦਰਤੀ**

ਇਨਸਾਫ਼ ਨੂੰ ਯਕੀਨੀ ਬਣਾਉਣ ਵਾਲਾ ਨਹੀਂ ਬਣਾਇਆ ਜਾਂਦਾ (ਭਾਵ ਕਿ, 'ਗਣ-ਤੰਤਰ' ਦੀ ਬਜਾਏ ਸਹੀ ਮਾਅਨਿਆਂ ਵਿੱਚ ਫ਼ੈਡਰਲ 'ਗੁਣ-ਤੰਤ੍ਰ' ਦੇ ਸਾਂਚੇ ਵਿੱਚ ਨਹੀਂ ਢਾਲਿਆ ਜਾਂਦਾ), ਸੰਸਾਰ ਦੇ ਇਸ ਖ਼ਿੱਤੇ ਅੰਦਰ ਸਥਾਈ ਸੁਖ-ਸ਼ਾਂਤੀ ਨਹੀਂ ਕਾਇਮ ਕੀਤੀ ਜਾ ਸਕਦੀ।

ਅੱਜ ਇਹ ਇੱਕ ਕੌੜਾ ਸੱਚ ਹੈ ਕਿ ਭਾਰਤ ਵਿੱਚ ਵੱਡੇ ਪੱਧਰ 'ਤੇ, ਅਪ੍ਰਾਧੀਆਂ ਦਾ ਸਿਆਸੀਕਰਨ ਤੇ ਸਿਆਸਤ ਦਾ ਅਪ੍ਰਾਧੀਕਰਨ ਹੋ ਚੁੱਕਾ ਹੈ। ਕਾਫ਼ੀ ਅਰਸੇ ਤੋਂ, ਮੀਡੀਆ ਰਾਹੀਂ ਪ੍ਰਾਪਤ ਹੋ ਰਹੀ ਜਾਣਕਾਰੀ, ਇਨ੍ਹਾਂ ਤੱਥਾਂ ਦੀ ਬੁਲੰਦ ਆਵਾਜ਼ ਵਿੱਚ ਪੁਸ਼ਟੀ ਕਰਦੀ ਆ ਰਹੀ ਹੈ। ਇਸ ਦੇਸ਼ ਦੇ ਸਿਸਟਮ ਦੀ ਤਾਣੀ ਦੀਆਂ ਕੁੱਝ ਤੰਦਾਂ ਹੀ ਨਹੀਂ ਉਲਝੀਆਂ ਹੋਈਆਂ, ਬਲਕਿ, ਪੂਰੀ ਦੀ ਪੂਰੀ ਤਾਣੀ ਹੀ ਉਲਝੀ ਪਈ ਹੈ ਅਤੇ ਹੁਣ ਤੱਕ ਵੱਡੇ-ਵੱਡੇ ਭ੍ਰਿਸ਼ਟਾਚਾਰਾਂ ਦੇ ਕਲੰਕ ਇਸ ਉਪ-ਮਹਾਂਦੀਪ ਦੇ ਮੱਥੇ 'ਤੇ ਲੱਗ ਚੁੱਕੇ ਹਨ। ਅਜਿਹੇ ਭ੍ਰਿਸ਼ਟ ਅਪ੍ਰਾਧਿਕ ਸਿਆਸੀ ਮਾਹੌਲ ਵਿੱਚ ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ ? ਸੰਸਾਰ ਦੇ ਇਸ ਖ਼ਿੱਤੇ ਅੰਦਰ ਹਲੇਮੀ-ਰਾਜ ਤਦ ਹੀ ਕਾਇਮ ਕੀਤਾ ਜਾ ਸਕੇਗਾ ਜੇਕਰ 'ਅਨੇਕਤਾ' ਵਿੱਚ 'ਏਕਤਾ'('ਏਕਤਾ ਵਿੱਚ ਅਨੇਕਤਾ ਨਹੀਂ") ਦੇ ਕੁਦਰਤੀ ਅਸੂਲ ਦੀ ਸਹੀ ਮਾਅਨਿਆਂ ਵਿੱਚ ਪਾਲਣਾ ਕਰਨ ਵਾਲਾ ਵਿਧਾਨ ਘੜ ਕੇ ਲਾਗੂ ਕੀਤਾ ਜਾਵੇ ਜਿਸ ਵਿੱਚ ਘੱਟ-ਗਿਣਤੀਆਂ ਅਤੇ ਗ਼ਰੀਬ ਵਰਗਾਂ ਦੇ ਸਰਬ-ਪੱਖੀ ਵਿਕਾਸ,ਮਨੁੱਖੀ ਹੱਕਾਂ ਦੀ ਪਾਲਣਾ ਅਤੇ ਮਨੁੱਖ ਦੀ ਕੁਦਰਤੀ ਆਜ਼ਾਦੀ ਨੂੰ ਯਕੀਨੀ ਬਣਾਇਆ ਜਾ ਸਕੇ।

੨. ਭ੍ਰਿਸ਼ਟ ਹਾਕਮ (Corrupt Ruler) ਤੇ ਭ੍ਰਿਸ਼ਟ ਅਫ਼ਸਰਸ਼ਾਹੀ (Corrupt Bureaucracy) - ਭ੍ਰਿਸ਼ਟ ਕਾਰਜ-ਪਾਲਕਾ

ਭ੍ਰਿਸ਼ਟ ਹਾਕਮ (ਅਜੋਕੇ ਬਾਦਸ਼ਾਹ, ਰਾਸ਼ਟਰਪਤੀ, ਪ੍ਰੈਜ਼ੀਡੈਂਟ, ਪ੍ਰਧਾਨ ਮੰਤਰੀ, ਮੁੱਖ-ਮੰਤਰੀ ਆਦਿ) ਅਤੇ ਭ੍ਰਿਸ਼ਟ ਅਫ਼ਸਰਸ਼ਾਹੀ ਦੀ ਏਹੀ ਕੋਸ਼ਿਸ਼ ਹੁੰਦੀ ਹੈ ਕਿ ਸਮਾਜ ਕੁਦਰਤੀ ਕਾਇਦੇ-ਕਾਨੂੰਨਾਂ ਦੀ ਪਾਲਣਾ ਕਰਨ ਦੀ ਬਜਾਏ, ਇਨ੍ਹਾਂ ਵੱਲੋਂ ਬਣਾਏ ਲੰਗੜੇ-ਲੂਲੇ ਅਤੇ ਵਿਤਕਰੇ ਕਰਨ ਵਾਲੇ ਕਾਇਦੇ ਕਾਨੂੰਨਾਂ ਦੀ ਹੀ ਪਾਲਣਾ ਕਰੇ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨ੍ਹਾਂ ਦੀ ਤੁਲਨਾ ਖ਼ੂੰ-ਖ਼ਾਰ ਜੰਗਲੀ ਜਾਨਵਰਾਂ ਅਤੇ ਲਾਲਚੀ ਕੁੱਤਿਆਂ ਨਾਲ ਇੰਝ ਕਰਦੀ ਹੈ:

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥ ਨਕੀਂ ਵਢੀਂ ਲਾਇਤਬਾਰ ॥੨॥

(ਮ.੧, ੧੨੮੮)

ਭਾਵ: (ਨਾਮ ਤੋਂ ਸੱਖਣੀ ਵਿਦਿਆ ਦਾ ਹਾਲ ਤੱਕੋ), ਰਾਜੇ (ਮਾਨੋਂ) ਸ਼ੇਰ (ਖ਼ੂੰਖਾਰ ਜਾਨਵਰ) ਹਨ, ਉਨ੍ਹਾਂ ਦੇ ਪੜ੍ਹੇ ਹੋਏ ਅਹਿਲਕਾਰ (ਮਾਨੋਂ) ਕੁੱਤੇ ਹਨ (ਜੋ) ਬੈਠੇ-ਸੁੱਤੇ (ਵੇਲੇ-ਕੁਵੇਲੇ) ਬੰਦਿਆਂ ਨੂੰ ਜਾ ਜਗਾਉਂਦੇ ਹਨ (ਭਾਵ, ਤੰਗ-ਪ੍ਰੇਸ਼ਾਨ ਕਰਦੇ ਹਨ) ।

ਇਹ ਅਹਿਲਕਾਰ (ਮਾਨੋਂ ਸ਼ੇਰਾਂ ਦੀਆਂ) ਨਹੁੰਦਰਾਂ ਹਨ, ਜੋ (ਲੋਕਾਂ ਦਾ) ਘਾਤ ਕਰਦੀਆਂ ਹਨ। ਰਾਜੇ ਸ਼ੀਹਂ ਇਨ੍ਹਾਂ ਮੁੱਕਦਮ ਕੁੱਤਿਆਂ ਰਾਹੀਂ (ਲੋਕਾਂ ਦਾ) ਲਹੂ ਪੀਂਦੇ ਹਨ। (ਲੋਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਨੂੰ ਲੁਟਦੇ ਹਨ) ਪਰ ਜਿਥੇ ਜੀਵਾਂ ਦੀ (ਕਰਣੀ ਦੀ) ਪਰਖ਼ ਹੁੰਦੀ ਹੈ, ਉਥੇ ਅਜਿਹੇ (ਪਫ਼ੜੇ ਹੋਏ ਬੰਦੇ) ਬੇ-ਇਤਬਾਰੇ ਨੱਕ-ਵੱਢੇ (ਸਮਝੇ ਜਾਂਦੇ) ਹਨ।

(ੳ) ਸਰਕਾਰੀ ਸ਼ਹਿ 'ਤੇ ਸਿੱਖ ਕੌਮ ਦੀ ਨਸਲਕੁਸ਼ੀ (State sponsored genocide of the Sikhs)

ਸੰਨ 1978 ਤੋਂ ਹੀ, ਭਾਰਤ ਵਿਚਲੀ ਮਨੂੰਵਾਦੀ ਲੌਬੀ (Coterie) ਦੀ ਸਾਜਿਸ਼ ਅਧੀਨ, ਹਿੰਦੂਆਂ ਅਤੇ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਭੜਕਾਉਣ ਵਾਲੀਆਂ ਕਾਰਵਾਈਆਂ ਦੁਆਰਾ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਨਫ਼ਰਤ ਪੈਦਾ ਕਰ ਕੇ ਦੇਸ਼ ਦੇ ਫ਼ਿਰਕੂ-ਮਾਹੌਲ ਨੂੰ ਵਿਗਾੜਿਆ ਗਿਆ ਅਤੇ ਇਸ ਸਾਰੇ ਕੁੱਝ ਦਾ ਦੋਸ਼ ਸਿੱਖਾਂ ਦੇ ਸਿਰ ਮੜ੍ਹ ਦਿੱਤਾ ਗਿਆ। ਇਸ ਦੌਰਾਨ, ਮੀਡੀਆ ਦੀ ਦੁਰਵਰਤੋਂ ਕਰ ਕੇ, ਸਿੱਖਾਂ ਨੂੰ ਅਤੰਕਵਾਦੀ, ਅਤਿਵਾਦੀ, ਵੱਖਵਾਦੀ, ਦੇਸ਼ ਦੇ ਗ਼ੱਦਾਰ ਆਦਿ ਵਿਸ਼ੇਸ਼ਣਾਂ ਨਾਲ ਸ਼ਿੰਗਾਰ ਕੇ ਕੌਮਾਂਤਰੀ ਪੱਧਰ 'ਤੇ ਸਿੱਖਾਂ ਦਾ ਨਾਮ ਬਦਨਾਮ ਕਰਨ ਲਈ, ਮੀਡੀਆ ਰਾਹੀਂ, ਸਿੱਖਾਂ ਦੇ ਖਿਲਾਫ਼ ਬੇ-ਤਹਾਸ਼ਾ ਕੂੜ-ਪ੍ਰਚਾਰ ਕਰਵਾ ਕੇ ਸਿੱਖ ਕੌਮ ਦੀ ਨਸਲਕੁਸ਼ੀ ਦੇ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਨ ਲਈ ਰਾਹ ਪੱਧਰਾ ਕੀਤਾ ਗਿਆ। ਇਹ ਸਾਰਾ ਕੁੱਝ ਕਰਨ ਤੋਂ ਬਾਅਦ, 'ਸੰਤ' ਜਰਨੈਲ ਸਿੰਘ ਅਤੇ ਉਨ੍ਹਾਂ ਦੇ ਸਹਿਜੋਗੀਆਂ ਤੋਂ ਦਰਬਾਰ ਸਾਹਿਬ ਸਮੂਹ ਖਾਲੀ ਕਰਾਉਣ ਦਾ ਬਹਾਨਾ ਬਣਾ ਕੇ, ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜੁਨ ਸਾਹਿਬ ਦੇ ਸ਼ਹੀਦੀ-ਪੁਰਬ ਦੇ ਦਿਨ 4 ਜੂਨ 1984 ਨੂੰ, ਸਵੇਰੇ ਤੜਕਸਾਰ (ਅੰਮ੍ਰਿਤ ਵੇਲੇ) ਦਰਬਾਰ ਸਾਹਿਬ ਸਮੂਹ, ਅੰਮ੍ਰਿਤਸਰ ਅਤੇ ਤਿੰਨ ਦਰਜਨ ਤੋਂ ਵਧੀਕ ਹੋਰ ਇਤਿਹਾਸਕ ਗੁਰਦਵਾਰਿਆਂ 'ਤੇ ਭਾਰਤੀ ਫ਼ੌਜ ਤੋਂ ਟੈਂਕਾਂ ਤੇ ਤੋਪਾਂ ਦੁਆਰਾ ਹਮਲਾ ਕਰਵਾ ਕੇ ਸਿੱਖ ਕੌਮ ਦੀ ਨਸਲਕੁਸ਼ੀ ਅਰੰਭ ਕਰ ਦਿੱਤੀ ਗਈ। ਜੇਕਰ ਮਸਲਾ ਸਿਰਫ਼ ਭਾਈ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਤੋਂ ਦਰਬਾਰ ਸਾਹਿਬ ਖਾਲੀ ਕਰਵਾਉਣ ਦਾ ਹੀ ਸੀ ਤਾਂ ਫਿਰ ਹੋਰ ਤਿੰਨ ਦਰਜਨ ਤੋਂ ਵਧੀਕ ਗੁਰਧਾਮਾਂ 'ਤੇ ਫ਼ੌਜੀ ਹਮਲਾ ਕਿਉਂ ਕੀਤਾ ਗਿਆ? ਗੱਲ ਬੜੀ ਸਪੱਸ਼ਟ ਹੈ ਕਿ **ਮਨੂੰਵਾਦੀ ਵਿਚਾਰਧਾਰਾ ਨੂੰ ਜੀਵਤ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ (ਜਿਹੜੀ ਕਿ ਮਨੂੰਵਾਦੀ,ਮਾਨਵ-ਵਿਰੋਧੀ ਵਿਚਾਰਧਾਰਾ ਦੇ ਢੋਲ ਦਾ ਪੋਲ ਨਿਰਪੱਖ ਅਤੇ ਨਿਡੱਕ ਹੋ ਕੇ ਖੋਲ੍ਹਦੀ ਹੈ) 'ਤੇ ਮਾਰੂ ਵਾਰ ਕਰਨਾ ਜ਼ਰੂਰੀ ਸੀ, ਕਿਉਂਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਮਨੂੰਵਾਦੀ ਲੌਬੀ ਸ਼ਬਦ-ਗੁਰੂ ਦੀ ਵਿਚਾਰਧਾਰਾ (ਗੁਰੂ ਗ੍ਰੰਥ ਸਾਹਿਬ**

ਦਾ ਫ਼ਲਸਫ਼ਾ) ਨੂੰ ਹਰ ਹੀਲੇ ਤਹਿਸ-ਨਹਿਸ ਕਰਨ ਦੀਆਂ ਕਾਰਵਾਈਆਂ ਕਰਦੀ ਆ ਰਹੀ ਸੀ, ਪਰ ਮੁਕੰਮਲ ਸਫ਼ਲਤਾ ਨਹੀਂ ਸੀ ਪ੍ਰਾਪਤ ਕਰ ਸਕੀ। ਇਸ ਕਰ ਕੇ ਇਹ ਮਾਨਵ-ਵਿਰੋਧੀ ਵਿਚਾਰਧਾਰਾ ਗੁਰਮਤਿ ਫ਼ਲਸਫ਼ੇ 'ਤੇ ਬਹੁਤ ਹੀ ਕਰਾਰਾ ਵਾਰ ਕਰਨਾ ਚਾਹੁੰਦੀ ਸੀ ਤਾਕਿ ਸਿੱਖ ਕੌਮ ਨੂੰ ਦੁਬਾਰਾ ਉੱਠਣ ਜੋਗਾ ਨਾ ਛੱਡਿਆ ਜਾਵੇ। ਅਣਖ਼ੀ ਸਿੱਖਾਂ ਦੇ ਸਿਰਾਂ ਦੇ ਮੁੱਲ ਮੁਕੱਰਰ ਕਰ ਦਿੱਤੇ ਗਏ ਅਤੇ ਇਹ ਨਸਲਕੁਸ਼ੀ ਦੀਆਂ ਕਾਰਵਾਈਆਂ ਤਕਰੀਬਨ 1995 ਤੱਕ ਚਲਦੀਆਂ ਰਹੀਆਂ ਅਤੇ ਅੱਜ ਤੱਕ ਵੀ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹਨ। (ਇਸ ਦੌਰਾਨ, ਭਾਰਤੀ ਫ਼ੌਜਾਂ ਦੁਆਰਾ ਕੇਂਦਰੀ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿੱਚੋਂ ਅਮੋਲਕ ਸਾਹਿਤ (ਸਮੇਤ ਗੁਰੂ ਗ੍ਰੰਥ ਸਾਹਿਬ ਦੇ ਪੁਰਾਤਨ ਹੱਥ-ਲਿਖਤ ਸਰੂਪਾਂ ਦੇ) ਲੁੱਟ ਲਿਆ ਗਿਆ (ਜੋ ਅਜੇ ਤੱਕ ਵੀ ਵਾਪਿਸ ਨਹੀਂ ਕੀਤਾ ਗਿਆ), ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਹੱਥ-ਲਿਖਤ ਸਰੂਪ ਨਸ਼ਟ ਕੀਤੇ ਗਏ, ਗੁਰਦਵਾਰੇ ਅੱਗਾਂ ਲਗਾ ਕੇ ਸਾੜੇ ਗਏ, ਪੰਜਾਬ ਤੋਂ ਬਾਹਰ ਕਈ ਪਿੰਡਾਂ ਵਿੱਚ ਰਹਿੰਦੇ ਸਿੱਖ ਸਮੂਹਕ ਤੌਰ 'ਤੇ ਖ਼ਤਮ ਕੀਤੇ ਗਏ, ਹਜ਼ਾਰਾਂ ਹੀ ਸਿੱਖ ਬੀਬੀਆਂ ਨਾਲ ਸਮੂਹਕ ਬਲਾਤਕਾਰ ਕੀਤੇ ਗਏ, ਸਿੱਖਾਂ ਦੇ ਘਰ, ਦੁਕਾਨਾਂ ਤੇ ਫੈਕਟਰੀਆਂ ਨਸ਼ਟ ਕਰ ਦਿੱਤੀਆਂ ਗਈਆਂ, ਅਨੇਕਾਂ ਸਿੱਖਾਂ ਨੂੰ ਜਿਉਂਦੇ ਹੀ ਸਾੜ ਦਿੱਤਾ ਗਿਆ, ਹਜ਼ਾਰਾਂ ਹੀ ਸਿੱਖ ਝੂਠੇ ਮੁਕਾਬਲੇ ਬਣਾ ਕੇ ਕਤਲ ਕੀਤੇ ਗਏ ਅਤੇ ਹਜ਼ਾਰਾਂ ਹੀ ਸਿੱਖ ਕਾਲੇ ਕਾਨੂੰਨ ਬਣਾ ਕੇ ਜੇਲ੍ਹਾਂ ਵਿੱਚ ਬੰਦ ਕਰ ਕੇ ਉਨ੍ਹਾਂ 'ਤੇ ਤਸ਼ੱਦਦ ਕੀਤਾ ਗਿਆ। ਲੱਖਾਂ ਦੀ ਗਿਣਤੀ ਵਿੱਚ ਸਿੱਖ ਮਾਰੇ ਗਏ ਜਿਨ੍ਹਾਂ ਵਿੱਚ ਸਿੱਖ ਬੀਬੀਆਂ, ਬਜ਼ੁਰਗ ਅਤੇ ਕੁੱਛੜ ਚੁੱਕੇ ਨਿੱਕੇ-ਨਿੱਕੇ ਬਾਲ ਵੀ ਸ਼ਾਮਿਲ ਸਨ। ਇਤਨੇ ਵੱਡੇ ਪੱਧਰ 'ਤੇ ਸਿੱਖ ਕੌਮ ਦੀ ਨਸਲਕੁਸ਼ੀ ਹੋਣ ਦੇ ਬਾਵਜੂਦ ਭਾਰਤ ਦੀ ਲੋਕ-ਰਾਜ ਵਾਲੀ ਸੰਸਦ ਵਿੱਚ ਕੋਈ ਅਫ਼ਸੋਸ ਜਾਂ ਸਿੱਖ ਕੌਮ ਨਾਲ ਹਮਦਰਦੀ ਦੇ ਦੋ ਸ਼ਬਦ ਵੀ ਸੁਣਾਈ ਨਾ ਦਿੱਤੇ। ਸਗੋਂ ਉਲਟਾ, ਸਿੱਖ ਕੌਮ ਦੇ ਰਿਸਦੇ ਡੂੰਘੇ ਜ਼ਖ਼ਮਾਂ 'ਤੇ ਨਮਕ ਛਿੜਕਣ ਲਈ, ਸਿੱਖਾਂ ਦੀ ਨਸਲਕੁਸ਼ੀ ਲਈ ਉੱਘਾ ਯੋਗਦਾਨ ਪਾਉਣ ਵਾਲੇ ਫ਼ੌਜੀਆਂ ਨੂੰ ਜੰਗੀ-ਇਨਾਮ ਅਤੇ ਤਮਗ਼ੇ (Battle Awards) ਦੇ ਕੇ ਸਨਮਾਨਿਤ ਕੀਤਾ ਗਿਆ। ਕੀ ਇਸ ਵਰਤਾਰੇ ਤੋਂ ਇਸ ਹਕੀਕਤ ਦੀ ਪੁਸ਼ਟੀ ਨਹੀਂ ਹੁੰਦੀ ਕਿ ਇਹ ਸਾਰਾ ਕੁੱਝ ਤੱਤਕਾਲੀਨ ਸਰਕਾਰੀ ਸ਼ਹਿ 'ਤੇ ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਹੀ ਕੀਤਾ ਗਿਆ ਸੀ ? ਇੱਥੇ ਹੀ ਬੱਸ ਨਹੀਂ। ਬਹੁਤ ਸਾਰੇ ਸਿੱਖ, ਜਿਨ੍ਹਾਂ ਵਿੱਚ ਕੁੱਝ ਨਾਬਾਲਗ ਅਤੇ 70-75 ਸਾਲ ਦੇ ਬਜ਼ੁਰਗ ਵੀ ਦੱਸੇ ਜਾਂਦੇ ਹਨ, ਅਜੇ ਤੱਕ ਜੇਲ੍ਹਾਂ ਵਿੱਚ ਡੱਕੇ ਹੋਏ ਹਨ (ਕਈ ਬਿਨਾਂ ਮੁਕੱਦਮਾ ਚਲਾਏ ਹੀ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ ਅਤੇ ਧਾਰਮਿਕ ਤੁਅੱਸਬ ਦਾ ਸ਼ਿਕਾਰ ਹੋ ਕੇ

ਤਸੀਹੇ ਝੇਲ ਰਹੇ ਹਨ)। ਕੀ ਇਨ੍ਹਾਂ ਸਿੱਖਾਂ ਦੇ ਮਨੁੱਖੀ ਹੱਕਾਂ ਦਾ ਘਾਣ ਕਰਨ ਲਈ ਭਾਰਤੀ ਲੋਕ-ਰਾਜ ਦੇ ਚਾਰ ਥੰਮ੍ਹਾਂ ਨੂੰ ਦੋਸ਼-ਮੁਕਤ ਕੀਤਾ ਜਾ ਸਕਦਾ ਹੈ? ਜੇਕਰ ਭਾਰਤ ਵਿੱਚ ਸਹੀ ਮਾਅਨਿਆਂ ਵਿੱਚ ਗਣਤੰਤ੍ਰ ਹੁੰਦਾ ਤਾਂ-

(i) **ਵਿਧਾਨ ਪਾਲਿਕਾ** - ਹਿਟਲਰ ਦੀ ਨਾਜ਼ੀ ਪਾਰਟੀ ਦੁਆਰਾ ਯਹੂਦੀਆਂ ਦੀ ਨਸਲਕੁਸ਼ੀ ਦੇ ਦੋਸ਼ੀਆਂ ਦੇ ਖਿਲਾਫ਼ ਜੰਗੀ-ਜ਼ੁਰਮਾਂ (War Crimes) ਦੀ ਸੁਣਵਾਈ ਲਈ ਨਿਊਰਮਬਰਗ ਵਿੱਚ ਸਥਾਪਤ ਕੀਤੀ ਵਿਸ਼ੇਸ਼ ਅਦਾਲਤ ਦੀ ਤਰਜ਼ 'ਤੇ ਕਾਨੂੰਨ ਬਣਾ ਕੇ ਦੋਸ਼ੀਆਂ ਦੇ ਖ਼ਿਲਾਫ਼ 'ਸਮੇਂ-ਬੱਧ' ਢੰਗ ਨਾਲ ਕਾਨੂੰਨੀ ਕਾਰਵਾਈ ਨੂੰ ਯਕੀਨੀ ਬਣਾਉਂਦੀ;

(ii) **ਕਾਰਜ ਪਾਲਿਕਾ** - ਦੋਸ਼ੀਆਂ 'ਤੇ ਸਪੈਸ਼ਲ ਅਦਾਲਤਾਂ 'ਚ ਮੁਕਦਮੇ ਚਲਾ ਕੇ, ਉਨ੍ਹਾਂ ਨੂੰ ਬਣਦੀਆਂ ਸਜ਼ਾਵਾਂ ਦਿਵਾਉਂਦੀ;

(iii) **ਨਿਆਂ-ਪਾਲਿਕਾ** - ਆਪਣੇ ਤੌਰ 'ਤੇ ਹੀ ਸਿੱਖ ਕੌਮ ਦੀ ਨਸਲਕੁਸ਼ੀ ਦਾ Sou Motu ਨੋਟਿਸ ਲੈ ਕੇ, ਯੋਗ ਕਾਨੂੰਨੀ ਕਾਰਵਾਈ ਦੁਆਰਾ ਪੀੜਤ ਧਿਰਾਂ ਨੂੰ ਇਨਸਾਫ਼ ਦੇਂਦੀ; ਅਤੇ

(iv) **ਮੀਡੀਆ** - ਨਿਰਪੱਖਤਾ ਨਾਲ ਬਣਦਾ ਯੋਗਦਾਨ ਪਾ ਕੇ, ਮਜ਼ਲੂਮ ਧਿਰਾਂ ਲਈ ਇਨਸਾਫ਼ ਹਾਸਿਲ ਕਰਨ 'ਚ ਸਹਾਇਤਾ ਕਰਦਾ।

ਪਰ ਅਫ਼ਸੋਸ, ਕਿ ਭਾਰਤੀ ਲੋਕ-ਰਾਜ ਦੇ ਇਨ੍ਹਾਂ ਥੰਮ੍ਹਾਂ ਵਿੱਚੋਂ ਕਿਸੇ ਇੱਕ ਥੰਮ੍ਹ ਨੇ ਵੀ ਆਪਣੀ ਸੰਵਿਧਾਨਿਕ ਜ਼ਿੰਮੇਵਾਰੀ ਨਾ ਨਿਭਾਈ। ਫਿਰ ਕਿਸ ਆਧਾਰ 'ਤੇ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਰਤ ਦੁਨੀਆਂ ਦਾ ਸੱਭ ਤੋਂ ਵੱਡਾ ਲੋਕ-ਰਾਜ ਹੈ ? ਸੱਭ ਤੋਂ ਵੱਡੇ ਲੋਕ-ਰਾਜ ਹੋਣ ਦੀ ਤਾਂ ਗੱਲ ਛੱਡੋ, ਕੀ ਮੌਜੂਦਾ ਭਾਰਤੀ ਕਾਨੂੰਨ-ਪ੍ਰਣਾਲੀ ਦੇ ਅਮਲੀ ਵਰਤਾਰੇ ਵਿੱਚੋਂ ਲੋਕ-ਰਾਜ ਦੇ ਨਾਂ ਦੀ ਕਿਸੇ ਸ਼ੈਅ ਦੀ ਮਾੜੀ ਮੋਟੀ ਝੱਲਕ ਵੀ ਵਿਖਾਈ ਦੇ ਰਹੀ ਹੈ ? ਕਾਫ਼ੀ ਅਰਸੇ ਤੋਂ, ਮੀਡੀਆ ਰਾਹੀਂ ਪ੍ਰਾਪਤ ਹੋ ਰਹੀ ਜਾਣਕਾਰੀ ਉੱਪਰ ਵਰਣਨ ਕੀਤੇ ਤੱਥਾਂ ਦੀ ਪੁਸ਼ਟੀ ਕਰਦੀ ਆ ਰਹੀ ਹੈ।

(ਅ) ਕਾਲੀ ਸੂਚੀ ਵਿੱਚ ਦਰਜ ਕੀਤੇ (Black listed) ਸਿੱਖ

ਭਾਰਤ ਵਿੱਚ, ਜੂਨ ਸੰਨ 1984 ਤੋਂ ਲੈ ਕੇ ਤਕਰੀਬਨ 1995 ਤੱਕ ਸਿੱਖ ਕੌਮ ਦੀ, ਮਨੂੰਵਾਦੀ ਲੌਬੀ ਦੀ ਵਿਉਂਤਬੰਦ ਸਾਜਿਸ਼ ਅਧੀਨ, ਵੱਡੇ ਪੱਧਰ 'ਤੇ ਨਸਲਕੁਸ਼ੀ ਕੀਤੀ ਗਈ। ਮਨੁੱਖਤਾ ਨੂੰ ਇਸ ਅਤਿ ਘਿਣੌਣੀ ਕਾਰਵਾਈ ਪ੍ਰਤੀ ਸੁਚੇਤ ਕਰਨ ਲਈ ਸਿੱਖਾਂ ਨੇ ਦੇਸ਼ ਅਤੇ ਵਿਦੇਸ਼ਾਂ ਵਿੱਚ ਭਾਰਤੀ ਸਫਾਰਤਖਾਨਿਆਂ (Indian Embassies) ਦੇ ਸਾਹਮਣੇ ਸ਼ਾਂਤਮਈ ਰੋਸ-ਮੁਜ਼ਾਹਰੇ ਕੀਤੇ, ਜਿਸ ਦੇ ਫਲਸਰੂਪ ਤਤਕਾਲੀਨ ਭਾਰਤੀ

ਹੁਕਮਰਾਨਾਂ ਨੇ, ਸਿੱਖ ਕੌਮ ਨੂੰ ਕੌਮਾਂਤਰੀ ਪੱਧਰ 'ਤੇ ਹੋਰ ਬਦਨਾਮ ਕਰਨ ਲਈ, ਸੈਂਕੜੇ ਸਰਗਰਮ ਸਿੱਖਾਂ (169 ?) ਦੀ ਗੁਪਤ ਤੌਰ 'ਤੇ ਕਾਲੀ ਸੂਚੀ ਬਣਾ ਲਈ ਅਤੇ ਇਨ੍ਹਾਂ ਦੇ ਭਾਰਤ ਵਿੱਚ ਦਾਖ਼ਲ ਹੋਣ ਜਾਂ ਭਾਰਤ 'ਚੋਂ ਬਾਹਰ ਜਾਣ 'ਤੇ ਪਾਬੰਦੀ ਲਗਾ ਦਿੱਤੀ।

ਸਿੱਖ ਕੌਮ ਦੀ ਹੀ ਕਾਲੀ ਸੂਚੀ ਕਿਉਂ ਬਣਾਈ ਗਈ ?

"ਵਿਧਾਨ ਦੀ ਧਾਰਾ 14 ਸਭ ਕੌਮਾਂ, ਧਰਮਾਂ ਅਤੇ ਫ਼ਿਰਕਿਆਂ ਨੂੰ ਹਰ ਖੇਤਰ ਵਿੱਚ ਬਰਾਬਰ ਦੇ ਅਧਿਕਾਰ ਪ੍ਰਦਾਨ ਕਰਦੀ ਹੈ। ਕਾਨੂੰਨ ਅਤੇ ਵਿਧਾਨ ਦੀ ਨਜ਼ਰ ਵਿੱਚ ਇਥੋਂ ਦੇ ਸਭ ਬਾਸ਼ਿੰਦੇ ਬਰਾਬਰ ਹਨ। ਦੂਸਰਾ, ਮਾੜੇ-ਚੰਗੇ ਲੋਕ ਤਾਂ ਹਰ ਕੌਮ ਅਤੇ ਧਰਮ ਵਿੱਚ ਹੁੰਦੇ ਹਨ। ਫਿਰ ਭਾਰਤੀ ਹੁਕਮਰਾਨਾਂ ਵੱਲੋਂ ਸਿੱਖ ਕੌਮ ਦੀ ਹੀ 'ਕਾਲੀ ਸੂਚੀ' ਕਿਉਂ ਬਣਾਈ ਗਈ ? ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅ) ਨੇ ਇੱਕ ਬਿਆਨ ਵਿੱਚ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਕਾਲੀ ਸੂਚੀ ਸਿੱਖਾਂ ਨੂੰ ਕੌਮਾਂਤਰੀ ਪੱਧਰ 'ਤੇ ਬਦਨਾਮ ਕਰਨ ਲਈ ਬਣਾਈ ਗਈ ਹੈ। ਬਹੁਤ ਦੁੱਖ ਅਤੇ ਅਫ਼ਸੋਸ ਦੀ ਗੱਲ ਹੈ ਕਿ ਭਾਰਤੀ ਹਕੂਮਤ ਵੱਲੋਂ ਸਿੱਖ ਕੌਮ ਦੀ ਬਣਾਈ ਗਈ ਕਾਲੀ ਸੂਚੀ ਵਿੱਚ ਦਰਜ਼ ਨਾਵਾਂ ਦੀ ਨਾਂ ਤਾਂ ਸਿੱਖ ਕੌਮ ਨੂੰ ਕੋਈ ਜਾਣਕਾਰੀ ਦਿੱਤੀ ਗਈ ਅਤੇ ਨਾ ਹੀ ਦੂਸਰੇ ਮੁਲਕਾਂ ਵਿੱਚ ਅਜਿਹੇ ਵਿਚਰਨ ਵਾਲੇ ਸਿੱਖਾਂ ਬਾਰੇ ਕੋਈ ਜਾਣਕਾਰੀ ਦਿੱਤੀ ਗਈ। ਨਾਂ ਤਾਂ ਇਨ੍ਹਾਂ ਸਿੱਖਾਂ ਨੂੰ ਅਤੇ ਨਾ ਹੀ ਸਿੱਖ ਕੌਮ ਨੂੰ ਇਨ੍ਹਾਂ ਕਾਲੀ-ਸੂਚੀ ਵਿੱਚ ਸ਼ਾਮਲ ਕੀਤੇ ਨਾਵਾਂ ਬਾਰੇ ਕੋਈ ਵੇਰਵਾ ਦਿੱਤਾ ਗਿਆ ਕਿ ਇਨ੍ਹਾਂ ਸਿੱਖਾਂ ਦਾ ਕੀ ਕਸੂਰ ਹੈ ਜਾਂ ਇਨ੍ਹਾਂ ਸਿੱਖਾਂ ਨੇ ਕਿਹੜੀ ਗ਼ੈਰ-ਕਾਨੂੰਨੀ, ਗ਼ੈਰ-ਸਮਾਜਕ ਜਾਂ ਗ਼ੈਰ-ਇਖ਼ਲਾਕੀ ਕਾਰਵਾਈ ਕੀਤੀ ਹੈ ? ਇੱਥੋਂ ਤੱਕ ਕਿ ਇਨ੍ਹਾਂ 169 ਨਾਵਾਂ ਵਿੱਚੋਂ 142 ਨਾਵਾਂ ਨੂੰ ਹੁਣ (ਮਈ 2011 ਵਿੱਚ) ਕੱਢ ਕੇ ਜੋ 27 ਨਾਮ ਅਜੇ ਵੀ ਕਾਲੀ ਸੂਚੀ ਵਿੱਚ ਰਹਿ ਗਏ ਹਨ, ਉਨ੍ਹਾਂ ਉੱਤੇ ਕੀ ਦੋਸ਼ ਹੈ ? ...... **ਜਿਸ ਢੰਗ ਨਾਲ ਬਾਦਲ-ਦੱਲੀਆਂ ਨਾਲ ਗੰਢ-ਤੁੱਪ ਕਰ ਕੇ ਭਾਰਤੀ ਹੁਕਮਰਾਨਾਂ ਨੇ ਇਹ ਕਾਲੀ ਸੂਚੀ ਬਹੁਤ ਵਰ੍ਹੇ ਪਹਿਲਾਂ ਤਿਆਰ ਕੀਤੀ, ਉਸ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸੂਚੀ ਮੰਦ-ਭਾਵਨਾ ਅਧੀਨ ਬਣਾਈ ਗਈ ਸੀ"** (ਰੋਜ਼ਾਨਾ ਸਪੋਕਸਮੈਨ: ੨੯ ਮਈ ੨੦੧੧)। ਸਿੱਖ ਕੌਮ ਨਾਲ ਅਜਿਹੀਆਂ ਹੀ ਹੋ ਰਹੀਆਂ ਧੱਕੇਸ਼ਾਹੀਆਂ ਨੂੰ ਰੋਕਣ ਲਈ ਸਮੁੱਚੀ ਕੌਮ ਨੂੰ ਇੱਕ-ਜੁੱਟ ਹੋ ਕੇ ਯਤਨ ਕਰਨੇ ਪੈਣਗੇ। ਪਰ ਸਿੱਖ ਕੌਮ ਦੀ ਇਹ ਤ੍ਰਾਸਦੀ ਹੀ ਹੈ ਕਿ ਇਸ ਦੇ ਅਖੌਤੀ ਲੀਡਰ, ਕਾਫ਼ੀ ਅਰਸੇ ਤੋਂ ਬ੍ਰਾਹਮਣਵਾਦੀਆਂ ਦੀ ਚਾਣਕੀਯਾ ਕੂਟਨੀਤੀ ਦਾ ਸ਼ਿਕਾਰ ਹੋ ਕੇ, ਸਿੱਖ ਕੌਮ ਨਾਲ ਹੀ ਨਹੀਂ, ਬਲਕਿ ਸਮੁੱਚੀ ਮਨੁੱਖਤਾ ਨਾਲ ਹੀ ਗ਼ੱਦਾਰੀਆਂ ਕਰਦੇ ਆ ਰਹੇ ਹਨ।

੩. ਭ੍ਰਿਸ਼ਟ ਧਾਰਮਿਕ ਨੇਤਾ ਤੇ ਭ੍ਰਿਸ਼ਟ ਜੱਜ

ਇਨ੍ਹਾਂ ਦੋਨਾਂ ਦਾ ਫ਼ਰਜ਼, ਆਪੋ-ਆਪਣੇ ਖੇਤਰਾਂ ਅੰਦਰ, ਸਮਾਜ ਨੂੰ ਕੁਦਰਤੀ ਕਾਨੂੰਨ ਮੁਤਾਬਿਕ, ਇਨਸਾਫ਼ ਦੇਣਾ ਹੁੰਦਾ ਹੈ। ਪਰ ਅਜੋਕੇ ਧਾਰਮਿਕ ਤੇ

ਅਦਾਲਤੀ ਸਿਸਟਮ ਅੰਦਰ, ਵੱਡੀ ਗਿਣਤੀ, ਭ੍ਰਿਸ਼ਟ ਧਾਰਮਿਕ ਨੇਤਾਵਾਂ ਅਤੇ ਜੱਜਾਂ ਦੀ ਹੈ (ਖ਼ਾਸ ਕਰ ਕੇ ਭਾਰਤ ਵਰਗੇ ਦੇਸ਼ਾਂ ਵਿੱਚ)। ਅਜਿਹੇ ਭ੍ਰਿਸ਼ਟ ਨੇਤਾ ਤੇ ਜੱਜ, ਰਿਸ਼ਵਤ ਦੇ ਲਾਲਚ ਵਿੱਚ ਜਾਂ ਕਿਸੇ ਹੋਰ ਕਾਰਨ ਕਰ ਕੇ (ਫ਼ਿਰਕਾ-ਪ੍ਰਸਤੀ, ਕਿਸੇ ਦਬਾਅ ਅਧੀਨ, ਕਿਸੇ ਡਰ ਅਧੀਨ, ਲਿਹਾਜ਼ ਪਾਲਣ ਲਈ ਆਦਿ) ਆਪਣੇ ਕਰਤਵ ਨੂੰ, ਅਕਸਰ ਹੀ, ਨਜ਼ਰ-ਅੰਦਾਜ਼ ਕਰ ਕੇ, ਮਜ਼ਲੂਮ ਧਿਰ ਨਾਲ ਇਨਸਾਫ਼ ਨਹੀਂ ਕਰ ਪਾਉਂਦੇ। ਇਨ੍ਹਾਂ ਭ੍ਰਿਸ਼ਟ ਧਿਰਾਂ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ (ਮ.੧, ੬੬੨)

ਭਾਵ: ਕਾਜ਼ੀ (ਜੋ ਇੱਕ ਪਾਸੇ ਤਾਂ ਇਸਲਾਮੀ ਧਰਮ ਦਾ ਨੇਤਾ ਹੈ, ਤੇ ਦੂਜੇ ਪਾਸੇ ਜੱਜ ਵੀ ਹੈ, (ਰਿਸ਼ਵਤ ਦੀ ਖ਼ਾਤਰ, ਜਾਂ ਹਾਕਮ ਦੇ ਇਸ਼ਾਰਿਆਂ ਅਨੁਸਾਰ, ਸ਼ਰਈ ਕਾਨੂੰਨ ਬਾਰੇ) ਝੂਠ ਬੋਲ ਕੇ ਹਰਾਮ ਦਾ ਮਾਲ (ਰਿਸ਼ਵਤ) ਖਾਂਦਾ ਹੈ। ਬ੍ਰਾਹਮਣ (ਕ੍ਰੋੜਾਂ ਹੀ ਸ਼ੂਦਰ ਅਖ਼ਵਾਂਦੇ ਬੰਦਿਆਂ ਨੂੰ ਦੁੱਖ ਦੇ ਕੇ, ਧਰਮ ਦੇ ਨਾਂਅ 'ਤੇ ਲੁੱਟ-ਖਸੁੱਟ ਕਰ ਕੇ) ਤੀਰਥ-ਇਸ਼ਨਾਨ (ਭੀ) ਕਰਦਾ ਹੈ (ਭਾਵ ਕਿ, ਧਰਮੀ ਹੋਣ ਦਾ ਪਖੰਡ ਵੀ ਕਰਦਾ ਹੈ)। ਜੋਗੀ ਵੀ (ਜੋ ਕਿ ਆਪਣੇ ਆਪ ਨੂੰ ਰੱਬ ਤੱਕ ਪਹੁੰਚ ਰੱਖਣ ਵਾਲਾ ਧਾਰਮਿਕ ਨੇਤਾ ਅਖਵਾਂਦਾ ਹੈ) ਆਤਮਿਕ ਪੱਖ ਤੋਂ ਅੰਨ੍ਹਾਂ ਹੈ' ਤੇ ਸਹੀ ਜੀਵਨ-ਜਾਚ ਨਹੀਂ ਜਾਣਦਾ । (ਇਹ ਤਿੰਨੇ ਆਪੋ-ਆਪਣੇ ਤੌਰ 'ਤੇ ਤਾਂ ਧਰਮ ਨੇਤਾ ਜਾਂ ਜੱਜ ਹਨ, ਪਰ) ਇਨ੍ਹਾਂ ਤਿੰਨਾਂ ਦੇ ਅੰਦਰ ਹੀ ਆਤਮਿਕ ਜੀਵਨ ਵੱਲੋਂ ਸੁੰਞ ਹੀ ਸੁੰਞ ਹੈ, ਅਤੇ ਇਹ ਮਨੁੱਖੀ ਸਮਾਜ ਨੂੰ (ਰੋਲ ਮਾਡਲ) ਬਣ ਕੇ ਸਹੀ ਸੇਧ ਦੇਣ ਦੀ ਬਜਾਏ, ਲੁੱਟਣ-ਪੁੱਟਣ 'ਤੇ ਹੀ ਲੱਗੇ ਪਏ ਹਨ।

ਨੋਟ ਇਥੇ 'ਬ੍ਰਾਹਮਣ' ਬਾਰੇ ਸਪੱਸ਼ਟ ਕਰਨਾ ਜ਼ਰੂਰੀ ਹੈ। ਇਸ ਸ਼ਲੋਕ ਅੰਦਰ 'ਬ੍ਰਾਹਮਣ' ਸ਼ਬਦ 'ਪੁਜਾਰੀ' ਲਈ ਵਰਤਿਆ ਗਿਆ ਹੈ। (ਭਾਵ, ਜਿਹੜਾ ਧਾਰਮਕ ਆਗੂ ਆਪਣੇ ਆਪ ਨੂੰ ਮਨੁੱਖੀ ਸਮਾਜ ਲਈ ਫ਼ਤਵੇ ਜਾਰੀ ਕਰਨ ਦਾ ਅਧਿਕਾਰੀ ਸਮਝਦਾ ਹੈ ਅਤੇ ਸਮਾਜ ਵਿੱਚ ਕਈ ਪ੍ਰਕਾਰ ਦੀਆਂ ਵੰਡੀਆਂ ਪਾ ਕੇ, ਸਮਾਜ ਦੀ ਪਿੱਠ 'ਤੇ ਪੱਕੇ ਤੌਰ 'ਤੇ ਸਵਾਰੀ ਕਰਨ ਦੀ ਇੱਛਾ ਰਖਦਾ ਹੈ)।

ਸਤਿਗੁਰਾਂ ਨੇ ਬ੍ਰਾਹਮਣ ਪਰਿਵਾਰਾਂ ਵਿੱਚ ਜਨਮ ਲੈ ਕੇ, ਰੱਬੀ-ਰਜ਼ਾ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਦੋ ਭਗਤਾਂ (ਭਗਤ ਰਾਮਾ ਨੰਦ ਜੀ ਅਤੇ ਭਗਤ ਤ੍ਰਿਲੋਚਨ ਜੀ) ਅਤੇ ਗਿਆਰਾਂ ਭੱਟਾਂ ਦੀ, ਗੁਰਮਤਿ ਸਿਧਾਂਤਾਂ ਨਾਲ ਮੇਲ ਖਾਂਦੀ, ਬਾਣੀ ਨੂੰ ਗੁਰੂ-ਜਾਮਿਆਂ ਵੱਲੋਂ ਉਚਾਰੀ ਗੁਰਬਾਣੀ ਦੇ ਬਰਾਬਰ ਗੁਰੂ ਗ੍ਰੰਥ

ਸਾਹਿਬ ਵਿੱਚ ਦਰਜ਼ ਕਰ ਕੇ ਅਮਲੀ ਤੌਰ 'ਤੇ ਸਪੱਸ਼ਟ ਕਰ ਦਿੱਤਾ ਹੈ ਕਿ ਸਿੱਖ ਕੌਮ ਕਿਸੇ ਵੀ ਪੱਖ ਤੋਂ ਕਿਸੇ ਵੀ ਵਿਅਕਤੀ ਨਾਲ ਕੋਈ ਵਿਤਕਰਾ ਨਹੀਂ ਕਰਦੀ।

੪. ਭ੍ਰਿਸ਼ਟ ਮੀਡੀਆ

ਅਧੁਨਿਕ ਮਨੁੱਖੀ ਸਮਾਜ ਦੇ ਸਹੀ ਅਤੇ ਸਰਬਪੱਖੀ ਵਿਕਾਸ ਲਈ ਅਧੁਨਿਕ ਮੀਡੀਆ ਦਾ ਬਹੁਤ ਹੀ ਮਹੱਤਵਪੂਰਨ ਰੋਲ ਹੈ। ਮੀਡੀਆ ਇਹ ਸਹੀ ਰੋਲ ਤਦ ਹੀ ਨਿਭਾ ਸਕੇਗਾ, ਜੇਕਰ ਇਹ ਮੁਕੰਮਲ ਤੌਰ 'ਤੇ ਨਿਰਪੱਖ ਅਤੇ ਕਿਸੇ ਵੀ ਕਿਸਮ ਦੇ ਦਬਾਅ ਤੋਂ ਮੁਕਤ ਹੋ ਕੇ ਆਪਣੀ ਜ਼ਿੰਮੇਵਾਰੀ ਨੂੰ ਨਿਭਾਏ, ਯਾਨੀ ਕਿ, ਸਮਾਜ ਦੇ ਕਿਸੇ ਵਰਗ ਨਾਲ ਵੀ ਕਿਸੇ ਵੀ ਧਿਰ ਵੱਲੋਂ ਕੀਤੇ ਜਾ ਰਹੇ ਬੇ-ਇਨਸਾਫ਼, ਜ਼ੁਲਮ ਜਾਂ ਧੱਕੇਸ਼ਾਹੀ ਦੇ ਵਿਰੁੱਧ, ਦ੍ਰਿੜਤਾ ਨਾਲ ਡਟ ਕੇ ਬੁਲੰਦ ਆਵਾਜ਼ ਵਿੱਚ ਨਾ ਸਿਰਫ਼ ਹੋਕਾ ਹੀ ਦੇਵੇ ਬਲਕਿ ਮਜ਼ਲੂਮ ਧਿਰ ਨੂੰ ਇਨਸਾਫ਼ ਦਿਵਾਉਣ ਲਈ ਉਸ ਦਾ ਤੋੜ ਤੱਕ ਸਾਥ ਦੇਵ੍ਹੇ, ਭਾਵੇਂ ਇਸ ਖ਼ਾਤਰ ਮੀਡੀਆ ਨਾਲ ਜੁੜੇ ਅਦਾਰਿਆਂ ਨੂੰ ਨਿੱਜੀ ਨੁਕਸਾਨ ਵੀ ਕਿਉਂ ਨਾ ਉਠਾਉਣਾ ਪਵੇ। **ਪਰ ਇਹ ਇੱਕ ਵਡਾ ਦੁਖਾਂਤ ਹੈ ਕਿ ਭ੍ਰਿਸ਼ਟ ਮੀਡੀਆ ਅਪਣੇ ਕਰਤਵ ਨੂੰ ਵਿਸਾਰ ਕੇ, ਆਮ ਤੌਰ 'ਤੇ, ਸ਼ਕਤੀਸ਼ਾਲੀ (ਜ਼ਾਲਮ) ਧਿਰਾਂ ਦਾ ਹੀ ਪੱਖ ਪੂਰਦਾ ਆ ਰਿਹਾ ਹੈ, ਵਿਸ਼ੇਸ਼ ਕਰ ਕੇ ਘੱਟ-ਗਿਣਤੀਆਂ ਨਾਲ ਸਬੰਧਤ ਮਸਲਿਆਂ ਬਾਰੇ ਅਤੇ ਘੱਟ-ਗਿਣਤੀਆਂ ਦੀ, ਮਾਨਵ-ਵਿਰੋਧੀ ਧਿਰਾਂ ਵੱਲੋਂ, ਕੀਤੀ ਜਾ ਰਹੀ ਨਸਲਕੁਸ਼ੀ ਤੇ ਮਾਰ-ਕੁਟਾਈ ਦੇ ਅਹਿਮ ਮਸਲਿਆਂ ਬਾਰੇ।**

ਉੱਪਰ, ਗਣ-ਤੰਤ੍ਰ (ਲੋਕ-ਰਾਜ) ਦੇ ਕਹੇ ਜਾਂਦੇ ਚਾਰ ਥੰਮ੍ਹਾਂ ਦੇ ਮਾਨਵ-ਵਿਰੋਧੀ ਕਿਰਦਾਰ ਬਾਰੇ ਸੰਖੇਪ ਵਿਚਾਰ ਕੀਤੀ ਗਈ ਹੈ, ਜਿਸ ਦੀ ਪੁਸ਼ਟੀ ਕਾਫ਼ੀ ਅਰਸੇ ਤੋਂ, ਮੀਡੀਆ ਰਾਹੀਂ ਪ੍ਰਾਪਤ ਹੋ ਰਹੀਆਂ ਖ਼ਬਰਾਂ ਤੋਂ ਭਲੀ-ਭਾਂਤ ਹੁੰਦੀ ਆ ਰਹੀ ਹੈ।

੫. ਮਾਨਵ-ਵਿਰੋਧੀ ਮਨੂੰਵਾਦੀ ਵਿਚਾਰਧਾਰਾ

ਕਥਿਤ ਤੌਰ 'ਤੇ ਰਿਸ਼ੀ ਮਨੂੰ ਦੀ ਲਿਖੀ ਹੋਈ ਮਨੂੰ-ਸਿਮ੍ਰਿਤਿ ਨੂੰ ਚਾਰੇ ਵੇਦਾਂ ਦੀ ਵਿਆਖਿਆ ਕਰਨ ਵਾਲਾ ਪ੍ਰਮਾਣੀਕ ਦਸਤਾਵੇਜ਼ ਸਵੀਕਾਰ ਕਰ ਕੇ, ਉਸ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਫ਼ਿਰਕੇ (ਪ੍ਰਮੁੱਖ ਤੌਰ 'ਤੇ ਮਨੂੰਵਾਦੀ ਪੁਜਾਰੀ) ਨੇ ਮਨੁੱਖੀ ਸਮਾਜ ਨੂੰ ਜ਼ਾਤ-ਪਾਤ ਦੇ ਗ਼ੈਰ-ਕੁਦਰਤੀ ਅਤੇ ਨਿੰਦਣਯੋਗ ਆਧਾਰ 'ਤੇ ਵੰਡ ਕੇ, ਧਰਮ ਦੇ ਨਾਂਅ 'ਤੇ, ਅਨੇਕਾਂ ਕਰਮ-ਕਾਂਡਾਂ (ਵਿਖਾਵੇ ਮਾਤਰ ਦੀਆਂ ਧਾਰਮਿਕ ਰਸਮਾਂ-ਰੀਤਾਂ) ਤੇ ਵਹਿਮਾਂ-ਭਰਮਾਂ ਦੇ

ਝਮੇਲਿਆਂ ਵਿੱਚ ਫਸਾ ਕੇ, ਪਿਛਲੇ ਤਕਰੀਬਨ ਤਿੰਨ ਹਜ਼ਾਰ ਸਾਲ ਤੋਂ, ਆਪਣੀ ਸਰਦਾਰੀ ਕਾਇਮ ਕੀਤੀ ਹੋਈ ਹੈ।

ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤਾ, ਕੁਦਰਤੀ ਨਿਯਮਾਂ ਦੀ ਵਿਆਖਿਆ ਕਰਨ ਵਾਲਾ, ਗੁਰਮਤਿ ਫ਼ਲਸਫ਼ਾ ਮਨੂੰਵਾਦ ਦੇ ਸਾਰੇ ਹੀ ਮਾਨਵ-ਵਿਰੋਧੀ (ਮਨੋ-ਕਲਪਿਤ), ਵਿਤਕਰਾ ਕਰਨ ਵਾਲੇ ਗ਼ੈਰ-ਕੁਦਰਤੀ ਅਸੂਲਾਂ, ਕਰਮ-ਕਾਂਡਾਂ ਅਤੇ ਹਰ ਕਿਸਮ ਦੇ ਵਹਿਮਾਂ-ਭਰਮਾਂ ਨੂੰ ਵਜ਼ਨਦਾਰ, ਵਿਗਿਆਨਕ ਤਰਜ਼ ਦੀਆਂ ਦਲੀਲਾਂ ਦੇ ਆਧਾਰ 'ਤੇ, ਮੁਕੰਮਲ ਤੌਰ 'ਤੇ ਰੱਦ ਕਰਦਾ ਹੈ। ਇੰਝ, ਅਖੌਤੀ ਉੱਚ ਜਾਤੀਆਂ (ਵਿਸ਼ੇਸ਼ ਕਰ ਕੇ 'ਪੁਜਾਰੀ' ਬ੍ਰਾਹਮਣ ਵਰਗ) ਦੇ ਸਮਾਜਿਕ ਰੁਤਬੇ ਨੂੰ ਇਹ ਆਲਮਗੀਰੀ ਗੁਰਮਤਿ ਫ਼ਲਸਫ਼ਾ ਮਾਰੂ-ਸੱਟ ਮਾਰਦਾ ਹੈ। ਇਹੀ ਕਾਰਨ ਹੈ ਕਿ ਮਨੂੰਵਾਦੀਏ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ, ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੂੰ ਨਫ਼ਰਤ ਕਰਦੇ ਆ ਰਹੇ ਹਨ ਅਤੇ ਸੰਸਾਰ ਵਿੱਚ ਇਸ ਅਤਿ ਮਾਨਵ-ਵਾਦੀ ਫ਼ਲਸਫ਼ੇ ਦੇ ਵਿਕਾਸ ਨੂੰ ਰੋਕਣ ਲਈ, ਵਿਉਂਤਬੰਦ ਸਾਜਿਸ਼ੀ ਢੰਗਾਂ ਨਾਲ ਜਥੇਬੰਦ ਹੋ ਕੇ, ਜੰਗੀ-ਪੱਧਰ 'ਤੇ ਯਤਨ ਕਰਦੇ ਆ ਰਹੇ ਹਨ। ਇਸ ਕਾਰਜ ਦੀ ਪੂਰਤੀ ਲਈ ਇਹ ਟੋਲਾ ਗੁਰਮਤਿ-ਸਿਧਾਂਤ, ਗੁਰ-ਇਤਿਹਾਸ, ਸਿੱਖ-ਇਤਿਹਾਸ, ਗੁਰਮਤਿ-ਸਭਿਆਚਾਰ, ਗੁਰਮਤਿ ਰਾਜਨੀਤੀ ਅਤੇ ਗੁਰਮਤਿ-ਸਾਹਿਤ ਦਾ ਭਗਵਾਂਕਰਨ ਕਰ ਕੇ, ਹੌਲੀ-ਹੌਲੀ, ਬੁੱਧ-ਮੱਤ ਦੀ ਤਰ੍ਹਾਂ, ਸਿੱਖ ਕੌਮ ਨੂੰ ਭੰਬਲ-ਭੂਸਿਆਂ ਵਿੱਚ ਪਾ ਕੇ, ਕਮਜ਼ੋਰ ਕਰ ਕੇ, ਮਨੂੰਵਾਦ ਦੇ ਡੂੰਘੇ ਮਾਨਵ-ਵਿਰੋਧੀ ਖ਼ਾਰੇ ਸਮੁੰਦਰ ਵਿੱਚ ਜਜ਼ਬ ਕਰਨਾ ਲੋਚਦਾ ਹੈ। ਇਨ੍ਹਾਂ ਦੀਆਂ ਮਾਨਵ-ਵਿਰੋਧੀ ਸਾਜਿਸ਼ਾਂ ਦਾ ਪੜਦਾ ਫ਼ਾਸ਼ ਕਰ ਕੇ ਅਤੇ ਮਨੁੱਖਤਾ ਨੂੰ ਸਰਬ-ਸਾਂਝੀ ਗੁਰਬਾਣੀ ਦੇ ਉਪਦੇਸ਼ਾਂ ਨਾਲ ਜੋੜ ਕੇ ਹੀ ਮਨੁੱਖਤਾ ਦਾ ਭਲਾ ਕੀਤਾ ਜਾ ਸਕਦਾ ਹੈ।

ਜੋਗ-ਮੱਤ (ਹਠ-ਜੋਗ)

ਪੰਦਰ੍ਹਵੀਂ ਸਦੀ ਵਿੱਚ ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਦੇ ਸਮੇਂ ਤੱਕ, ਪੰਜਾਬ ਅਤੇ ਇਸਦੇ ਆਸ-ਪਾਸ ਦੇ ਇਲਾਕਿਆਂ ਵਿੱਚ ਕੰਨ-ਪਾਟੇ ਜੋਗੀਆਂ ਦੇ ਜੋਗ-ਮੱਤ (ਹੱਠ-ਜੋਗ) ਦਾ ਕਾਫ਼ੀ ਜ਼ੋਰ ਸੀ। ਇਸ ਮੱਤ ਦੇ ਧਾਰਨੀ, ਕਿਰਤ-ਕਮਾਈ ਦੇ ਬੁਨਿਆਦੀ ਅਸੂਲ ਨੂੰ ਤਿਆਗ ਕੇ, ਸਮਾਜਿਕ ਜ਼ਿੰਮੇਵਾਰੀਆਂ ਤੋਂ ਭਗੌੜੇ ਹੋ ਕੇ, ਪਹਾੜਾਂ, ਜੰਗਲਾਂ-ਬੀਆਵਾਨਾਂ ਨੂੰ ਚਲੇ ਜਾਂਦੇ ਸਨ ਅਤੇ ਕੰਦ-ਮੂਲ ਦਾ ਆਹਾਰ ਕਰ ਕੇ ਗੁਜ਼ਾਰਾ ਕਰਨ ਦੇ ਯਤਨ ਕਰਦੇ ਸਨ, ਤੀਰਥਾਂ 'ਤੇ ਇਸ਼ਨਾਨ ਕਰ ਛਡਦੇ ਸਨ, ਸਮੇਂ-ਸਮੇਂ ਸਿਰ, ਆਪਣੀਆਂ

ਸਰੀਰਕ ਲੋੜਾਂ ਦੀ ਪੂਰਤੀ ਲਈ, ਸਮਾਜ ਵਿੱਚ ਮੰਗਣ ਆ ਜਾਇਆ ਕਰਦੇ ਸਨ, ਅਤੇ ਰਿੱਧੀਆਂ-ਸਿੱਧੀਆਂ ਦਾ ਪ੍ਰਦਰਸ਼ਨ ਕਰ ਕੇ, ਸਮਾਜ ਨੂੰ 'ਵਰ-ਸਰਾਪ' ਦੇ ਡਰਾਵੇ ਦੇ ਕੇ, ਆਪਣਾ ਉੱਲੂ ਸਿੱਧਾ ਕਰ ਲਿਆ ਕਰਦੇ ਸਨ। ਸਮਾਜ ਨੂੰ ਇਸ ਵਿਹਲੜ ਤੇ ਪ੍ਰਜੀਵੀ (Parasite) ਸ਼੍ਰੇਣੀ ਤੋਂ ਮੁਕਤ ਕਰਨ ਲਈ, ਗੁਰੂ ਨਾਨਕ ਸਾਹਿਬ ਨੇ ਸਿੱਧਾਂ ਦੇ ਕੇਂਦਰੀ ਟਿਕਾਣਿਆਂ 'ਤੇ ਪਹੁੰਚ ਕੇ ਇਨ੍ਹਾਂ ਨਾਲ ਲੰਮੀਆਂ ਵਿਚਾਰ-ਗੋਸ਼ਟੀਆਂ ਕਰ ਕੇ, ਇਨ੍ਹਾਂ ਨੂੰ 'ਬੰਦੇ' ਬਣਾਉਣ ਦੇ ਯਤਨ ਕੀਤੇ। ਪਰ ਕਿਉਂਕਿ ਇਹ ਕਾਫ਼ੀ ਅਰਸੇ ਤੋਂ ਵਿਹਲੀਆਂ ਖਾਣ ਖਿੱਝੇ ਹੋਏ ਸਨ, ਇਹ 'ਬੰਦੇ' ਨਾ ਬਣੇ ਅਤੇ ਮਨੁੱਖੀ ਸਮਾਜ ਨੂੰ ਤੰਗ-ਪ੍ਰੇਸ਼ਾਨ ਕਰਦੇ ਹੀ ਰਹੇ। **ਗੁਰੂ ਨਾਨਕ ਸਾਹਿਬ ਨੇ ਜੋਗ-ਮੱਤ ਦੇ ਫ਼ਲਸਫ਼ੇ ਨੂੰ, ਅਕੱਟ ਵਿਗਿਆਨਕ ਦਲੀਲਾਂ ਦੇ ਆਧਾਰ 'ਤੇ, ਪੂਰਨ ਤੌਰ 'ਤੇ ਰੱਦ ਕਰ ਦਿੱਤਾ ਅਤੇ ਜੋਗੀਆਂ ਨੂੰ ਉਨ੍ਹਾਂ ਦੇ ਹੀ ਮੱਠਾਂ (ਟਿਕਾਣਿਆਂ) 'ਤੇ ਸੰਵਾਦ ਰਚਾ ਕੇ ਨਿਰ-ਉੱਤਰ ਕਰ ਦਿੱਤਾ।** ਗੁਰੂ ਨਾਨਕ ਸਾਹਿਬ ਦੀਆਂ ਜੋਗੀਆਂ ਨਾਲ ਹੋਈਆਂ ਵਿਚਾਰ-ਗੋਸ਼ਟੀਆਂ ਦਾ ਸਾਰ-ਅੰਸ਼ ਗੁਰੂ ਗ੍ਰੰਥ ਸਾਹਿਬ ਅੰਦਰ ਅੰਕ ਨੰਬਰ 938 ਤੋਂ 946 ਤੱਕ ਅੰਕਿਤ 'ਸਿਧ ਗੋਸਟਿ' ਬਾਣੀ ਦੇ ਸਿਰਲੇਖ ਹੇਠ ਦਰਜ਼ ਹੈ। ਇਸ ਸਭ ਕੁਝ ਦੇ ਬਾ-ਵਜੂਦ, ਇਹ ਢੀਠ ਸ਼੍ਰੇਣੀ ਵੀ ਗੁਰੂ ਨਾਨਕ ਫ਼ਲਸਫ਼ੇ ਦੀ ਵਿਰੋਧਤਾ ਕਰਦੀ ਹੀ ਰਹੀ।

ਸ਼੍ਰੀ ਗੁਰੂ ਨਾਨਕ ਯੋਗ ਮਿਸ਼ਨ ?

'ਜਪੁ' ਬਾਣੀ ਦੀਆਂ ਚਾਰ ਪਉੜੀਆਂ (ਪਉੜੀ ਨੰਬ ੨੮ ਤੋਂ ੩੧ ਤੱਕ) ਜੋਗ-ਮੱਤ ਦੇ ਫ਼ਲਸਫ਼ੇ ਦਾ ਮੁਕੰਮਲ ਤੌਰ 'ਤੇ ਖੰਡਨ ਕਰਦੀਆਂ ਹਨ। ਹੋਰ ਵੀ ਅਨੇਕਾਂ ਵਾਰੀ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਫ਼ਲਸਫ਼ਾ ਜੋਗ-ਮੱਤ ਦੇ ਫ਼ਲਸਫ਼ੇ ਦਾ ਭਰਪੂਰ ਖੰਡਨ ਕਰਦਾ ਹੈ। **ਜੋਗ-ਮੱਤ ਦੇ ਧਾਰਨੀ ਕੁੱਝ ਇੱਕ ਵਿਅਕਤੀਆਂ ਨੇ, ਇੱਕ ਖ਼ਤਰਨਾਕ ਸਾਜਿਸ਼ ਅਧੀਨ, 'ਸ਼੍ਰੀ ਗੁਰੂ ਨਾਨਕ ਯੋਗ ਮਿਸ਼ਨ (ਰਜਿ.)' ਨਾਮ ਦੀ ਇੱਕ ਸੰਸਥਾ ਬਣਾ ਕੇ ਰਜਿਸਟਰ ਕਰਵਾ ਲਈ ਹੈ। ਇਸ ਸੰਸਥਾ ਦਾ ਮੁੱਖ ਦਫ਼ਤਰ ਜਲੰਧਰ ਵਿੱਚ ਹੈ।** ਇਸ ਸੰਸਥਾ ਦੀ ਮੁਖੀ ਬੀਬੀ ਬਲਜੀਤ ਕੌਰ, ਸਿੱਖ ਸੰਗਤਿ ਨੂੰ ਪ੍ਰਭਾਵਤ ਕਰਨ ਲਈ, ਚਿੱਟਾ ਧਾਰਮਿਕ ਪਹਿਰਾਵਾ, (ਜਿਸ ਵਿੱਚ ਖੰਡੇ ਵਾਲੀ ਗੋਲ ਦਸਤਾਰ ਅਤੇ ਹੱਥ ਵਿੱਚ ਫੜੀ ਡੇਢ-ਫੁੱਟੀ ਕ੍ਰਿਪਾਨ ਸ਼ਾਮਿਲ ਹੈ), ਪਹਿਨ ਕੇ ਸਿੱਖ ਵਿਦਿਅਕ ਅਤੇ ਧਾਰਮਿਕ ਸਥਾਨਾਂ ਵਿੱਚ 'ਯੋਗਾ-ਕੈਂਪ' ਲਾਉਣ ਦੇ ਉਪਰਾਲੇ ਕਰ ਰਹੀ ਹੈ। ਭੁੱਲੜ ਸੰਗਤਿ ਨੂੰ ਇਨ੍ਹਾਂ ਕੈਂਪਾਂ ਵੱਲ ਖਿੱਚਣ ਲਈ 'ਗੁਰਮਤਿ-ਵਿਚਾਰ', 'ਨਾਮ-ਅਭਿਆਸ' ਤੇ 'ਕੀਰਤਨ' ਨੂੰ ਇਨ੍ਹਾਂ ਕੈਂਪਾਂ ਦੇ ਪ੍ਰੋਗਰਾਮਾਂ ਵਿਚ ਸ਼ਾਮਿਲ ਕਰਨ ਦਾ ਢੋਂਗ ਰਚਿਆ ਜਾਂਦਾ ਹੈ। ਇਨ੍ਹਾਂ ਕੈਂਪਾਂ ਵਿੱਚ ਗੁਰਬਾਣੀ ਦੇ ਸ਼ਬਦਾਂ ਦੀ ਜਾਣ-ਬੁਝ ਕੇ ਦੁਰ-ਵਿਆਖਿਆ ਕੀਤੀ ਜਾਂਦੀ ਹੈ ਤਾਕਿ ਸੰਗਤਿ ਨੂੰ ਗੁਰਮਤਿ ਸਿਧਾਂਤਾਂ ਨਾਲੋਂ ਤੋੜ ਕੇ ਭੰਬਲ-ਭੂਸਿਆਂ ਵਿੱਚ ਪਾ ਕੇ, ਬਿਪਰਵਾਦ ਵਿੱਚ ਸਮੋਇਆ ਜਾ ਸਕੇ। **ਕਿਤਨੀ ਹੈਰਾਨੀ ਅਤੇ ਦੁੱਖ ਦੀ ਗੱਲ ਹੈ**

ਕਿ ਜਿਸ ਅਰਸ਼ੀ ਦਾਤੇ (ਗੁਰੂ ਨਾਨਕ ਸਾਹਿਬ) ਨੇ ਜੋਗ-ਮੱਤ ਦੇ ਫ਼ਲਸਫ਼ੇ ਨੂੰ ਮੁਕੰਮਲ ਤੌਰ 'ਤੇ ਰੱਦ ਕਰ ਦਿੱਤਾ ਹੋਇਆ ਹੈ, ਉਨ੍ਹਾਂ (ਗੁਰੂ ਨਾਨਕ ਸਾਹਿਬ) ਦੇ ਨਾਮ ਹੇਠ ਹੀ ਇਸ ਜੋਗ-ਮਿਸ਼ਨ ਨੂੰ ਰਜਿਸਟਰ ਕਰਵਾ ਕੇ ਸਿੱਖ ਕੌਮ ਨੂੰ ਚੈਲੰਜ ਕੀਤਾ ਗਿਆ ਹੈ। ਇਹ ਕਾਲੀ ਕਾਰਵਾਈ ਸਿੱਖ ਕੌਮ ਨੂੰ ਮਾਨਸਿਕ ਪੀੜਾ ਪਹੁੰਚਾਉਣ ਲਈ ਹੀ ਨਹੀਂ ਸਗੋਂ ਗੁਰੂ ਨਾਨਕ ਸਾਹਿਬ ਦੀ ਅਦੁੱਤੀ ਸ਼ਖ਼ਸੀਅਤ ਦੀ ਘੋਰ-ਨਿਰਾਦਰੀ ਕਰਨ ਵਾਲੀ ਵੀ ਹੈ। ਇਸ ਅਪ੍ਰਾਧ ਲਈ ਬੀਬੀ ਬਲਜੀਤ ਕੌਰ ਦੇ ਖ਼ਿਲਾਫ਼ ਧਾਰਾ 295-ਏ ਅਧੀਨ ਕੇਸ ਦਰਜ਼ ਕਿਉਂ ਨਹੀਂ ਕੀਤਾ ਗਿਆ ? ਕੀ ਇਹ ਬੀਬੀ ਆਪਣੇ ਬਲਬੂਤੇ ਹੀ ਸਿੱਖ ਕੌਮ 'ਤੇ ਮਾਰੂ ਸਿਧਾਂਤਕ ਹਮਲੇ ਕਰਨ ਲਈ ਮੈਦਾਨ ਵਿੱਚ ਉੱਤਰੀ ਹੈ ? ਨਹੀਂ । ਇਹ ਵਿਚਾਰੀ ਤਾਂ ਇੱਕ ਕੱਠਪੁਤਲੀ ਦੀ ਤਰ੍ਹਾਂ ਨੱਚ ਰਹੀ ਹੈ। ਇਸ ਨੂੰ ਨਚਾਉਣ ਵਾਲੀ ਸ਼ਕਤੀ ਬਾਰੇ ਪਤਾ ਕਰਨ ਦੀ ਲੋੜ ਹੈ ਤਾਕਿ ਯੋਗ ਪੱਧਰ 'ਤੇ ਢੁਕਵੀਂ ਕਾਰਵਾਈ ਕੀਤੀ ਜਾ ਸਕੇ। ਇਸ ਤੋਂ ਵੀ ਵੱਡੀ ਦੁੱਖਦਾਈ ਗੱਲ ਇਹ ਹੈ ਕਿ ਕੁੱਝ ਸਿੱਖ ਧਾਰਮਿਕ ਅਤੇ ਸਿੱਖ ਵਿਦਿਅਕ ਸੰਸਥਾਵਾਂ ਦੇ ਗੁਰਮਤਿ-ਵਿਹੂਣੇ ਪ੍ਰਬੰਧਕ ਇਸ ਬੀਬੀ ਨੂੰ ਆਪਣੀਆਂ ਸੰਸਥਾਵਾਂ ਵਿੱਚ ਅਜਿਹੇ ਗੁਰਮਤਿ-ਵਿਰੋਧੀ ਕੈਂਪਾਂ ਨੂੰ ਲਵਾਉਣ ਦੀ ਮਨਜ਼ੂਰੀ ਦੇ ਕੇ ਕੌਮ ਨਾਲ ਗ਼ਦਾਰੀਆਂ ਕਰ ਰਹੇ ਹਨ ਅਤੇ ਬਹੁਤ ਸਾਰੇ ਗੁਰਮਤਿ-ਵਿਹੂਣੇ ਸਿੱਖ, ਇਸ ਦੇ ਪ੍ਰੋਗਰਾਮਾਂ ਵਿੱਚ ਵਹੀਰਾਂ ਘੱਤ ਕੇ ਸ਼ਾਮਿਲ ਹੋਣ ਲਈ ਭੱਜੇ-ਭੱਜੇ ਆ ਰਹੇ ਹਨ। ਸਦ ਅਫ਼ਸੋਸ!

ਇਥੇ ਹੀ ਬੱਸ ਨਹੀਂ, ਇਸ ਸੰਸਥਾ ਨੇ ਆਪਣਾ ਗੁਰਮਤਿ-ਵਿਰੋਧੀ ਕੂੜ-ਪ੍ਰਚਾਰ ਕਰਨ ਲਈ ਆਪਣੀ ਵੈਬ-ਸਾਈਟ www.shreegurunanakyogmission.com ਵੀ ਚਾਲੂ ਕਰ ਰੱਖੀ ਹੈ। ਇਸ ਬੀਬੀ ਨੂੰ , ਹੁਣ 'ਮਾਤਾ ਬਲਜੀਤ ਕੌਰ ਜੀ ਖ਼ਾਲਸਾ' ਦੇ ਨਾਮ ਨਾਲ ਸੰਬੋਧਨ ਕੀਤਾ ਜਾ ਰਿਹਾ ਹੈ- 'ਆਗੇ-ਆਗੇ ਦੇਖੀਏ ਹੋਤਾ ਹੈ ਕਿਆ'!

੭. ਅਖੌਤੀ ਹਿੰਦੂ ਮਜ਼੍ਹਬ ?

ਪੰਦਰ੍ਹਵੀਂ ਸਦੀ ਵਿੱਚ, ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਦੇ ਸਮੇਂ ਤੱਕ, ਭਾਰਤ ਉਪ-ਮਹਾਂਦੀਪ ਦੇ ਕਈ ਹਿੱਸਿਆਂ ਵਿੱਚ, ਇੱਕ ਬਹੁਤ ਹੀ ਵਚਿੱਤ੍ਰ ਕਿਸਮ ਦਾ, ਮਨੁੱਖੀ ਸਮਾਜ ਨੂੰ ਜ਼ਾਤ-ਪਾਤ ਦੇ ਆਧਾਰ 'ਤੇ ਅਲੱਗ-ਅਲੱਗ ਸ਼੍ਰੇਣੀਆਂ ਵਿੱਚ ਵੰਡ ਕੇ, ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲਾ' ਅ-ਸਮਾਜਿਕ ਸਿਸਟਮ' ਵੀ ਹੋਂਦ ਵਿੱਚ ਆ ਚੁੱਕਾ ਸੀ। ਬੁੱਧ-ਮੱਤ, ਜੈਨ-ਮੱਤ, ਯਹੂਦੀ-ਮੱਤ, ਈਸਾਈ-ਮੱਤ, ਅਤੇ ਇਸਲਾਮ-ਮੱਤ ਦੀ ਤਰ੍ਹਾਂ ਇਹ ਕੋਈ ਵੱਖਰਾ ਮੱਤ ਜਾਂ ਮਜ਼੍ਹਬ ਨਹੀਂ ਸੀ, ਬਲਕਿ ਇੱਕ ਪੜ੍ਹੇ-ਲਿਖੇ, ਸ਼ਾਤਰ ਟੋਲੇ ਦੇ ਸ਼ੈਤਾਨੀ-ਦਿਮਾਗ਼ ਦੀ ਉਪਜ ਸੀ। ਇਸ ਟੋਲੇ ਨੇ, ਅਲੱਗ-ਅਲੱਗ ਸਮੇਂ ਰਚੇ ਗਏ 'ਵੇਦਾਂ', ਰਿਸ਼ੀ ਮਨੂੰ ਦੀ 'ਮਨੂੰ-ਸਿਮ੍ਰਿਤਿ', ਰਿਸ਼ੀ ਬਾਲਮੀਕ ਦੀ ਰਚਨਾ

'ਰਾਮਾਇਣ' (ਮਿਥਿਹਾਸ), 'ਮਹਾਂ-ਭਾਰਤ' (ਇਤਿਹਾਸ ਤੇ ਮਿਥਿਹਾਸ ਦਾ ਸੁਮੇਲ), 'ਪੌਰਾਣਾਂ' ਅਤੇ 'ਉਪਨਿਸ਼ਦਾਂ' ਆਦਿ ਰਚਨਾਵਾਂ ਵਿੱਚ ਵਾਧੇ-ਘਾਟੇ (ਭੰਨ-ਤੋੜ) ਕਰ ਕੇ ਇਨ੍ਹਾਂ ਰਚਨਾਵਾਂ ਨੂੰ ਇਕਸਾਰਤਾ ਦੀ ਲੜੀ ਵਿੱਚ ਪ੍ਰੋਣ ਦੇ (ਅਸਫ਼ਲ) ਯਤਨ ਕਰ ਕੇ ਇੱਕ 'ਮਿਲ-ਗੋਭਾ' ਜਿਹੇ ਫ਼ਲਸਫ਼ੇ 'ਤੇ ਆਧਾਰਤ ਸਮਾਜਿਕ ਸਿਸਟਮ (ਵਰਨ-ਆਸ਼ਰਮ ਸਿਸਟਮ) ਨੂੰ ਹੋਂਦ ਵਿੱਚ ਲਿਆਂਦਾ। **ਇਸ ਸਿਸਟਮ ਨੂੰ 'ਮਜ਼੍ਹਬ' ਜਾਂ 'ਮੱਤ' ਕਹਿਣਾ ਤਕਨੀਕੀ ਪੱਖ ਤੋਂ ਉਚਿਤ ਨਹੀਂ ਹੈ ਕਿਉਂਕਿ ਦੂਸਰੇ ਮੱਤਾਂ ਦੀ ਤਰ੍ਹਾਂ ਇਸ ਸਮਾਜਿਕ ਸਿਸਟਮ ਦਾ ਕੋਈ 'ਇੱਕ ਬਾਨੀ' ਨਹੀਂ ,'ਇੱਕ ਇਸ਼ਟ' ਨਹੀਂ, 'ਇੱਕ ਧਰਮ ਗ੍ਰੰਥ' ਨਹੀਂ, ਕੋਈ 'ਇੱਕ ਇਕਸਾਰਤਾ ਵਾਲਾ ਫ਼ਲਸਫ਼ਾ' ਨਹੀਂ ਅਤੇ ਨਾਂ ਹੀ ਅਤੀਤ ਦੀਆਂ ਮਾਣ-ਮੱਤੀਆਂ ਸਮਾਜਕ, ਧਾਰਮਿਕ, ਰਾਜਨੀਤਕ, ਸਭਿਆਚਾਰਕ ਅਤੇ ਭਾਵਨਾਤਮਿਕ ਸਾਂਝਾਂ ਵਾਲਾ ਇਤਿਹਾਸ।**

"ਨਿਚੋੜ ਇਹ ਹੈ ਕਿ ਬ੍ਰਾਹਮਣਾਂ ਨੇ ਸੁਚੇਤ ਤੌਰ 'ਤੇ ਜ਼ਾਤ-ਪਾਤੀ ਵਿਚਾਰਧਾਰਾ ਘੜੀ, ਧਾਰਮਕ ਪੁਸਤਕਾਂ ਤੇ ਸਾਹਿਤ ਵਿੱਚ ਹੇਰਾ-ਫੇਰੀ ਕੀਤੀ, ਅਤੇ ਰਵਾਇਤ ਨੂੰ ਅਦਲਿਆ-ਬਦਲਿਆ। ਏਸੇ ਸਦਕਾ, ਉਹ ਧਾਰਮਕ ਤੇ ਭਾਈਚਾਰਕ ਖੇਤਰ ਦਾ ਧੁਰਾ ਬਣ ਗਏ ਅਤੇ ਰਾਜਸੀ ਤਾਕਤ ਉੱਤੇ ਭਾਰੂ ਹੋ ਗਏ" ।(ਜਗਜੀਤ ਸਿੰਘ: ਸਿੱਖ ਇਨਕਲਾਬ, ਸਫ਼ਾ ੪੮)।

ਸਿਧਾਂਤ ਅਤੇ ਇਤਿਹਾਸ ਦਾ ਬਲਾਤਕਾਰ

ਇਹ ਇੱਕ ਵੱਡੀ ਹੈਰਾਨੀ ਅਤੇ ਦੁੱਖ ਵਾਲੀ ਗੱਲ ਹੈ ਕਿ ਭਾਰਤ ਦੀ ਤੱਤਕਾਲੀਨ 'ਸੰਵਿਧਾਨ-ਘੜਨੀ ਕਮੇਟੀ' ਨੇ ਸਾਰੇ ਕਾਇਦੇ-ਕਾਨੂੰਨਾਂ ਅਤੇ ਇਨਸਾਨੀਅਤ ਦੇ ਅਸੂਲਾਂ ਨੂੰ ਛਿੱਕੇ ਟੰਗ ਕੇ, **ਭਾਰਤ ਦੇ ਸੰਵਿਧਾਨ ਦੀ ਧਾਰਾ 25 ਵਿੱਚ ਸਿੱਖ-ਮੱਤ, ਬੁੱਧ-ਮੱਤ ਅਤੇ ਜੈਨ-ਮੱਤ ਨੂੰ ਹਿੰਦੂ-ਮੱਤ (ਇੱਕ ਮਨ-ਘੜਤ ਮਜ਼੍ਹਬ) ਦੀਆਂ ਸ਼ਾਖ਼ਾਵਾਂ ਦੇ ਤੌਰ 'ਤੇ ਦਰਜ਼ ਕਰ ਦਿੱਤਾ। ਇਹ ਕਾਰਵਾਈ ਸੱਚ, ਸਿਧਾਂਤ ਅਤੇ ਇਤਿਹਾਸ ਦਾ ਖੁੱਲ੍ਹਮ-ਖੁੱਲ੍ਹਾ ਬਲਾਤਕਾਰ ਹੈ।** ਇਸੇ ਕਰ ਕੇ, ਉਸ ਵਕਤ ਸੰਵਿਧਾਨ-ਘੜਨੀ ਕਮੇਟੀ ਵਿੱਚ ਸ਼ਾਮਿਲ, ਸਿੱਖ ਕੌਮ ਦੇ ਦੋ ਨੁਮਾਇੰਦਿਆਂ ਨੇ, ਇਸ ਦੇ ਖਰੜੇ 'ਤੇ ਦਸਤਖ਼ਤ ਕਰਨ ਤੋਂ ਸਾਫ਼ ਤੌਰ 'ਤੇ ਇਨਕਾਰ ਕਰ ਦਿੱਤਾ ਸੀ। ਬਾਅਦ ਵਿੱਚ, ਇਸ ਬੱਜ਼ਰ ਗ਼ਲਤੀ ਨੂੰ ਦਰੁੱਸਤ ਕਰਨ ਲਈ ਕੇਂਦਰ ਦੇ ਬਣਾਏ ਇੱਕ ਕਮਿਸ਼ਨ ਨੇ ਵੀ ਸਿਫ਼ਾਰਿਸ਼ ਕਰ ਦਿੱਤੀ ਸੀ ਕਿ ਇਸ ਸ਼ਰਾਰਤ-ਆਮੇਜ਼ ਗ਼ਲਤੀ ਦੀ ਦਰੁੱਸਤੀ ਕੀਤੀ ਜਾਣੀ ਚਾਹੀਦੀ ਹੈ। ਪਰ ਲਗਦਾ ਹੈ ਕਿ ਕੇਂਦਰ ਸਰਕਾਰ ਵਿੱਚ ਪੱਕੇ ਤੌਰ 'ਤੇ ਸਥਾਪਤ ਹੋ ਚੁੱਕੀ ਪ੍ਰਭਾਵਸ਼ਾਲੀ ਮਨੂੰਵਾਦੀ ਲੌਬੀ ਨੇ ਇਸ ਸ਼ਰਾਰਤ-ਆਮੇਜ਼

ਬਲੰਡਰ ਦੀ ਦਰੁੱਸਤੀ ਨਹੀਂ ਹੋਣ ਦਿੱਤੀ। ਸਦ ਅਫ਼ਸੋਸ! **ਕੀ ਭਾਰਤੀ ਗਣ-ਤੰਤ੍ਰ ਦੇ ਥੰਮ੍ਹਾਂ ਦੀ ਇਸ ਬਲੰਡਰ ਨੂੰ ਦਰੁੱਸਤ ਕਰਵਾਉਣ ਲਈ ਕੋਈ ਜ਼ਿੰਮੇਵਾਰੀ ਬਣਦੀ ਹੈ ਜਾਂ ਨਹੀਂ ?**

੮. ਹਿੰਦੂਤਵ ?

ਅਸਲ ਵਿੱਚ, ਮਨੂੰਵਾਦ ਅਤੇ ਜੋਗ-ਮੱਤ ਆਪਸ ਵਿੱਚ ਰਲ-ਗੱਡ ਹੋ ਕੇ, ਇੱਕ ਹੋਰ ਮਿਲ-ਗੋਭਾ ਜਿਹੀ ਵਿਚਾਰਧਾਰਾ ਦਾ ਰੂਪ ਧਾਰਨ ਕਰ ਗਏ ਹਨ, ਜਿਸ ਨੂੰ 'ਹਿੰਦੂਤਵ' ਦਾ ਨਾਂ ਦਿੱਤਾ ਜਾ ਰਿਹਾ ਹੈ। ਆਰ.ਐਸ.ਐਸ. (ਰਾਸ਼ਟਰੀਆ ਸੋਇਮਸੇਵਕ ਸੰਘ) ਇਸ ਵਿਚਾਰਧਾਰਾ ਦਾ ਪ੍ਰਚਾਰ ਕਰਨ ਵਾਲਾ ਬੁਨਿਆਦੀ ਸੰਗਠਨ ਹੈ। ਵੀ.ਐਚ,.ਪੀ. (ਵਿਸ਼ਵ ਹਿੰਦੂ ਪ੍ਰੀਸ਼ਦ), ਏ.ਬੀ.ਵੀ.ਪੀ. (ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ), ਹਿੰਦੂ ਮਹਾਂ-ਸਭਾ , ਬਜਰੰਗ ਬ੍ਰੀਗੇਡ, ਬੀ.ਜੇ.ਪੀ. (ਭਾਰਤੀ ਜੰਤਾ ਪਾਰਟੀ) ਜਿਸ ਦਾ ਪੁਰਾਣਾ ਨਾਅ 'ਜਨ-ਸੰਘ' ਸੀ, ਆਦਿ ਆਰ.ਐਸ.ਐਸ ਦੀਆਂ ਫ਼ਰੰਟ ਜਥੇਬੰਦੀਆਂ ਹਨ।

"ਮਾਲੇਗਾਉਂ (ਮਹਾਂਰਾਸ਼ਟਰ) ਵਿੱਚ 29 ਸਤੰਬਰ 2008 ਦੇ ਦਿਨ ਹੋਏ ਅਤਿਵਾਦੀ ਬੰਬ-ਧਮਾਕਿਆਂ ਦੀ ਜਾਂਚ-ਪੜਤਾਲ ਪਿੱਛੋਂ, ਮਹਾਰਾਸ਼ਟਰ ਦੇ ਅਤਿਵਾਦ ਵਿਰੋਧੀ ਦਸਤੇ (ਏ.ਟੀ.ਐਸ.) ਨੇ ਦਾਅਵਾ ਕੀਤਾ ਸੀ ਕਿ ਇਨ੍ਹਾਂ ਧਮਾਕਿਆਂ ਪਿੱਛੇ ਹਿੰਦੂ ਜਥੇਬੰਦੀਆਂ ('ਹਿੰਦੂ ਜਾਗਰਣ ਮੰਚ', 'ਅਭਿਨਵ ਭਾਰਤ' ਆਦਿ) ਦਾ ਹੱਥ ਸੀ, ਜਿਨ੍ਹਾਂ ਵਿੱਚ ਭਾਰਤੀ ਫ਼ੌਜ ਦੇ ਮੌਜੂਦਾ ਅਤੇ ਸਾਬਕਾ ਸੀਨੀਅਰ ਅਫ਼ਸਰ (ਲੈਫ਼. ਕਰਨਲ ਪੁਰੋਹਿਤ, ਦੇਵਲਾਲੀ ਵਿੱਚ ਤਾਇਨਾਤ ਇਕ ਸਰਵਿੰਗ ਕਰਨਲ, ਪੁਣੇ ਵਿਖੇ ਤਾਇਨਾਤ ਇੱਕ ਸਰਵਿੰਗ ਲੈਫ਼ ਕਰਨਲ, ਸੇਵਾ-ਮੁਕਤ ਮੇਜਰ ਰਮੇਸ਼ ਉਪਾਧਿਆਏ, ਆਦਿ) ਸ਼ਾਮਿਲ ਸਨ"। {ਰੋਜ਼ਾਨਾ ਸਪੋਕਸਮੈਨ: 8 ਨਵੰਬਰ 2008, 9 ਨਵੰਬਰ 2008}

ਉਪਰੋਕਤ ਸਾਰੀਆਂ ਧਿਰਾਂ, ਗੁਰਮਤਿ ਇਨਕਲਾਬ ਦੇ ਸੰਸਾਰ ਵਿੱਚ ਵਿਕਾਸ ਨੂੰ ਰੋਕਣ ਲਈ, ਵਿਉਂਤਬੰਦ ਸਾਜਿਸ਼ ਅਧੀਨ, ਜਥੇਬੰਦ ਹੋ ਕੇ ਪੂਰੀ ਤਨ-ਦੇਹੀ ਨਾਲ ਕਾਰਜਸ਼ੀਲ ਹੋਈਆਂ ਸਾਫ਼ ਨਜ਼ਰ ਆ ਰਹੀਆਂ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਰ.ਐਸ.ਐਸ. ਇੱਕ ਮਾਨਵ-ਵਿਰੋਧੀ (ਅਤਿਵਾਦੀ) ਸੰਗਠਨ ਹੈ। ਇਸ ਸੰਗਠਨ ਨੇ, ਸਿੱਖ ਕੌਮ ਨੂੰ ਉੱਲੂ ਬਣਾਉਣ ਲਈ, 'ਰਾਸ਼ਟਰੀਆ ਸਿੱਖ ਸੰਗਤ' ਨਾਂ ਦੀ ਇਕ ਜਥੇਬੰਦੀ ਬਣਾਈ ਹੋਈ ਹੈ ਜਿਸ ਵਿੱਚ ਇਸ ਨੇ ਆਪਣੇ ਬੇ-ਖ਼ਰੀਦ ਸਿੱਖੀ ਸਰੂਪ ਵਾਲੇ ਵਿਅਕਤੀ ਸ਼ਾਮਿਲ ਕੀਤੇ ਹੋਏ ਹਨ।

੯. ਬਾਣੀਆਵਾਦ (ਮਾਇਆਧਾਰੀ ਵਿਚਾਰਧਾਰਾ)

ਇਸ ਵਿਚਾਰਧਾਰਾ ਦੀ ਹਮਾਇਤੀ ਸ਼੍ਰੇਣੀ ਦਾ ਇਸ਼ਟ ਹੈ 'ਲੱਛਮੀ ਦੇਵੀ' ਅਰਥਾਤ ਮਾਇਆ। ਇਸ ਦਾ ਧਰਮ ਤੇ ਈਮਾਨ ਹੈ 'ਹਰ ਯੋਗ ਤੇ ਅਯੋਗ ਢੰਗ ਨਾਲ ਕੇਵਲ ਅਤੇ ਕੇਵਲ ਮਾਇਆ (ਪਦਾਰਥ) ਦੀ ਪ੍ਰਾਪਤੀ'। ਇਸ ਦੇ ਮੂੰਹ ਵਿੱਚ, ਆਮ ਤੌਰ 'ਤੇ, ਮਿਠਾਸ ਅਤੇ ਦਿਲ ਵਿੱਚ ਜ਼ਹਿਰ (ਕਪਟ) ਦਾ ਵਾਸਾ ਰਹਿੰਦਾ ਹੈ। ਇਸ ਸ਼੍ਰੇਣੀ ਦੀ ਪਹਿਚਾਣ ਇਸ ਦੇ ਮਜ਼੍ਹਬ (ਮੱਤ) ਜਾਂ ਪਹਿਰਾਵੇ ਮਾਤਰ ਤੋਂ ਹੀ ਨਹੀਂ ਕੀਤੀ ਜਾ ਸਕਦੀ- ਇਹ ਬਹਿਰੂਪੀਆ ਸ਼੍ਰੇਣੀ ਹੈ, ਜਿਸ ਵਿੱਚ ਆਮ ਬੋਲ-ਚਾਲ ਵਿੱਚ ਕਹੇ ਜਾਂਦੇ ਬਾਣੀਏ/ਕਰਾੜਾਂ ਆਦਿ ਤੋਂ ਇਲਾਵਾ, ਭ੍ਰਿਸ਼ਟ ਰਾਜਨੀਤਕ ਨੇਤਾ, ਵੱਡੀਆਂ-ਵੱਡੀਆਂ ਮਲਟੀ ਨੈਸ਼ਨਲ ਕੰਪਣੀਆਂ ਅਤੇ ਕਾਰੋਬਾਰੀ ਅਦਾਰੇ ਸ਼ਾਮਿਲ ਹਨ। ਇਸ ਸ਼੍ਰੇਣੀ ਦੇ ਕਿਰਦਾਰ ਬਾਰੇ ਗੁਰਬਾਣੀ ਦਾ ਇੰਞ ਫੁਰਮਾਨ ਹੈ:

ਮਾਇਆਧਾਰੀ, ਅਤਿ ਅੰਨ੍ਹਾ ਬੋਲਾ॥ ਸਬਦੁ ਨ ਸੁਣਈ, ਬਹੁ ਰੋਲ ਘਚੋਲਾ॥

-(ਮ.੩, ੩੧੩)

ਭਾਵ: ਜਿਸ ਮਨੁੱਖ ਨੇ (ਹਿਰਦੇ ਵਿੱਚ) ਮਾਇਆ (ਦਾ ਪਿਆਰ) ਧਾਰਨ ਕੀਤਾ ਹੋਇਆ ਹੈ, ਉਹ (ਸਤਿਗੁਰਾਂ ਵੱਲੋਂ) ਅੰਨ੍ਹਾਂ ਤੇ ਬੋਲਾ ਹੈ (ਭਾਵ, ਨਾਂ ਤਾਂ ਸ਼ਬਦ-ਗੁਰੂ ਦਾ ਦਰਸ਼ਨ ਕਰ ਕੇ ਪਤੀਜ ਸਕਦਾ ਹੈ ਅਤੇ ਨਾ ਹੀ ਉਪਦੇਸ਼ ਸੁਣ ਕੇ)। ਉਹ ਮਨੁੱਖ ਸ਼ਬਦ ਗੁਰੂ ਦੇ ਉਪਦੇਸ਼ ਵੱਲ ਧਿਆਨ ਨਹੀਂ ਦੇਂਦਾ (ਪਰ ਮਾਇਆ ਦਾ) ਖਪਾਉਣ ਵਾਲਾ (ਭਾਵ, ਸਿਰ-ਦਰਦੀ ਪੈਦਾ ਕਰਨ ਵਾਲਾ) ਰੌਲਾ ਬਹੁਤ (ਪਸੰਦ ਕਰਦਾ) ਹੈ।

ਨਾਲਿ ਕਿਰਾੜਾਂ ਦੋਸਤੀ, ਕੂੜੈ ਕੂੜੀ ਪਾਇ॥ (ਮ.੧, ੧੪੧੨)

ਭਾਵ: ਹੇ ਭਾਈ! ਹਰ ਵੇਲੇ ਮਾਇਆ ਦੀਆਂ ਗਿਣਤੀਆਂ ਗਿਣਨ ਵਾਲੇ ਮਨੁੱਖ ਨਾਲ ਜੇ ਦੋਸਤੀ ਬਣਾਈ ਜਾਏ, (ਤਾਂ ਉਸ ਕਿਰਾੜ ਦੇ ਅੰਦਰਲੇ) ਮਾਇਆ ਦੇ ਮੋਹ ਦੇ ਕਾਰਨ (ਉਸ ਦੀ ਦੋਸਤੀ ਦੀ) ਪਾਂਇਆਂ ਵੀ ਇਤਬਾਰਯੋਗ ਨਹੀਂ ਹੁੰਦੀ।

੮. ਗੁਰਦਵਾਰਾ ਸੰਸਥਾ ਦੇ ਪ੍ਰਬੰਧਕੀ ਸਿਸਟਮ ਅਤੇ ਸਿੱਖ ਸਮਾਜ ਨੂੰ ਫ਼ਿਰ ਤੋਂ ਗੁਰਮਤਿ ਗਾਡੀ-ਰਾਹ 'ਤੇ ਕਿਵੇਂ ਲਿਆਂਦਾ ਜਾਵੇ ?

ਪਿੱਛਲੀਆਂ ਤਕਰੀਬਨ ਢਾਈ ਸਦੀਆਂ ਤੋਂ ਆਪਣੇ ਧੁਰੇ (ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ) ਨਾਲੋਂ ਟੁੱਟ ਕੇ ਤੂੰਬਾ-ਤੂੰਬਾ ਹੋ ਕੇ, ਖੱਜਲ ਖ਼ੁਆਰ ਹੋਈ ਫਿਰ ਰਹੀ ਸਿੱਖ ਕੌਮ ਨੂੰ ਫਿਰ ਤੋਂ ਗੁਰਮਤਿ ਗਾਡੀ-ਰਾਹ 'ਤੇ ਲਿਆਉਣਾ ਅਤੀ ਜ਼ਰੂਰੀ ਹੈ। ਆਪਣੇ ਧੁਰੇ ਨਾਲ ਜੁੜੀ ਹੋਈ ਕੌਮ ਹੀ, ਦਿਸ਼ਾਹੀਣ ਹੋ ਕੇ ਨਿਵਾਣਾਂ ਵੱਲ ਨੂੰ ਤੁਰੇ ਜਾ ਰਹੇ ਲਾਸਾਨੀ (ਗੁਰਮਤਿ ਇਨਕਲਾਬ) ਨੂੰ ਪੁਨਰ-ਸੁਰਜੀਤ ਕਰ ਸਕੇਗੀ। ਕੌਮ ਨੂੰ ਆਪਣੇ ਜੀਵਨ-ਸੋਮੇ (ਗੁਰੂ ਗ੍ਰੰਥ ਸਾਹਿਬ) ਨਾਲ ਜੋੜਣ ਲਈ, ਗੁਰਦਵਾਰਾ ਸੰਸਥਾ ਬਹੁਤ ਹੀ ਅਹਿਮ ਯੋਗਦਾਨ ਪਾ ਸਕਦੀ ਹੈ।

ਗੁਰੂ ਨਾਨਕ ਸਾਹਿਬ ਵੱਲੋਂ, ਰੱਬੀ-ਰਜ਼ਾ ਅਨੁਸਾਰ, ਸਦੀਵਕਾਲੀ ਹਲੇਮੀ-ਰਾਜ ਸਥਾਪਤ ਕਰਨ ਲਈ ਅਰੰਭ ਕੀਤੇ ਲਾਸਾਨੀ (ਗੁਰਮਤਿ) ਇਨਕਲਾਬ ਦੀ ਸਭ ਤੋਂ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਸਥਾਨਕ ਗੁਰਮਤਿ ਸੰਸਥਾ 'ਸੰਗਤਿ' (ਮੌਜੂਦਾ ਗੁਰਦਵਾਰਾ) ਦੇ ਤਕਰੀਬਨ ਪਿੱਛਲੀਆਂ ਤਿੰਨ ਸਦੀਆਂ ਤੋਂ ਗੁਰਮਤਿ-ਰਾਹ ਤੋਂ ਬੁਰੀ ਤਰ੍ਹਾਂ ਭਟਕੇ ਹੋਏ ਪ੍ਰਬੰਧਕੀ ਸਿਸਟਮ ਨੂੰ ਫਿਰ ਤੋਂ ਗੁਰਮਤਿ-ਗਾਡੀ ਰਾਹ 'ਤੇ ਲਿਆ ਕੇ ਕਾਰਜਸ਼ੀਲ ਕਰਨਾ ਭਾਵੇਂ ਕੋਈ ਸੌਖਾ ਕੰਮ ਤਾਂ ਨਹੀਂ ਹੈ, ਪਰ ਅਸੰਭਵ ਵੀ ਨਹੀਂ ਹੈ। ਕੁੱਝ ਸੁਆਰਥੀ ਅੰਸਰ ਅਤੇ ਮਾਨਵ-ਵਿਰੋਧੀ (ਸ਼ੈਤਾਨੀ) ਸ਼ਕਤੀਆਂ, (ਜਿਨ੍ਹਾਂ ਬਾਰੇ ਸੰਖੇਪ ਵਿਚਾਰ ਇਸ ਪੁਸਤਕ ਦੇ ਚੈਪਟਰ ਨੰਬਰ- ੭ ਵਿੱਚ ਕੀਤੀ ਜਾ ਚੁੱਕੀ ਹੈ) ਗੁਰਮਤਿ ਇਨਕਲਾਬ ਦੇ ਵਿਕਾਸ ਨੂੰ ਰੋਕਣ ਲਈ, ਮਰਦੇ ਦਮ ਤੱਕ, ਅੱਡੀ-ਚੋਟੀ ਦਾ ਜ਼ੋਰ ਲਾਉਂਦੀਆਂ ਹੀ ਰਹਿਣਗੀਆਂ।ਇਨ੍ਹਾਂ ਅਸੁਰੀ ਸ਼ਕਤੀਆਂ ਦੀ ਤਾਕਤ ਨੂੰ ਘਟਾ ਕੇ ਨਾ ਦੇਖਣਾ ਬਲਕਿ ਇਨ੍ਹਾਂ ਨੂੰ, ਇਨ੍ਹਾਂ ਦੀ ਵਾਸਤਵ ਤਾਕਤ ਤੋਂ ਵੀ ਵੱਧ ਕਰੈਡਿਟ ਦੇ ਕੇ ਪਲਾਨ ਬਣਾਉਂਣਾ, ਸਿਆਣਪ ਦੀ ਗੱਲ ਹੋਵੇਗੀ। ਅੰਗ੍ਰੇਜ਼ੀ ਵਿੱਚ ਇੱਕ ਕਹਾਵਤ ਹੈ: "Give the devil his due". ਭਾਵ, ਸ਼ੈਤਾਨ ਦੀ ਸ਼ਕਤੀ ਦਾ ਕਦੇ ਵੀ ਘੱਟਾ ਕੇ ਅੰਦਾਜ਼ਾ (under-estimate) ਨਾ ਲਗਾਉ।

ਗੁਰਦਵਾਰਾ ਸੰਸਥਾ ਦੀ ਪੁਨਰ-ਸੁਰਜੀਤੀ ਲਈ ਪ੍ਰਸਤਾਵਤ (ਗੁਰਮਤਿ) ਪਲਾਨ

ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਗੁਰਮਤਿ ਇਨਕਲਾਬ ਨੂੰ ਪੁਨਰ-ਸੁਰਜੀਤ ਕਰਨ ਲਈ, ਗੁਰਦਵਾਰਾ ਸੰਸਥਾ ਨੂੰ ਫਿਰ ਤੋਂ ਗੁਰਮਤਿ ਗਾਡੀ-ਰਾਹ ਤੇ ਲਿਆ ਕੇ ਕਾਰਜਸ਼ੀਲ ਕਰਨਾ ਹੀ ਇੱਕੋ-ਇੱਕ ਰਸਤਾ ਹੈ, ਅਤੇ **ਗੁਰਦਵਾਰਾ ਸੰਸਥਾ ਨੂੰ**

ਕੇਵਲ ਅਤੇ ਕੇਵਲ ਗੁਰੂ ਨਾਨਕ ਸਾਹਿਬ ਵੱਲੋਂ ਅਪਣਾਈ (ਅਤੇ ਅੱਗੇ ਸਦੀਵਕਾਲ ਲਈ ਦ੍ਰਿੜ ਕਰਵਾਈ) ਗੁਰਮਤਿ ਵਿਧੀ ਅਨੁਸਾਰ ਹੀ, ਸਹੀ-ਮਾਅਨਿਆਂ ਵਿੱਚ, ਕਾਰਜਸ਼ੀਲ ਕੀਤਾ ਜਾ ਸਕਦਾ ਹੈ। ਇਸ ਵਿਧੀ ਬਾਰੇ ਸੰਖੇਪ ਵਿਚਾਰ ਇਸ ਪੁਸਤਕ ਦੇ ਚੈਪਟਰ ਨੰਬਰ ੨ ਵਿੱਚ ਕੀਤੀ ਜਾ ਚੁੱਕੀ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਕੁੱਝ ਕੁ ਸੁਝਾਅ ਇਸ ਪ੍ਰਕਾਰ ਹਨ:

ੳ. ਗੁਰਦਵਾਰਾ ਸੰਸਥਾ ਦਾ ਗੁਰਮਤਿ ਅਨੁਕੂਲ ਸੰਵਿਧਾਨ ਤਿਆਰ ਕਰਵਾ ਕੇ ਅਮਲ ਵਿੱਚ ਲਿਆਉਣਾ।

ਅ. ਗੁਰਦਵਾਰਾ ਸੰਸਥਾ ਨੂੰ **'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ'** ਨਾਮ ਦੀ ਵਿਸ਼ਵ-ਪੱਧਰੀ ਲਹਿਰ ਦਾ ਮੈਂਬਰ ਬਣਾਉਣਾ।

ੲ. ਖੇਤਰੀ-ਪੱਧਰ (ਸੂਬਾ ਪੱਧਰ) 'ਤੇ ਆਪਸੀ ਸਹਿਜੋਗ ਕਾਇਮ ਕਰ ਕੇ ਗੁਰਮਤਿ ਪ੍ਰਚਾਰ ਕਰਨਾ ਅਤੇ ਇਸ ਦੌਰਾਨ ਆਉਣ ਵਾਲੀਆਂ ਔਕੜਾਂ (ਵਿਰੋਧਤਾਵਾਂ) ਦਾ ਇੱਕ-ਜੁੱਟ ਹੋ ਕੇ ਸਫ਼ਲਤਾ ਨਾਲ ਟਾਕਰਾ ਕਰਨ ਲਈ ਪੱਕੇ ਪਲਾਨ ਬਣਾ ਕੇ ਅਮਲ ਵਿਚ ਲਿਆਉਣੇ।

ਸ. **'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ'** ਵੱਲੋਂ ਕਾਇਮ ਹੋਣ ਵਾਲੀਆਂ ਖੇਤਰੀ ਇਕਾਈਆਂ ਨੂੰ ਗੁਰਮਤਿ-ਜੁਗਤਿ ਅਨੁਸਾਰ ਹਰ ਪੱਖ ਤੋਂ ਜਥੇਬੰਦ ਕਰ ਕੇ ਆਪਸੀ ਸਹਿਜੋਗ ਪੈਦਾ ਕਰਨ ਲਈ ਅਮਲੀ-ਕਦਮ ਚੁੱਕਣੇ।

ਹ. **'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ'** ਵੱਲੋਂ ਸਰਬੱਤ ਖ਼ਾਲਸਾ ਦੀ ਪੁਨਰ-ਸੁਰਜੀਤੀ ਲਈ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਤਨ, ਮਨ ਤੇ ਧਨ ਨਾਲ ਪੂਰਾ-ਪੂਰਾ ਸਹਿਜੋਗ ਦੇਣਾ ਤਾਕਿ ਕੌਮੀ ਅਤੇ ਇੰਟਰਨੈਸ਼ਨਲ ਪੱਧਰ 'ਤੇ ਸਰਬੱਤ ਦੇ ਭਲੇ ਦਾ ਆਦਰਸ਼ ਰੂਪਮਾਨ ਕੀਤਾ ਜਾ ਸਕੇ।

ੳ. ਗੁਰਦਵਾਰਾ ਸੰਸਥਾ ਦਾ ਗੁਰਮਤਿ ਅਨੁਕੂਲ ਸੰਵਿਧਾਨ ਤਿਆਰ ਕਰਵਾ ਕੇ ਅਮਲ ਵਿੱਚ ਲਿਆਉਂਣਾ

ਇਸ ਸੰਸਥਾ ਦੇ ਪ੍ਰਸਤਾਵਤ (ਗੁਰਮਤਿ) ਸੰਵਿਧਾਨ ਦਾ ਮੁੱਖ-ਬੰਦ (Preamble) ਇਸ ਪੁਸਤਕ ਦੇ ਅੰਤ ਵਿੱਚ ਦਸਤਾਵੇਜ਼ (ਅੰਤਿਕਾ ਨੰਬਰ ੧) ਵਿੱਚ ਦਿੱਤਾ ਗਿਆ ਹੈ ਇਸ preamble ਦੀ ਤਰਜ਼ਮਾਨੀ ਕਰਨ ਵਾਲਾ ਸੰਵਿਧਾਨ ਤਿਆਰ ਕਰ ਕੇ ਅਮਲ ਵਿੱਚ ਲਿਆਉਣਾ ਸਭ ਤੋਂ ਪਹਿਲਾ ਕਦਮ ਹੈ। ਇਸ ਕਦਮ ਦੇ ਪੁੱਟਣ ਲਈ ਵੀ ਅਖੌਤੀ ਸਿੱਖ ਅਤੇ ਮਾਨਵ-ਵਿਰੋਧੀ ਸ਼ਕਤੀਆਂ (ਜਿਨਾਂ ਬਾਰੇ ਚੈਪਟਰ ਨੰਬਰ-੭ ਵਿੱਚ ਜ਼ਿਕਰ ਕੀਤਾ ਗਿਆ ਹੈ) ਰੋੜੇ ਅਟਕਾਉਣਗੀਆਂ, ਜਿਨ੍ਹਾਂ ਦਾ, ਗੁਰਮਤਿ ਫਲਸਫ਼ੇ ਦੀ ਰੌਸ਼ਨੀ ਅਨੁਸਾਰ, ਦ੍ਰਿੜਤਾ ਨਾਲ ਟਾਕਰਾ ਕੀਤਾ ਜਾਣਾ ਚਾਹੀਦਾ ਹੈ। **ਸਿੱਖ ਕਿਸੇ ਨਾਲ ਦੁਸ਼ਮਣੀ ਨਹੀਂ ਕਰਦਾ ਅਤੇ ਨਾ ਹੀ ਨਫ਼ਰਤ ਕਰਦਾ ਹੈ।** ਪਰ ਇਸ ਦਾ ਇਹ ਮਤਲਬ ਬਿਲਕੁਲ ਹੀ ਨਹੀਂ ਹੈ ਕਿ ਕੋਈ ਹੋਰ ਧਿਰ ਵੀ ਸਿੱਖਾਂ ਨਾਲ

ਦੁਸ਼ਮਣੀ ਜਾਂ ਨਫ਼ਰਤ ਨਹੀਂ ਕਰਦੀ। ਇਸ ਕਰ ਕੇ, ਹਰ ਕਦਮ 'ਤੇ ਪੂਰੀ ਸਾਵਧਾਨਤਾ ਦੀ ਲੋੜ ਹੈ, ਕਿਉਂਕਿ ਆਮ ਕਹਾਵਤ ਹੈ:

"ਦੁਸ਼ਮਣ ਬਾਤ ਕਰੇ ਅਣਹੋਣੀ"।

ਹਰ ਇੱਕ ਸਥਾਨਕ ਗੁਰਦਵਾਰਾ ਸੰਸਥਾ, ਪਰਮੇਸ਼ਰ ਦੀ ਓਟ ਲੈ ਕੇ, ਗੁਰਮਤਿ-ਪ੍ਰਚਾਰ, ਅਧੁਨਿਕ ਮਲਟੀ-ਮੀਡੀਆ ਦੀ ਸੁਚੱਜੀ ਵਰਤੋਂ ਕਰ ਕੇ, ਅਰੰਭ ਕਰ ਦੇਵੇ। ਇਸ ਗੁਰਮਤਿ-ਪ੍ਰਚਾਰ ਵਿੱਚ ਸਥਾਨਕ ਸਮਾਜ ਦੇ ਹਰ ਵਰਗ ਨੂੰ ਖਿੱਚ-ਪਾਉਣ ਵਾਲੇ ਸਮਾਜਕ ਭਲਾਈ ਦੇ ਪ੍ਰੋਗਰਾਮ ਉਲੀਕ ਕੇ ਅਮਲ ਵਿੱਚ ਲਿਆਉਂਣੇ ਨਿਹਾਇਤ ਹੀ ਜ਼ਰੂਰੀ ਹਨ ਤਾਕਿ ਵੱਧ ਤੋਂ ਵੱਧ ਸਥਾਨਕ ਸਮਾਜ ਦਾ ਸਹਿਜੋਗ ਹਾਸਿਲ ਕੀਤਾ ਜਾ ਸਕੇ। **ਕੋਈ ਵੀ ਇਨਕਲਾਬੀ ਲਹਿਰ ਸਮਾਜ ਨਾਲੋਂ ਟੁੱਟ ਕੇ, ਬਹੁਤੀ ਦੇਰ ਜੀਵਤ ਨਹੀਂ ਰਹਿ ਸਕਦੀ। ਗੁਰਮਤਿ ਇਨਕਲਾਬ ਦਾ ਤਾਂ ਮਿਸ਼ਨ ਹੀ ਸਰਬੱਤ ਦਾ ਭਲਾ ਕਰਨਾ ਹੈ।** 7-8 ਸਾਲ ਦੇ ਬੱਚਿਆਂ, ਨੌਜਵਾਨਾਂ ਅਤੇ ਸਮਾਜ ਦੇ ਆਰਥਕ ਪੱਖ ਤੋਂ ਕਮਜ਼ੋਰ ਵਰਗਾਂ ਲਈ ਵਿਸ਼ੇਸ਼ ਪ੍ਰੋਗਰਾਮ ਬਣਾ ਕੇ, ਅਮਲ ਵਿੱਚ ਲਿਆਉਣੇ ਜ਼ਰੂਰੀ ਹੋਣਗੇ।

ਅ. ਗੁਰਦਵਾਰਾ ਸੰਸਥਾ ਨੂੰ 'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ' ਦਾ ਮੈਂਬਰ ਬਣਾਉਣਾ

ਖ਼ਾਲਸਾ ਪੰਥ (ਖ਼ਾਲਸਾ ਕੌਮ) ਕੌਣ ?

ਗੁਰਮਤਿ ਅਨੁਸਾਰ, ਕੇਵਲ ਉਹ ਵਿਅਕਤੀ ਹੀ 'ਖ਼ਾਲਸਾ ਪੰਥ' ਦਾ ਅੰਗ ਹੈ ਜਿਹੜਾ ਕੇਵਲ ਅਤੇ ਕੇਵਲ ਨਿਰੰਕਾਰ ਪ੍ਰਭੂ-ਪਿਤਾ ਦੀ ਸ਼ਰਣਿ ਅਤੇ ਨਿਰਮਲ-ਭਉ ਵਿੱਚ ਰਹਿੰਦਾ ਹੋਇਆ, ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਦੀ ਗੁਰਗੱਦੀ (ਗੁਰਿਆਈ) ਦਾ ਸਦੀਵੀ ਵਾਰਿਸ ਸਵੀਕਾਰ ਕਰਕੇ, 'ਗੁਰੂ' ਮੰਨਦਾ ਹੈ, ਆਪਣਾ ਜੀਵਨ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਫ਼ਲਸਫ਼ੇ ਅਨੁਸਾਰ ਬਤੀਤ ਕਰਨ ਦਾ ਯਤਨ ਕਰਦਾ ਹੈ, ਕਿਸੇ ਹੋਰ ਗ੍ਰੰਥ, ਦੇਵੀ-ਦੇਵਤੇ, ਅਵਤਾਰ ਜਾਂ ਪੰਜ-ਭੂਤਕ ਸਰੀਰ (ਅਖੌਤੀ ਸੰਤ-ਬਾਬੇ ਆਦਿ) ਨੂੰ ਨਤਮਸਤਕ ਨਹੀਂ ਹੁੰਦਾ, ਧਰਮ ਦੇ ਨਾਂਅ 'ਤੇ ਕਿਸੇ ਵੀ ਕਰਮ-ਕਾਂਡ, ਵਹਿਮ-ਭਰਮ ਨੂੰ ਮਾਨਤਾ ਨਹੀਂ ਦੇਂਦਾ, ਮਨੁੱਖਤਾ ਵਿੱਚ ਕਿਸੇ ਕਿਸਮ ਦੀਆਂ ਵੰਡੀਆਂ (ਵਰਨ-ਆਸ਼ਰਮ,ਆਰਥਿਕ ਆਦਿ) ਨੂੰ ਨਹੀਂ ਮੰਨਦਾ, ਅਤੇ ਨਾ ਹੀ ਕਿਸੇ ਹੋਰ ਗ੍ਰੰਥ, ਮੂਰਤੀ ਜਾਂ ਸਰੀਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਵਾਕਰ (ਤੁੱਲ) ਪ੍ਰਕਾਸ਼ (?) ਕਰਦਾ ਜਾਂ ਹੋਣ ਦਿੰਦਾ ਹੈ। ਹਰ ਇੱਕ ਗੁਰਦਵਾਰਾ ਸੰਸਥਾ ਲਈ 'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ' ਨਾਮ ਦੀ ਵਿਸ਼ਵ-ਪੱਧਰੀ ਗੁਰਮਤਿ ਲਹਿਰ ਦਾ ਮੈਂਬਰ ਬਣਨਾ ਬੜਾ ਜ਼ਰੂਰੀ ਹੈ ਤਾਕਿ ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਗੁਰਮਤਿ ਇਨਕਲਾਬ ਦਾ ਸੰਸਾਰ ਅੰਦਰ ਵਿਕਾਸ ਕੀਤਾ ਜਾ ਸਕੇ। ਇਹ ਕਾਰਜ **'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ'** ਵੱਲੋਂ ਜਾਰੀ ਕੀਤੇ ਜਾਣ ਵਾਲੇ ਗੁਰਮਤਿ ਏਜੰਡੇ ਅਨੁਸਾਰ ਸਿਰੇ ਚਾੜ੍ਹਿਆ ਜਾਵੇ।

'ਕਾਲਕਾ ਪੰਥ' ਕੌਣ ?

ਇਥੇ 'ਕਾਲਕਾ-ਪੰਥ' ਬਾਰੇ ਵੀ ਕੁਝ ਜਾਣਕਾਰੀ ਦਰਜ਼ ਕਰਨੀ ਜ਼ਰੂਰੀ ਹੈ। **'ਕਾਲਕਾ ਪੰਥ' ਵਾਲੇ 'ਮਹਾਂਕਾਲ-ਕਾਲਕਾ' (ਸ਼ਿਵ ਤੇ ਪਾਰਬਤੀ ਦਾ ਭਿਆਨਕ ਜੁੜਵਾਂ ਸਰੂਪ) ਦੇ ਪੁਜਾਰੀ ਹਨ। 'ਮਹਾਂਕਾਲ' ਦੇਹਧਾਰੀ ਹੈ ਅਤੇ 'ਕਾਲ', 'ਸ੍ਰੀ ਅਸਧੁਜ' ਆਦਿ ਇਸ ਦੇ ਹੋਰ ਨਾਮ ਹਨ। 'ਕਾਲਕਾ' ਨੂੰ 'ਦੁਰਗਾ ਦੇਵੀ', 'ਚੰਡੀ', 'ਭਵਾਨੀ' ਅਤੇ 'ਸ਼ਿਵਾ' ਆਦਿ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਹ ਵੀ ਦੇਹਧਾਰੀ ਹੈ। ਇਹ ਅਸਲ ਵਿੱਚ, ਵਾਮ-ਮਾਰਗੀ ਤਾਂਤ੍ਰਿਕ ਮੱਤ ਹੈ, ਜਿਸ ਵਿੱਚ ਵਿਭਚਾਰ, ਨੱਸ਼ੇ, ਝੂਠ, ਕਪਟ, ਅਸ਼ਲੀਲਤਾ, ਬੇ-ਸ਼ਰਮੀ ਆਦਿ ਰਵਾਇਤਾਂ ਤੇ ਕੁਕਰਮਾਂ ਦੀ ਭਰਮਾਰ ਹੈ।** ਇਨ੍ਹਾਂ ਬਾਰੇ, ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਵਿੱਚ, ਖੁੱਲ੍ਹ ਕੇ ਖੁਲਾਸਾ ਕੀਤਾ ਹੋਇਆ ਮਿਲਦਾ ਹੈ ਅਤੇ ਇਹ ਇਸ ਅਸ਼ਲੀਲਤਾ-ਭਰਪੂਰ ਕਿਤਾਬ ਨੂੰ ਦਸਮੇਸ਼ ਪਿਤਾ ਜੀ ਦੀ ਰਚਨਾ ਕਰ ਕੇ ਮੰਨਦੇ ਹਨ। ਇਹ ਬਚਿੱਤ੍ਰ ਨਾਟਕ, ਅਸਲ ਵਿੱਚ ਕਵੀ 'ਰਾਮ', ਕਵੀ 'ਸ਼ਾਮ', ਕਵੀ 'ਕਾਲ' ਆਦਿ ਵੱਲੋਂ ਸੰਨ 1740 ਦੇ ਆਸ-ਪਾਸ ਲਿਖੀਆਂ ਗਈਆਂ ਕੁੱਝ ਕੁ ਕਿਤਾਬਾਂ ਨੂੰ ਇੱਕ ਜਿਲਦ ਵਿੱਚ ਇੱਕਠਾ ਕਰ ਕੇ ਤਿਆਰ ਕੀਤੀ ਹੋਈ ਪੁਸਤਕ ਹੈ, ਜਿਹੜੀ ਬ੍ਰਾਹਮਣਵਾਦੀਆਂ ਦੇ 'ਸ਼ਿਵ-ਪੁਰਾਣ', 'ਮਾਰਕੰਡੇਯ-ਪੁਰਾਣ' ਅਤੇ 'ਸ੍ਰੀ ਭਾਗਵਤ ਪੁਰਾਣ' ਵਿੱਚੋਂ, ਹੂ-ਬ-ਹੂ ਨਕਲ ਮਾਰ' ਕੇ ਲਿਖੀ ਹੋਈ ਹੈ। ਅੰਗਰੇਜ਼ਾਂ ਅਤੇ ਮਨੂੰਵਾਦੀਆਂ ਦੀ ਸਿੱਖ ਕੌਮ ਨੂੰ ਗੁਮਰਾਹ ਕਰ ਕੇ ਭੰਬਲ-ਭੂਸਿਆਂ ਵਿੱਚ ਪਾਉਣ ਦੀ ਸਾਜਿਸ਼ ਅਧੀਨ, ਇਸ ਕਿਤਾਬ ਨੂੰ ਸਿੱਖ ਕੌਮ ਦੇ ਵਿਹੜੇ ਵਿੱਚ, ਗੁਰੂ ਗੋਬਿੰਦ ਸਿੰਘ ਦੇ ਨਾਂ ਹੇਠ ਪ੍ਰਚੱਲਤ ਕਰਨ ਲਈ, ਸੁੱਟਿਆ ਗਿਆ ਸੀ। ਇਹ ਸਾਜਿਸ਼ ਕਿੱਥੋਂ ਤੱਕ ਸਫ਼ਲ ਹੋਈ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਕਾਫ਼ੀ ਅਰਸੇ ਤੋਂ ਪਟਨੇ ਅਤੇ ਨੰਦੇੜ (ਹਜ਼ੂਰ ਸਾਹਿਬ) ਦੇ ਅਖੌਤੀ ਤਖ਼ਤਾਂ 'ਤੇ ਇਸ ਦਾ ਪ੍ਰਕਾਸ਼ (?) ਗੁਰੂ ਗ੍ਰੰਥ ਸਾਹਿਬ ਦੇ ਬਰਾਬਰ (ਗੁਰੂ ਗ੍ਰੰਥ ਸਾਹਿਬ ਦੇ ਸ਼ੱਰੀਕ ਵਜੋਂ) ਕੀਤਾ ਜਾ ਰਿਹਾ ਹੈ। ਹੋਰ ਵੀ ਕਈ ਨਿਹੰਗ-ਡੇਰਿਆਂ 'ਤੇ ਅਜਿਹਾ ਅਪ੍ਰਾਧ ਕੀਤਾ ਜਾ ਰਿਹਾ ਹੈ ਅਤੇ ਖ਼ਾਲਸਾ ਪੰਥ ਦੀ ਚਲਦੀ-ਫਿਰਦੀ ਯੂਨੀਵਰਸਿਟੀ ਦੇ ਨਾਂ ਨਾਲ ਜਾਣੇ ਜਾਂਦੇ 'ਭਿੰਡਰਾਂ ਵਾਲਾ ਜੱਥਾ' (ਨਵਾਂ ਨਾਮ 'ਦਮਦਮੀ ਟਕਸਾਲ') ਦੀ ਇੱਕ ਸ਼ਾਖਾ ਦੇ ਹੈਡਕੁਆਟਰ (ਮਹਿਤਾ ਚੌਂਕ) ਵਿਖੇ ਵੀ ਪਿਛਲੀ ਸਦੀ ਦੇ ਆਖ਼ਰੀ ਦਹਾਕੇ ਦੌਰਾਨ, ਕੰਮ ਚਲਾਊ ਜੱਥੇਦਾਰ ਠਾਕਰ ਸਿੰਘ ਦੀ ਜਥੇਦਾਰੀ ਦੇ ਸਮੇਂ ਤੋਂ, ਇਸ ਕਿਤਾਬ ਦਾ ਪ੍ਰਕਾਸ਼ (?) ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕੀਤਾ ਜਾ ਚੁੱਕਿਆ ਹੈ। ਸਦ ਅਫ਼ਸੋਸ !

ਨਾ-ਬਖ਼ਸ਼ਣਯੋਗ ਸਾਜਿਸ਼ ਦਾ ਪੜਦਾ ਫ਼ਾਸ਼

ਬਿਪਰਵਾਦੀਆਂ (ਬ੍ਰਾਹਮਣਵਾਦੀਆਂ) ਨੇ ਬੁੱਧ-ਮੱਤ ਦੀ ਤਰ੍ਹਾਂ ਹੀ ਸਿੱਖ ਕੌਮ ਦਾ ਮਲੀਆਮੇਟ ਕਰਨ ਲਈ ਇਹ ਸਾਜਿਸ਼ ਘੜੀ ਸੀ ਕਿ ਸਿੱਖ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਨ ਲਈ ਬਚਿੱਤ੍ਰ ਨਾਟਕ (ਜਿਸ ਦਾ ਆਕਾਰ ਗੁਰੂ ਗ੍ਰੰਥ ਦੇ ਆਕਾਰ ਦੇ ਤਕਰੀਬਨ ਬਰਾਬਰ ਹੀ ਹੈ) ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਸਥਾਪਿਤ ਕਰਵਾ

ਦਿੱਤਾ ਜਾਵੇ। ਫ਼ਿਰ ਹੌਲੀ-ਹੌਲੀ, ਕਿਸੇ ਇੱਕ ਗ੍ਰੰਥ ਦਾ (ਕਦੀ ਗੁਰੂ ਗ੍ਰੰਥ ਸਾਹਿਬ ਅਤੇ ਕਦੀ-ਕਦੀ ਬਚਿੱਤ੍ਰ ਨਾਟਕ ਦਾ) ਪ੍ਰਕਾਸ਼ ਹੁੰਦਾ ਰਹੇ, ਅਤੇ 100-150 ਸਾਲ ਬਾਅਦ, ਅਛੋਪਲੇ ਜਿਹੇ, ਗੁਰੂ ਗ੍ਰੰਥ ਸਾਹਿਬ ਨੂੰ ਅਲੋਪ ਕਰ ਕੇ ਸਿਰਫ਼ ਬਚਿੱਤ੍ਰ ਨਾਟਕ ਦਾ ਹੀ ਪ੍ਰਕਾਸ਼ (?) ਰਹਿਣ ਦਿੱਤਾ ਜਾਵੇ। ਇਸ ਸਾਜਿਸ਼ ਦਾ ਉਦੋਂ ਪਰਦਾ-ਫ਼ਾਸ਼ ਹੋ ਗਿਆ ਜਦੋਂ ਸੰਨ 2006 ਵਿੱਚ, ਗੁਰੂ ਗ੍ਰੰਥ ਸਾਹਿਬ ਦੀ ਗੁਰਗੱਦੀ (ਗੁਰਿਆਈ) ਦੀ ਤੀਜੀ ਸ਼ਤਾਬਦੀ ਮਨਾਉਣ ਦੇ ਬਹਾਨੇ, ਦਿਆਲਪੁਰਾ ਭਾਈਕਾ (ਬਠਿੰਡਾ) ਵਿਖੇ, 11 ਨਵੰਬਰ 2006 ਤੋਂ 13 ਨਵੰਬਰ 2006 ਤੱਕ ਇਸ ਅਸ਼ਲੀਲਤਾ ਭਰਪੂਰ ਕਿਤਾਬ ਦਾ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ (?) ਕਰ ਕੇ ਅਖੰਡ-ਪਾਠ ਕੀਤਾ ਗਿਆ। 13 ਨਵੰਬਰ 2006 ਤੋਂ ਹੀ, **'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ'** ਲਹਿਰ ਦਾ ਅਰੰਭ ਹੋਇਆ। 13 ਨਵੰਬਰ 2006 ਤੋਂ ਹੀ, ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮਨੁੱਖਤਾ ਦਾ ਸਦੀਵਕਾਲੀ **'ਸ਼ਬਦ-ਗੁਰੂ'** ਮੰਨਣ ਵਾਲਾ ਜਗਤ, ਹਰ ਮਹੀਨੇ ਦੀ 13 ਤਰੀਖ ਨੂੰ, ਸਿੱਖ ਕੌਮ ਦੇ ਇਤਿਹਾਸ ਦੇ 'ਕਾਲਾ ਦਿਨ' ਵਜੋਂ ਰੋਸ ਕਰ ਕੇ, ਮਨਾਉਂਦਾ ਆ ਰਿਹਾ ਹੈ। ਸਭ ਤੋਂ ਦੁੱਖਦਾਈ ਗੱਲ ਇਹ ਹੈ ਕਿ ਇਸ ਸਾਜਿਸ਼ ਵਿੱਚ, ਸਿੱਖ ਕੌਮ ਵਿੱਚ ਸੁਆਰਥੀ ਸਿਆਸਤਦਾਨਾਂ ਦੀ ਗੁਰਮਤਿ ਸਿਧਾਂਤਾਂ ਦਾ ਘਾਣ ਕਰ ਕੇ ਸਥਾਪਤ ਕੀਤੀ ਪੁਜਾਰੀ ਸ਼੍ਰੇਣੀ (ਅਖੌਤੀ ਜਥੇਦਾਰ ਤਖ਼ਤ ਸਾਹਿਬਾਨ) ਤੋਂ ਇਲਾਵਾ, ਖ਼ੁਦਗਰਜ਼ ਅਖੌਤੀ ਸਿੱਖ ਸਿਆਸਤਦਾਨ ਤੇ ਉਨ੍ਹਾਂ ਦੇ ਗ਼ੁਲਾਮ (ਪ੍ਰਧਾਨ, ਸ਼੍ਰੋਮਣੀ ਗੁਰਦਵਾਰਾ ਪ੍ਰ. ਕਮੇਟੀ), ਅਖੌਤੀ ਸੰਤ-ਸਮਾਜੀਏ ਆਦਿ, ਗੁਰੂ ਨਾਨਕ ਸਾਹਿਬ ਨਾਲ ਸ਼ਰ੍ਹੇਆਮ ਗ਼ੱਦਾਰੀਆਂ ਕਰ ਕੇ, ਸ਼ਾਮਿਲ ਹੋ ਗਏ ਹਨ।

(ੲ) ਖੇਤਰੀ ਪੱਧਰ 'ਤੇ ਗੁਰਮਤਿ ਪ੍ਰਚਾਰ

ਸੂਬਾ ਪੱਧਰ (ਜਾਂ ਇਸ ਤੋਂ ਵੀ ਵੱਡੇ ਪੱਧਰ) 'ਤੇ ਜਿਹੜੀਆਂ ਜਥੇਬੰਦੀਆਂ, ਸੰਸਥਾਵਾਂ ਜਾਂ ਅਦਾਰੇ ਗੁਰਮਤਿ ਪ੍ਰਚਾਰ ਕਰ ਰਹੇ ਹਨ, ਕਰਦੇ ਰਹਿਣ। ਉਨ੍ਹਾਂ ਨੂੰ, ਆਪੋ-ਆਪਣੀਆਂ ਇਕਾਈਆਂ ਨੂੰ ਭੰਗ ਕਰਨ ਦੀ ਲੋੜ ਨਹੀਂ, ਆਪਸੀ ਤਾਲਮੇਲ ਅਤੇ ਸਹਿਜੋਗ ਪੈਦਾ ਕਰ ਕੇ ਪ੍ਰਚਾਰ ਕਰਨ ਦੀ ਲੋੜ ਹੈ, ਤਾਕਿ ਪ੍ਰਚਾਰ ਸਾਧਨਾਂ ਦੀ ਸੁਚੱਜੀ ਤੇ ਸਹਿਜੋਗੀ ਵਰਤੋਂ ਰਾਹੀਂ, ਚੰਗੇ ਨਤੀਜੇ ਹਾਸਿਲ ਕੀਤੇ ਜਾ ਸਕਣ।ਸੂਬੇ ਦੇ ਸਾਰੇ ਹਲਕਿਆਂ ਵਿੱਚੋਂ ਯੋਗ ਵਿਅਕਤੀਆਂ ਦੀ ਚੋਣ ਕਰ ਕੇ ਇੱਕ 'ਚਲਦਾ-ਫਿਰਦਾ ਗੁਰਮਤਿ ਪ੍ਰਚਾਰਕ ਜਥਾ' ਤਿਆਰ ਕੀਤਾ ਜਾਵੇ ਜਿਹੜਾ ਅਧੁਨਿਕ ਪ੍ਰਚਾਰ ਸਾਧਨਾਂ (ਵੈਨ, ਲ਼ੈਪ-ਟਾਪ, ਡੀ.ਵੀ.ਡੀ ਪਲੇਅਰਜ਼/ਰਿਕਾਰਡਰਜ਼, ਟ੍ਰੇਨਿੰਗ ਫਿਲਮਜ਼, ਫਿਲਮ ਸਕਰੀਨਜ਼, ਪਬਲਕ ਐਡਰੈਸ ਸਿਸਟਮ, ਜੈਨਰੇਟਰ ਆਦਿ) ਨਾਲ ਪੂਰੀ ਤਰ੍ਹਾਂ ਲੈਸ ਕੀਤਾ ਜਾਵੇ।

(ਸ) **ਰਾਸ਼ਟਰ ਅਤੇ ਵਿਸ਼ਵ-ਪੱਧਰ 'ਤੇ ਗੁਰਮਤਿ ਪ੍ਰਚਾਰ**

'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ' ਵੱਲੋਂ ਪ੍ਰਵਾਨ ਕੀਤੇ ਗਏ ਏਜੰਡੇ ਅਨੁਸਾਰ, ਵਿਉਂਤਬੰਦ ਢੰਗ ਨਾਲ ਜਥੇਬੰਦ ਹੋ ਕੇ, ਆਧੁਨਿਕ ਮੀਡੀਆ ਦੁਆਰਾ, ਗੁਰਮਤਿ ਇਨਕਲਾਬ ਦਾ ਵਿਕਾਸ ਕਰਨਾ ਹੈ।

(ਹ) **'ਸਰਬੱਤ ਖ਼ਾਲਸਾ' ਦੀ ਪੁਨਰ-ਸੁਰਜੀਤੀ**

'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ' ਵੱਲੋਂ ਦਿੱਤੇ ਜਾਣ ਵਾਲੇ ਪ੍ਰੋਗਰਾਮ ਅਨੁਸਾਰ 'ਸਰਬੱਤ ਖ਼ਾਲਸਾ' ਦੀ ਪੁਨਰ-ਸੁਰਜੀਤੀ ਲਈ ਬਣਦਾ ਯੋਗਦਾਨ ਪਾਉਣਾ ਤਾਕਿ ਸਰਬੱਤ ਦੇ ਭਲੇ ਦੇ ਜ਼ਾਮਨ ਲਾਸਾਨੀ (ਗੁਰਮਤਿ) ਇਨਕਲਾਬ ਨੂੰ ਬੁਲੰਦੀਆਂ 'ਤੇ ਪੁਜਾ ਕੇ, ਪੜਾਅ-ਦਰ-ਪੜਾਅ, ਹਲੇਮੀ-ਰਾਜ ਦੀ ਸਥਾਪਨਾ ਵੱਲ ਵਧਿਆ ਜਾ ਸਕੇ।

ਗੁਰਦਵਾਰਾ ਸੰਸਥਾ ਦੇ ਸਹਿਜੋਗ ਨਾਲ ਨੇਪਰੇ ਚਾੜ੍ਹੇ ਜਾਣ ਵਾਲੇ ਸਮਾਜਕ ਪ੍ਰਾਜੈਕਟਸ

ਗੁਰਦੁਵਾਰਾ ਸੰਸਥਾ ਦੇ ਯੋਗਦਾਨ ਨੂੰ ਕੇਵਲ ਸਥਾਨਕ ਪੱਧਰ 'ਤੇ ਹਰ ਪੱਖ ਤੋਂ ਬਰਾਬਰੀ ਵਾਲਾ ਆਦਰਸ਼ਕ ਸਮਾਜ ਸਿਰਜਨ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਇਸ ਸੰਸਥਾ ਨੇ ਲਾਸਾਨੀ ਇਨਕਲਾਬ ਦੇ ਵਿਕਾਸ ਲਈ ਸਰਬਪੱਖੀ ਯੋਗਦਾਨ ਪਾਉਂਣਾ ਹੈ। **ਉਹ ਮਨੁੱਖੀ ਸਮਾਜ ਹੀ ਸਰਬ ਪੱਖੀ ਤਰੱਕੀ ਪ੍ਰਾਪਤ ਕਰ ਸਕਦਾ ਹੈ ਜਿਹੜਾ ਸਿਹਤ, ਵਿਦਿਆ, ਆਚਰਣ ਅਤੇ ਨੈਤਿਕ ਪੱਖਾਂ ਤੋਂ ਤਾਕਤਵਰ ਹੋਵੇ। ਗੁਰਦਵਾਰਾ ਸੰਸਥਾ ਨੇ ਸਮਾਜ ਨੂੰ ਇਨ੍ਹਾਂ ਸਾਰਿਆਂ ਪੱਖਾਂ ਤੋਂ ਤਾਕਤਵਰ ਬਣਾਉਣ ਲਈ ਭਰਵਾਂ ਯੋਗਦਾਨ ਪਾਉਣਾ ਹੈ।** ਇਸ ਅਹਿਮ ਜ਼ਿੰਮੇਵਾਰੀ ਨੂੰ ਸਫ਼ਲਤਾ ਪੂਰਬਕ ਨਿਭਾਉਣ ਲਈ ਇਸ ਸੰਸਥਾ ਨੂੰ ਨੇੜ-ਭਵਿੱਖ ਅਤੇ ਦੂਰ-ਭਵਿੱਖ ਦੇ ਕੁਝ-ਇੱਕ ਪ੍ਰਜੈਕਟਸ ਤਿਆਰ ਕਰ ਕੇ ਸਿਰੇ ਚਾੜ੍ਹਨੇ ਪੈਣਗੇ।ਗੁਰਦਵਾਰਾ ਸੰਸਥਾ ਦੇ ਯੋਗਦਾਨ ਨਾਲ ਨੇਪਰੇ ਚਾੜ੍ਹੇ ਜਾ ਸਕਣ ਵਾਲੇ ਪ੍ਰਾਜੈਕਟਸ ਦਾ ਸੰਖੇਪ ਵੇਰਵਾ ਅੱਗੇ ਦਿੱਤਾ ਜਾ ਰਿਹਾ ਹੈ।

੧ **ਪਿੰਡ/ਸੈਕਟਰ ਪੱਧਰ 'ਤੇ**

ਘੱਟੋ-ਘੱਟ ਇੱਕ ਆਦਰਸ਼ਕ (ਮਾਡਲ) ਖ਼ਾਲਸਾ ਨਰਸਰੀ/ਪ੍ਰਾਇਮਰੀ ਸਕੂਲ, ਸਮਾਜ-ਭਲਾਈ ਕੇਂਦਰ, ਸਿਹਤ ਕੇਂਦਰ, ਸਪੋਰਟਸ ਸਿਖਲਾਈ ਕੇਂਦਰ/ਕਸਰਤ ਕੇਂਦਰ (ਜਿੰਮ) ਸਥਾਪਤ ਕੀਤੇ ਜਾਣ।ਸਕੂਲ ਦਾ ਸਲੇਬਸ ਅਤੇ ਦੂਸਰੇ ਰੋਜ਼ਾਨਾ ਪ੍ਰੋਗਰਾਮ ਬੱਚਿਆਂ ਦੇ ਮਨੋ-ਵਿਗਿਆਨ ਵਿਸ਼ੇ ਦੇ ਮਾਹਰਾਂ ਦੀ ਨਿਗਰਾਨੀ ਹੇਠ ਇਸ ਢੰਗ ਨਾਲ ਤਿਆਰ ਕੀਤੇ ਜਾਣ ਕਿ ਬੱਚੇ ਚਾਅ

ਅਤੇ ਉਤਸ਼ਾਹ ਨਾਲ ਭੱਜੇ-ਭੱਜੇ ਸਕੂਲ ਆਇਆ ਕਰਨ। ਸਕੂਲ ਦਾ ਸਮੁੱਚਾ ਸਟਾਫ਼ ਮਿਹਨਤੀ ਅਤੇ ਲਗਨ ਨਾਲ ਆਪੋ-ਆਪਣੀ ਡਿਊਟੀ ਨਿਭਾਉਣ ਵਾਲਾ ਹੋਵੇ ਅਤੇ ਉਨ੍ਹਾਂ ਦੀਆਂ ਤਨਖ਼ਾਹਾਂ ਵੀ ਯੋਗ ਹੋਣ। ਇਸੇ ਤਰ੍ਹਾਂ ਹੀ ਸਿਹਤ ਕੇਂਦਰ, ਸਪੋਰਟਸ ਸਿਖਲਾਈ ਕੇਂਦਰ ਅਤੇ ਸਮਾਜ-ਭਲਾਈ ਕੇਂਦਰ ਵੀ, ਗੁਰਮਤਿ ਫ਼ਲਸਫ਼ੇ ਦੀ ਰੌਸ਼ਨੀ ਅਧੀਨ, ਸਮੁੱਚੀ ਮਨੁੱਖੀ ਸ਼ਖਸੀਅਤ ਦਾ ਸਰਬਪੱਖੀ ਵਿਕਾਸ ਕਰਨ ਦੇ ਉਦੇਸ਼ ਦੀ ਪੂਰਤੀ ਲਈ ਕਾਰਜਸ਼ੀਲ ਕੀਤੇ ਜਾਣ।

੨ **ਤਹਿਸੀਲ ਪੱਧਰ 'ਤੇ**

ਘੱਟੋ-ਘੱਟ ਇੱਕ ਆਦਰਸ਼ਕ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਅਤੇ ਇੱਕ ਕਿੱਤਾ-ਮੁੱਖੀ ਤਕਨੀਕੀ ਸਿਖਲਾਈ ਕੇਂਦਰ (ਆਈ.ਟੀ.ਆਈ.ਦੀ ਤਰਜ਼ 'ਤੇ) ਕਾਇਮ ਕੀਤੇ ਜਾਣ, ਤਾਕਿ ਬੇ-ਰੁਜ਼ਗਾਰੀ ਨੂੰ ਖ਼ਤਮ ਕੀਤਾ ਜਾ ਸਕੇ।

੩ **ਜ਼ਿਲ੍ਹਾ/ਡਿਵਿਜ਼ਨ ਪੱਧਰ 'ਤੇ**

ਘੱਟੋ-ਘੱਟ ਇੱਕ ਖ਼ਾਲਸਾ ਪੌਲੀਟੈਕਨੀਕ ਕਾਲਿਜ, ਇੱਕ ਆਲ ਇੰਡੀਆ ਕੰਪੀਟੀਸ਼ਨਜ਼ ਟ੍ਰੇਨਿੰਗ ਕਾਲਿਜ ਅਤੇ ਇੱਕ ਸਪੋਰਟਸ ਸਟੇਡੀਅਮ ਕਾਇਮ ਕੀਤੇ ਜਾਣ।

੪ **ਸੂਬਾ (State) ਪਧਰ 'ਤੇ**

ਮਨੁੱਖੀ ਵਿਕਾਸ ਸਾਧਨ ਨਿਗਰਾਨ ਕਮੇਟੀ (Human Resources Development and Regulatory Committee) ਕਾਇਮ ਕੀਤੀ ਜਾਵੇ। ਸੂਬੇ ਅੰਦਰ ਚੱਲ ਰਹੇ ਸਾਰੇ ਗੁਰਮਤਿ ਪ੍ਰਾਜੈਕਟਸ ਦੀ ਨਿਗਰਾਨੀ ਕਰ ਕੇ ਯੋਗ ਸੇਧਾਂ ਦੇ ਕੇ, ਆਪਸੀ ਸਹਿਜੋਗ ਅਤੇ ਤਾਲਮੇਲ ਦੁਆਰਾ ਮਨੁੱਖੀ ਸਮਾਜ ਦੇ ਸਰਬ-ਪੱਖੀ ਵਿਕਾਸ ਰਾਹੀਂ, ਗੁਰਮਤਿ ਫ਼ਲਸਫ਼ੇ ਦੀ ਰੌਸ਼ਨੀ ਅਨੁਸਾਰ, ਲਾਸਾਨੀ (ਗੁਰਮਤਿ) ਇਨਕਲਾਬ ਦੇ ਟੀਚਿਆਂ ਨੂੰ ਹਾਸਿਲ ਕਰਨ ਦੀ ਜ਼ਿਮੇਵਾਰੀ ਇਸ ਕਮੇਟੀ ਦੀ ਹੋਵੇਗੀ।

ਸਮਾਜ ਵਿਕਾਸ ਦੇ ਕਾਰਜਾਂ ਲਈ ਲੋੜੀਂਦੇ ਆਰਥਕ ਸਾਧਨਾਂ ਦਾ ਪ੍ਰਬੰਧ

ਉੱਪਰ ਵਰਣਨ ਕੀਤੇ ਸਮਾਜ ਵਿਕਾਸ ਕਾਰਜਾਂ ਲਈ ਬਹੁਤ ਸਾਰੀ ਮਾਇਆ ਦੀ ਲੋੜ ਹੈ। ਇਸ ਮਾਇਆ ਦਾ ਪ੍ਰਬੰਧ ਕਰਨ ਲਈ ਸਾਨੂੰ ਨਾਂ ਤਾਂ ਸਰਕਾਰ ਤੋਂ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਤੋਂ ਕਿਸੇ ਕਿਸਮ ਦੀ ਸਹਾਇਤਾ ਦੀ ਆਸ ਰੱਖਣੀ ਚਾਹੀਦੀ ਹੈ। ਹੁਣ ਤੱਕ ਦਾ ਇਤਿਹਾਸ ਤਾਂ ਏਹੀ ਸੁਨੇਹਾ ਦਿੰਦਾ ਆ ਰਿਹਾ ਹੈ ਕਿ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦੀਆਂ ਲਕਵਾ-ਮਾਰੀਆਂ ਨਿਗਾਹਾਂ ਹਮੇਸ਼ਾਂ ਆਪੋ ਆਪਣੇ ਸੁਆਰਥਾਂ ਦੀ ਪੂਰਤੀ ਤੱਕ ਹੀ ਸੀਮਤ ਰਹਿੰਦੀਆਂ ਹਨ। ਸਮੁੱਚੀ ਮਨੁੱਖਤਾ ਦੀ

ਆਜ਼ਾਦੀ ਅਤੇ ਨੈਤਿਕ ਕਦਰਾਂ-ਕੀਮਤਾਂ (ਇਨਸਾਨੀਅਤ) ਦੇ ਬੋਲਬਾਲੇ ਕਦੇ ਵੀ ਇਨ੍ਹਾਂ ਦੇ ਅਮਲੀ-ਏਜੰਡੇ ਤੇ ਨਹੀਂ ਰਹੇ ਅਤੇ ਨਾਂ ਹੀ ਰਹਿਣ ਦੀ ਆਸ ਹੈ। ਇਹ ਕਰਾਮਾਤ ਉਦੋਂ ਹੀ ਸੰਭਵ ਹੋਵੇਗੀ ਜਦੋਂ ਗੁਰੂ ਨਾਨਕ ਸਾਹਿਬ ਦੇ ਪਲਾਨ ਮੁਤਾਬਿਕ ਸੰਸਾਰ ਦੇ ਵੱਡੇ ਹਿੱਸੇ ਅੰਦਰ ਹਲੇਮੀ-ਰਾਜ ਦੀ ਪੱਕੇ ਤੌਰ 'ਤੇ ਸਥਾਪਨਾ ਹੋ ਜਾਵੇਗੀ!

ਸਮਾਜ ਵਿਕਾਸ ਦੇ ਕਾਰਜਾਂ ਲਈ ਲੋੜੀਂਦੇ ਆਰਥਕ ਪ੍ਰਬੰਧ ਦੀ ਵਿਵਸਥਾ ਵੀ ਆਲਮਗੀਰੀ ਗੁਰਮਤਿ ਫ਼ਲਸਫ਼ੇ ਅੰਦਰ ਮੌਜੂਦ ਹੈ। ਨਿਰੰਕਾਰ-ਸਰੂਪ ਗੁਰਬਾਣੀ ਦਾ ਇਸ ਪ੍ਰਥਾਇ ਫ਼ੁਰਮਾਨ ਹੈ:

ਆਪਣ ਹਥੀਂ ਆਪਣਾ, ਆਪੇ ਹੀ ਕਾਜੁ ਸਵਾਰੀਐ॥ (ਮ.੧, ੪੭੩)

ਭਾਵ ਕਿ, ਹਰ ਇੱਕ ਪਰਿਵਾਰ, ਆਪਣੀ ਸਮਰੱਥਾ ਅਨੁਸਾਰ, ਆਪਣੀ ਦੱਸਾਂ-ਨਹੁੰਆਂ ਦੀ ਸੁੱਚੀ ਕਿਰਤ-ਕਮਾਈ ਵਿੱਚੋਂ ਸਮਾਜ ਦੀ ਭਲਾਈ ਤੇ ਵਿਕਾਸ ਲਈ ਬਣਦਾ ਯੋਗਦਾਨ ਪਾਵੇ - ਕੋਈ ਆਪਣੇ ਸਮੇਂ (ਵੱਕਤ) ਦਾ ਦਸਵੰਧ ਅਤੇ ਕੋਈ ਆਪਣੀ ਮਾਇਆ ਦੇ ਦਸਵੰਧ ਵਿੱਚੋਂ ਲੋੜੀਂਦਾ ਯੋਗਦਾਨ ਪਾ ਸਕਦਾ ਹੈ। ਇਸ ਸਬੰਧੀ ਵੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਹੈ:

ਘਾਲਿ ਖਾਇ, ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ॥੧॥ (ਮ.੧, ੧੨੪੫)

ਭਾਵ: ਜੋ ਮਨੁੱਖ ਧਰਮ ਦੀ ਸੁੱਚੀ ਕਿਰਤ ਕਰ ਕੇ ਆਪਣੇ ਪਰਿਵਾਰ ਦੀ ਪਾਲਣਾ ਕਰਦਾ ਹੋਇਆ, ਆਪਣੀ ਨੇਕ ਕਿਰਤ-ਕਮਾਈ ਵਿੱਚੋਂ (ਦਸਵੰਧ ਦੇ ਰੂਪ ਵਿੱਚ) ਦੁਖੀਆਂ, ਗ਼ਰੀਬਾਂ, ਲੋੜਵੰਦਾਂ ਦੀ ਸਹਾਇਤਾ ਲਈ ਅਤੇ ਸਮੁੱਚੇ ਸਮਾਜ ਦੀ ਭਲਾਈ ਦੇ ਕਾਰਜਾਂ ਲਈ ਬਣਦਾ ਯੋਗਦਾਨ ਪਾਉਂਦਾ ਹੈ, ਉਸੇ ਨੂੰ ਹੀ ਮਨੁੱਖੀ ਜੀਵਨ ਸਫ਼ਲ ਕਰ ਕੇ, ਪ੍ਰਭੂ-ਪਿਤਾ ਦੇ ਮਿਲਾਪ ਵਾਲੇ ਰਸਤੇ ਦੀ ਸੋਝੀ ਪ੍ਰਾਪਤ ਹੁੰਦੀ ਹੈ।

ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਦੇ ਜੀਵਨ-ਕਾਲ ਦੌਰਾਨ ਸਮਾਜ ਵਿਕਾਸ ਦੇ ਕਾਰਜਾਂ ਲਈ ਆਰਥਕ ਸਾਧਨਾਂ ਦੀ ਕਦੇ ਵੀ ਕੋਈ ਘਾਟ ਨਹੀਂ ਪੇਸ਼ ਆਈ ਸੀ ਅਤੇ ਨਾਂ ਹੀ ਅਜਿਹੀ ਘਾਟ ਅੱਗੋਂ ਨੂੰ ਆਵੇਗੀ। ਲੋੜ ਹੈ, ਪ੍ਰਭੂ-ਪਿਤਾ 'ਤੇ ਭਰੋਸਾ ਰੱਖ ਕੇ ਹੁਕਮਿ ਰਜ਼ਾਈ ਹੋ ਕੇ ਚੱਲਣ ਦੀ ਅਤੇ ਪ੍ਰਾਪਤ ਹੋ ਰਹੇ ਆਰਥਕ ਸਾਧਨਾਂ ਦੀ, ਗੁਰਮਤਿ-ਜੁਗਤਿ ਅਨੁਸਾਰ, ਯੋਗ ਵਰਤੋਂ ਕਰਨ ਦੀ।

ਨੋਟ:

੧ ਸਮਾਜ ਵਿਕਾਸ ਦੇ ਕਾਰਜਾਂ ਲਈ ਲੋੜੀਂਦਾ ਵਿਧੀ-ਵਿਧਾਨ ਤਿਆਰ ਕਰ ਕੇ ਪਿੰਡ/ਸੈਕਟਰ ਪੱਧਰ ਤੋਂ ਲੈ ਕੇ ਸੂਬਾ ਪੱਧਰ ਤੱਕ, ਇੱਕਸਾਰਤਾ ਨਾਲ ਲਾਗੂ ਕੀਤਾ ਜਾਵੇ। ਸਮਾਜ ਭਲਾਈ ਦੇ ਸਾਰੇ ਪ੍ਰਾਜੈਕਟਸ ਵਿੱਚ ਸਮਾਜ ਦੇ ਗ਼ਰੀਬ ਅਤੇ ਦੱਬੇ-ਕੁਚਲੇ (ਦਲਿੱਤ) ਵਰਗਾਂ ਲਈ ਲੋੜੀਂਦੀਆਂ ਸਹੂਲਤਾਂ ਮੁਫ਼ਤ ਦਿੱਤੀਆਂ ਜਾਣ।

੨ ਗ਼ਰੀਬ ਪਰਿਵਾਰਾਂ ਦੇ ਹੋਣਹਾਰ ਬੱਚਿਆਂ ਨੂੰ ਵਿਆਜ-ਰਹਿਤ ਲੰਮੇ ਸਮੇਂ ਦੇ ਕਰਜ਼ੇ ਦਿੱਤੇ ਜਾਣ। ਇਹ ਬੱਚੇ ਉਚੇਰੀ/ਕਿੱਤਾ-ਮੁੱਖੀ ਵਿਦਿਆ ਹਾਸਿਲ ਕਰ ਕੇ ਆਪਣੀ ਕਿਰਤ-ਕਮਾਈ ਵਿੱਚੋਂ ਇਹ ਕਰਜ਼ੇ ਕਿਸ਼ਤਾਂ ਰਾਹੀਂ, ਵਾਪਿਸ ਕਰਿਆ ਕਰਨ।

੩ ਆਰਥਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਬੀਬੀਆਂ ਵਾਸਤੇ ਕੱਪੜਿਆਂ ਦੀ ਕਟਾਈ, ਸਿਲਾਈ, ਕਢਾਈ, ਉਣਾਈ ਆਦਿ ਕਿਤਾ-ਮੁੱਖੀ ਘਰੇਲੂ ਕੰਮ-ਕਾਜ ਦੀ ਸਿਖਲਾਈ ਦੇਣ ਦਾ ਸਮਾਜ-ਭਲਾਈ ਕੇਂਦਰਾਂ ਵਿਖੇ ਮੁਫ਼ਤ ਪ੍ਰਬੰਧ ਕੀਤਾ ਜਾਵੇ ਤਾਕਿ ਉਹ ਆਪਣੇ ਪਰਿਵਾਰਾਂ ਦੀ ਆਰਥਕ ਹਾਲਤ ਸੁਧਾਰਨ ਲਈ ਬਣਦਾ ਯੋਗਦਾਨ ਪਾ ਸਕਣ।

੪ ਵਿਦਿਆ ਅਤੇ ਸਪੋਰਟਸ ਸਿਖਲਾਈ ਕੇਂਦਰਾਂ ਵਿੱਚ, ਅਲੱਗ-ਅਲੱਗ ਉਮਰ ਦੇ ਗਰੁੱਪ ਬਣਾ ਕੇ, ਵਿਦਿਆਰਥੀਆਂ ਵਿੱਚ ਉਸਾਰੂ ਮੁਕਾਬਲੇ ਦਾ ਜਜ਼ਬਾ ਪੈਦਾ ਕਰਨ ਲਈ, ਸਲਾਨਾ ਸਮਾਗਮਾਂ ਦੌਰਾਨ, ਮੈਰਿਟ 'ਤੇ ਆਉਣ ਵਾਲੇ ਬੱਚਿਆਂ ਨੂੰ, ਦਿਲ-ਖਿਚੂਵੇਂ ਇਨਾਮ ਦਿੱਤੇ ਜਾਇਆ ਕਰਨ।ਇੰਝ ਸਮਾਜ ਨੂੰ ਨਸ਼ਾ-ਮੁਕਤ ਕਰਨ ਵਿੱਚ ਵੀ ਸਹਾਇਤਾ ਮਿਲੇਗੀ।

੪ ਨਸ਼ਾ-ਮੁਕਤ ਰਹਿ ਕੇ ਗੁਰਮਤਿ ਫ਼ਲਸਫ਼ੇ ਅਨੁਸਾਰ (ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ) ਜੀਵਨ ਬਤੀਤ ਕਰਨ ਵਾਲੇ ਪ੍ਰਾਣੀਆਂ ਨੂੰ ਵੀ ਸਾਲਾਨਾ ਸਮਾਗਮਾਂ ਦੌਰਾਨ, ਯੋਗ ਢੰਗ ਨਾਲ, ਸਨਮਾਨਤ ਕਰ ਕੇ ਹੋਰਨਾਂ ਨੂੰ ਵੀ ਅਜਿਹਾ ਸਚਿਆਰਾ ਜੀਵਨ ਬਤੀਤ ਕਰਨ ਲਈ ਉਤਸ਼ਾਹਤ ਕੀਤਾ ਜਾਵੇ।

ਪਹਿਲ ਦੇ ਅਧਾਰ 'ਤੇ ਹੱਲ ਕਰਨਯੋਗ ਕੌਮੀ ਸਮੱਸਿਆਂਵਾਂ

ਇੱਕ ਆਮ ਕਹਾਵਤ ਹੈ ਕਿ ਇਤਿਹਾਸ, ਅਕਸਰ, ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਪਰ ਇਹ ਭਾਣਾ, ਸ਼ਾਇਦ, ਉਨ੍ਹਾਂ ਕੌਮਾਂ, ਸਮਾਜਕ-ਵਰਗਾਂ ਜਾਂ ਕਬੀਲਿਆਂ 'ਤੇ ਅਵੱਸ਼ ਹੀ ਵਰਤਦਾ ਦੇਖਿਆ ਜਾ ਸਕਦਾ ਹੈ ਜਿਹੜੇ ਆਪਣੇ ਅਤੀਤ ਦੀਆਂ ਅਹਿਮ ਘਟਨਾਵਾਂ ਦੀ ਨਿਰਪੱਖਤਾ ਨਾਲ ਪੜਚੋਲ ਕਰ ਕੇ, ਯੋਗ ਸਬਕ ਸਿੱਖ ਕੇ, ਆਪਣੇ ਵਿਰਸੇ ਦੀ ਸੰਭਾਲ ਲਈ, ਮੁਨਾਸਿਬ ਰਸਤੇ ਤਹਿ ਕਰ ਕੇ ਦ੍ਰਿੜਤਾ ਨਾਲ ਅਮਲ ਨਹੀਂ ਕਰਦੇ।

ਅੱਜ ਇਹ ਇੱਕ ਅਤਿ ਦੀ ਚਿੰਤਾਜਨਕ ਹਕੀਕਤ ਹੈ ਕਿ ਲਾਸਾਨੀ (ਗੁਰਮਤਿ) ਇਨਕਲਾਬ ਦੇ ਗ਼ੱਦਾਰਾਂ (ਸਿੱਖੀ ਸਰੂਪ ਵਿੱਚ ਬ੍ਰਹਮਣਵਾਦ ਦੇ ਗ਼ੁਲਾਮ ਜਾਂ ਸਹਿਜੋਗੀ ਅੰਸਰ) ਅਤੇ ਗ਼ੈਰ-ਸਿੱਖ 'ਮਾਨਵ-ਵਿਰੋਧੀ ਸੰਗਠਨਾਂ' ਵੱਲੋਂ ਕੀਤੇ ਜਾ ਰਹੇ ਭਰਵੇਂ ਵਿਰੋਧ ਤੋਂ ਇਲਾਵਾ, ਸ਼ਬਦ-ਗੁਰੂ ਦੇ ਸਿਧਾਂਤਾਂ ਨਾਲੋਂ ਪਿਛਲੀਆਂ ਤਕਰੀਬਨ ਢਾਈ ਸਦੀਆਂ ਤੋਂ ਟੁੱਟਿਆ ਆ ਰਿਹਾ ਸਿੱਖ ਕੌਮ ਦਾ

ਇੱਕ ਵੱਡਾ ਹਿੱਸਾ, ਦਿਸ਼ਾਹੀਣ ਹੋਇਆ, ਅਨੇਕਾਂ ਸਮੱਸਿਆਵਾਂ ਅਤੇ ਸਾਜਿਸ਼ਾਂ ਦਾ ਸ਼ਿਕਾਰ ਹੋ ਕੇ, ਭਟਕਦਾ ਫਿਰ ਰਿਹਾ ਹੈ। ਕੌਮ ਦੇ ਇਸ ਹਿੱਸੇ ਨੂੰ ਗੁਰਦਵਾਰਾ ਸੰਸਥਾ ਰਾਹੀਂ ਗੁਰਮਤਿ ਸਿਧਾਂਤਾਂ ਨਾਲ ਜੋੜ ਕੇ, ਲਾਸਾਨੀ ਇਨਕਲਾਬ ਦੀਆਂ ਸਫ਼ਾਂ ਵਿੱਚ ਸ਼ਾਮਿਲ ਕਰ ਕੇ, ਅੱਗੇ ਵਧਣਾ ਬਹੁਤ ਹੀ ਜ਼ਰੂਰੀ ਹੈ। ਅਜਿਹਾ ਕਰਨ ਲਈ ਕੌਮ ਨੂੰ ਬਹੁਤ ਸਾਰੀਆਂ ਦਰਪੇਸ਼ ਮੌਜੂਦਾ ਸਮੱਸਿਆਵਾਂ ਅਤੇ ਉਲਝਣਾਂ ਦਾ, ਗੁਰਮਤਿ-ਜੁਗਤਿ ਅਨੁਸਾਰ, ਦ੍ਰਿੜਤਾ ਨਾਲ ਹੱਲ ਲੱਭਣਾ ਪਵੇਗਾ। ਇਨ੍ਹਾਂ ਕੌਮੀ ਸਮੱਸਿਆਵਾਂ ਦਾ ਸੰਖੇਪ ਜ਼ਿਕਰ ਅੱਗੇ ਕੀਤਾ ਜਾ ਰਿਹਾ ਹੈ।

੧. ਕੌਮੀ ਸਿਹਤ ਵਿੱਚ ਆ ਰਿਹਾ ਨਿਘਾਰ

ਦੱਸਾਂ ਨਹੁੰਆਂ ਦੀ ਸੁੱਚੀ ਕਿਰਤ ਦਾ ਤਿਆਗ, ਨਸ਼ਿਆਂ-ਪੱਤਿਆਂ ਦਾ ਸੇਵਨ, ਆਚਰਣਹੀਣਤਾ, ਵਿਹਲੜਪਣ, ਸਾਦਾ ਪੌਸ਼ਟਕ ਖ਼ੁਰਾਕ ਦਾ ਤਿਆਗ, ਸਤਿ-ਸੰਗਤਿ ਦੀ ਘਾਟ, ਕਸਰਤ ਦੀ ਘਾਟ, ਖੇਡਾਂ (Games & Sports) ਵੱਲ ਘੱਟ ਰਹੀ ਰੁਚੀ ਅਤੇ ਅਨੈਤਿਕਤਾ ਆਦਿ ਕੁਝ ਕੁ ਬੁਨਿਆਦੀ ਕਾਰਨ ਹਨ ਸਿਹਤ ਵਿੱਚ ਆ ਰਹੇ ਨਿਘਾਰ ਦੇ। ਇਸ ਵਿਸ਼ੇ ਨੂੰ ਜ਼ਰਾ ਹੋਰ ਗੰਭੀਰਤਾ ਨਾਲ ਵਿਚਾਰਨ ਤੋਂ ਪਤਾ ਲਗਦਾ ਹੈ ਕਿ **ਸਰੀਰਕ ਸਿਹਤ ਦੀ ਕਮਜ਼ੋਰੀ ਦਾ ਮੂਲ ਕਾਰਨ ਹੈ ਮਾਨਸਿਕ ਸਿਹਤ ਦੀ ਗਿਰਾਵਟ ਅਤੇ ਮਾਨਸਿਕ ਸਿਹਤ ਦੀ ਗਿਰਾਵਟ ਦਾ ਕਾਰਨ ਹੈ ਮਨੁੱਖੀ ਮਨ ਦਾ ਵਿਕਾਰਾਂ** (ਕਾਮ, **ਕ੍ਰੋਧ, ਲੋਭ, ਮੋਹ, ਅਹੰਕਾਰ, ਹਉਮੈ, ਨਿੰਦਾ, ਚੁਗਲੀ, ਈਰਖਾ, ਝੂਠ ਆਦਿ**) ਦੇ ਅਧੀਨ **ਹੋ ਕੇ ਚੱਲਣਾ** (ਭਾਵ, ਕਿ ਮਨ ਦੀ, ਵਿਕਾਰਾਂ ਅਤੇ ਤ੍ਰਿਸ਼ਨਾਵਾਂ ਅਧੀਨ ਭਟਕਣਾ)। **ਵਿਕਾਰਾਂ ਦੇ ਅਧੀਨ ਭਟਕਣਾ ਵਿੱਚ ਪਿਆ ਹੋਇਆ ਮਨ, ਮਨੁੱਖ ਦੇ ਗਿਆਨ ਇੰਦ੍ਰਿਆਂ** (ਅੱਖਾਂ, ਕੰਨ, ਜੀਭ, ਨੱਕ, ਚਮੜੀ) **ਰਾਹੀਂ, ਮਨੁੱਖ ਦੇ ਕਰਮ ਇੰਦ੍ਰਿਆਂ** (ਹੱਥ, ਪੈਰ, ਜੀਭ, ਜਨਨ-ਅੰਗ, ਗੁਦਾ) **ਨੂੰ ਗੁਰਮਤਿ-ਵਿਰੋਧੀ ਕਰਮ** (ਚੋਰੀ, ਝੂਠ, ਛਲ-ਕਪਟ, ਬਲਾਤਕਾਰ, ਠੱਗੀ, ਡਾਕਾ, ਕਤਲ, ਧੱਕੇਸ਼ਾਹੀ, ਭ੍ਰਿਸ਼ਟਾਚਾਰ, ਨਿੰਦਾ-ਚੁਗਲੀ, ਵੈਰ-ਵਿਰੋਧ, ਨਫ਼ਰਤ, ਵਹਿਮ-ਭਰਮ, ਕਰਮ-ਕਾਂਡ, ਮੂਰਤੀ-ਪੂਜਾ, ਜ਼ਾਤ-ਪਾਤ ਦੇ ਵਖਰੇਵੇਂ, ਸੁੱਚ-ਭਿੱਟ, ਦੇਹ-ਪੂਜਾ, ਥਿੱਤਾਂ-ਵਾਰਾਂ ਦੀ ਮਾਨਤਾ, ਚੰਗੇ-ਮੰਦੇ ਦਿਨਾਂ-ਵਾਰਾਂ ਦੀ ਵਿਚਾਰ, ਟੇਵਾ, ਕੁੰਡਲੀ, ਜੋਤਿਸ਼, ਮਹੂਰਤ, ਜੰਤ੍ਰ, ਮੰਤ੍ਰ, ਤੰਤ੍ਰ ਆਦਿ) **ਕਰਨ ਲਈ ਪ੍ਰੇਰਦਾ ਰਹਿੰਦਾ ਹੈ।** ਸੰਖੇਪ ਵਿੱਚ, 'ਕਰਮ' (ਚੰਗੇ ਜਾਂ ਮਾੜੇ) ਕਰਨ ਦੇ ਪਿਛੋਕੜ ਵਿੱਚ 'ਵਿਚਾਰ' ਹੁੰਦੇ ਹਨ, ਵਿਚਾਰਾਂ ਦੇ ਪਿੱਛੇ ਮਨ ਹੁੰਦਾ ਹੈ ਅਤੇ ਮਨ ਨੂੰ ਪ੍ਰੇਰਨਾ ਮਿਲਦੀ ਹੈ 'ਵਿਕਾਰਾਂ' (ਔਗੁਣਾਂ) ਜਾਂ **'ਸ਼ੁਭ ਗੁਣਾਂ'** ਤੋਂ। **ਔਗੁਣਾਂ ਨੂੰ ਗੁਣਾਂ ਵਿਚ ਬਦਲਿਆ ਜਾ ਸਕਦਾ ਹੈ, ਨਿੱਤਨੇਮ ਨਾਲ ਕੀਤੀ ਸਤਿ-ਸੰਗਤਿ ਦੁਆਰਾ।** ਜਿਹੜਾ ਜੀਵ ਸਤਿ-ਸੰਗਤਿ ਵਿੱਚ ਨਿੱਤਨੇਮ ਨਾਲ ਆ ਕੇ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਉਪਦੇਸ਼ਾਂ ਨੂੰ ਸੁਣ ਕੇ, ਸਮਝ ਕੇ, ਮਨੋਂ-ਸਵੀਕਾਰ ਕਰ ਕੇ ਅਪਣੇ ਨਿਤਾ-ਪ੍ਰਤਿ ਦੇ ਜੀਵਨ ਵਿੱਚ ਢਾਲਣਾ ਸ਼ੁਰੂ ਕਰ ਦੇਵੇਗਾ, ਉਸਨੂੰ ਰੱਬੀ-ਗੁਣਾਂ (ਦਇਆ, ਸੰਤੋਖ, ਨਿਰਭੈਤਾ, ਨਿਰਵੈਰਤਾ, ਨਿਮਰਤਾ, ਮਿਠਾਸ, ਖ਼ਿਮਾ, ਪਰਉਪਕਾਰ, ਨਿਰਲੇਪਤਾ, ਸਦ-ਆਚਾਰ,

ਵੰਡ-ਛਕਣ, ਨੈਤਿਕਤਾ ਆਦਿ) ਦੀ ਪ੍ਰਾਪਤੀ ਹੁੰਦੀ ਚਲੀ ਜਾਵੇਗੀ। **ਜਿਉਂ-ਜਿਉਂ ਰੱਬੀ-ਗੁਣ ਉਸ ਦੇ ਸੁਭਾਅ ਵਿੱਚ ਸ਼ਾਮਿਲ ਹੁੰਦੇ ਜਾਣਗੇ, ਉਸ ਦੇ ਔਗੁਣ (ਹੌਲੀ-ਹੌਲੀ) ਮੁਕਦੇ ਜਾਣਗੇ। ਜਿਸ ਅਵੱਸਥਾ ਵਿੱਚ ਪਹੁੰਚ ਕੇ ਸਾਰੇ ਔਗੁਣ ਮਿਟ ਜਾਣਗੇ, ਉਦੋਂ 'ਸਹਿਜ' ਅਵੱਸਥਾ ਦੀ ਪ੍ਰਾਪਤੀ ਹੋਵੇਗੀ ਅਤੇ ਸਹਿਜ ਵਿੱਚ ਅੱਪੜੇ ਮਨੁੱਖ ਦਾ ਮਨ ਟਿੱਕ ਕੇ ਅਡੋਲ ਹੋ ਜਾਵੇਗਾ ਅਤੇ ਟਿਕ ਕੇ ਅਡੋਲ ਹੋਏ ਮਨ (ਜਾਂ ਹਿਰਦੇ) ਅੰਦਰ ਪ੍ਰਭੂ-ਪਿਤਾ ਦੀ ਹੋਂਦ (ਸਦੀਵੀ ਆਤਮਿਕ ਅਨੰਦ ਦਾ ਅਨੁਭਵ) ਪ੍ਰਗਟ ਹੋ ਜਾਵੇਗੀ।** ਯਾਦ ਰਹੇ ਕਿ ਸਹਿਜ ਅਵੱਸਥਾ ਦੀ ਪ੍ਰਾਪਤੀ ਗੁਰੂ-ਪਰਮੇਸ਼ਰ ਦੀ ਕਿਰਪਾ ਦੁਆਰਾ ਹੀ ਹੋਵੇਗੀ। ਇਹ ਕਾਰਜ ਗੁਰਦਵਾਰਾ ਸੰਸਥਾ, ਜਿਥੋਂ ਗੁਰਮਤਿ ਜੀਵਨ-ਜਾਚ ਦੀ ਸਿਖਲਾਈ ਮਿਲਦੀ ਹੈ, ਦੁਆਰਾ ਸੌਖਿਆਂ ਹੀ ਸਿਰੇ ਚਾੜ੍ਹਿਆ ਜਾ ਸਕਦਾ ਹੈ। ਸ਼ਬਦ-ਗੁਰੂ ਦਾ ਫ਼ੁਰਮਾਣ ਹੈ:

ਊਤਮ ਸੰਗਤਿ, ਊਤਮ ਹੋਵੈ॥ ਗੁਣ ਕਉ ਧਾਵੈ, ਅਵਗੁਣ ਧੋਵੈ॥

(ਮ.੧, ੪੧੪)

ਭਾਵ: ਗੁਰੂ ਦੀ ਸ੍ਰੇਸ਼ਟ ਸੰਗਤਿ ਦੀ ਬਰਕਤਿ ਨਾਲ, ਮਨੁੱਖ ਸ੍ਰੇਸ਼ਟ ਜੀਵਨ ਵਾਲਾ ਬਣ ਜਾਂਦਾ ਹੈ, ਆਤਮਕ ਗੁਣਾਂ ਦੀ ਪ੍ਰਾਪਤੀ ਲਈ ਦੌੜ-ਭੱਜ (ਉਦਮ) ਕਰਦਾ ਹੈ ਤੇ (ਆਪਣੇ ਅੰਦਰੋਂ ਨਾਮ-ਅੰਮ੍ਰਿਤ ਦੀ ਸਹਾਇਤਾ ਨਾਲ) ਔਗੁਣ ਧੋ ਦੇਂਦਾ ਹੈ। (ਇਹ ਗੱਲ ਯਕੀਨੀ ਹੈ ਕਿ) ਗੁਰੂ ਦੀ ਦੱਸੀ ਸੇਵਾ ਕਰਨ ਤੋਂ ਬਿਨਾਂ (ਔਗੁਣਾਂ ਤੋਂ ਖਲਾਸੀ ਨਹੀਂ ਹੁੰਦੀ ਤੇ, ਅਡੋਲ ਆਤਮਕ ਅਵੱਸਥਾ (ਸਹਜ ਅਵੱਸਥਾ) ਨਹੀਂ ਮਿਲਦੀ।

ਕਰਮੀ ਸਹਜੁ ਨ ਊਪਜੈ, ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ, ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ, ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ, ਇਹੁ ਸਹਸਾ ਇਵ ਜਾਇ ॥੧੮॥ *(ਮ.੩, ੯੧੯)*

ਭਾਵ: ਮਾਇਆ ਦੇ ਮੋਹ (ਬਿਨਸਣਹਾਰ ਚੀਜਾਂ ਦਾ ਮੋਹ) ਵਿੱਚ ਫਸੇ ਰਿਹਾਂ ਮਨ ਵਿੱਚ ਸਦਾ ਤੌਖ਼ਲਾ-ਸਹਿਮ ਬਣਿਆ ਰਹਿੰਦਾ ਹੈ। (ਇਹ) ਤੌਖ਼ਲਾ-ਸਹਿਮ ਆਤਮਕ ਅਨੰਦ ਤੋਂ ਬਿਨਾ ਦੂਰ ਨਹੀਂ ਹੁੰਦਾ, (ਤੇ) ਆਤਮਕ ਅਨੰਦ ਬਾਹਰੋਂ ਧਾਰਮਿਕ ਜਾਪਦੇ (ਦਿਸਦੇ) ਕਰਮ ਕੀਤਿਆਂ ਪੈਦਾ ਨਹੀਂ ਹੋ ਸਕਦਾ। ਅਨੇਕਾਂ ਬੰਦੇ (ਅਜੇਹੇ) ਕਰਮ ਕਰ-ਕਰ ਕੇ ਹਾਰ ਗਏ ਹਨ, ਪਰ ਮਨ ਦਾ ਤੌਖ਼ਲਾ-ਸਹਿਮ ਅਜਿਹੇ ਕਿਸੇ ਤਰੀਕੇ ਨਾਲ ਨਹੀਂ ਜਾਂਦਾ। (ਜਿਤਨਾ ਚਿਰ) ਮਨ ਸਹਿਮ ਵਿੱਚ ਹੈ (ਉਤਨਾ ਚਿਰ) ਮੈਲਾ (ਵਿਕਾਰਾਂ ਦੀ ਮੈਲ ਨਾਲ) ਰਹਿੰਦਾ ਹੈ, ਮਨ ਦੀ ਇਹ ਮੈਲ ਕਿਸੇ (ਬਾਹਰਲੀ) ਜੁਗਤੀ ਨਾਲ ਨਹੀਂ ਧੁਪਦੀ। ਹੇ ਭਾਈ! ਗਰੂ ਦੇ ਸ਼ਬਦ (ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼) ਵਿੱਚ ਜੁੜੋ,

ਪਰਮਾਤਮਾ ਦੇ ਚਰਨਾਂ ਵਿੱਚ ਸਦਾ ਚਿੱਤ ਜੋੜੀ ਰੱਖੋ (ਭਾਵ ਕਿ ਸ਼ਬਦ-ਗੁਰੂ ਦੇ ਉਪਦੇਸ਼ਾਂ ਨੂੰ ਚਿੱਤ ਵਿੱਚ ਵਸਾ ਕੇ ਰੱਖੋ), (ਜੇ) ਮਨ ਧੋਣਾ ਹੈ ਤਾਂ ਇਸ ਤਰ੍ਹਾਂ) ਧੋਵੋ।

ਨਾਨਕ ਆਖਦਾ ਹੈ -ਗੁਰੂ ਦੀ ਕਿਰਪਾ ਨਾਲ ਹੀ (ਮਨੁੱਖ ਦੇ ਅੰਦਰ) ਆਤਮਕ ਅਨੰਦ ਪੈਦਾ ਹੁੰਦਾ ਹੈ, ਤੇ ਇਸ ਤਰ੍ਹਾਂ ਮਨ ਦਾ ਤੌਖ਼ਲਾ-ਸਹਿਮ ਦੂਰ ਹੋ ਜਾਂਦਾ ਹੈ।

ਔਗੁਣ (ਵਿਕਾਰ) ਗੁਣਾਂ ਵਿੱਚ ਕਿਵੇਂ ਬਦਲ ਜਾਂਦੇ ਹਨ ?

ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰਨ ਨਾਲ ਔਗੁਣ (ਵਿਕਾਰ) ਗੁਣਾਂ ਵਿੱਚ ਬਦਲ ਜਾਂਦੇ ਹਨ:

ਕਾਮ – ਸੰਜਮ ਵਿੱਚ ਆ ਕੇ ਆਪਣੀ ਵੰਸ਼ ਦੇ ਵਿਕਾਸ ਤੱਕ ਹੀ ਸੀਮਤ ਹੋ ਜਾਂਦਾ ਹੈ;

ਕ੍ਰੋਧ - ਬੀਰ-ਰਸ (ਅਣਖ, ਗ਼ੈਰਤ) ਵਿੱਚ ਬਦਲ ਕੇ ਪਰਉਪਕਾਰ ਲਈ ਤਤਪਰ ਹੋ ਜਾਂਦਾ ਹੈ;

ਲੋਭ – ਸਬਰ ਅਤੇ ਸੰਤੋਖ ਵਿੱਚ ਬਦਲ ਕੇ ਵੰਡ-ਛਕਣ ਲਈ ਰੁਚਿਤ ਹੋ ਜਾਂਦਾ ਹੈ;

ਮੋਹ – 'ਪ੍ਰੇਮ ਵਿੱਚ ਬਦਲ ਕੇ ਪ੍ਰਭੂ-ਪਿਤਾ ਦੀ ਜੋਤਿ ਹਰ ਇੱਕ ਜੀਵ ਵਿੱਚ ਵੇਖਦਾ ਹੋਇਆ ਮਨੁੱਖਤਾ ਦੀ ਸੇਵਾ ਲਈ ਯਤਨਸ਼ੀਲ ਹੋ ਜਾਂਦਾ ਹੈ, ਅਤੇ

ਹੰਕਾਰ– 'ਮਿਠਤ' ਅਤੇ 'ਨਿਮਰਤਾ' ਵਿੱਚ ਬਦਲ ਕੇ ਪ੍ਰਭੂ -ਪਿਤਾ ਦੀ ਸ਼ਰਣਿ ਵਿੱਚ ਟਿਕਿਆ ਹੋਇਆ ਆਪਾ-ਭਾਵ ਮਿਟਾ ਦੇਂਦਾ ਹੈ।

ਇਸ ਤਰ੍ਹਾਂ ਮਨੁੱਖ ਪ੍ਰਭੂ-ਪਿਤਾ ਦੀ ਸਰਣਿ ਵਿੱਚ ਰਹਿ ਕੇ, ਸਹੀ ਮਾਅਨਿਆਂ ਵਿੱਚ, ('ਹੁਕਮਿ ਰਜ਼ਾਈ' ਚੱਲਣ ਵਾਲੇ) ਗੁਰਮਤਿ ਗਾਡੀ- ਰਾਹ ਦਾ ਪਾਂਧੀ ਬਣ ਜਾਂਦਾ ਹੈ।

ਗੱਲ ਬੜੀ ਸਪੱਸ਼ਟ ਹੈ। ਸੰਗਤਿ ਵਿੱਚੋਂ ਰੱਬੀ-ਗੁਣਾਂ (ਨਾਮ) ਦੀ ਪ੍ਰਾਪਤੀ ਹੁੰਦੀ ਹੈ, ਔਗੁਣ ਮਿਟ ਜਾਂਦੇ ਹਨ, ਮਨ ਤੋਂ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ (ਮਨ ਨਿਰਮਲ ਹੋ ਕੇ, ਅਰੋਗ ਹੋ ਕੇ, ਟਿਕ ਜਾਂਦਾ ਹੈ) ਮਨ ਦੇ ਅਰੋਗ ਹੋਣ ਨਾਲ ਗਿਆਨ ਇੰਦਰੇ ਨਿਰਮਲ ਹੋ ਜਾਂਦੇ ਹਨ, ਗਿਆਨ ਇੰਦ੍ਰਿਆਂ ਦੇ ਨਿਰਮਲ ਹੋਣ ਨਾਲ ਕਰਮ-ਇੰਦਰੇ ਵੀ ਨਿਰਮਲ ਹੋ ਕੇ ਸ਼ੁਭ ਕਰਮਾਂ ਵੱਲ ਰੁਚਿਤ ਰਹਿੰਦੇ ਹਨ ਅਤੇ ਇਸ ਤਰ੍ਹਾਂ ਤਨ ਵੀ ਅਰੋਗ ਹੋ ਜਾਂਦਾ ਹੈ।

੧ ਮਿਆਰੀ ਵਿਦਿਆ (ਸੰਸਾਰਕ ਤੇ ਅਧਿਆਤਮਕ ਸਿਖਿਆ) ਦੀ ਘਾਟ

ਇਸ ਘਾਟ ਨੂੰ ਵੀ ਗੁਰਦਵਾਰਾ ਸੰਸਥਾ ਦੁਆਰਾ ਮਿਲਣ ਵਾਲੀ ਨੈਤਿਕ ਸਿਖਿਆ ਅਤੇ ਆਰਥਿਕ ਸਹਾਇਤਾ ਨਾਲ ਦੂਰ ਕੀਤਾ ਜਾ ਸਕਦਾ ਹੈ। ਇਹ ਕਾਰਜ

ਹੋਵੇਗਾ ਮਿਆਰੀ ਅਕਾਦਮਿਕ ਅਤੇ ਕਿੱਤਾ-ਮੁੱਖੀ ਤਕਨੀਕੀ ਵਿਦਿਅਕ ਸੰਸਥਾਵਾਂ ਖੋਲ੍ਹ ਕੇ ਅਤੇ ਇਨ੍ਹਾਂ ਦਾ ਯੋਗ ਢੰਗ ਨਾਲ ਪ੍ਰਬੰਧ ਕਰ ਕੇ। ਅਜਿਹਾ ਕਰਨ ਨਾਲ ਬੇ-ਰੁਜ਼ਗਾਰੀ ਘਟੇਗੀ, ਕਿਰਤ ਕਰਨ ਦਾ ਸੁਭਾਅ ਬਣੇਗਾ, ਵਿਹਲੇ ਰਹਿਣ ਦੀ ਆਦਤ ਘਟੇਗੀ, ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਹੋਵੇਗੀ, ਸਭਿਆਚਾਰਕ ਨਿਘਾਰ ਨੂੰ ਠੱਲ੍ਹ ਪਵੇਗੀ ਅਤੇ ਸਿਹਤ ਵਿੱਚ ਵੀ ਸੁਧਾਰ ਹੋਵੇਗਾ। **ਸਿਖਿਆ ਦੇ ਸਲੇਬਸ ਅੰਦਰ ਗੁਰਮਤਿ ਸਿਧਾਂਤਾਂ 'ਤੇ ਆਧਾਰਤ ਗੁਰ-ਇਤਿਹਾਸ, ਸਿੱਖ ਇਤਿਹਾਸ ਅਤੇ ਦੂਸਰੇ ਮੱਤਾਂ ਬਾਰੇ ਲੋੜੀਂਦੀ ਜਾਣਕਾਰੀ ਆਦਿ ਵਿਸ਼ੇ ਉਚੇਚੇ ਤੌਰ 'ਤੇ ਅਤੇ ਲਾਜ਼ਮੀ ਤੌਰ 'ਤੇ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ ਤਾਕਿ 'ਸ਼ੈਤਾਨ' ਬਣੇ ਫਿਰਦੇ ਮਨੁੱਖ ਨੂੰ 'ਇਨਸਾਨ' ਬਣਾਇਆ ਜਾ ਸਕੇ।**

੨ ਸਾਜਿਸ਼ੀ ਨਸ਼ਿਆਂ ਦਾ ਸ਼ਿਕਾਰ ਹੋਈ ਸਿੱਖ ਕੌਮ

ਜਿਵੇਂ ਫ਼ਰੰਗੀਆਂ ਨੇ, ਭਾਰਤ ਵਿੱਚ ਪੈਰ ਜਮਾਉਣ ਤੋਂ ਬਾਅਦ, ਚੀਨ ਨੂੰ ਗ਼ੁਲਾਮ ਬਣਾਉਣ ਲਈ, ਭਾਰਤ ਵਿੱਚ ਅਫ਼ੀਮ ਤਿਆਰ ਕਰਨ ਦੇ ਕਾਰਖਾਨੇ ਲਗਾ ਕੇ ਚੀਨੀ ਸਮਾਜ ਵਿੱਚ ਮੁਫ਼ਤ ਅਫ਼ੀਮ ਵੰਡ ਕੇ, ਚੀਨੀਆਂ ਨੂੰ ਅਫ਼ੀਮਚੀ ਬਣਾ ਕੇ (ਆਲਸੀ ਬਣਾ ਕੇ) ਕਾਬੂ ਕੀਤਾ ਸੀ, ਠੀਕ ਉਸੇ ਢੰਗ ਨਾਲ ਹੀ, **ਭਾਰਤ ਦੀ ਸਿਆਸੀ ਸੱਤਾ 'ਤੇ 1947 ਤੋਂ ਬਾਅਦ ਕਾਬਜ਼ ਹੋ ਚੁੱਕੀ ਮਨੂੰਵਾਦੀ ਲਾਬੀ (Coterie) ਸਾਜਿਸ਼ ਅਧੀਨ ਸਿੱਖ ਕੌਮ ਨੂੰ ਮਿਆਰੀ ਵਿਦਿਆ ਤੋਂ ਵਾਂਝੇ ਰੱਖ ਕੇ, ਨਸ਼ਿਆਂ ਵਿੱਚ ਗ਼ਰਕ ਕਰ ਕੇ, ਸਿਹਤ ਪੱਖੋਂ ਕਮਜ਼ੋਰ ਕਰਕੇ, ਗ਼ੁਲਾਮ ਬਣਾ ਕੇ ਰੱਖਣਾ ਚਾਹੁੰਦੀ ਹੈ ਕਿਉਂਕਿ ਨਿਸ਼ੇੜੀ ਮਨੁੱਖ ਸਰੀਰਕ ਅਤੇ ਮਾਨਸਿਕ ਪੱਖੋਂ ਕਮਜ਼ੋਰ ਹੋ ਕੇ ਆਲਸੀ ਬਣ ਜਾਂਦਾ ਹੈ ਅਤੇ ਅਜਿਹੇ ਬੰਦੇ ਨੂੰ ਗ਼ੁਲਾਮ ਬਣਾ ਕੇ ਰੱਖਣਾ ਔਖੀ ਗੱਲ ਨਹੀਂ ਹੁੰਦੀ।** ਇਸ ਸਾਜਿਸ਼ ਅਧੀਨ, ਪੰਜਾਬ ਦੇ ਪਿੰਡ-ਪਿੰਡ ਵਿੱਚ (ਕਈ ਪਿੰਡ ਵਾਸੀਆਂ ਦੇ ਵਿਰੋਧ ਦੇ ਬਾਵਜੂਦ), ਪੁਲਿਸ ਦੇ ਡੰਡੇ ਦੇ ਜ਼ੋਰ ਨਾਲ, ਸ਼ਰਾਬ ਦੇ ਠੇਕੇ ਖੋਲ੍ਹੇ ਜਾ ਰਹੇ ਹਨ। ਮਿਆਰੀ ਸਿਖਿਆ ਤੋਂ ਵਾਂਝਾ ਬੇ-ਰੁਜ਼ਗਾਰ ਸਿੱਖ ਨੌਜਵਾਨ ਸਹਿਜੇ ਹੀ ਇਸ ਸਾਜਿਸ਼ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਇਸੇ ਸਾਜਿਸ਼ ਅਧੀਨ ਹੀ, ਯੂ.ਪੀ. ਤੇ ਬਿਹਾਰ ਦੇ ਭਈਆਂ ਦੀਆਂ ਹੇੜ੍ਹਾਂ ਪੰਜਾਬ ਵਿੱਚ ਭੇਜ ਕੇ, ਇਨ੍ਹਾਂ ਨੂੰ ਇਥੇ ਪੱਕੇ ਤੌਰ 'ਤੇ ਵਸਾਇਆ ਜਾ ਰਿਹਾ ਹੈ। ਇਹ ਪੂਰਬੀਏ ਆਪਣੇ ਨਾਲ ਤਮਾਕੂ-ਸਭਿਆਚਾਰ ਦੀ ਛੂਤ ਦੀ ਬੀਮਾਰੀ ਵੀ ਲੈ ਕੇ ਆਉਂਦੇ ਹਨ ਅਤੇ ਥਾਂ-ਥਾਂ 'ਤੇ ਪਾਨ ਥੁੱਕ ਕੇ ਗੰਦਗੀ ਫੈਲਾਉਂਦੇ ਹਨ।

"ਪੰਜਾਬ ਵਿੱਚ ਰੋਜ਼ਾਨਾ ਵਿਕ ਰਹੀ ਹੈ ੫ ਕਰੋੜ ਰੁਪਏ ਦੀ ਸਮੈਕ - ਦੋ ਸਾਲਾਂ ਵਿੱਚ ਸਮੈਕ ਪੀਣ ਨਾਲ ੧੦੦ ਤੋਂ ਵੱਧ ਲੋਕ ਰੱਬ ਨੂੰ ਪਿਆਰੇ ਹੋ ਚੁੱਕੇ ਹਨ।...... ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐਸ. ਆਈ, ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਲਈ ਅਫ਼ਗਾਨਿਸਤਾਨੀ ਸਮੈਕ ਨੂੰ ਗੁਰਦਾਸਪੁਰ, ਅੰਮ੍ਰਿਤਸਰ ਤੇ ਫੀਰੋਜ਼ਪੁਰ ਸਰਹੱਦ ਰਾਹੀਂ ਪੰਜਾਬ ਭੇਜਦੀ ਹੈ"। (ਰੋਜ਼ਾਨਾ ਸਪੋਕਸਮੈਨ: 13 ਜੂਨ 2011)।

੩ ਖ਼ੁਦਕਸ਼ੀਆਂ ਦੇ ਰਾਹ ਪਈ ਕਿਰਸਾਣੀ

ਭਾਰਤ ਦੀ ਕੇਂਦਰੀ ਸਰਕਾਰ ਵਿੱਚ ਪੱਕੇ ਤੌਰ 'ਤੇ ਸਥਾਪਤ ਹੋ ਚੁੱਕੀ ਮਨੂੰਵਾਦੀ ਲਾਬੀ ਨੇ ਜਾਣ-ਬੁੱਝ ਕੇ ਦੇਸ਼ ਵਿੱਚ ਕਿਰਸਾਣ-ਵਿਰੋਧੀ ਨੀਤੀਆਂ ਲਾਗੂ ਕਰ ਰੱਖੀਆਂ ਹਨ ਜਿਸ ਦੇ ਫ਼ਲਸਰੂਪ ਕਿਰਸਾਣੀ ਲਾਹੇਵੰਦ ਕਿੱਤਾ ਨਹੀਂ ਰਹੀ ਅਤੇ ਕਿਰਸਾਣ ਹਜ਼ਾਰਾਂ ਦੀ ਗਿਣਤੀ ਵਿੱਚ ਖ਼ੁਦਕਸ਼ੀਆਂ ਕਰ ਚੁੱਕੇ ਹਨ। **ਕਿਸਾਨਾਂ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਜ਼ਬਰਦਸਤੀ ਐਕਵਾਇਰ ਕਰਕੇ ਵੱਡੀਆਂ-ਵੱਡੀਆਂ ਸਰਮਾਏਦਾਰ ਕੰਪਣੀਆਂ ਨੂੰ ਸਪੈਸ਼ਲ ਇਕੋਨੌਮਿਕ ਜ਼ੋਨਜ਼ (ਵਿਸ਼ੇਸ਼ ਆਰਥਕ ਖੇਤਰ) ਬਣਾਉਣ ਹਿੱਤ ਦਿੱਤੀ ਜਾ ਰਹੀ ਹੈ, ਜਿਸ ਰਾਹੀਂ ਇਨ੍ਹਾਂ ਕੰਪਣੀਆਂ ਨੂੰ ਗ਼ੈਰ-ਵਾਜ਼ਬ ਸਹੂਲਤਾਂ ਅਤੇ ਛੋਟਾਂ ਵੀ ਦਿੱਤੀਆਂ ਜਾ ਰਹੀਆਂ ਹਨ। ਇਹ ਕਿਸਾਣ-ਮਾਰੂ ਯੋਜਨਾ, ਦੇਸ਼ ਦੇ ਸੂਬਿਆਂ ਵਿੱਚ ਸਹਿਜੇ-ਸਹਿਜੇ ਲਾਗੂ ਕੀਤੀ ਜਾ ਰਹੀ ਹੈ ਤਾਕਿ ਜਨਤਾ ਇੱਕ-ਜੁੱਟ ਹੋ ਕੇ ਕਿਤੇ ਬਗ਼ਾਵਤ ਦੇ ਰਾਹ ਨਾ ਪੈ ਜਾਵੇ।** ਇਸ ਕਿਸਾਣ-ਮਾਰੂ ਸਕੀਮ ਦੀ ਮਾਰ ਹੇਠ ਆਏ ਕ੍ਰਿਸਾਣ ਜਾਂ ਤਾਂ ਖ਼ੁਦਕਸ਼ੀਆਂ ਕਰਨਗੇ ਤੇ ਜਾਂ ਫਿਰ ਮਜ਼ਬੂਰੀ-ਵੱਸ ਬਗ਼ਾਵਤ ਦੇ ਰਾਹ ਪੈ ਜਾਣਗੇ। ਇਸ ਗੰਭੀਰ ਕੌਮੀ ਸਮੱਸਿਆ ਦਾ ਹੱਲ, ਦੇਸ਼ ਅੰਦਰ ਸਹੀ ਮਾਅਨਿਆਂ 'ਚ 'ਫ਼ੈਡਰਲ ਗੁਣ-ਤੰਤ੍ਰ' (ਗਣ-ਤੰਤ੍ਰ ਨਹੀਂ) ਲਾਗੂ ਕਰ ਕੇ ਸਹਿਜੇ ਹੀ ਕੀਤਾ ਜਾ ਸਕਦਾ ਹੈ, ਪਰ ਲਗਦਾ ਹੈ ਕਿ ਮਨੂੰਵਾਦੀ ਲਾਬੀ ਅਜਿਹਾ ਹੋਣ ਨਹੀਂ ਦੇ ਰਹੀ। ਕਿਰਸਾਣਾਂ ਵੱਲੋਂ ਕੀਤੀ ਜਾ ਰਹੀ ਫ਼ਜ਼ੂਲ ਖਰਚੀ ਵੀ ਇਸ ਸਮੱਸਿਆ ਦਾ ਇੱਕ ਵੱਡਾ ਕਾਰਨ ਹੈ। ਮੌਜੂਦਾ ਦੁਖੀ ਸਮਾਜ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੋਇਆ, ਸਬਰ, ਸੰਤੋਖ, ਸਾਦਗੀ ਦੇ ਗੁਣਾਂ ਦਾ ਧਾਰਨੀ ਬਣ ਕੇ, ਫੋਕੀ ਟੌਹਰ ਵਾਲੇ ਫ਼ਜ਼ੂਲ ਖਰਚਿਆਂ ਨੂੰ ਤਿਆਗ ਕੇ ਹੀ ਸੁਖੀ ਹੋ ਸਕਦਾ ਹੈ।

੪ ਕੁਦਰਤੀ ਵਾਤਾਵਰਣ (Ecology) ਦੀ ਸੰਭਾਲ

ਇਹ ਬੜੇ ਦੁੱਖ ਦੀ ਗੱਲ ਹੈ ਕਿ ਪ੍ਰਭੂ-ਪਿਤਾ ਦੀ ਸੱਭ ਤੋਂ ਉੱਤਮ ਰਚਨਾ, 'ਮਨੁੱਖ' ਤੋਂ ਸਿਵਾਏ, ਕਾਦਰ ਦੀ ਕੁਦਰਤਿ ਦੇ ਦੂਜੇ ਸਾਰੇ ਹੀ ਅੰਸ਼, ਸੁਤੇ-ਸਿੱਧ ਹੀ ਕੁਦਰਤਿ ਦੇ ਨਿਯਮਾਂ ਦੀ ਪਾਲਣਾ ਕਰਦੇ ਰਹਿੰਦੇ ਹਨ ਅਤੇ ਕੁਦਰਤੀ ਵਾਤਾਵਰਣ ਦੇ ਸੰਤੁਲਣ (Ecology) ਨੂੰ ਬਣਾਈ ਰੱਖਣ ਵਿੱਚ ਸਹਾਇਤਾ ਕਰਦੇ ਹਨ। ਇਸ ਦਾ ਕੀ ਕਾਰਨ ਹੈ ? ਇਸ ਪ੍ਰਸ਼ਨ ਦਾ ਸਿੱਧਾ-ਸਾਦਾ ਉੱਤਰ ਹੈ ਕਿ, ਮਨੁੱਖ ਦੇਖਣ ਨੂੰ ਤਾਂ ਜ਼ਰੂਰ ਮਨੁੱਖ ਹੀ ਨਜ਼ਰ ਆਉਂਦਾ ਹੈ, ਪਰ ਇਸ ਦੇ ਕੰਮ, ਆਮ ਕਰ ਕੇ, ਪਸ਼ੂਆਂ ਵਾਲੇ (ਬਲਕਿ ਪਸ਼ੂਆਂ ਦੇ ਕਰਮਾਂ ਤੋਂ ਵੀ ਹੇਠਲੀ ਪੱਧਰ ਦੇ, 'ਸ਼ੈਤਾਨਾਂ' ਵਾਲੇ) ਹੀ ਹੁੰਦੇ ਹਨ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ

'ਇਨਸਾਨ' ਬਣਨ ਦੀ ਬਜਾਏ 'ਸ਼ੈਤਾਨ' ਕਿਉਂ ਬਣ ਗਿਆ ? ਇਸ ਸਵਾਲ ਦਾ ਜਵਾਬ ਗੁਰੂ ਗ੍ਰੰਥ ਸਾਹਿਬ ਜੀ ਇੰਞ ਬਖ਼ਸ਼ਿਸ਼ ਕਰਦੇ ਹਨ:

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ (ਮ.੩, ੬੫੧)

ਭਾਵ: ਕਈ ਜਨਮਾਂ ਦੀ ਇਸ ਮਨ ਨੂੰ (ਵਿਕਾਰਾਂ ਦੀ ਮੈਲ ਲੱਗੀ ਹੋਈ ਹੈ, ਜਿਸ ਕਰ ਕੇ ਇਹ ਬਹੁਤ ਹੀ ਕਾਲਾ ਹੋਇਆ ਪਿਆ ਹੈ (ਚਿੱਟਾ ਨਹੀਂ ਹੋ ਸਕਦਾ), ਜਿਵੇਂ ਤੇਲੀ ਦੀ ਲੀਰ ਧੋਤਿਆਂ ਚਿੱਟੀ ਨਹੀਂ ਹੁੰਦੀ, ਭਾਵੇਂ ਸੌ ਵਾਰੀ ਧੋਣ ਦਾ ਯਤਨ ਕਰੋ। ਤਾਂ ਫਿਰ, ਇਸ ਦਾ ਕੀ ਇਲਾਜ ਕੀਤਾ ਜਾਵੇ ? ਸਤਿਗੁਰਾਂ ਦਾ ਫੁਰਮਾਨ ਹੈ:

ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੧॥ (ਮ.੩, ੬੫੧)

ਭਾਵ: ਹੇ ਨਾਨਕ! ਜੇ ਗੁਰੂ ਦੀ ਕਿਰਪਾ ਨਾਲ (ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰ ਕੇ) ਮਨ ਜਿਉਂਦਾ ਹੀ ਮਰੇ (ਆਪਣੀ ਹਉਮੈ ਨੂੰ ਮਾਰੇ) ਤੇ ਮਤਿ ਬਦਲ ਕੇ (ਮਾਇਕ ਪਦਾਰਥਾਂ ਦੇ ਮੋਹ ਵੱਲੋਂ) ਉਲਟ ਹੋ ਜਾਏ, ਤਾਂ (ਵਿਕਾਰਾਂ ਦੀ) ਮੈਲ ਵੀ ਨਹੀਂ ਲਗਦੀ ਤੇ ਫਿਰ ਜੂਨਾਂ ਵਿੱਚ ਵੀ ਨਹੀਂ ਪੈਂਦਾ।

ਗੱਲ ਬੜੀ ਸਪੱਸ਼ਟ ਹੈ। ਮਨੁੱਖ ਦਾ ਮਨ ਜਮਾਂਦਰੂ ਹੀ ਮੈਲਾ ਹੈ, ਜਿਸ ਕਰ ਕੇ ਇਸ ਦੇ ਆਪਣੇ ਅੰਦਰਲੀ Ecology ਤਹਿਸ-ਨਹਿਸ਼ ਹੋਈ ਪਈ ਹੈ ਅਤੇ ਪ੍ਰਭੂ-ਪਿਤਾ ਦੇ ਅਗੰਮੀ-ਨਾਦ (ਹੁਕਮਿ) ਨਾਲੋਂ ਟੁੱਟ ਕੇ ਮਨੁੱਖ 'ਸ਼ੈਤਾਨ' ਬਣਿਆ ਫਿਰਦਾ ਹੈ। ਸ਼ੈਤਾਨੀ ਬਿਰਤੀ ਵਾਲੇ ਮਨੁੱਖ ਤੋਂ ਕੁਦਰਤੀ ਸਾਧਨਾਂ ਦੀ ਸੁਚੱਜੀ ਸੰਭਾਲ ਤੇ ਕੁਦਰਤੀ ਵਾਤਾਵਰਣ ਦੇ ਸੰਤੁਲਨ ਨੂੰ ਬਣਾ ਕੇ ਰੱਖਣ ਦੀ ਆਸ ਭਲਾ ਕਿਵੇਂ ਕੀਤੀ ਜਾ ਸਕਦੀ ਹੈ ? ਇਸ ਸ਼ੈਤਾਨ ਨੇ ਖ਼ੁਦਗਰਜ਼ੀ-ਵੱਸ, ਕੁਦਰਤਿ ਦੇ ਨਿਯਮਾਂ ਦੀ ਅਪ੍ਰਾਧਕ ਹੱਦ ਤੱਕ ਉਲੰਘਣਾ ਕਰ ਕੇ, ਪਰਮੇਸ਼ਰ ਦੀ ਸਮੁੱਚੀ ਰਚਨਾ ਲਈ ਮੁਸੀਬਤਾਂ ਖੜੀਆਂ ਕੀਤੀਆਂ ਹੋਈਆਂ ਹਨ। ਉਦਾਹਰਣ ਵਜੋਂ, ਰੁੱਖਾਂ-ਬਿਰਖਾਂ ਦੀ ਅੰਨ੍ਹੇਵਾਹ ਪੁਟਾਈ ਕਰ ਕੇ, ਪਰਮਾਣੂ ਹਥਿਆਰਾਂ ਦੇ ਭੰਡਾਰ ਜਮ੍ਹਾਂ ਕਰ ਕੇ, ਕਾਰਖ਼ਾਨਿਆਂ ਦੁਆਰਾ ਹਵਾ ਤੇ ਪਾਣੀ ਨੂੰ ਪ੍ਰਦੂਸ਼ਤ ਕਰ ਕੇ, ਆਵਾਜ਼-ਪ੍ਰਦੂਸ਼ਨ ਫੈਲਾ ਕੇ, ਧਰਤੀ-ਮਾਤਾ ਦੀ ਹਿੱਕ ਵਿੱਚ ਰਸਾਇਣਕ ਖਾਦਾਂ, ਕੀਟ ਤੇ ਨਦੀਨ-ਨਾਸ਼ਕ ਜ਼ਹਿਰਾਂ ਦੇ ਟੀਕੇ ਲਾ ਕੇ, ਧਰਤੀ ਮਾਂ ਦੀ ਹਿੱਕ ਨੂੰ ਅੱਗ ਨਾਲ ਸਾੜ ਕੇ ਮਨੁੱਖ ਨੇ ਗੰਦ ਹੀ ਫੈਲਾਇਆ ਅਤੇ ਇਨਸਾਨੀਅਤ ਨੂੰ ਕਲੰਕਤ ਕੀਤਾ ਹੈ।

ਵਿਗਿਆਨਕ ਖ਼ੋਜ ਅਨੁਸਾਰ, ਕੁਦਰਤੀ ਸੰਤੁਲਨ ਕਾਇਮ ਰੱਖਣ ਲਈ, ਧਰਤੀ ਦੇ 33% ਹਿੱਸੇ ਤੇ ਰੁੱਖ ਹੋਣੇ ਅਤੀ ਜ਼ਰੂਰੀ ਹਨ- ਅਜਿਹਾ ਹੋਣ ਨਾਲ ਵਰਖਾ ਇੱਕਸਾਰ ਹੋਵੇਗੀ, ਹੜ੍ਹਾਂ ਅਤੇ ਸੋਕੇ ਤੋਂ ਬਚਿਆ ਜਾ ਸਕੇਗਾ, ਜ਼ਮੀਨ ਹੇਠਲੇ ਪਾਣੀ ਦੀ ਸਤਹ ਬਣੀ ਰਹੇਗੀ, ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰਹੇਗੀ, ਧਰਤੀ 'ਤੇ ਤਾਪਮਾਨ ਖ਼ੁਸ਼ਗਵਾਰ ਅਤੇ ਸਥਿਰ ਬਣਿਆ ਰਹੇਗਾ, ਬਨਸਪਤੀ ਤੋਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹੋ ਸਕਣਗੀਆਂ, ਵਾਤਾਵਰਣ ਵਿੱਚ ਆਕਸੀਜਨ ਦੀ ਕਮੀ ਨਹੀਂ

ਆਵੇਗੀ, ਵਾਤਾਰਣ ਵਿੱਚ ਜ਼ਹਿਰੀਲੀਆਂ ਗੈਸਾਂ ਦੀ ਮਿਕਦਾਰ ਕੰਟਰੋਲ ਵਿੱਚ ਰਹੇਗੀ, ਰੁੱਖਾਂ ਹੇਠ ਰਕਬਾ ਵਧਾ ਕੇ ਖੇਤੀ ਵਿੱਚ ਉਸਾਰੂ ਸੋਧ ਕੀਤੀ ਜਾ ਸਕੇਗੀ, ਮਨੁੱਖ ਦੀਆਂ ਮੁੱਢਲੀਆਂ ਲੋੜਾਂ (ਮਕਾਨ ਆਦਿ ਲਈ ਲੱਕੜੀ, ਫ਼ਲ, ਸਬਜ਼ੀ, ਚਾਰਾ ਤੇ ਬਾਲਣ ਆਦਿ) ਦੀ ਪੂਰਤੀ ਹੁੰਦੀ ਰਹੇਗੀ ਅਤੇ ਪੈਟਰੋਲ, ਡੀਜ਼ਲ, ਮਿਟੀ ਦਾ ਤੇਲ, ਰਸੋਈ ਗ਼ੈਸ, ਏਅਰ ਕੰਡੀਸ਼ਨਰਜ਼, ਥਰਮਲ ਪਲਾਟਾਂ ਆਦਿ ਦੀ ਵਧੇਰੇ ਵਰਤੋਂ ਦੁਆਰਾ ਪੈਦਾ ਹੋ ਰਹੇ ਖ਼ਤਰਨਾਕ ਪ੍ਰਦੂਸ਼ਨ ਤੋਂ ਬਚਿਆ ਜਾ ਸਕੇਗਾ।

ਇਹ ਸਾਰੇ ਮਾਨਵ-ਵਾਦੀ ਕੰਮ ਸੁਤੇ ਸਿੱਧ ਹੀ ਹੋਣੇ ਸ਼ੁਰੂ ਹੋ ਜਾਣਗੇ ਜਦੋਂ ਮਨੁੱਖ ਤੋਂ ਵਿਗੜ ਕੇ, ਖ਼ੁਦਗਰਜ਼ੀ-ਵੱਸ, 'ਸ਼ੈਤਾਨ' ਬਣਿਆ ਮਨੁੱਖ, ਸੰਗਤਿ ਵਿੱਚ ਜੁੜ ਕੇ, ਫਿਰ ਤੋਂ 'ਬੰਦਾ' ਬਣ ਜਾਵੇਗਾ।

੫. ਕੌਮੀ ਵਿਰਸੇ ਦੀ ਸੰਭਾਲ

ਜਿਉਂਦੀਆਂ-ਜਾਗਦੀਆਂ, ਦੂਰ-ਅੰਦੇਸ਼ ਤੇ ਸਿਆਣੀਆਂ ਕੌਮਾਂ, ਆਪਣੇ ਕੌਮੀ ਵਿਰਸੇ ਦੀ ਸੰਭਾਲ ਸੁਚੇਤ ਹੋ ਕੇ ਕਰਦੀਆਂ ਰਹਿੰਦੀਆਂ ਹਨ ਕਿਉਂਕਿ ਕੌਮੀ ਵਿਰਸਾ ਕੌਮ ਦੀ ਜਿੰਦ-ਜਾਨ ਹੋਇਆ ਕਰਦਾ ਹੈ। ਕੌਮੀ ਸਿਧਾਂਤ, ਕੌਮੀ ਆਚਰਣ, ਕੌਮ ਦਾ ਇਤਿਹਾਸ, ਕੌਮੀ ਪਛਾਣ, ਕੌਮੀ ਭਾਸ਼ਾ, ਕੌਮੀ ਅਣਖ਼, ਕੌਮੀ ਕਿਰਦਾਰ, ਸਾਂਝਾ ਪਰਿਵਾਰ, ਕੌਮੀ ਸਭਿਆਚਾਰ (ਕੌਮੀ ਪਰੰਪਰਾਵਾਂ, ਕੌਮੀ ਰਵਾਇਤਾਂ, ਕੌਮੀ ਸੁਭਾਅ, ਕੌਮੀ ਲੋਕ-ਗੀਤ), (ਰਹਿਣ-ਸਹਿਣ) ਇਤਿਹਾਸਕ ਅਸਥਾਨ, ਇਤਿਹਾਸਕ ਵਸਤਾਂ ਅਤੇ ਸਾਹਿਤ ਕੌਮੀ ਵਿਰਸੇ ਦੇ ਮਹੱਤਵਪੂਰਨ ਅੰਸ਼ ਹਨ। ਇਨ੍ਹਾਂ ਦੀ ਮੂਲ-ਰੂਪ ਵਿੱਚ ਸੰਭਾਲ ਕਰ ਕੇ ਇਨ੍ਹਾਂ ਤੋਂ ਉਸਾਰੂ ਪ੍ਰੇਰਨਾ ਲੈਣ ਵਾਲੀਆਂ ਕੌਮਾਂ ਹੀ ਅਣਖ਼ ਨਾਲ ਜੀਅ ਸਕਣ ਦੇ ਕਾਬਲ ਰਹਿੰਦੀਆਂ ਹਨ। ਆਪਣੇ ਵਿਰਸੇ ਨਾਲੋਂ ਟੁੱਟੀਆਂ ਕੌਮਾਂ, ਗ਼ੁਲਾਮ ਬਣ ਕੇ, ਇਤਿਹਾਸ ਦੇ ਵਰਕਿਆਂ 'ਚੋਂ ਵੀ ਗ਼ਾਇਬ ਹੋ ਜਾਂਦੀਆਂ ਹਨ।

(i) ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਦੀ ਸੰਭਾਲ ਕਿ ਸਸਕਾਰ ?

ਗੁਰੂ ਗ੍ਰੰਥ ਸਾਹਿਬ ਦੇ ਪੁਰਾਤਨ' ਹੱਥ-ਲਿਖਤ ਸਰੂਪਾਂ ਨੂੰ, ਮੋਟੇ ਤੌਰ 'ਤੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ:

(ੳ) ਗੁਰੂ ਅਰਜੁਨ ਸਾਹਿਬ ਵੱਲੋਂ ਸੰਪਾਦਤ (ਅੰਮ੍ਰਿਤਸਰੀ ਜਾਂ ਕਰਤਾਰਪੁਰੀ) ਸਰੂਪ ਦੇ ਉਤਾਰੇ ਵਾਲੇ। (ਇਨ੍ਹਾਂ ਸਰੂਪਾਂ ਵਿੱਚ 'ਰਾਗਮਾਲਾ' ਅੰਕਿਤ ਨਹੀਂ ਹੈ)।

(ਅ) ਭਾਈ ਬੰਨੋ ਵਾਲੀ, ਖਾਰੀ ਬੀੜ (ਰਾਗਮਾਲਾ ਸਮੇਤ ਕੁੱਝ ਹੋਰ ਵਾਧੂ ਰਚਨਾਵਾਂ ਵਾਲੇ) ਦੇ ਉਤਾਰੇ ਵਾਲੇ। ਇਨ੍ਹਾਂ ਵਿੱਚੋਂ (ੳ) ਸ਼੍ਰੇਣੀ ਵਾਲੇ ਸਰੂਪ ਇਤਿਹਾਸਕ ਮਹੱਤਤਾ ਵਾਲੇ ਹੋਣ ਕਰ ਕੇ ਸਾਡੇ ਅਮੋਲਕ ਵਿਰਸੇ ਦਾ ਹਿੱਸਾ ਹਨ। ਇਸ ਲਈ ਇਨ੍ਹਾਂ ਨੂੰ ਅਧੁਨਿਕ ਤਕਨੀਕੀ ਸੰਦਾਂ ਦੀ ਵਰਤੋਂ ਕਰ ਕੇ ਮੂਲ ਰੂਪ ਵਿੱਚ ਸੰਭਾਲ ਕੇ ਰੱਖਣਾ ਬੜਾ ਜ਼ਰੂਰੀ ਹੈ ਅਤੇ ਡਿਜ਼ਿਟਲ ਤਕਨੀਕ ਦੀ ਵਰਤੋਂ ਕਰ

ਕੇ ਇਨ੍ਹਾਂ ਦੀਆਂ ਕਾਪੀਆਂ ਨੂੰ ਸਦਾ ਲਈ ਸੰਭਾਲ ਕੇ ਰੱਖਿਆ ਜਾਣਾ ਚਾਹੀਦਾ ਹੈ। ਪਰ, ਬਿਪਰਵਾਦੀਆਂ ਦੀ ਡੂੰਘੀ ਸਾਜਿਸ਼ ਅਧੀਨ ਇਨ੍ਹਾਂ ਸਰੂਪਾਂ ਨੂੰ ਲੱਭ-ਲੱਭ ਕੇ ਅਗਨਭੇਟ ਕੀਤਾ ਜਾ ਰਿਹਾ ਹੈ। ਸਿੱਖੀ ਸਰੂਪ ਵਿੱਚ ਵਿੱਚਰ ਰਹੇ ਬਿਪਰਵਾਦੀ ਅੰਸਰਾਂ ਨੂੰ ਜਿੱਥੇ ਕਿਧਰੇ ਵੀ ਇਨ੍ਹਾਂ ਸਰੂਪਾਂ ਦੀ ਹੋਂਦ ਬਾਰੇ ਪਤਾ ਲੱਗਦਾ ਹੈ ਇਹ ਉਥੇ ਪਹੁੰਚ ਕੇ ਸਬੰਧਤ ਵਿਅਕਤੀਆਂ ਨੂੰ ਇਹ ਕਹਿ ਕੇ ਦਬਕਾ ਮਾਰਦੇ ਹਨ ਕਿ, "ਕੀ ਤੁਹਾਨੂੰ ਪਤਾ ਨਹੀਂ ਕਿ ਸਿੱਖ ਰਹਿਤ ਮਰਯਾਦਾ ਵਿੱਚ ਦਰਜ਼ ਕੀਤਾ ਹੋਇਆ ਹੈ ਕਿ ਰਾਗਮਾਲਾ ਤੋਂ ਬਗੈਰ ਗੁਰੂ ਗ੍ਰੰਥ ਸਾਹਿਬ ਦਾ ਕੋਈ ਸਰੂਪ ਨਹੀਂ ਹੋਣਾ ਚਾਹੀਦਾ। ਇਸ ਕਰਕੇ ਤੁਸੀਂ ਆਪਣਾ ਇਹ ਸਰੂਪ ਸਾਨੂੰ ਦੇ ਦਿਓ ਅਤੇ ਬਦਲੇ ਵਿੱਚ ਅਸੀਂ (ਰਾਗਮਾਲਾ-ਵਾਲਾ) ਨਵਾਂ ਸਰੂਪ ਤੁਹਾਨੂੰ ਦੇ ਦੇਂਦੇ ਹਨ"। ਇਹ ਕਹਿ ਕੇ ਰਾਗਮਾਲਾ ਰਹਿਤ ਸਰੂਪ ਚੁੱਕ ਕੇ ਲੈ ਜਾਂਦੇ ਹਨ ਅਤੇ ਬਾਅਦ ਵਿਚ ਉਸ ਸਰੂਪ ਨੂੰ ਕਿਸੇ 'ਅੰਗੀਠਾ ਸਾਹਿਬ' (ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਨੂੰ ਅਗਨਭੇਟ ਕਰਨ ਲਈ ਤਿਆਰ ਕੀਤੇ ਵਿਸ਼ੇਸ਼ ਅਸਥਾਨ) ਵਿਖੇ ਅਗਨ-ਭੇਟ ਕਰ ਦੇਂਦੇ ਹਨ।

ਪਿਛਲੀ ਤਕਰੀਬਨ ਡੇਢ ਸਦੀ ਦੌਰਾਨ ਸਿੱਖ ਕੌਮ ਅੰਦਰ ਸਾਵਣ-ਭਾਦਰੋਂ ਦੀਆਂ ਖੁੰਬਾਂ ਦੀ ਤਰ੍ਹਾਂ ਉੱਗੇ ਹੋਏ ਨਕਲੀ ਸੰਤ-ਬਾਬਿਆਂ ਨੇ, ਦੇਸ਼ ਵਿੱਚ, ਕਈ ਜਗ੍ਹਾ ਤੇ ਅੰਗੀਠੇ ਬਣਾ ਕੇ, ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਹੱਥ-ਲਿਖਤ ਬੀੜਾਂ ਦਾ ਸਸਕਾਰ ਕਰਨਾ ਅਰੰਭ ਕੀਤਾ ਹੋਇਆ ਹੈ। ਜਾਂ ਤਾਂ ਇਨ੍ਹਾਂ ਗੁਰਮਤਿ-ਵਿਹੂਣੇ ਮਨਮਤੀਆਂ ਨੂੰ ਪਤਾ ਹੀ ਨਹੀਂ ਕਿ ਅਜਿਹਾ ਕਰ ਕੇ ਇਹ ਮਨੁੱਖਤਾ ਦੇ ਅਨਮੋਲ ਵਿਰਸੇ ਨੂੰ ਨਸ਼ਟ ਕਰ ਰਹੇ ਹਨ ਅਤੇ ਜਾਂ ਫਿਰ ਇਹ ਬ੍ਰਾਹਮਣਵਾਦੀਆਂ ਦੀ ਨਾਕਸ (ਖ਼ਤਰਨਾਕ) ਸਾਜਿਸ਼ ਦਾ ਸ਼ਿਕਾਰ ਹੋ ਕੇ ਅਜਿਹਾ ਨਾ-ਬਖ਼ਸ਼ਣਯੋਗ ਅਪ੍ਰਾਧ ਕਰੀ ਜਾ ਰਹੇ ਹਨ।

ਇਥੇ ਹੀ ਬੱਸ ਨਹੀਂ। ਇਹ ਗੁਰਮਤਿ-ਵਿਹੂਣੇ, ਬਾਨਾਰਸ ਦੇ ਠੱਗ, ਜੂਨ ਸੰਨ 1984 ਵਿਚ ਭਾਰਤ ਦੀ ਮਨੂੰਵਾਦੀ ਸਰਕਾਰ ਦੀ ਫ਼ੌਜ ਵੱਲੋਂ ਲੁੱਟੀ ਹੋਈ ਕੇਂਦਰੀ ਸਿੱਖ ਰੈਫਰੈਂਸ ਲਾਇਬਰ੍ਰੇਰੀ (ਦਰਬਾਰ ਸਾਹਿਬ ਸਮੂਹ) ਅੰਮ੍ਰਿਤਸਰ ਦੀ ਇਮਾਰਤ ਵਿੱਚ ਰਾਗਮਾਲਾ ਵਾਲੀਆਂ ਨਵੀਆਂ ਹੱਥ-ਲਿਖਤ ਬੀੜਾਂ ਲਿਖਵਾ ਕੇ ਰਖਵਾਈ ਜਾ ਰਹੇ ਹਨ। ਇਸ ਵਿੱਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਅਜਿਹਾ ਬ੍ਰਾਹਮਣਵਾਦੀਆਂ ਦੀ ਸਾਜਿਸ਼ ਅਧੀਨ ਹੀ ਕੀਤਾ ਜਾ ਰਿਹਾ ਹੈ।

ਨਿਰੰਕਾਰ ਸਰੂਪ ਗੁਰੂ ਗ੍ਰੰਥ ਸਾਹਿਬ, ਸਿੱਖ ਕੌਮ ਦੇ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਦੇ ਜੀਵਨ-ਆਧਾਰ ਹਨ, ਮਨੁੱਖਤਾ ਨੂੰ ਸਦੀਵੀ ਵਿਗਾਸ ਵਾਲਾ ਆਤਮਿਕ ਜੀਵਨ ਦੇਣ ਵਾਲੇ ਹਨ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥

(ਮ.੩, ੫੧੫)

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ॥ਰਹਾਉ॥ (ਮ.੪, ੭੫੯)

(ii) ਗੁਰਮਤਿ ਸਿਧਾਂਤ ਤੇ ਕੌਮੀ ਇਤਿਹਾਸ

ਸੰਨ 1849 ਤੋਂ ਬਾਅਦ, ਸਿੱਖ ਕੌਮ ਦੇ ਵਿਰਸੇ ਦੇ ਕਾਫ਼ੀ ਹਿੱਸੇ ਨੂੰ ਸਾਜਿਸ਼ੀ ਢੰਗ ਨਾਲ ਜਾਂ ਤਾਂ ਨਸ਼ਟ ਕੀਤਾ ਜਾ ਚੁੱਕਿਆ ਹੈ ਅਤੇ ਜਾਂ ਫ਼ਿਰ ਇਸ ਵਿੱਚ ਬ੍ਰਾਹਮਣੀ-ਖ਼ੋਟ ਮਿਲਾਈ ਜਾ ਚੁੱਕੀ ਹੈ। ਅੱਜ ਲੋੜ ਹੈ ਕਿ ਕੌਮੀ ਵਿਰਸੇ ਦੇ ਨਸ਼ਟ ਕੀਤੇ ਜਾ ਚੁੱਕੇ ਹਿੱਸੇ ਨੂੰ, ਗੁਰਮਤਿ ਜੁਗਤਿ ਅਨੁਸਾਰ, ਪੁਨਰ-ਸੁਰਜੀਤ ਕੀਤਾ ਜਾਵੇ ਅਤੇ ਇਸ ਵਿੱਚ ਮਿਲਾਈ ਬਿਪਰਵਾਦੀ ਖ਼ੋਟ ਨੂੰ ਕੱਢ ਕੇ ਬਾਹਰ ਸੁੱਟਿਆ ਜਾਵੇ। ਅੱਜ ਦੀਆਂ ਵਿਗਿਆਨਕ ਤਕਨੀਕਾਂ ਦੀ ਸਹਾਇਤਾ ਨਾਲ ਇਹ ਕੰਮ ਕਰਨਾ ਔਖਾ ਨਹੀਂ। ਅਲੱਗ-ਅਲੱਗ ਵਿਸ਼ਿਆਂ ਦੇ ਮਾਹਿਰਾਂ ਦੀ ਸਹਾਇਤਾ ਨਾਲ, ਗੁਰਮਤਿ ਸਿਧਾਂਤਾਂ ਦੀ ਡੂੰਘੀ ਸੋਝੀ ਰੱਖਣ ਵਾਲੇ ਵਿਦਵਾਨਾਂ ਦੇ ਪੈਨਲ ਦੁਆਰਾ ਕੌਮੀ ਵਿਰਸੇ ਨੂੰ ਪੁਨਰ-ਸੁਰਜੀਤ ਕਰ ਕੇ ਡਿਜ਼ਿਟਲ ਆਦਿ ਤਕਨੀਕਾਂ ਦੀ ਸਹਾਇਤਾ ਨਾਲ ਸਦੀਵ ਕਾਲ ਲਈ ਸੰਭਾਲ ਕੇ ਰੱਖਣ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਸ ਪੱਖ ਤੋਂ ਕੌਮ ਨੂੰ ਗ਼ਫ਼ਲਤ ਦੀ ਨੀਂਦ 'ਚੋਂ ਜਗਾ ਕੇ ਸੁਚੇਤ ਕਰਨ ਲਈ, ਗੁਰਦਵਾਰਾ ਸੰਸਥਾ ਅਹਿਮ ਯੋਗਦਾਨ ਪਾ ਸਕਦੀ ਹੈ।

ਸਾਡੇ ਕੌਮੀ ਇਤਿਹਾਸਕ ਅਸਥਾਨਾਂ ਨੂੰ ਕਾਰ ਸੇਵਾ ਦੇ ਨਾਂ 'ਤੇ ਢਹਿ-ਢੇਰੀ ਕਰ ਕੇ ਇਨ੍ਹਾਂ ਦਾ ਮੂਲ ਰੂਪ ਵਿਗਾੜ ਦਿੱਤਾ ਗਿਆ ਹੈ। ਕੌਮੀ ਵਿਰਸੇ ਦੇ ਮੂਲ-ਰੂਪ ਵਿੱਚ ਦਰਸ਼ਨ ਹੀ, ਆਉਣ ਵਾਲੀਆਂ ਪੁਸ਼ਤਾਂ ਲਈ ਪ੍ਰੇਰਨਾ-ਸਰੋਤ ਬਣ ਕੇ, ਕੌਮੀ-ਗੌਰਵਤਾ ਦੇ ਜਜ਼ਬੇ ਨੂੰ ਹੁਲਾਰਾ ਦੇ ਸਕਦੇ ਹਨ, ਇਨ੍ਹਾਂ ਦੇ ਵਿਗਾੜ ਕੇ ਬਦਸ਼ਕਲ ਕੀਤੇ ਹੋਏ ਸਰੂਪ ਨਹੀਂ। ਸਤਿਗੁਰਾਂ ਵੱਲੋਂ ਅੰਮ੍ਰਿਤਸਰ ਅਤੇ ਅਨੰਦਪੁਰ ਵਿਖੇ ਉਸਾਰੇ ਕਿਲ੍ਹਿਆਂ ਦਾ ਨਾਮੋ-ਨਿਸ਼ਾਨ ਮਿਟਾਇਆ ਜਾ ਚੁੱਕਾ ਹੈ (ਸਿਵਾਏ ਅਨੰਦਗੜ੍ਹ ਕਿਲ੍ਹੇ ਦੇ)। **ਚਮਕੌਰ ਦੀ ਕੱਚੀ ਗੜ੍ਹੀ (ਹਵੇਲੀ) ਨੂੰ ਮੋਰਚਾ ਬਣਾ ਕੇ ਦਸਮੇਸ਼ ਪਿਤਾ ਜੀ ਨੇ ਦਸੰਬਰ ਸੰਨ 1705 ਵਿੱਚ, ਸਿਰਫ਼ 40 ਕੁ ਸਿੰਘਾਂ ਨਾਲ ਕਈ ਲੱਖ ਦੀ ਗਿਣਤੀ ਵਾਲੀ (ਮੁਗ਼ਲ ਫ਼ੌਜ + ਪਹਾੜੀ ਰਾਜਿਆਂ ਦੀ ਫ਼ੌਜ +ਮੁਲਖਈਆ) ਫ਼ੌਜ ਅਤੇ ਮੁਲਖਈਆਂ ਨਾਲ, ਬਹਾਦਰੀ ਨਾਲ, ਟੱਕਰ ਲੈ ਕੇ, ਦੁਨੀਆਂ ਦੇ ਫ਼ੌਜੀ-ਇਤਿਹਾਸ ਦੀ ਸਭ ਤੋਂ ਅਸਾਵੀਂ-ਜੰਗ ਚੜ੍ਹਦੀ ਕਲਾ ਨਾਲ ਲੜ ਕੇ ਲਾਸਾਨੀ ਇਤਿਹਾਸ ਸਿਰਜਿਆ ਸੀ। ਪਰ, ਕੌਮ ਦੇ ਬੇ-ਸਮਝ (ਜਾਂ ਗ਼ੱਦਾਰ ?) ਲੀਡਰਾਂ ਨੇ ਉਸ ਕੱਚੀ ਗੜ੍ਹੀ ਨੂੰ ਕਾਰ-ਸੇਵਾ (ਜਾਂ ਉਜਾੜ ਸੇਵਾ**

?) ਵਾਲੇ ਬਾਬਿਆਂ ਦੇ ਹੱਥੌੜਿਆਂ ਦੀ ਭੇਟ ਚਾੜ੍ਹ ਦਿੱਤਾ। ਇਸੇ ਤਰ੍ਹਾਂ ਹੀ ਜੂਨ ਸੰਨ 1984 ਵਿੱਚ, ਮੰਨੂਵਾਦੀਆਂ ਦੀ ਸਾਜਿਸ਼ ਅਧੀਨ, ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਤਿੰਨ ਦਰਜਨ ਤੋਂ ਵੀ ਵੱਧੀਕ ਗੁਰਧਾਮਾਂ ਤੇ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਲਈ, ਕੀਤੇ ਕਹਿਰੀ ਫ਼ੌਜੀ ਹਮਲਿਆਂ ਦੀਆਂ ਇਤਿਹਾਸਕ ਨਿਸ਼ਾਨੀਆਂ ਨੂੰ ਵੀ ਆਪਣੇ ਹੱਥੀਂ ਹੀ ਇਨ੍ਹਾਂ ਅਕ੍ਰਿਤਘਣਾਂ ਨੇ ਮਿਟਾ ਦਿੱਤਾ, ਹਾਲਾਂਕਿ ਦਰਬਾਰ ਸਾਹਿਬ ਦੇ ਬਿਲਕੁਲ ਨੇੜੇ ਹੀ ਜੱਲ੍ਹਿਆਂ ਵਾਲੇ ਬਾਗ਼ ਵਿੱਚ ਜਨਰਲ ਡਾਇਰ ਵੱਲੋਂ ਵੈਸਾਖੀ 1919 ਦੇ ਦਿਨ ਕੀਤੇ ਕਤਲੇਆਮ ਦੀਆਂ ਨਿਸ਼ਾਨੀਆਂ ਨੂੰ ਮੂਲ-ਰੂਪ ਵਿੱਚ ਅੱਜ ਤੱਕ ਸੰਭਾਲ ਕੇ ਰੱਖਿਆ ਹੋਇਆ ਹੈ। ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਹਨ ਸਿੱਖ ਵਿਰਸੇ ਨੂੰ ਸਾਜਿਸ਼ੀ ਢੰਗਾਂ ਨਾਲ ਨਸ਼ਟ ਕਰਨ ਦੀਆਂ। ਕਿਸ-ਕਿਸ ਦਾ ਜ਼ਿਕਰ ਕਰੀਏ ?

(iii) ਆਚਰਣਕ ਨਿਘਾਰ

ਗੁਰੂ ਗ੍ਰੰਥ ਸਾਹਿਬ ਦੇ ਆਲਮਗੀਰੀ ਸਿਧਾਂਤਾਂ 'ਤੇ ਆਧਾਰਤ ਸਿੱਖ ਕੌਮ ਦੇ ਵਿਲੱਖਣ ਆਚਰਣ ਅਤੇ ਬਹਾਦਰੀ ਦੀ ਸਿਫ਼ਤ, ਅਠਾਰ੍ਹਵੀਂ ਸਦੀ ਵਿੱਚ ਸਿੱਖ ਕੌਮ ਦਾ ਖੁਰਾ-ਖੋਜ ਮਿਟਾਉਣ 'ਤੇ ਤੁਲੇ ਹੋਏ, ਕੌਮ ਦੇ ਦੁਸ਼ਮਣ ਵੀ, ਕਰਨ ਤੋਂ ਰਹਿ ਨਾ ਸਕੇ, ਹਾਲਾਂਕਿ ਉਹ ਸਿੱਖਾਂ ਨੂੰ ਬਹੁਤ ਹੀ ਨਫ਼ਰਤ ਦੀਆਂ ਨਿਗਾਹਾਂ ਨਾਲ ਵੇਖਦੇ ਸਨ। ਪਰ, ਜਿਉਂ-ਜਿਉਂ ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨਾਲੋਂ ਟੁੱਟਦੀ ਗਈ, ਇਸ ਦਾ ਕੌਮੀ ਆਚਰਣ ਵੀ ਗਿਰਦਾ ਗਿਆ।

(iv) ਵਿਲੱਖਣ ਕੌਮੀ ਪਛਾਣ ਵੱਲੋਂ ਅਵੇਸਲਾਪਨ

ਆਪਣੇ ਕੌਮੀ ਧੁਰੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨਾਲੋਂ ਟੁੱਟ ਚੁੱਕੀ ਕੌਮ ਦੀ ਨੌਜਵਾਨੀ ਦਾ ਵੱਡਾ ਹਿੱਸਾ ਆਪਣੀ ਵਿਲੱਖਣ ਭੌਤਿਕ ਕੌਮੀ ਪਛਾਣ (ਸਾਬਤ ਸੂਰਤਿ, ਸਾਦਾ ਪਹਿਰਾਵਾ) ਹੀ ਗੁਆ ਕੇ ਘੋਨ-ਮੋਨ ਬਣਿਆ ਫਿਰਦਾ ਹੈ ਅਤੇ ਫੈਸ਼ਨ-ਪ੍ਰਸਤੀ ਦਾ ਸ਼ਿਕਾਰ ਹੋ ਕੇ ਸਾਦੀ ਸਾਊ ਪੁਸ਼ਾਕ ਨੂੰ ਛੱਡ ਕੇ ਹਿੱਪੀ-ਜਿੱਪੀ ਬਣ ਕੇ ਕੌਮੀ-ਬਦਨਾਮੀ ਦਾ ਕਾਰਨ ਬਣ ਰਿਹਾ ਹੈ। ਅਜਿਹਾ ਭਾਣਾ ਵਾਪਰਨ ਲਈ, ਮੂਲ ਰੂਪ ਵਿੱਚ, ਅਖੌਤੀ ਸਿੱਖ ਲੀਡਰਸ਼ਿਪ ਹੀ ਜ਼ਿੰਮੇਵਾਰ ਹੈ।

(v) ਕੌਮੀ ਭਾਸ਼ਾ (ਗੁਰਮੁਖੀ ਲਿੱਪੀ ਵਿੱਚ ਪੰਜਾਬੀ ਭਾਸ਼ਾ) ਦੀ ਬੇ-ਕਦਰੀ

ਪੰਜਾਬੀ ਭਾਸ਼ਾ ਸੰਸਕ੍ਰਿਤ ਤੋਂ ਵੀ ਪੁਰਾਣੀ

"ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਵਿਦਵਾਨ ਤੇ 'ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ' ਦੇ ਸਾਬਕਾ ਪ੍ਰੋ-ਵਾਈਸ ਚਾਂਸਲਰ ਡਾ.ਕਪਿਲ ਕਪੂਰ ਨੇ ਆਖਿਆ ਹੈ ਕਿ ਪੰਜਾਬੀ ਭਾਸ਼ਾ ਸੰਸਕ੍ਰਿਤ ਤੋਂ ਵੀ ਪੁਰਾਣੀ ਭਾਸ਼ਾ ਹੈ।....... ਡਾ. ਕਪਿਲ ਨੇ

ਕਿਹਾ ਭਾਵੇਂ ਸੰਸਕ੍ਰਿਤ ਨੂੰ ਸਭ ਤੋਂ ਪੁਰਾਣੀ ਭਾਸ਼ਾ ਮੰਨਿਆ ਜਾਂਦਾ ਹੈ, ਪਰ ਪੰਜਾਬੀ ਭਾਸ਼ਾ ਇਸ ਤੋਂ ਵੀ ਪੁਰਾਤਨ ਅਤੇ ਸਮਰੱਥਾਵਾਨ ਭਾਸ਼ਾ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ ਹੋਰਨਾਂ ਭਾਸ਼ਾਵਾਂ ਦੀ ਤਰ੍ਹਾਂ, ਮੂਲ-ਰੂਪ ਵਿੱਚ ਹੀ, ਭਰਪੂਰ ਸ਼ਬਦਾਵਲੀ ਹੈ। ਉਨ੍ਹਾਂ ਆਖਿਆ ਕਿ ਪੰਜਾਬੀ ਭਾਸ਼ਾ ਇੱਕ ਵਿੱਕਸਤ ਭਾਸ਼ਾ ਹੈ ਅਤੇ ਇਸ ਵਿੱਚ ਅਲੱਗ-ਅਲੱਗ ਵਿਸ਼ਿਆਂ ਦੀ ਮੌਲਿਕ ਖ਼ੋਜ ਕੀਤੀ ਜਾ ਸਕਦੀ ਹੈ ਅਤੇ ਕਰਨੀ ਚਾਹੀਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਪੰਜਾਬੀ ਭਾਸ਼ਾ ਦੇ ਬੌਧਿਕ ਗਿਆਨ ਨੂੰ ਏਨਾ ਅਮੀਰ ਬਣਾ ਦੇਣਾ ਚਾਹੀਦਾ ਹੈ ਤਾਂ ਜੋ ਇਸ ਦੀ ਜਾਣਕਾਰੀ ਲੈਣ ਲਈ ਹੋਰਨਾਂ ਭਾਸ਼ਾਵਾਂ ਦੇ ਲੋਕਾਂ ਨੂੰ ਮਜ਼ਬੂਰ ਹੋਣਾ ਪਵੇ।...... ਉਨ੍ਹਾਂ ਅੰਗ੍ਰੇਜ਼ੀ ਭਾਸ਼ਾ 'ਤੇ ਕਟਾਕਸ਼ ਕਰਦਿਆਂ ਕਿਹਾ ਕਿ ਸਾਡੀ ਦੁਸ਼ਮਣੀ ਅੰਗਰੇਜ਼ੀ ਭਾਸ਼ਾ ਨਾਲ ਨਹੀਂ, ਬਲਕਿ ਅੰਗਰੇਜ਼ੀ ਵਿੱਚ ਜੋ ਗਿਆਨ ਸਾਡੇ 'ਤੇ ਥੋਪਿਆ ਜਾ ਰਿਹਾ ਹੈ, ਅਸਲੀ ਲੜਾਈ ਉਸ ਨਾਲ ਹੈ। ਉਨ੍ਹਾਂ ਕਿਹਾ ਅੰਗਰੇਜ਼ੀ ਗਿਆਨ ਦੀ ਸਭ ਕੁੱਝ ਆਪਣੇ ਵੱਸ ਕਰਨ ਦੀ ਪ੍ਰਵਿਰਤੀ ਨੇ ਸਾਡਾ ਸਭਿਆਚਾਰ, ਵਾਤਾਵਰਣ ਅਤੇ ਕੁਦਰਤਿ ਆਦਿ ਨਾਲ ਰਿਸ਼ਤੇ ਨੂੰ ਵ੍ਰਿਗਾੜ ਕੇ ਰੱਖ ਦਿੱਤਾ ਹੈ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਯੂਨੀਵਰਸਿਟੀ ਵੱਲੋਂ ਪੰਜਾਬੀ ਭਾਸ਼ਾ ਦੀ ਇਤਿਹਾਸਕਤਾ ਸਬੰਧੀ ਖ਼ੋਜ ਪ੍ਰਾਜੈਕਟ ਸ਼ੁਰੂ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਅਧੀਨ ਪੰਜਾਬੀ ਭਾਸ਼ਾ ਦੀ ਸ਼ੁਰੂਆਤ ਤੋਂ ਵਿਕਾਸ ਤੱਕ ਦੇ ਸਫ਼ਰ ਨੂੰ ਇਤਿਹਾਸਕ ਪਰਿਪੇਖ ਦੇ ਸਬੰਧ ਵਿੱਚ ਕਲਮਬੰਦ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਉਨ੍ਹਾਂ ਇਸ ਪ੍ਰਾਜੈਕਟ ਦੀ ਕਮਾਨ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਦੇ ਸਾਬਕਾ ਪ੍ਰੋ. ਵਾਈਸ-ਚਾਂਸਲਰ, ਡਾ. ਕਪਿਲ ਕਪੂਰ ਨੂੰ ਸੌਂਪਣ ਦਾ ਐਲਾਨ ਕੀਤਾ" (ਰੋਜ਼ਾਨਾ ਸਪੋਕਸਮੈਨ: 5 ਫਰਵਰੀ 2011, ਫਰੰਟ ਪੇਜ਼)।

ਇਸ ਨੂੰ ਸਿੱਖ ਕੌਮ ਦੀ ਤ੍ਰਾਸਦੀ ਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਆਲਮਗ਼ੀਰੀ ਫ਼ਲਸਫ਼ੇ ਨਾਲੋਂ ਟੁੱਟਿਆ ਹੋਇਆ ਸਿੱਖ ਕੌਮ ਦੇ ਪੜ੍ਹੇ-ਲਿਖੇ ਵਰਗ ਦਾ ਇੱਕ ਹਿੱਸਾ, ਆਪਣੀ ਮਾਂ-ਬੋਲੀ ਦੀ, ਗੁਰਮਤਿ-ਵਿਰੋਧੀ ਅੰਸਰਾਂ ਵੱਲੋਂ ਕੀਤੀ ਜਾ ਰਹੀ ਸਾਜਿਸ਼ੀ ਬੇ-ਕਦਰੀ ਨੂੰ ਰੋਕਣ ਲਈ ਸਾਰਥਕ ਉਪਰਾਲੇ ਕਰਨ ਦੀ ਬਜਾਏ, ਇਨ੍ਹਾਂ ਮਾਨਵ-ਵਿਰੋਧੀਆਂ ਦੀ ਚਾਣਕੀਯਾ ਕੂਟਨੀਤੀ ਦਾ ਸ਼ਿਕਾਰ ਹੋ ਕੇ, ਅਪਣੀ ਸ਼ਹਿਦ ਤੋਂ ਵੀ ਮਿੱਠੀ ਤੇ ਅਮੀਰ ਮਾਂ-ਬੋਲੀ ਨੂੰ, 'ਪੇਂਡੂ-ਅਨਪੜ੍ਹਾਂ ਤੇ ਗਵਾਰਾਂ ਦੀ ਬੋਲੀ' ਸਮਝ ਕੇ, ਵਿਸਾਰਦਾ ਜਾ ਰਿਹਾ ਹੈ। ਅਜਿਹਾ ਦੁਖਦਾਈ ਭਾਣਾ ਵਾਪਰਨ ਦੇ ਚਾਰ ਕਾਰਨ ਸਮਝ ਵਿੱਚ ਆ ਰਹੇ ਹਨ:

੧ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਤੋਂ ਟੁੱਟ ਜਾਣਾ।

੨ ਪੱਛਮੀ ਸਭਿਅਤਾ ਦੀ ਫ਼ੋਕੀ ਚਕਾਚੌਂਧ ਦਾ ਸ਼ਿਕਾਰ ਹੋ ਜਾਣਾ।

੩ ਗੁਰਮਤਿ-ਵਿਰੋਧੀ ਸੰਗਠਨਾਂ (ਵਿਸ਼ੇਸ਼ ਕਰ ਕੇ ਬ੍ਰਾਹਮਣਵਾਦੀ ਸੰਗਠਨਾਂ) ਦਾ ਸਿੱਖ ਕੌਮ ਵਿਰੁੱਧ ਕੂੜ-ਪ੍ਰਚਾਰ।

੪ ਨਾ-ਅਹਿਲ (ਗ਼ੱਦਾਰ?) ਸਿੱਖ ਲੀਡਰਸ਼ਿਪ।

(vi) ਅਸ਼ਲੀਲ ਅਤੇ ਲੱਚਰ (ਨੰਗੇਜ਼ਵਾਦੀ) ਕਲਾਕਾਰੀ ਦਾ ਆਤੰਕ

ਨੈਤਿਕ ਕਦਰਾਂ-ਕੀਮਤਾਂ ਤੋਂ ਟੁੱਟੇ ਹੋਏ ਸਮਾਜ ਦਾ, ਅਸ਼ਲੀਲ ਅਤੇ ਲੱਚਰ ਕਲਾਕਾਰੀ {ਗਾਇਕੀ, ਟੈਲੀਵਿਜਿਅਨ, ਥੀਏਟਰ, ਭ੍ਰਿਸ਼ਟ ਪ੍ਰਿੰਟ ਮੀਡੀਆ, ਕਲਚਰਲ (ਕੰਜਰਲ) ਸਮਾਗਮ ਆਦਿ} ਕਾਮ-ਉਕਸਾਊ ਰੁਚੀਆਂ ਨੂੰ ਉਤੇਜਿਤ ਕਰ ਕੇ, ਸਤਿਆਨਾਸ਼ ਕਰ ਰਹੀ ਹੈ। ਕਿਸੇ ਵੀ ਦੇਸ਼ ਦੀ ਸਰਕਾਰ ਨੇ ਇਨ੍ਹਾਂ ਅਤੰਕਵਾਦੀ ਕਾਰਵਾਈਆਂ ਨੂੰ ਨੱਥ ਪਾਉਣ ਲਈ ਕੋਈ ਯਤਨ ਨਹੀਂ ਕੀਤਾ ਅਤੇ ਨਾ ਹੀ ਲੋਕ-ਤੰਤ੍ਰ ਦੇ ਬਾਕੀ ਥੰਮ੍ਹਾਂ (ਵਿਧਾਨਪਾਲਕਾ, ਨਿਆਂ-ਪਾਲਕਾ ਤੇ ਮੀਡੀਆ) ਨੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰ ਕੇ, ਇਸ ਅਤੰਕ ਨੂੰ ਕਾਬੂ ਕਰਨ ਲਈ ਕੋਈ ਯੋਗਦਾਨ ਪਾਇਆ ਹੈ। **ਅੱਜ ਹਾਲਾਤ ਇਤਨੇ ਬਰਦਾਸ਼ਤ ਤੋਂ ਬਾਹਰ ਹੁੰਦੇ ਜਾ ਰਹੇ ਹਨ ਕਿ ਸਾਊ ਪਰਿਵਾਰਾਂ ਦਾ ਬੱਸਾਂ ਵਿੱਚ ਸਫ਼ਰ ਕਰਨਾ ਵੀ ਮੁਹਾਲ ਹੋਇਆ ਪਿਆ ਹੈ ਕਿਉਂਕਿ ਬੱਸਾਂ ਵਿੱਚ ਫਿੱਟ ਕੀਤੇ ਟੈਲੀਵਿਜਿਅਨ ਸੈਟਾਂ ਤੇ ਲੱਚਰ/ਅਸ਼ਲੀਲ ਸੀ.ਡੀਜ਼. ਕੰਨ-ਪਾੜਵੀਂ ਆਵਾਜ਼ ਵਿੱਚ ਚੱਲ ਰਹੇ ਹੁੰਦੇ ਹਨ। ਘਰਾਂ ਵਿੱਚ ਟੈਲੀਵਿੰਜਿਅਨ 'ਤੇ ਪ੍ਰੋਸੇ ਜਾ ਰਹੇ ਅਸ਼ਲੀਲ ਸੀਰੀਅਲ ਅਤੇ ਐਡਜ਼ (ਇਸ਼ਤਿਹਾਰ) ਨੇ ਵੀ ਲੋਕਾਂ ਦਾ ਨੱਕ ਵਿੱਚ ਦਮ ਕਰ ਰੱਖਿਆ ਹੈ। ਹਾਲਾਤ ਇੱਤਨੇ ਨਿੱਘਰ ਚੁੱਕੇ ਹਨ ਕਿ ਵਿਆਹ-ਸ਼ਾਦੀਆਂ ਅਤੇ ਹੋਰ ਖ਼ੁਸ਼ੀ ਦੇ ਸਮਾਗਮ ਵੀ ਇਸ ਲੱਚਰਵਾਦ ਦੇ ਭੂਤ ਦੀ ਭੇਟ ਚੜ੍ਹ ਚੁੱਕੇ ਹਨ।**

(vii) ਸਿੱਖ ਸਮਾਜ ਵਿੱਚੋਂ ਅਲੋਪ ਹੋ ਰਹੀ ਅਣਖ (ਗ਼ੈਰਿਤ, ਸਵੈ-ਸਤਿਕਾਰ)

ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਫ਼ਲਸਫ਼ਾ ਮਨੁੱਖ ਨੂੰ ਅਣਖ਼ੀ (ਗ਼ੈਰਤ ਵਾਲਾ) ਜੀਵਨ-ਜਾਚ ਦੀ ਬਖਸ਼ਿਸ਼ ਕਰਦਾ ਹੈ:

ਫਰੀਦਾ ਬਾਰਿ ਪਰਾਇਐ ਬੈਸਣਾ, ਸਾਂਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ, ਜੀਉ ਸਰੀਰਹੁ ਲੇਹਿ ॥੪੨॥

(ਫ਼ਰੀਦ ਜੀ ੧੩੮੦)

ਭਾਵ:ਹੇ ਫ਼ਰੀਦ! (ਆਖ਼-) ਹੇ ਸਾਂਈ! (ਇਨ੍ਹਾਂ ਦੁਨੀਆਂ ਦੇ ਪਦਾਰਥਾਂ ਦੀ ਖ਼ਾਤਰ) ਮੈਨੂੰ ਪਰਾਏ ਬੂਹੇ ਤੇ ਬੈਠਣ ਨਾ ਦੇਈਂ।ਪਰ ਜੇ ਤੂੰ ਇਸੇ ਤਰ੍ਹਾਂ ਰੱਖਣਾ ਹੈ (ਭਾਵ, ਜੇ ਤੂੰ ਮੈਨੂੰ ਦੂਜਿਆਂ ਦਾ ਮੁਥਾਜ ਬਣਾਣਾ ਹੈ) ਤਾਂ ਮੇਰੇ ਸਰੀਰ ਵਿੱਚੋਂ ਜਿੰਦ ਕੱਢ ਲੈ।

ਅਣਖ਼ੀ ਪੰਜਾਬੀ ਹੁਣ ਧੀਆਂ ਦਾ ਵੀ ਮੁੱਲ ਵੱਟਣ ਲੱਗ ਪਏ

"ਪੰਜਾਬ ,ਪੰਜਾਂ ਪਾਣੀਆਂ ਦੀ ਧਰਤੀ ਹੈ,ਸੂਰਬੀਰਾਂ, ਯੋਧਿਆਂ ਦੀ ਧਰਤੀ ਹੈ। ਪੰਜਾਬ ਦੇ ਜ਼ਰੇ-ਜ਼ਰੇ ਵਿੱਚੋਂ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦੀ ਮਹਿਕ ਆਉਂਦੀ ਹੈ। ਇਹ ਪੰਜਾਬੀ ਮਿਹਨਤੀ ਹੀ ਨਹੀਂ ਸਨ, ਸਗੋਂ ਅਣਖੀਲੇ ਵੀ ਸਨ।...... ਪੰਜਾਬੀ ਵਿਅਕਤੀ ਦੇ ਪ੍ਰਛਾਵੇਂ ਥੱਲੇ ਬੇਗਾਨਾ ਵੀ ਆਪਣੇ ਆਪ ਨੂੰ ਮਹਿਫ਼ੂਜ਼ ਮਹਿਸੂਸ ਕਰਦਾ ਸੀ। ਪਰ,

ਹੁਣ ਕਿਹੋ ਜਿਹਾ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਪੜ੍ਹੇ-ਲਿਖੇ ਲੋਕ ਖ਼ੁਦ ਆਪਣੀਆਂ ਧੀਆਂ-ਭੈਣਾਂ ਨਾਲ ਖਿਲਵਾੜ ਕਰਨ ਲੱਗ ਪਏ ਹਨ। ਪਹਿਲਾਂ ਤਾਂ ਨਕਲੀ ਵਿਆਹ ਕਰਵਾ ਕੇ ਬਾਹਰ (ਵਿਦੇਸ਼) ਜਾਣ ਦੀ ਦੌੜ ਲੱਗੀ ਸੀ, ਤੇ ਹੁਣ ਤਾਂ ਗੱਲ ਇਸ ਤੋਂ ਵੀ ਅੱਗੇ ਵਧ ਗਈ ਹੈ। ਹੁਣ ਤਾਂ ਧੀਆਂ-ਭੈਣਾਂ ਦੇ ਸ਼ਰ੍ਹੇਆਮ ਸੌਦੇ ਹੋਣ ਲੱਗ ਪਏ ਹਨ। ਇਥੇ ਹੀ ਬੱਸ ਨਹੀਂ, ਸੌਦੇ ਵੀ ਅਨਪੜ੍ਹ ਗਵਾਰਾਂ ਨਾਲ। ਇਹ ਕੇਵਲ ਤੇ ਕੇਵਲ ਜਹਾਜ਼ ਦੇ ਝੂਟੇ ਲੈਣ ਤੱਕ ਹੀ ਸੀਮਤ ਨਹੀਂ, ਸਗੋਂ ਅੱਜ ਪੈਸੇ ਦੀ ਅੰਨ੍ਹੀ ਦੌੜ ਵਿੱਚ ਸ਼ਾਮਿਲ ਹੋਏ ਮਾਤਾ-ਪਿਤਾ ਵੱਲੋਂ ਡਾਲਰਾਂ ਦੇ ਗੱਫ਼ਿਆਂ ਦੇ ਸੁਪਨੇ ਲੈ ਕੇ ਅਜਿਹਾ ਸਭ ਕੁੱਝ ਕੀਤਾ ਜਾ ਰਿਹਾ ਹੈ। ਉਹ ਆਪਣੀਆਂ ਪੜ੍ਹੀਆਂ-ਲਿਖੀਆਂ ਤੇ ਸਿਆਣੀਆਂ ਧੀਆਂ ਨੂੰ ਵਿਦੇਸ਼ੀ ਧਰਤੀ 'ਤੇ ਚਿੱਕੜ ਵਿੱਚ ਧੱਕ ਰਹੇ ਹਨ। ਪੜ੍ਹਾ-ਲਿਖਾ ਕੇ, ਆਈਲੈਟਸ ਕਰਵਾ ਕੇ, ਫਿਰ ਇਹ ਅਖ਼ਬਾਰ ਵਿੱਚ ਇਸ਼ਤਿਹਾਰ ਦੇ ਦੇਂਦੇ ਹਨ ਕਿ, 'ਉਹ ਵਿਅਕਤੀ ਸੰਪਰਕ ਕਰਨ ਜੋ ਕੁੜੀ ਦਾ 'ਬਾਹਰ' ਜਾਣ ਦਾ ਖ਼ਰਚਾ ਚੁੱਕ ਸਕਣ'। **ਇਥੇ ਬਾਹਰ ਜਾਣ ਦੇ ਖ਼ਰਚੇ ਤੱਕ ਹੀ ਗੱਲ ਸੀਮਤ ਨਹੀਂ ਰਹਿੰਦੀ, ਸ਼ਰੇਆਮ ਸੌਦੇਬਾਜ਼ੀ ਹੁੰਦੀ ਹੈ। ਇਹ 5 ਲੱਖ ਤੋਂ ਲੈ ਕੇ 8-10 ਲੱਖ ਵੀ ਹੋ ਸਕਦੀ ਹੈ।** ਮੇਰੀ ਇੱਕ ਦੂਰ ਦੀ ਰਿਸ਼ਤੇਦਾਰੀ ਵਿੱਚ ਇੱਕ ਅੱਠਵੀਂ ਪਾਸ ਲੜਕਾ ਹੈ ਜਿਸ ਦੇ ਸਿਰ 'ਤੇ ਬਾਹਰ ਜਾਣ ਦਾ ਭੂਤ ਸਵਾਰ ਹੈ। ਉਹ ਪੜ੍ਹਿਆ-ਲਿਖਿਆ ਵੀ ਨਹੀਂ ਤੇ ਸੋਹਣਾ-ਸੁਨੱਖਾ ਵੀ ਨਹੀਂ। ਉਸ ਨੇ ਇੱਕ ਲੜਕੀ ਵਾਲਿਆਂ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਆਪਣੀ ਲੜਕੀ ਦੀ ਕੀਮਤ 10 ਲੱਖ ਰੁਪਏ ਮੰਗੀ। ਲੜਕਾ 4 ਲੱਖ ਦੇ ਰਿਹਾ ਸੀ ਤੇ ਲੜਕੀ ਵਾਲੇ 8 ਲੱਖ ਤੇ ਆ ਗਏ। ਗੱਲ 5 ਲੱਖ ਤੇ ਨਿੱਬੜ ਗਈ, ਪਰ ਫਿਰ ਵੀ ਇਨ੍ਹਾਂ ਦਾ ਸੌਦਾ ਸਿਰੇ ਨਾ ਚੜ੍ਹਿਆ। ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਮੈਂ ਸੁੰਨ ਹੋ ਕੇ ਰਹਿ ਗਿਆ ਕਿ **ਇਹ ਕੈਸੀ ਰੁੱਤ ਆ ਗਈ ਹੈ ਕਿ ਬੇਗ਼ਾਨੀਆਂ ਧੀਆਂ-ਭੈਣਾਂ ਦੀ ਇੱਜ਼ਤ ਦੀ ਰਾਖੀ ਕਰਨ ਵਾਲੇ ਪੰਜਾਬੀ ਆਪਣੀਆਂ ਧੀਆਂ-ਭੈਣਾਂ ਦੇ ਹੀ ਸੌਦੇ ਕਰਨ ਲੱਗ ਪਏ ਹਨ। ਦਿਲ ਹਿਲਾ ਦੇਣ ਵਾਲੀ ਦਾਸਤਾਨ ਤਾਂ ਇਹ ਹੈ ਕਿ ਜਿਹੜਾ ਉਥੇ ਜਾ ਕੇ ਲੜਕੀਆਂ ਨਾਲ ਵਾਪਰ ਰਿਹਾ ਹੈ।**

ਅੱਜ ਸਮੁੱਚੇ ਪੰਜਾਬ ਵਾਸੀਆਂ ਵਿੱਚ ਇੱਕ ਅੰਨ੍ਹੀ ਦੌੜ ਲੱਗੀ ਹੋਈ ਹੈ ਆਪੋ-ਆਪਣੀਆਂ ਲੜਕੀਆਂ ਨੂੰ ਬਾਹਰ ਭੇਜਣ ਦੀ। ਪਰ, ਬਾਹਰ ਕੀ ਹੋ ਰਿਹਾ ਹੈ, ਇਸ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਪੜ੍ਹ ਕੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। **ਚੰਗੇ ਖ਼ਾਨਦਾਨ ਤੇ ਘਰਾਣਿਆਂ ਦੀਆਂ ਲੜਕੀਆਂ, ਵਿਦੇਸ਼ੀ ਧਰਤੀ 'ਤੇ, ਸ਼ਰ੍ਹੇਆਮ ਆਪਣੀ ਇੱਜ਼ਤ ਨਾਲ ਖਿਲਵਾੜ ਕਰਦੀਆਂ ਫਿਰ ਰਹੀਆਂ ਹਨ। ਅਸਟ੍ਰੇਲੀਆ ਤੇ ਇੰਗਲੈਂਡ ਵਿੱਚ ਤਾਂ ਲੜਕੀਆਂ ਦਾ ਹਾਲ ਬਹੁਤ ਹੀ ਮਾੜਾ ਹੈ। ਉਥੇ ਵਿਦਿਆਰਥੀ ਵੀਜ਼ੇ ਰਾਹੀਂ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਮੁੰਡੇ ਕੁੜੀਆਂ, ਬੱਕਰੀਆਂ-ਭੇਡਾਂ ਵਾਗੂੰ, ਇਕੱਠੇ ਰਹਿਣ ਲਈ ਮਜ਼ਬੂਰ ਹਨ। ਉਥੇ ਗਈਆਂ ਲੜਕੀਆਂ ਵਿੱਚੋਂ ਬਹੁਤੀਆਂ, ਮੰਦਹਾਲੀ ਦਾ ਸ਼ਿਕਾਰ ਹੋ ਕੇ, ਸ਼ਰਾਬ ਅਤੇ ਹੋਰ**

ਨਸ਼ਿਆਂ ਵਿੱਚ ਫਸ ਚੁੱਕੀਆਂ ਹਨ। ਕਈਆਂ ਨੇ ਇਸ ਜ਼ਿੰਦਗੀ ਨਾਲ ਸਮਝੌਤਾ ਕਰ ਕੇ, ਕਾਲ-ਗਰਲ (ਵੇਸਵਾ) ਜਿਹੇ ਅਸਮਾਜਕ ਕਿੱਤਿਆਂ ਨੂੰ ਅਪਣਾ ਲਿਆ ਹੈ। ਇਹ, ਮੈਂ ਕੋਈ ਆਪਣੇ ਕੋਲੋਂ ਨਹੀਂ ਲਿੱਖ ਰਿਹਾ। ਇਹ ਸਮੇਂ-ਸਮੇਂ ਸਿਰ ਉਧਰੋਂ ਆ ਰਹੀਆਂ ਖ਼ਬਰਾਂ ਕੌੜਾ ਸੱਚ ਬੋਲਦੀਆਂ ਹਨ। ਮੈਂ ਇਨ੍ਹਾਂ ਸੂਰਬੀਰਾਂ, ਯੋਧਿਆਂ, ਗੁਰੂਆਂ, ਪੀਰਾਂ ਤੇ ਪੈਗ਼ੰਬਰਾਂ ਦੀ ਧਰਤੀ, ਪੰਜਾਬ ਦੇ ਲੋਕਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੈਸੇ ਦੀ ਅੰਨ੍ਹੀ ਦੌੜ ਪਿੱਛੇ ਲੱਗ ਕੇ, ਧੀਆਂ ਦਾ ਮੁੱਲ ਨਾ ਵੱਟੋ। **ਭਰੂਣ ਹੱਤਿਆ ਕਰ ਕੇ ਕੁੜੀ-ਮਾਰਾਂ ਦਾ ਕਲੰਕ ਤਾਂ ਤੁਸੀਂ ਲਗਵਾ ਹੀ ਚੁੱਕੇ ਹੋ, ਤੇ ਕਿਤੇ ਧੀਆਂ ਦਾ ਮੁੱਲ ਵੱਟਣ ਦਾ ਦਾਗ਼ ਨਾ ਹੁਣ ਮੱਥੇ ਤੇ ਲਗਵਾ ਬੈਠਿਉ।** ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਇਸ 'ਆਈਲੈਟਸ' ਤੇ "ਸਟੱਡੀ ਅਬਰਾਡ" ਦੇ ਦਿਖਾਏ ਜਾਂਦੇ ਰੰਗੀਨ-ਸੁਪਨਿਆਂ ਦੇ ਸਮੁੰਦਰਾਂ ਵਿੱਚ ਤਾਰੀਆਂ ਲੌਣੀਆਂ ਛੱਡ ਕੇ, ਆਪਣੇ ਬੱਚਿਆਂ ਦਾ ਵਧੀਆ ਭਵਿੱਖ ਬਣਾਉਣ ਦਾ, ਕੋਈ ਚੰਗਾ ਰਾਹ ਲੱਭੋ, ਜਿਸ ਨਾਲ ਸਾਡੀ ਆਨ ਤੇ ਸ਼ਾਨ ਬਰਕਰਾਰ ਰਹਿ ਸਕੇ" (ਰੋਜ਼ਾਨਾ ਸਪੋਕਸਮੈਨ: 29 ਜਨਵਰੀ 2011 ਵਿੱਚ ਪ੍ਰਕਾਸ਼ਿਤ ਸੁਖਵਿੰਦਰ ਸਿੰਘ, ਪਿੰਡ ਰਕੌਲੀ, ਡਾਕ. ਕੁਰਾਲੀ, ਮੋਹਾਲੀ (Mob. 94635-28494) ਦੇ ਲੇਖ ਵਿੱਚੋਂ)

੬. ਤੇਜ਼ੀ ਨਾਲ ਅਲੋਪ ਹੋ ਰਹੇ ਸਾਂਝੇ ਪਰਿਵਾਰ ਅਤੇ ਤਿੜਕਦੇ ਰਿਸ਼ਤੇ

ਗੁਰੂ ਗ੍ਰੰਥ ਸਾਹਿਬ ਦਾ ਆਲਮਗ਼ੀਰੀ ਫ਼ਲਸਫ਼ਾ, ਸਮੁੱਚੀ ਮਨੁੱਖਤਾ ਨੂੰ ਹੀ ਇੱਕ ਵਿਲੱਖਣ, ਪ੍ਰੇਮ-ਲੜੀ ਵਿੱਚ ਪ੍ਰੋਤੇ ਹੋਏ ਆਦਰਸ਼ਕ ਵਿਸ਼ਵ ਭਾਈਚਾਰੇ ਵਿੱਚ ਤਬਦੀਲ ਕਰਨ ਦੀ ਗੱਲ ਕਰਦਾ ਹੈ ਕਿਉਂਕਿ ਸਾਰੇ ਜੀਵ ਹੀ ਇੱਕ ਸਾਂਝੇ ਬਾਪ (ਪ੍ਰਭੂ-ਪਿਤਾ) ਦੇ ਬੱਚੇ ਹਨ:

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥

(ਮ.੫, ੬੧੨)

ਅੱਜ ਇਹ ਇੱਕ ਖੌੜਾ ਸੱਚ ਹੈ ਕਿ ਜਦੋਂ ਵੀ ਮਾਤਾ-ਪਿਤਾ ਆਪਣੇ ਪੁੱਤਰਾਂ ਦਾ ਵਿਆਹ ਕਰ ਦੇਂਦੇ ਹਨ ਤਾਂ ਛੇਤੀ ਹੀ ਇਨ੍ਹਾਂ ਵਿੱਚੋਂ ਬਹੁਤੇ ਪੁੱਤਰ, ਨਾ ਸਿਰਫ਼ ਆਪਣੇ ਮਾਤਾ-ਪਿਤਾ ਤੋਂ ਹੀ, ਬਲਕਿ ਆਪਸ ਵਿੱਚ ਵੀ, ਅਲੱਗ- ਹੋਣ ਨੂੰ ਦੇਰ ਨਹੀਂ ਲਾਉਂਦੇ। ਇਸ ਦਾ ਕਾਰਨ ਬੜਾ ਸਪੱਸ਼ਟ ਹੈ - ਕੌਮ ਦਾ ਵੱਡਾ ਹਿੱਸਾ, ਤਕਰੀਬਨ ਪਿਛਲੀਆਂ ਢਾਈ ਸਦੀਆਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਤੋਂ ਟੁੱਟਿਆ ਚਲਿਆ ਆ ਰਿਹਾ ਹੈ। ਬੁੱਢੇ ਮਾਂ-ਬਾਪ ਨੂੰ, ਉਨ੍ਹਾਂ ਦੇ ਆਪਣੇ ਜਿਗਰ ਦੇ ਟੋਟੇ ਹੀ, ਬਿਰਧ-ਘਰਾਂ ਵਿੱਚ ਧੱਕੇ ਖਾਣ ਲਈ ਛੱਡ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਮਨੁੱਖਤਾ ਦੀ ਸੇਵਾ ਕਰਨ ਨੂੰ ਰੱਬ ਦੀ ਸੇਵਾ ਕਰਨ ਦੇ ਤੁੱਲ ਸਮਝਦਾ ਹੈ, ਕਿਉਂਕਿ ਖ਼ਾਲਿਕ (ਮਾਲਿਕ-ਪ੍ਰਭੂ) ਆਪਣੀ ਖ਼ਲਕਤ ਵਿੱਚ ਵੱਸਦਾ ਹੈ:

ਖਾਲਿਕੁ ਖਲਕ, ਖਲਕ ਮਹਿ ਖਾਲਿਕੁ, ਪੂਰਿ ਰਹਿਓ ਸ੍ਰਬ ਠਾਂਈ ॥

(ਕਬੀਰ ਜੀ, ੧੩੫੦)

ਜਿਹੜੇ ਬੱਚੇ ਆਪਣੇ ਮਾਤਾ-ਪਿਤਾ ਦੀ ਹੀ ਬੁਢੇਪੇ ਵਿੱਚ, ਸੇਵਾ ਨਹੀਂ ਕਰ ਸਕਦੇ, ਉਨ੍ਹਾਂ ਤੋਂ ਹੋਰ ਲੋਕਾਂ ਦੀ ਸੇਵਾ ਕਰਨ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ ? ਗੁਰੂ ਗ੍ਰੰਥ ਸਾਹਿਬ ਜੀ, ਤਾੜਨਾ ਕਰਦੇ ਹੋਏ, ਬਖ਼ਸ਼ਿਸ਼ ਕਰਦੇ ਹਨ ਕਿ ਐ ਬੰਦਿਆ ! ਜੇ ਤੂੰ ਆਪਣਾ ਜਨਮ-ਮਰਨ (ਆਵਾ-ਗਉਣ) ਦਾ ਗੇੜ ਖ਼ਤਮ ਕਰ ਕੇ, ਵਾਪਿਸ ਪਰਮਾਤਮਾ ਵਿੱਚ ਸਮਾ ਕੇ, ਸਦੀਵੀ 'ਅਨੰਦ' ਦੀ ਅਵੱਸਥਾ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਕੰਨ ਖੋਲ੍ਹ ਕੇ ਧਿਆਨ ਨਾਲ ਸੁਣ:

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥

(ਮ.੧, ੨੫)

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥ (ਮ.੧, ੯੯੨)

ਮਾਂ-ਬਾਪ ਦਾ ਸਤਿਕਾਰ ਕਰਾਂਗੇ ਤਾਂ ਸਾਡੇ ਬੱਚੇ ਵੀ ਸਾਡੇ ਬੁਢਾਪੇ ਦੇ ਦਿਨਾਂ ਵਿੱਚ ਸਾਡੀ ਸੇਵਾ ਕਰਨਗੇ। ਸਾਂਝੇ ਪਰਿਵਾਰਾਂ ਦੇ ਜਿੱਥੇ ਆਰਥਕ ਪੱਖ ਤੋਂ ਅਨੇਕਾਂ ਲਾਭ ਹਨ, ਉੱਥੇ ਅਧਿਆਤਮਕ, ਮਾਨਸਿਕ ਅਤੇ ਸੁਰੱਖਿਆ ਦੇ ਪੱਖੋਂ ਵੀ ਲਾਭ ਹੀ ਲਾਭ ਹਨ। **ਸਾਂਝੇ ਪਰਿਵਾਰਾਂ ਵਿੱਚ ਪਲਣ ਵਾਲੇ ਬੱਚੇ-ਬੱਚੀਆਂ, ਦਾਦਾ-ਦਾਦੀ, ਚਾਚਾ-ਚਾਚੀ, ਤਾਇਆ-ਤਾਈ ਦੇ ਪਿਆਰ ਦਾ ਨਿੱਘ ਮਾਣਦੇ ਹੋਏ ਆਪਸ ਵਿੱਚ ਭੈਣਾਂ-ਭਰਾਵਾਂ ਦੀ ਤਰ੍ਹਾਂ ਵਿਚਰਦੇ, ਹੱਸਦੇ-ਖੇਡਦੇ, ਮਨੁੱਖੀ-ਵਿਕਾਸ ਦੇ ਸਾਰੇ ਹੀ ਪੱਖਾਂ ਤੋਂ ਵਧੀਆ ਸ਼ਖਸੀਅਤ ਦੇ ਮਾਲਿਕ ਬਣਨ ਦੀ ਵਧੇਰੇ ਸੰਭਾਵਨਾ ਰਖਦੇ ਹਨ, ਬਸ਼ਰਤੇ ਕਿ ਇਹ ਸਾਂਝੇ ਪਰਿਵਾਰ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦੀ ਪਾਲਣਾ ਕਰਨ ਵਾਲੇ ਹੋਣ।** ਗੁਰੂ ਗ੍ਰੰਥ ਸਾਹਿਬ ਨਾਲੋਂ ਸਿਧਾਂਤਕ ਤੌਰ 'ਤੇ ਟੁੱਟੇ ਹੋਏ ਸਾਂਝੇ ਪਰਿਵਾਰਾਂ ਵਿੱਚ ਕਾਟੋ-ਕਲੇਸ਼ ਬਣੇ ਰਹਿਣ ਦੀ ਸੰਭਾਵਨਾ ਵਧ ਜਾਂਦੀ ਹੈ। ਆਪਸੀ ਰਿਸ਼ਤਿਆਂ ਦੇ ਤਿੜਕਣ ਦਾ ਮੂਲ ਕਾਰਨ ਵੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੀ ਵਿਲੱਖਣ ਜੀਵਨ-ਜਾਂਚ ਦੇ ਧਾਰਨੀ ਨਾ ਹੋਣਾ ਹੀ ਹੈ। ਸਮਝਦਾਰ ਪੁੱਤਰ-ਨੂੰਹ, ਬਜ਼ੁਰਗ ਮਾਪਿਆਂ ਨੂੰ ਕਦੇ ਵੀ ਇਕੱਲਾਪਨ ਜਾਂ ਬੇ-ਲੋੜੇ (unwanted) ਹੋਣ ਦਾ ਅਹਿਸਾਸ ਨਹੀਂ ਹੋਣ ਦੇਂਦੇ। ਉਹ ਕੁਝ ਮਿੰਟ ਹਰ ਰੋਜ਼ ਉਨ੍ਹਾਂ ਕੋਲ ਬੈਠ ਕੇ ਗੱਲਾਂ-ਬਾਤਾਂ ਕਰਨ ਦਾ ਸਮਾਂ ਜ਼ਰੂਰ ਕੱਢਦੇ ਹਨ, ਕਿਉਂਕਿ ਉਨ੍ਹਾਂ ਨੂੰ ਇੱਕ ਤਾਂ ਮਾਪਿਆਂ ਵੱਲੋਂ ਉਨ੍ਹਾਂ ਦੇ ਪਾਲਣ-ਪੋਸਣ ਲਈ ਕੀਤੀਆਂ ਘਾਲਣਾਵਾਂ ਦਾ ਅਹਿਸਾਸ ਹੁੰਦਾ ਹੈ ਅਤੇ ਦੂਜੇ ਉਹ ਆਪਣੇ ਬੱਚਿਆਂ ਲਈ ਮਾਂ-ਬਾਪ ਦੀ ਸੇਵਾ ਕਰਨ ਦੇ ਸੰਸਕਾਰ ਵੀ ਦ੍ਰਿੜ ਕਰਵਾਉਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਜੇਕਰ ਅੱਜ ਅਸੀਂ ਆਪਣੇ ਮਾਂ-ਬਾਪ ਦਾ ਸਤਿਕਾਰ ਕਰਾਂਗੇ ਤਾ ਸਾਡੇ ਬੱਚੇ ਵੀ ਸਾਡੇ ਬੁਢਾਪੇ ਦੇ ਦਿਨਾਂ ਵਿੱਚ ਸਾਡੀ ਸੇਵਾ ਕਰਨਗੇ।

੭. ਊਚ-ਨੀਚ, ਛੂਤ-ਛਾਤ ਅਤੇ ਜ਼ਾਤ-ਪਾਤ ਦਾ ਕੋੜ੍ਹ

ਪੱਥਰ-ਯੁੱਗ (Stone Age) ਦੇ ਸਮੇਂ ਤੋਂ ਹੀ ਮਨੁੱਖ, ਖ਼ੁਦਗਰਜ਼ੀ-ਵੱਸ ਆਪਣੀ ਹੋਂਦ ਨੂੰ ਬਚਾਉਣ ਲਈ ਅਤੇ ਦੂਜਿਆਂ ਨੂੰ ਆਪਣੇ ਅਧੀਨ ਕਰਨ ਲਈ, ਅਲੱਗ-ਅਲੱਗ ਟੋਲਿਆਂ ਵਿੱਚ ਰਹਿ ਕੇ (ਧੜੇ-ਬੰਦੀਆਂ ਵਿੱਚ ਪੈ ਕੇ), ਮਨੁੱਖਤਾ, ਦਾ

ਸ਼ੋਸ਼ਨ ਕਰਦਾ ਆਇਆ ਹੈ। ਇੰਝ ਦਾ ਮਨੁੱਖੀ ਵਰਤਾਰਾ ਉਸ ਵਕਤ, ਆਪਣੀ ਹੋਂਦ ਨੂੰ ਬਚਾ ਕੇ ਰੱਖਣ ਲਈ, ਸ਼ਾਇਦ, ਮਨੁੱਖ ਦੀ ਮਜ਼ਬੂਰੀ ਸੀ, ਕਿਉਂਕਿ ਉਸ ਸਮੇਂ ਤੱਕ ਮਨੁੱਖ ਨੇ ਬੌਧਿਕ, ਸਭਿਅਕ, ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਆਰਥਕ ਪੱਖਾਂ ਤੋਂ ਅਜੇ ਵਿਕਾਸ ਨਹੀਂ ਸੀ ਕੀਤਾ।ਆਸ ਕੀਤੀ ਜਾਣੀ ਚਾਹੀਦੀ ਸੀ ਕਿ ਮਨੁੱਖ ਦਾ ਇਨ੍ਹਾਂ ਪੱਖਾਂ ਤੋਂ ਵਿਕਾਸ ਉਸ ਦੇ ਖ਼ੁਦਗਰਜ਼ੀ-ਭਰਪੂਰ ਜੰਗਲੀ ਸੁਭਾਅ ਨੂੰ ਬਦਲ ਕੇ, ਉਸ ਨੂੰ ਹੌਲੀ-ਹੌਲੀ, ਇਕ ਵਿਸ਼ਾਲ ਹਿਰਦੇ ਵਾਲਾ ਇਨਸਾਨ ਬਣਾ ਦੇਵੇਗਾ। ਪਰ ਐਸਾ ਨਾ ਹੋਇਆ। ਇਹ ਇੱਕ ਹੈਰਾਨੀਜਨਕ ਹਕੀਕਤ ਹੈ ਕਿ ਅਜੋਕੇ ਯੁੱਗ ਦਾ ਆਪਣੇ ਆਪ ਨੂੰ ਹਰ ਪੱਖ ਤੋਂ ਵਿਕਸਤ ਅਤੇ ਸਭਿਅਕ ਅਖਵਾਉਣ ਵਾਲਾ ਮਨੁੱਖ ਵੀ, ਆਮ ਤੌਰ 'ਤੇ, ਖ਼ੁਦਗਰਜ਼ੀ ਤੋਂ ਉੱਪਰ ਉੱਠ ਕੇ ਇਨਸਾਨੀਅਤ ਦੇ ਪੱਧਰ ਤੱਕ ਨਹੀਂ ਪਹੁੰਚ ਸਕਿਆ। ਕੀ ਕਾਰਨ ਹੋ ਸਕਦਾ ਹੈ ਮਨੁੱਖ ਦੇ ਇਸ ਅਣ-ਮਨੁੱਖੀ ਵਰਤਾਰੇ ਦਾ ? ਇਸ ਬਹੁਤ ਹੀ ਅਹਿਮ ਸਵਾਲ ਦਾ ਜਵਾਬ, ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਅਨੁਸਾਰ, ਉੱਪਰ ਪੈਰਾ ਨੰਬਰ-੧ ਵਿੱਚ ਦਿੱਤਾ ਜਾ ਚੁੱਕਾ ਹੈ।

ਦੂਸਰਾ ਅਹਿਮ ਸਵਾਲ ਇਹ ਹੈ ਕਿ ਮਨੁੱਖੀ ਕਿਰਦਾਰ ਅੰਦਰ, ਊਚ-ਨੀਚ, ਛੂਤ-ਛਾਤ ਅਤੇ ਜ਼ਾਤ-ਪਾਤ ਦੀ ਮੰਦ-ਭਾਵਨਾ ਕਿਉਂ ਪੈਦਾ ਹੋਈ ? ਆਰਥਿਕ ਹਿਤਾਂ ਦੀ ਸਾਂਝ, ਸਮਾਜ ਵਿੱਚ 'ਜਮਾਤ' ਨੂੰ ਜਨਮ ਦੇਂਦੀ ਹੈ, ਪਰ ਸਮਾਜ ਦੀ ਜਮਾਤੀ-ਵੰਡ, ਆਮ ਤੌਰ 'ਤੇ, ਊਚ-ਨੀਚ, ਛੂਤ-ਛਾਤ ਤੇ ਜ਼ਾਤ-ਪਾਤ ਦੀ ਭਾਵਨਾ ਨੂੰ ਜਨਮ ਨਹੀਂ ਦੇਂਦੀ। ਜਮਾਤਾਂ ਵੀ ਅੱਗੇ ਅਲੱਗ-ਅਲੱਗ ਕਿੱਤਿਆਂ 'ਚ ਵੰਡੀਆਂ ਗਈਆਂ ਅਤੇ ਕਿੱਤੇ ਜ਼ੱਦੀ-ਪੁਸ਼ਤੀ ਰੂਪ ਧਾਰਨ ਕਰ ਗਏ। **ਸੰਭਵ ਹੈ ਕਿ, ਕਿੱਤਿਆਂ ਦੀ ਜੱਦੀ-ਪੁਸ਼ਤੀ ਵੰਡ ਨੇ ਸਮਾਜ ਵਿੱਚ ਊਚ-ਨੀਚ ਦੇ ਬੀਜ, ਬੀਜ ਦਿੱਤੇ ਹੋਣ।** ਇਸ ਦੀਆਂ ਕੁੱਝ ਉਦਾਹਰਣਾਂ, ਈਸਵੀ ਸੰਨ ਦੇ ਪੂਰਬ (ਪੁਰਾਣਾ ਕਾਲ) ਦੇ ਸਮਾਜਕ ਇਤਿਹਾਸ ਵਿੱਚੋਂ ਲੱਭੀਆਂ ਜਾ ਸਕਦੀਆਂ ਹਨ:

੧ "ਈਰਾਨ ਦੀ ਪਹਿਲੇ ਸਮੇਂ (ਪੁਰਾਣਾ ਕਾਲ) ਦੀ ਵਸੋਂ ਭਾਰਤ ਦੇ ਚਾਰ ਵਰਣਾਂ ਨਾਲ ਮੇਲ ਖਾਂਦੇ ਚਾਰ ਪਿਸ਼ਤਰਾਸ (Pistras) ਵਿੱਚ ਵੰਡੀ ਹੋਈ ਸੀ" (Senart, Emile: Caste in India, P.152)।

੨ "ਪੁਰਾਣੇ ਅਸੀਰੀਆ ਤੇ ਮਿਸਰ ਵਿੱਚ ਅੱਡਰੇ-ਅੱਡਰੇ ਪੇਸ਼ਿਆਂ ਵਾਲਿਆਂ ਨੂੰ ਆਪਸ ਵਿਚਕਾਰ ਸ਼ਾਦੀ ਕਰਨ ਦੀ ਮਨਾਹੀ ਸੀ। ਗੋਗਅਟ ਲਿਖਦਾ ਹੈ ਕਿ, 'ਅਸੀਰੀਆ ਦੀ ਸਲਤਨਤ ਵਿੱਚ ਜਨਤਾ ਕਈ ਕਬੀਲਿਆਂ ਵਿੱਚ ਵੰਡੀ ਹੋਈ ਸੀ ਅਤੇ ਪੇਸ਼ੇ ਜੱਦੀ ਸਨ। ਇਹ ਪਤਾ ਨਹੀਂ ਕਿ ਇਹ ਪ੍ਰਬੰਧ ਕਿਸ ਨੇ ਬਣਾਇਆ ਅਤੇ ਕਦੋਂ, ਪਰ ਇਹ ਧੁਰ ਕਦੀਮਾਂ ਤੋਂ ਸਾਰੇ ਏਸ਼ੀਆ ਅਤੇ ਹੋਰ ਕਈ ਮੁਲਕਾਂ ਵਿੱਚ ਸੀ" (cited by Sykes, W.H.: J.R.A.S., Vol.6, No.XII, P.410)।

੩ "ਮਿਸਰ ਵਿੱਚ ਸੂਰਾਂ ਨੂੰ ਪਾਲਣ ਵਾਲੇ, ਕਿਸੇ ਮੰਦਰ ਅੰਦਰ ਨਹੀਂ ਸੀ ਵੜ ਸਕਦੇ ਅਤੇ ਉਨ੍ਹਾਂ ਨੂੰ ਆਪਣੇ ਭਾਈਚਾਰੇ ਦੇ ਅੰਦਰ ਹੀ ਸ਼ਾਦੀ ਕਰਨੀ ਪੈਂਦੀ" (Hutton J.H.:Caste in India, P-140)।

੪ "ਅਫ਼ਰੀਕਾ ਦੀ ਉੱਤਰ-ਪੂਰਬੀ ਨੁੱਕਰ ਵਿੱਚ 'ਸਮਾਲੀ' ਲੋਕ ਵਸਦੇ ਹਨ। ਉਨ੍ਹਾਂ ਵਿਚ, ਜੱਦੀ-ਲੁਹਾਰ' ਅੱਡਰੀਆਂ ਬਸਤੀਆਂ ਵਿੱਚ ਰਹਿੰਦੇ ਸਨ। ਕੋਈ ਮਸਾਈ ਕਿਸੇ ਲੁਹਾਰ ਨੂੰ , ਬਗ਼ੈਰ ਦੰਡ ਦੇ ਭਾਗੀ ਹੋਣ ਦੇ, ਮਾਰ ਸਕਦਾ ਸੀ, ਪਰ ਲੁਹਾਰ ਮਸਾਈ ਨੂੰ ਨਹੀਂ ਸੀ ਮਾਰ ਸਕਦਾ ...ਲੁਹਾਰ ਜੋ ਚੀਜ਼ਾਂ ਘੜਦੇ, ਉਹ ਅਪਵਿੱਤਰ ਸਮਝੀਆਂ ਜਾਂਦੀਆਂ ਅਤੇ ਉਨ੍ਹਾਂ ਨੂੰ ਵਰਤਣ ਤੋਂ ਪਹਿਲੋਂ ਗਰੀਸ ਲਾ ਕੇ ਸ਼ੁੱਧ ਕੀਤਾ ਜਾਂਦਾ" (ਉਪਰੋਕਤ, ਸਫ਼ਾ 142)।

੫ "ਅਫ਼ਰੀਕਾ ਦੇ ਦੂਸਰੇ ਬੰਨੇ, ਇਬੂ ਸੁਸਾਇਟੀ ਵਿੱਚ, ਓਸੂ ਵਸਦੇ ਹਨ। ਓਸੂ 'ਆਜ਼ਾਦ ਇਬੂਆਂ' ਨਾਲ ਮੇਲ-ਜੋਲ ਨਹੀਂ ਕਰ ਸਕਦੇ, ਉਨ੍ਹਾਂ ਨੂੰ ਅੱਡਰੀ ਬਸਤੀ ਵਿੱਚ ਰਹਿਣਾ ਪੈਂਦਾ ਹੈ, ਅਤੇ ਕਿਸੇ ਨੂੰ ਓਸੂ ਕਹਿ ਦੇਣਾ ਉਸ ਦੀ ਨਿਰਾਦਰੀ ਕਰਨਾ ਹੈ" (ਉਪਰੋਕਤ, ਸਫ਼ਾ - 143)।

੬ "ਜਾਪਾਨ ਵਿੱਚ 'ਏਟਾ' ਨਾਮੀ ਫ਼ਿਰਕਾ ਅਛੂਤ ਹੈ ... ...ਉਹ ਪਸ਼ੂਆਂ ਬਰਾਬਰ ਸਮਝੇ ਜਾਂਦੇ ... ਪਿੰਡ ਤੋਂ ਬਾਹਰ ਅੱਡਰੀ ਬਸਤੀ ਵਿੱਚ ਵਸਦੇ। ਦੂਸਰਿਆਂ ਨਾਲੋਂ ਨਿਖੇੜਨ ਲਈ, ਉਨ੍ਹਾਂ ਨੂੰ ਵੱਖਰੀ ਕਿਸਮ ਦੀ ਪੁਸ਼ਾਕ ਪਹਿਨਣੀ ਪੈਂਦੀ। ਆਪਣੇ ਭਾਈਚਾਰੇ ਦੇ ਅੰਦਰ ਹੀ ਸ਼ਾਦੀ ਕਰ ਸਕਦੇ। ਹੋਰਨਾਂ ਜਮਾਤਾਂ ਨਾਲ ਭਾਈਚਾਰਕ ਮੇਲ-ਜੋਲ ਨਾ ਕਰਦੇ ਅਤੇ ਸਿਰਫ਼ ਹਨ੍ਹੇਰੇ ਸਮੇਂ ਘਰੋਂ ਬਾਹਰ ਨਿੱਕਲ ਸਕਦੇ" (ਉਪਰੋਕਤ, ਸਫ਼ਾ 147)।

੭ ਭਾਰਤੀ ਅਛੂਤਾਂ ਨਾਲ ਸਭ ਤੋਂ ਨੇੜੇ ਦੀ ਮਿਲਦੀ ਮਿਸਾਲ ਬਰਮ੍ਹਾ ਦੇ ਮੰਦਰਾਂ ਦੇ ਗ਼ੁਲਾਮਾਂ ਦੀ ਹੈ। "ਪਗੋਡਾ (ਬਰਮ੍ਹੀ ਮੰਦਰ) ਦਾ ਗ਼ੁਲਾਮ, ਉਮਰ-ਭਰ ਲਈ ਗ਼ੁਲਾਮ ਹੁੰਦਾ ਹੈ, ਅਤੇ ਉਸ ਦੇ ਬੱਚੇ ਅਤੇ ਆਉਣ ਵਾਲੀਆਂ ਨਸਲਾਂ, ਹਮੇਸ਼ਾ ਲਈ, ਪਗੋਡਾ-ਗੁਲਾਮ ਹੁੰਦੀਆਂ ਹਨ। ਰਾਜਾ ਵੀ ਉਨ੍ਹਾਂ ਨੂੰ ਰਿਹਾ ਨਹੀਂ ਕਰਵਾ ਸਕਦਾ"। (ਉਪਰੋਕਤ, ਸਫ਼ਾ 144)

"ਪਹਿਲੀ ਗੱਲ ਇਹ, ਉੱਪਰ ਜੋ ਮਿਸਾਲਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਦਾ ਸਬੰਧ, ਸੁਸਾਇਟੀ ਦੇ ਇੱਕ-ਅੱਧੇ ਹਿੱਸੇ ਨਾਲ ਹੈ, ਸਾਰੀ ਸੁਸਾਇਟੀ ਉਤੇ ਲਾਗੂ ਨਹੀਂ ਹੁੰਦਾ। ਅਰਥਾਤ ਉਹ ਸਮੁੱਚੀ ਸੁਸਾਇਟੀ ਦਾ ਅਸਲਾ ਜ਼ਾਹਿਰ ਨਹੀਂ ਕਰਦੀਆਂ। ਭਾਰਤ ਤੋਂ ਬਿਨਾਂ, ਬਾਕੀ ਮੁਲਕਾਂ ਵਿੱਚ, ਜ਼ਾਤ-ਪਾਤੀ ਨਾਲ ਮਿਲਦੇ ਇਹ ਵਿਤਕਰੇ, ਰਹਿੰਦ-ਖੂੰਦ ਦੀ ਸ਼ਕਲ ਵਿੱਚ ਰਹੇ' ਇਹ ਫੈਲ ਕੇ , ਸਮੁੱਚੇ ਸਮਾਜ ਨੂੰ ਆਪਣੇ ਕਾਬੂ ਵਿੱਚ ਲੈਣ ਵਾਲਾ ਜ਼ਾਤ-ਪਾਤੀ ਪ੍ਰਬੰਧ ਨਹੀਂ ਬਣੇ। ਰੈਵਿਲਊਟ " ਇਸ ਸਿੱਟੇ 'ਤੇ ਪੁਜਦਾ ਹੈ ਕਿ ਭਾਵੇਂ ਮਿਸਰ ਦੇ ਜ਼ਾਤ-ਪਾਤੀ ਵਰਗੇ ਵਿਤਕਰਿਆਂ ਦੀ ਕੋਈ ਵੀ ਸ਼ਕਲ ਸੀ, ਪਰ ਕੋਈ ਨਿਸ਼ਾਨੀ ਨਹੀਂ ਜੋ ਜ਼ਾਹਰ ਕਰੇ ਕਿ ਉਥੇ (ਮਿਸਰ ਵਿੱਚ) ਭਾਰਤ ਵਰਗਾ ਜ਼ਾਤ-ਪਾਤੀ ਪ੍ਰਬੰਧ ਸੀ" (ਉਪਰੋਕਤ, ਸਫ਼ਾ -141)।

...... "ਚੀਨ ਵਿੱਚ ਵੀ ਜ਼ਾਤ-ਪਾਤ ਨਾਲ ਮਿਲਦੇ-ਜੁਲਦੇ ਭਾਈਚਾਰਕ ਵਿਤਕਰਿਆਂ ਦੇ ਨਿਸ਼ਾਨ ਸਨ। ਨਾਈਆਂ ਅਤੇ ਉਨ੍ਹਾਂ ਦੀ ਔਲਾਦ ਨੂੰ ਅਛੂਤ ਸਮਝਿਆ ਜਾਂਦਾ। ਉਹ ਸਰਕਾਰੀ ਨੌਕਰੀ ਨਹੀਂ ਸੀ ਲੈ ਸਕਦੇ। ਨਾਚੇ, ਨਾਚੀਆਂ, ਪੁਲਸੀਏ ਤੇ ਮਲਾਹ ਨੀਵੇਂ ਸਮਝੇ ਜਾਂਦੇ ਅਤੇ ਇਨ੍ਹਾਂ ਨੂੰ ਭਾਈਚਾਰਕ ਦਾਇਰੇ ਵਿੱਚ ਹੀ ਸ਼ਾਦੀ ਕਰਨੀ ਪੈਂਦੀ। ਕੋਈ ਗ਼ੁਲਾਮ ਆਜ਼ਾਦ ਇਸਤਰੀ ਨਾਲ ਵਿਆਹ ਨਹੀਂ ਸੀ ਕਰਵਾ ਸਕਦਾ" (Douglas, R.K.:Society in China, PP. 120-146)।

"ਪਰ ਸਮੁੱਚੇ ਤੌਰ 'ਤੇ ਵੇਖਿਆਂ ਚੀਨੀ ਸੁਸਾਇਟੀ ਵਿੱਚ ਖ਼ਾਸ ਤੌਰ 'ਤੇ, ਘੱਟ ਤੋਂ ਘੱਟ ਬੱਝਵੀਂ ਜਮਾਤ-ਵੰਡ ਰਹੀ ਹੈ" (Litauratte, K.S.: The Chinese Histroy and Culture, PP. 579-80)।

ਦੂਸਰਾ ਵੱਡਾ ਨੁਕਤਾ, ਜਿਸ ਵੱਲ ਅਸੀਂ ਧਿਆਨ ਦਿਵਾਉਂਣਾ ਚਾਹੁੰਦੇ ਹਾਂ, ਇਹ ਹੈ ਕਿ ਦੂਸਰੇ ਮੁਲਕਾਂ ਵਿੱਚ ਸਮਾਜਕ-ਵਿਕਾਸ ਦਾ ਝੁਕਾਅ ਇਹ ਸੀ ਕਿ ਜ਼ਾਤ-ਪਾਤ ਵਰਗੇ ਵਿਤਕਰੇ ਨਰਮ ਹੁੰਦੇ ਜਾਣ ਅਤੇ ਅੰਤ ਵਿੱਚ ਪਿਘਲ ਕੇ ਜਮਾਤੀ ਵਿਤਕਰਿਆਂ ਦੀ ਸ਼ਕਲ ਫੜਨ। ਇਸ ਦੇ ਉਲਟ, ਭਾਰਤ ਵਿੱਚ (ਓਦੋਂ ਤੀਕ ਜਦ ਤੀਕ ਭਾਰਤੀ ਸਮਾਜ ਯੂਰਪ ਦੇ ਸਭਿਅਕ ਤੇ ਆਰਥਕ ਅਸਰਾਂ ਹੇਠ ਨਹੀਂ ਆਇਆ) ਭਾਈਚਾਰਕ ਵਿਤਕਰੇ ਦਿਨ-ਬ-ਦਿਨ ਕਠੋਰ ਹੁੰਦੇ ਗਏ। ਭਾਵੇਂ ਜ਼ਾਤ-ਪਾਤੀ ਪ੍ਰਬੰਧ ਨੂੰ ਧਾਰਮਕ ਮੋਹਰ ਲਾਉਣ ਖ਼ਾਤਰ ਵੇਦਾਂ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ, ਪਰ ਵੇਦਾਂ ਵਿੱਚ ਜ਼ਾਤਾਂ ਹੋਣ ਦਾ ਵਿਸ਼ੇਸ਼ ਜ਼ਿਕਰ ਨਹੀਂ" (ਜਗਜੀਤ ਸਿੰਘ: :ਸਿੱਖ ਇਨਕਲਾਬ, ਸਫ਼ੇ 6-9)।

ਨੋਟ: ਉਪਰਲੇ ਸਾਰੇ ਹਵਾਲੇ 'ਸਿੱਖ ਇਨਕਲਾਬ' (ਸਫ਼ੇ 6-9) ਤੋਂ ਲਏ ਗਏ ਹਨ।

ਨਿਰਸੰਦੇਹ, ਮਨੁੱਖੀ ਸਮਾਜ ਨੇ, ਪਿਛਲੇ ਤਿੰਨ ਕੁ ਹਜ਼ਾਰ ਸਾਲ ਦੇ ਸਮੇਂ ਦੌਰਾਨ, ਤਕਰੀਬਨ ਹਰ ਪੱਖ ਤੋਂ, ਸਿਵਾਏ ਅਧਿਆਤਮਕ ਪੱਖ ਦੇ, ਹੈਰਾਨੀ-ਜਨਕ ਤਰੱਕੀ ਕੀਤੀ ਹੈ। ਸਮੇਂ-ਸਮੇਂ ਸਿਰ, ਅਧਿਆਤਮਕ ਪੱਖ ਤੋਂ ਵੀ ਮਨੁੱਖਤਾ ਨੂੰ ਚੰਗੀ ਸੇਧ ਦੇਣ ਲਈ, ਮਹਾਤਮਾ ਬੁੱਧ, ਮਹਾਵੀਰ ਵਰਧਨ, ਹਜ਼ਰਤ ਮੂਸਾ, ਈਸਾ ਮਸੀਹ ਅਤੇ ਹਜ਼ਰਤ ਮੁਹੰਮਦ ਵਰਗੀਆਂ ਸੁੱਚੀਆਂ ਰੂਹਾਂ ਸੰਸਾਰ 'ਤੇ ਆਈਆਂ ਜਿਨ੍ਹਾਂ ਨੇ ਆਪੋ-ਆਪਣੇ ਮੱਤ (ਮਜ਼੍ਹਬ) ਚਲਾਏ, ਪਰ ਬਦਕਿਸਮਤੀ ਨਾਲ, ਇਹ ਆਪੋ-ਆਪਣੇ ਫ਼ਲਸਫ਼ੇ ਨੂੰ ਆਪਣੇ ਜੀਵਨ-ਕਾਲ ਦੌਰਾਨ ਕਲਮਬੰਦ ਨਾ ਕਰ ਸਕੇ। ਇਹ ਫ਼ਲਸਫ਼ੇ, ਇਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਸਦੀਆਂ ਬਾਅਦ, ਇਨ੍ਹਾਂ ਦੇ ਪੈਰੋਕਾਰਾਂ ਨੇ, ਆਪੋ-ਆਪਣੇ ਅੰਦਾਜ਼ ਵਿੱਚ ਕਲਮਬੰਦ ਕੀਤੇ, ਜਿਸ ਵਿੱਚ ਊਣਤਾਈਆਂ ਰਹਿ ਜਾਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।ਇੱਕ ਹੋਰ ਬਹੁਤ ਹੀ ਅਹਿਮ ਨੁਕਤਾ ਵੀ ਵਿਚਾਰਨਯੋਗ ਹੈ। ਇਨ੍ਹਾਂ ਵੱਲੋਂ ਪ੍ਰਗਟ ਕੀਤਾ ਫ਼ਲਸਫ਼ਾ ਕਿਸੇ ਵਿਸ਼ੇਸ਼ ਮਨੁੱਖੀ ਵਰਗ ਤੱਕ ਹੀ ਸੀਮਤ ਸੀ, ਸਮੁੱਚੀ ਮਨੁੱਖਤਾ ਨੂੰ ਸੰਬੋਧਤ ਨਹੀਂ ਸੀ ਅਤੇ ਇਨ੍ਹਾਂ ਵਿੱਚੋਂ ਕੋਈ ਫ਼ਲਸਫ਼ਾ ਵੀ ਸਮੇਂ-ਸਮੇਂ ਸਿਰ ਹੋਈਆਂ ਵਿਗਿਆਨਕ ਖੋਜਾਂ ਦੀ ਕਸਵੱਟੀ ਤੇ ਖ਼ਰਾ ਨਹੀਂ ਉੱਤਰ

ਸਕਿਆ। ਕਿਉਂ ? ਇਸ ਸਵਾਲ ਦਾ ਸਿੱਧਾ-ਸਾਦਾ ਜਿਹਾ ਜਵਾਬ ਇਹ ਹੈ ਕਿ ਕਾਦਰ ਦੀ ਕੁਦਰਤਿ ਦੇ ਨਿਯਮਾਂ, ਕਾਇਦੇ-ਕਾਨੂੰਨਾਂ ਬਾਰੇ ਇਨ੍ਹਾਂ ਮਜ਼ਬ੍ਹਾਂ ਦੇ ਬਾਨੀਆਂ ਦਾ ਅਨੁਭਵ ਸੀਮਤ ਜਿਹਾ ਹੀ ਸੀ ਅਤੇ ਇਸ ਸੀਮਤ ਜਿਹੇ ਅਨੁਭਵ ਦੇ ਆਧਾਰ 'ਤੇ ਮਨੁੱਖਤਾ ਦੇ ਅਧਿਆਤਮਕ ਪੱਖ ਦਾ ਤਸੱਲੀਬਖ਼ਸ਼ ਵਿਕਾਸ ਕਿਵੇਂ ਹੋ ਸਕਦਾ ਸੀ ? ਸ਼ਾਇਦ ਇਹੀ ਕਾਰਨ ਹੈ ਕਿ ਇਨ੍ਹਾਂ ਮਜ਼ਬ੍ਹਾਂ ਦੇ ਫ਼ਲਸਫ਼ਿਆਂ ਦੇ ਅਸੂਲ ਆਪਸ ਵਿੱਚ ਮੇਲ ਨਹੀਂ ਖਾਂਦੇ ਜਿਸ ਦੇ ਫ਼ਲਸਰੂਪ ਇਨ੍ਹਾਂ ਮਜ਼ਬ੍ਹਾਂ ਵਿੱਚਕਾਰ ਨਫ਼ਰਤ ਤੋਂ ਪੈਦਾ ਹੋਏ ਇਤਿਹਾਸਕ ਯੁੱਧਾਂ ਅਤੇ ਵਿਤਕਰਿਆਂ ਨੇ ਜਨਮ ਲਿਆ। ਅਜਿਹੇ ਨਫ਼ਰਤ-ਭਰੇ ਵਾਤਾਵਰਣ ਅੰਦਰ ਮਨੁੱਖਤਾ ਅੰਦਰ ਇਨਸਾਨੀਅਤ (ਰੱਬੀ-ਗੁਣ) ਭਲਾ ਕਿਵੇਂ ਪੈਦਾ ਹੋ ਸਕਦੀ ਸੀ ਅਤੇ **ਮਨੁੱਖ ਦੇ ਹਿਰਦੇ ਅੰਦਰ ਰੱਬੀ-ਗੁਣਾਂ ਦੇ ਪ੍ਰਗਟ ਹੋਣ ਤੋਂ ਬਗੈਰ ਮਨੁੱਖ ਦਾ ਅਧਿਆਤਮਕ ਵਿਕਾਸ ਕਿਵੇਂ ਸੰਭਵ ਹੋ ਸਕਦਾ ਸੀ ? ਨਫ਼ਰਤ ਅਤੇ ਅਧੂਰੇ ਗਿਆਨ ਵਿੱਚੋਂ ਅਸਲ ਅਧਿਆਤਮਕ ਵਿਕਾਸ ਹੋ ਹੀ ਨਹੀਂ ਸਕਦਾ।**

ਸ਼ਾਇਦ ਮਨੁੱਖਤਾ ਦੀ ਇਸ ਤਰਸਯੋਗ ਹਾਲਤ ਨੂੰ ਵੇਖ ਕੇ ਹੀ ਉੱਪਰ ਵਰਣਨ ਕੀਤੀਆਂ ਤਰੁੱਟੀਆਂ ਨੂੰ ਪੂਰਾ ਕਰਨ ਲਈ, ਪ੍ਰਭੂ-ਪਿਤਾ ਨੇ ਪੰਦਰ੍ਹਵੀਂ ਸਦੀ ਦੇ ਦੂਜੇ ਅੱਧ (ਸੰਨ 1469) ਵਿੱਚ, ਗੁਰੂ ਨਾਨਕ ਸਾਹਿਬ ਨੂੰ ਆਪਣੇ ਨਾਲ ਮੁਕੰਮਲ ਤੌਰ 'ਤੇ ਅਭੇਦ (ਇੱਕਸੁਰ) ਕਰ ਕੇ, ਸੰਸਾਰ ਨੂੰ ਕੁਦਰਤਿ ਦੇ ਦਰੁੱਸਤ ਬ੍ਰਹਮੰਡੀ ਵਰਤਾਰੇ ਲਈ ਮਾਲਿਕ-ਪ੍ਰਭੂ ਦੇ ਸਿਰਜ ਕੇ ਪੱਕੇ ਤੌਰ 'ਤੇ ਲਾਗੂ ਕੀਤੇ ਹੋਏ ਅਟੱਲ ਨਿਯਮਾਂ, ਅਸੂਲਾਂ, ਕਾਇਦੇ-ਕਾਨੂੰਨਾਂ ਦੀ ਸੋਝੀ-ਪ੍ਰਾਪਤੀ ਕਰਵਾ ਕੇ 'ਹੁਕਮਿ ਰਜ਼ਾਈ ਚਲਣ' ਵਾਲੇ ਆਦਰਸ਼ਕ ਵਿਸ਼ਵ-ਭਾਈਚਾਰੇ ਦੀ ਸਿਰਜਨਾ ਕਰਨ ਲਈ ਭੇਜਿਆ ਸੀ। ਇਸ ਰੱਬੀ-ਹੁਕਮ ਦੀ ਪਾਲਣਾ ਕਰਨ ਹਿਤ, **ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਨੌਂ ਹੋਰ ਉਤਰਾਧਿਕਾਰੀ ਗੁਰੂ-ਜਾਮਿਆਂ ਨੇ, ਕਾਦਰ ਦੀ ਕੁਦਰਤਿ ਦੇ ਨਿਯਮਾਂ ਦੀ ਭਰਪੂਰ ਵਿਆਖਿਆ ਕਰਨ ਵਾਲੀ ਸਰਬ-ਸਾਂਝੀ ਗੁਰਬਾਣੀ ਦੇ ਰੂਪ ਵਿੱਚ, ਮਨੁੱਖਤਾ ਨੂੰ ਇੱਕ ਸਰਬ-ਸਾਂਝੇ ਗੁਰਮਤਿ ਫ਼ਲਸਫ਼ੇ ਦੀ ਬਖਸ਼ਿਸ਼ ਕੀਤੀ। ਇਥੇ ਹੀ ਬੱਸ ਨਹੀਂ, ਸਤਿਗੁਰਾਂ ਨੇ ਇਸ ਆਲਮਗ਼ੀਰੀ ਗੁਰਮਤਿ ਫ਼ਲਸਫ਼ੇ ਦੇ ਸਿਧਾਂਤਾਂ ਨਾਲ ਮੇਲ ਖਾਂਦੇ, ਭਗਤਾਂ ਭੱਟਾਂ ਅਤੇ ਸਿੱਖਾਂ (ਜਿਨ੍ਹਾਂ ਵਿੱਚ ਅਖੌਤੀ ਬ੍ਰਾਹਮਣ ਜ਼ਾਤ ਅਤੇ ਅਖੌਤੀ ਸ਼ੂਦਰ ਜ਼ਾਤ ਦੇ ਭਗਤ ਤੇ ਭੱਟ ਵੀ ਸ਼ਾਮਿਲ ਸਨ) ਦੇ ਰੱਬੀ-ਕਲਾਮ ਨੂੰ ਵੀ ਆਪਣੇ ਵੱਲੋਂ, ਰੱਬੀ-ਪ੍ਰੇਰਨਾ ਦੁਆਰਾ, ਉਚਾਰਣ ਕੀਤੀ ਗੁਰਬਾਣੀ ਦੇ ਬਰਾਬਰ, ਗੁਰੂ ਗ੍ਰੰਥ ਸਾਹਿਬ ਵਿੱਚ, ਸਤਿਕਾਰ ਦੇ ਕੇ, ਆਪਣੇ ਹੱਥੀਂ ਦਰਜ਼ ਕੀਤਾ।ਗੁਰੂ ਨਾਨਕ ਸਾਹਿਬ ਵੱਲੋਂ, ਅਜਿਹੇ ਕ੍ਰਾਂਤੀਕਾਰੀ ਕਦਮ ਚੁੱਕ ਕੇ ਹੀ, ਇੱਕ ਲਾਸਾਨੀ (ਗੁਰਮਤਿ) ਇਨਕਲਾਬ ਅਰੰਭ ਕੀਤਾ ਗਿਆ ਸੀ।**

ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਸਾਰੀ ਮਨੁੱਖਤਾ ਲਈ ਸਾਂਝਾ ਉਪਦੇਸ਼ ਹੈ ਅਤੇ ਇਹ ਆਲਮਗ਼ੀਰੀ ਇਨਕਲਾਬੀ ਫ਼ਲਸਫ਼ਾ, ਵਿਗਿਆਨਕ ਦਲੀਲਾਂ ਦੇ ਆਧਾਰ 'ਤੇ, ਮਨੁੱਖੀ ਸਮਾਜ ਅੰਦਰ ਸਮੇਂ-ਸਮੇਂ ਸਿਰ, ਧਰਮ ਦੇ ਨਾਂ 'ਤੇ, ਖ਼ੁਦਗਰਜ਼ ਧਿਰਾਂ (ਪ੍ਰਮੁੱਖ ਤੌਰ 'ਤੇ ਬ੍ਰਾਹਮਣਵਾਦੀਆਂ) ਵੱਲੋਂ ਪ੍ਰਚੱਲਤ ਕੀਤੇ ਸਾਰੇ ਹੀ ਵਿਤਕਰਿਆਂ ਨੂੰ ਮੁਕੰਮਲ ਤੌਰ 'ਤੇ ਰੱਦ ਕਰਦਾ ਹੈ। ਮਨੁੱਖਤਾ ਦਾ ਭਲਾ ਇਸੇ ਵਿੱਚ ਹੀ ਹੈ ਕਿ ਅਖੌਤੀ

ਨੀਚ ਜਾਂ ਅਛੂਤ ਵਰਗਾਂ ਦੇ ਜੀਵਨ ਪੱਧਰ ਨੂੰ ਹਰ ਪੱਖ ਤੋਂ ਉੱਚਾ ਚੁੱਕ ਕੇ, ਉਨ੍ਹਾਂ ਨੂੰ ਬਰਾਬਰ ਦੇ ਭੈਣਾਂ-ਭਰਾਵਾਂ ਦਾ ਦਰਜਾ ਦੇ ਕੇ ਗਲ ਨਾਲ ਲਾਇਆ ਜਾਵੇ। ਇਸ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਕੁਝ ਫੁਰਮਾਣ ਇੰਞ ਹਨ:

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥

(ਮ.੧, ੧੫)

ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ॥

(ਕਬੀਰ ਜੀ, ੧੩੪੯)

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥

(ਮ.੩,੧੧੨੮)

੮. ਨਾਰੀ ਦੇ ਕੁਦਰਤੀ ਸਨਮਾਨ ਨੂੰ ਬਹਾਲ ਕਰਨਾ

ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਅਨੁਸਾਰ, ਨਾਰੀ, ਜਿੱਥੇ ਸਮੁੱਚੇ ਸਮਾਜ ਵੱਲੋਂ ਸਭਿਅਕ ਵਿਵਹਾਰ ਦੀ ਹੱਕਦਾਰ ਹੈ, ਉੱਥੇ ਮਰਦ ਅਤੇ ਨਾਰੀ ਵਿਚਕਾਰ ਕਿਸੇ ਪੱਖ ਤੋਂ ਵੀ ਵਿਤਕਰਾ ਕਰਨਾ ਗ਼ੈਰ-ਕੁਦਰਤੀ ਅਤੇ ਨਾ-ਵਾਜਬ ਹੈ।

(i) ਪੋਤੀ ਅਤੇ ਬੇਟੀ ਦੇ ਰੂਪ ਵਿੱਚ

ਇਸ ਉਮਰ ਵਿੱਚ, ਵਿਸ਼ੇਸ਼ ਤੌਰ 'ਤੇ ਨਾਨਾ-ਨਾਨੀ, ਦਾਦਾ-ਦਾਦੀ ਅਤੇ ਮਾਤਾ-ਪਿਤਾ, ਦਾ ਫਰਜ਼ ਹੈ ਕਿ ਉਹ ਬੇਟੇ ਅਤੇ ਬੇਟੀ ਵਿੱਚ ਬਿਨਾ ਕਿਸੇ ਭਿੰਨ-ਭੇਦ ਤੋਂ, ਬੱਚੀ ਦੀ ਵਿਗਿਆਨਕ ਢੰਗ ਨਾਲ ਦੇਖ-ਭਾਲ ਕਰਨ। ਤਕਰੀਬਨ 10-12 ਸਾਲ ਦੀ ਉਮਰ ਤੱਕ ਬੱਚੀ ਨੂੰ ਦਿੱਤੇ ਸੰਸਕਾਰ,ਵਿਸ਼ੇਸ਼ ਤੌਰ 'ਤੇ ਮਾਤਾ ਵੱਲੋਂ ਦਿੱਤੇ ਸੰਸਕਾਰ, ਉਸ ਦੇ ਜੀਵਨ ਦੇ ਭਵਿੱਖ ਨੂੰ ਡੂੰਘੇ ਤੌਰ 'ਤੇ ਪ੍ਰਭਾਵਤ ਕਰਨ ਦੀ ਸਮਰੱਥਾ ਰਖਦੇ ਹਨ।ਸਮੁੱਚੇ ਸਮਾਜ ਵੱਲੋਂ ਹੀ ਉਸ ਨੂੰ, ਦਰਜਾ-ਬ-ਦਰਜਾ, ਪੋਤੀ ਅਤੇ ਬੇਟੀ ਵਾਲੇ ਪਿਆਰ ਦਾ ਨਿੱਘ ਮਿਲਣਾ ਚਾਹੀਦਾ ਹੈ ਕਿਉਂਕਿ ਸਹੀ ਢੰਗ ਨਾਲ ਵਿਕਸਤ ਹੋਈ ਬੱਚੀ ਨੇ ਭਵਿੱਖ ਦੇ ਸਮਾਜ ਦੀ ਸਿਰਜਨਾ ਵਿੱਚ ਉੱਘਾ ਯੋਗਦਾਨ ਪਾਉਣਾ ਹੈ। ਆਮ ਕਹਾਵਤ ਹੈ:

"By educating a boy, we educate an individual, but by educating a girl we

educate a family." ਯਾਨੀ ਕਿ ਇੱਕ ਲੜਕੇ ਨੂੰ ਪੜ੍ਹਾ ਕੇ ਅਸੀਂ ਇੱਕ ਵਿਅੱਕਤੀ ਨੂੰ ਪੜ੍ਹਾਉਂਦੇ ਹਾਂ, ਪਰ ਇੱਕ ਲੜਕੀ ਨੂੰ ਪੜ੍ਹਾ ਕੇ ਅਸੀਂ (ਅਸਲ ਵਿੱਚ) ਇੱਕ ਸਮੁੱਚੇ ਪਰਿਵਾਰ ਨੂੰ ਹੀ ਪੜ੍ਹਾ ਰਹੇ ਹੁੰਦੇ ਹਾਂ।

(ii) **ਭੈਣ ਅਤੇ ਨਨਦ ਦੇ ਰੂਪ ਵਿੱਚ**

ਬੱਚੀ ਦੇ ਅਨੰਦ-ਕਾਰਜ ਤੋਂ ਪਹਿਲਾਂ, ਸਮਾਜ ਵੱਲੋਂ, ਉਸ ਨੂੰ ਦਰਜਾ-ਬ-ਦਰਜਾ, ਬੇਟੀ ਅਤੇ ਭੈਣ ਦੇ ਤੌਰ 'ਤੇ ਪਿਆਰ ਅਤੇ ਸਤਿਕਾਰ ਮਿਲਣਾ ਚਾਹੀਦਾ ਹੈ।

(iii) **ਪਤਨੀ, ਭਰਜਾਈ ਅਤੇ ਮਾਂ ਦੇ ਰੂਪ ਵਿੱਚ**

ਇਸ ਅਵੱਸਥਾ ਵਿੱਚ ਵੀ, ਸਿਵਾਏ ਉਸ ਦੇ ਪਤੀ ਦੇ, ਨਾਰੀ, ਸਮੁੱਚੇ ਸਮਾਜ ਵੱਲੋਂ, ਦਰਜਾ-ਬ-ਦਰਜਾ, ਬੇਟੀ, ਭੈਣ ਅਤੇ ਮਾਂ ਦੇ ਸਤਿਕਾਰ ਦੀ ਹੱਕਦਾਰ ਹੈ। ਪ੍ਰਭੂ-ਪਿਤਾ ਨੇ, ਆਪਣੀ ਸਾਜੀ ਰਚਨਾ ਦੇ ਸਿਹਤਮੰਦ ਵਿਕਾਸ ਲਈ, ਨਰ ਅਤੇ ਮਦੀਨ ਨੂੰ ਇੱਕ-ਦੂਜੇ ਦੇ ਪੂਰਕ ਵਜੋਂ ਸਿਰਜਿਆ ਹੈ ਅਤੇ ਇਹ ਸਹੀ ਮਾਅਨਿਆਂ ਵਿੱਚ, ਇੱਕ ਦੂਜੇ ਦੇ ਪੂਰਕ ਤੱਦ ਹੀ ਬਣ ਸਕਦੇ ਹਨ, ਜੇਕਰ ਇੱਕ-ਦੂਜੇ ਦਾ ਸਤਿਕਾਰ ਕਰਦੇ ਹੋਏ ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਤਨੋਂ-ਮਨੋਂ ਸਹਾਇਕ ਹੋ ਕੇ ਵਿਚਰਨਗੇ। ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਰਮਾਣੁ ਹੈ:

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥

(ਮ.੩,੭੮੮)

ਭਾਵ: ਜੋ ਸਿਰਫ਼ (ਸਰੀਰਕ ਤੌਰ 'ਤੇ) ਰਲ ਕੇ ਬਹਿਣ, ਉਨ੍ਹਾਂ ਨੂੰ ਅਸਲ ਵਿੱਚ ਪਤੀ-ਪਤਨੀ ਨਹੀਂ ਆਖੀਦਾ, ਜਿਨ੍ਹਾਂ ਦੇ ਦੋ ਜਿਸਮਾਂ ਵਿੱਚ ਇੱਕੋ ਆਤਮਾ ਹੋ ਜਾਏ (ਭਾਵ, ਉਨ੍ਹਾਂ ਦਾ ਆਚਾਰ ਅਤੇ ਵਿਹਾਰ 'ਸ਼ਬਦ-ਗੁਰੂ' ਦੇ ਉਪਦੇਸ਼ਾਂ ਅਨੁਸਾਰ, ਇੱਕਸਾਰ ਹੋ ਜਾਏ) ਉਹ ਹੈ ਅਸਲ ਵਿੱਚ ਪਤੀ ਅਤੇ ਪਤਨੀ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥ (ਮ.੧, ੪੭੩)

ਭਾਵ: ਇਸ ਸਲੋਕ ਵਿੱਚ ਗੁਰੂ ਸਾਹਿਬ ਉਨ੍ਹਾਂ ਲੋਕਾਂ ਦੇ ਗ਼ਲਤ ਖ਼ਿਆਲ ਨੂੰ ਭੰਡਦੇ ਹਨ, ਜੋ ਇਹ ਮੰਨਦੇ ਹਨ ਕਿ ਔਰਤ ਅਪਵਿੱਤਰ ਹੈ ਤੇ ਮਰਦ ਨਾਲੋਂ ਨੀਵਾਂ ਦਰਜਾ ਰਖਦੀ ਹੈ। ਐਸੇ ਫ਼ੋਕਟ ਖਿਆਲ ਦੀ ਨਿਵਿਰਤੀ ਕਰ ਕੇ ਅੰਤਮ ਦਲੀਲ ਇਹ ਦੇਂਦੇ ਹਨ ਕਿ ਪ੍ਰਭੂ ਦੇ ਦਰ 'ਤੇ ਪ੍ਰਵਾਨ ਉਹੀ ਹੁੰਦਾ ਹੈ ਜੋ ਪ੍ਰਭੂ-ਪਿਤਾ ਦੀ ਸਿਫ਼ਤਿ-ਸਾਲਾਹ ਕਰਦਾ ਹੈ। ਮਰਦ, ਇਸਤਰੀ ਦਾ ਵਖਰੇਵਾਂ ਉਥੇ ਨਹੀਂ ਮੰਨਿਆ ਜਾਂਦਾ।

ਭਾਵ ਅਰਥ: ਇਸਤਰੀ ਤੋਂ ਹੀ ਜਨਮ ਲਈਦਾ ਹੈ, ਇਸਤਰੀ ਦੀ ਕੁੱਖ ਵਿੱਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ, ਪਲਦਾ ਹੈ। ਪੁਰਖ ਦੀ ਇਸਤਰੀ ਨਾਲ ਹੀ ਕੁੜਮਾਈ ਅਤੇ ਵਿਆਹ ਹੁੰਦਾ ਹੈ। ਇਸਤਰੀ ਰਾਹੀਂ ਹੀ ਸੰਸਾਰ ਵਿੱਚ ਭਾਈਚਾਰਾ ਚਲਦਾ ਹੈ, ਸੰਸਾਰ ਦੀ ਉਤਪਤੀ ਦਾ ਰਸਤਾ ਚਲਦਾ ਹੈ। ਜੇ ਕਿਸੇ ਦੀ ਪਤਨੀ ਚੜ੍ਹਾਈ ਕਰ ਜਾਏ ਤਾਂ ਹੋਰ ਪਤਨੀ ਦੀ ਭਾਲ ਕਰਨੀ ਪੈਂਦੀ ਹੈ। ਇਸਤਰੀ ਰਾਹੀਂ ਹੀ ਮਨੁੱਖ ਦਾ ਘਰ ਬੱਝਦਾ ਹੈ ਤੇ ਹੋਰ ਰਿਸ਼ਤੇਦਾਰੀਆਂ ਕਾਇਮ ਹੁੰਦੀਆਂ ਹਨ। ਜਿਸ ਨਾਰੀ ਤੋਂ ਸੰਸਾਰ ਦੇ ਬੜੇ ਮਹਾਂਪੁਰਖਾਂ, ਬਹਾਦਰਾਂ, ਸੂਰਮਿਆਂ ਨੇ ਜਨਮ ਲਿਆ ਹੈ, ਉਸ ਨਾਰੀ ਨੂੰ ਮਾੜਾ ਕਿਉਂ ਕਿਹਾ ਜਾਵੇ? ਨਾਰੀ ਤੋਂ ਹੀ ਨਾਰੀ ਦਾ ਜਨਮ ਹੁੰਦਾ ਹੈ।ਜਗਤ ਵਿੱਚ ਨਾਰੀ ਤੋਂ ਬਿਨਾਂ, ਕੋਈ ਜੀਵ ਜਨਮ ਨਹੀਂ ਲੈ ਸਕਦਾ। ਸਾਰੀ ਸ੍ਰਿਸ਼ਟੀ ਵਿੱਚ ਕੇਵਲ ਸੱਚਾ ਪ੍ਰਭੂ-ਪਿਤਾ ਹੀ ਹੈ ਜੋ ਨਾਰੀ ਤੋਂ ਨਹੀਂ ਜਨਮਿਆ।

ਸਤਿਗੁਰੂ ਜੀ ਫੁਰਮਾਂਦੇ ਹਨ ਕਿ ਨਾਰੀ ਨੂੰ ਮਾੜਾ ਜਾਂ ਨੀਵਾਂ ਸਮਝਣ ਦਾ ਸਿਧਾਂਤ ਮੁੱਢੋਂ ਹੀ ਗ਼ਲਤ ਹੈ। ਅਸਲ ਗੱਲ ਤਾਂ ਇਹ ਹੈ ਕਿ ਜੀਵ ਭਾਵੇਂ ਨਾਰੀ ਹੋਵੇ ਜਾਂ ਪੁਰਖ, ਜੋ ਵੀ ਜੀਵ, ਜਿਸ ਮੁੱਖ ਰਾਹੀਂ ਮਾਲਿਕ-ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਹੈ, ਉਹ ਮੁੱਖ ਭਾਗਾਂ-ਭਰਿਆ ਹੈ। ਹੇ ਨਾਨਕ! ਪ੍ਰਭੂ-ਪਿਤਾ ਦੀ ਸਿਫ਼ਤਿ-ਸਲਾਹ ਕਰਨ ਵਾਲੇ ਮੁੱਖ ਹੀ ਪਰਮੇਸ਼ਰ ਦੇ ਚਰਬਾਰ ਵਿੱਚ ਸੋਹਣੇ ਅਤੇ ਉਜਲੇ ਪ੍ਰਤੀਤ ਹੁੰਦੇ ਹਨ।

(iv) ਭਰੂਣ-ਹੱਤਿਆ ਦਾ ਕਲੰਕ

ਬੱਚੀ ਨੂੰ ਮਾਂ ਦੀ ਕੁੱਖ ਵਿੱਚ ਹੀ ਕਤਲ ਕਰ ਦੇਣਾ ਪ੍ਰਭੂ-ਪਿਤਾ ਦੇ ਕੁਦਰਤੀ ਕਾਨੂੰਨ ਦੀ ਸ਼ਰਮਨਾਕ ਉਲੰਘਣਾ ਹੈ ਅਤੇ ਮੁਜ਼ਰਮ ਧਿਰ ਇਸ ਦੀ ਬਣਦੀ ਕੁਦਰਤੀ ਸਜ਼ਾ ਤੋਂ ਬੱਚ ਨਹੀਂ ਸਕਦੀ। ਭਰੂਣ-ਹੱਤਿਆ ਅਪ੍ਰਾਧ ਦੇ ਕਈ ਕਾਰਨ ਹਨ। ਜਿਵੇਂ ਕਿ ਮਾਂ-ਬਾਪ ਦੀ ਕਮਜ਼ੋਰ ਆਰਥਕ ਹਾਲਤ, ਦਹੇਜ਼ ਨਾ ਦੇ ਸਕਣ ਦੀ ਸਮਰੱਥਾ, ਬੇਟੇ ਅਤੇ ਬੱਚੀ ਵਿਚਕਾਰ ਵਿਤਕਰਾ ਕਰਨਾ ਇਤਿਆਦਿ। ਕਾਰਨ ਭਾਵੇਂ ਕੁੱਝ ਵੀ ਹੋਵੇ, ਇਹ ਅਪ੍ਰਾਧੀ ਕਾਰਵਾਈ ਸਭਿਅਕ ਸਮਾਜ ਦੇ ਮੱਥੇ 'ਤੇ ਲੱਗਾ ਕਾਲਾ ਕਲੰਕ ਹੀ ਹੈ ਜਿਸ ਤੋਂ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦੀ ਪਾਲਣਾ ਕਰ ਕੇ ਹੀ ਬਚਿਆ ਜਾ ਸਕਦਾ ਹੈ।

(v) **ਦਹੇਜ਼ ਦਾ ਕਲੰਕ**

ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ 'ਤੇ ਅਮਲ ਕਰਨ ਵਾਲਾ ਵਿਅਕਤੀ ਆਪਣੇ ਪੰਜ ਮੁੱਖ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਆਪਣੇ ਵੱਸ ਵਿੱਚ ਕਰ ਲੈਂਦਾ ਹੈ। ਇਸ ਦੇ ਉਲਟ ਆਪਣੇ ਮਨ ਦੀ ਮਤਿ (ਮਨਮਤਿ) ਅਨੁਸਾਰ ਜੀਵਨ ਬਤੀਤ ਕਰਨ ਵਾਲੇ ਪ੍ਰਾਣੀ ਨੂੰ ਇਹ ਵਿਕਾਰ ਆਪਣਾ ਗ਼ੁਲਾਮ ਬਣਾ ਕੇ ਉਸ ਦੀ ਮਾਰ-ਕੁਟਾਈ ਕਰਦੇ ਰਹਿੰਦੇ ਹਨ। ਅਜਿਹਾ ਪ੍ਰਾਣੀ ਆਪਣਾ ਅਮੋਲਕ ਮਨੁੱਖਾ ਜੀਵਨ ਭੰਗ ਦੇ ਭਾੜੇ ਗੁਆ ਕੇ ਨਰਕਾਂ ਦਾ ਭਾਗੀ ਬਣਦਾ ਹੈ। ਲੋਭ ਦਾ ਕਾਬੂ ਕੀਤਾ ਮਨੁੱਖ ਹੀ ਲੜਕੀ ਵਾਲੇ ਪਰਿਵਾਰ ਤੋਂ ਦਾਜ-ਦਹੇਜ਼ ਦੀ ਆਸ ਰੱਖਦਾ ਹੈ। ਲੋਭੀ ਸੁਭਾਅ ਵਾਲੇ ਪ੍ਰਾਣੀ ਦਾ ਕੋਈ ਇਤਬਾਰ ਨਹੀਂ ਹੁੰਦਾ, ਉਸ ਨੂੰ ਚੰਗੇ-ਮੰਦੇ ਦੀ ਕੋਈ ਤਮੀਜ਼ ਨਹੀਂ ਹੁੰਦੀ। ਉਹ ਇੱਕ ਤੁਰਦੀ-ਫਿਰਦੀ ਲਾਸ਼ ਦੀ ਤਰ੍ਹਾਂ ਹੀ ਹੁੰਦਾ ਹੈ। ਸਤਿਗੁਰੂ ਜੀ ਫੁਰਮਾਂਦੇ ਹਨ:

ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥
ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥ (ਮ.੧,੧੫੪)

ਭਾਵ:ਇਹ ਸਰੀਰ, ਆਪਣੇ ਆਪ ਨੂੰ ਅਮਰ ਜਾਣ ਕੇ, ਸੁਖ ਮਾਣਨ ਵਿੱਚ ਹੀ ਲੱਗਾ ਰਹਿੰਦਾ ਹੈ, (ਇਹ ਨਹੀਂ ਸਮਝਦਾ ਕਿ) ਇਹ ਜਗਤ (ਇੱਕ) ਖੇਡ (ਹੀ) ਹੈ। ਹੇ ਮੇਰੇ ਸਰੀਰ! ਤੂੰ ਲਬ, ਲੋਭ ਕਰ ਰਿਹਾ ਹੈਂ, ਤੂੰ ਬਹੁਤ ਕੂੜ ਕਮਾ ਰਿਹਾ ਹੈਂ (ਵਿਅਰਥ ਦੌੜ-ਭੱਜ ਕਰ ਰਿਹਾ ਹੈਂ), ਤੂੰ (ਆਪਣੇ ਉੱਤੇ ਲਬ, ਲੋਭ, ਕੂੜ ਆਦਿਕ ਦੇ ਅਸਰ ਹੇਠ ਕੀਤੇ ਮਾੜੇ ਕੰਮਾਂ ਦਾ) ਭਾਰ ਚੁਕਦਾ ਜਾ ਰਿਹਾ ਹੈਂ। ਹੇ ਮੇਰੇ ਸਰੀਰ! ਮੈਂ ਤੇਰੇ ਵਰਗੇ ਇਉਂ ਰੁਲਦੇ ਵੇਖੇ ਹਨ, ਜਿਵੇਂ ਧਰਤੀ ਉਤੇ ਸੁਆਹ।

(vi) **ਗੁਰਮਤਿ-ਵਿਰੋਧੀ ਮੈਰਿਜ਼-ਪੈਲਿਸ ਕਲਚਰ**

ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨਾਲੋਂ ਟੁੱਟਿਆ ਹੋਇਆ ਸਿੱਖ ਸਮਾਜ ਆਪਣੀ ਫ਼ੋਕੀ ਠੁਕ ਬੰਨਣ ਲਈ, ਵਿਆਹਾਂ ਦੇ ਸਮੇਂ ਮੈਰਿਜ-ਪੈਲਿਸ ਵੱਲ ਨੂੰ ਭੱਜ ਤੁਰਦਾ ਹੈ। ਮੈਰਿਜ ਪੈਲਿਸ ਵਿੱਚ 'ਬੇ-ਤਹਾਸ਼ਾ (ਬੇ-ਲੋੜਾ)" ਇਕੱਠ ਕਰ ਕੇ ਨਸ਼ੇ ਵਰਤਾਏ ਜਾਂਦੇ ਹਨ, ਤਰ੍ਹਾਂ-ਤਰ੍ਹਾਂ ਦੇ ਮਹਿੰਗੇ ਪਕਵਾਨ ਤਿਆਰ ਕਰਵਾ ਕੇ ਆਪਣੀ ਨਕਲੀ ਅਮੀਰੀ ਦਾ ਝੂਠਾ ਵਿਖਾਵਾ ਕੀਤਾ ਜਾਂਦਾ ਹੈ ਅਤੇ ਕੰਨ-ਪਾੜਵੀਂ ਉੱਚੀ ਆਵਾਜ਼ ਵਿੱਚ ਚਲੇ ਰਹੇ, ਡੀ.ਜੇ. 'ਤੇ ਬਾਂਦਰਾਂ ਵਾਂਗ ਨੱਚ-ਟੱਪ ਕੇ ਲਚਰ ਗੀਤ ਗਾਏ ਜਾਂਦੇ ਹਨ, ਧੀਆਂ-ਭੈਣਾਂ ਨੂੰ ਅੱਧ-ਨੰਗੀਆਂ ਕਰ ਕੇ ਨਚਾਇਆ ਜਾਂਦਾ ਹੈ। ਕੁੱਲ ਮਿਲਾ ਕੇ ਅਸ਼ਲੀਲਤਾ ਵਾਲਾ ਐਸਾ ਸ਼ਰਮਨਾਕ ਵਾਤਾਵਰਣ ਸਿਰਜਿਆ ਜਾਂਦਾ ਹੈ ਜਿਸ ਨੂੰ ਵੇਖ-ਸੁਣ ਸਕਣਾ ਕਿਸੇ

ਸਾਊ ਮਨੁੱਖ ਦੇ ਵੱਸ ਤੋਂ ਬਾਹਰ ਦੀ ਗੱਲ ਹੁੰਦੀ ਹੈ। ਇਥੇ ਹੀ ਬੱਸ ਨਹੀਂ ਮੈਰਿਜ਼-ਪੈਲਿਸ ਦੇ ਖਰਚੇ ਇਕ ਮੱਧ-ਵਰਗੀ ਪਰਿਵਾਰ ਦਾ ਆਰਥਕ ਕਚੂੰਮਰ ਕੱਢ ਦੇਂਦੇ ਹਨ। ਇਨ੍ਹਾਂ ਖਰਚਿਆਂ ਨੂੰ ਪੂਰਾ ਕਰਨ ਲਈ ਕਰਜ਼ੇ ਚੁੱਕੇ ਜਾਂਦੇ ਹਨ ਜੋ ਮਗਰੋਂ ਸਾਰੀ ਉਮਰ ਲਈ ਪ੍ਰੇਸ਼ਾਨੀਆਂ ਦਾ ਕਾਰਨ ਬਣ ਜਾਂਦੇ ਹਨ।

(vii) **ਨਕਲੀ-ਵਿਆਹਾਂ ਦਾ ਕਲੰਕ**

ਮਾਇਕ ਪਦਾਰਥਾਂ ਦੇ ਲਾਲਚ ਵਿੱਚ ਫਸਿਆ ਪ੍ਰਾਣੀ, ਦਿਲ ਵਿੱਚ ਕਪਟ ਰੱਖ ਕੇ, ਨਕਲੀ ਵਿਆਹ (ਵਿਖਾਵੇ ਮਾਤਰ ਲਈ) ਕਰਾਉਣ ਤੋਂ ਵੀ ਸ਼ਰਮਾਉਂਦਾ ਨਹੀਂ। ਕੂੜ-ਕਪਟ, ਵੱਲ-ਛੱਲ ਵਾਲੇ ਕਰਮ ਕਰ ਕੇ ਇਹ ਪਾਪਾਂ ਦਾ ਭਾਗੀ ਹੀ ਬਣਦਾ ਹੈ। **ਦੁਨੀਆਂ ਦੀਆਂ ਅੱਖਾਂ ਵਿੱਚ ਤਾਂ ਘੱਟਾ ਪਾਇਆ ਜਾ ਸਕਦਾ ਹੈ ਪਰ ਅੰਦਰ ਹੀ ਵਸਦੇ ਅੰਤਰਜਾਮੀ ਪ੍ਰਭੂ-ਪਿਤਾ ਨੂੰ ਬੁੱਧੂ ਨਹੀਂ ਬਣਾਇਆ ਜਾ ਸਕਦਾ। ਮੰਦੇ ਕੰਮਾਂ ਦਾ ਫਲ ਵੀ ਅੰਤ ਵਿੱਚ ਮੰਦਾ ਹੀ ਨਿਕਲਦਾ ਹੈ।** ਅਜੋਕੇ ਸਮੇਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨਾਲੋਂ ਟੁੱਟੇ ਹੋਏ ਅਖੌਤੀ ਸਿੱਖ ਪਰਿਵਾਰਾਂ ਦੀਆਂ ਬੱਚੀਆਂ ਗ਼ੈਰ-ਸਿਖ (ਖ਼ਾਸ ਕਰ ਕੇ ਮੁਸਲਮਾਨਾਂ) ਵੱਲੋਂ ਉਜਲ ਭਵਿੱਖ ਦੇ ਵਿਖਾਏ ਗਏ ਰੰਗੀਨ-ਸੁਪਨਿਆਂ ਦਾ ਸ਼ਿਕਾਰ ਹੋ ਕੇ ਇਨ੍ਹਾਂ ਲੜਕਿਆਂ ਨਾਲ (ਕਈ ਵਾਰ ਮਾਂ-ਬਾਪ ਦੀ ਸਹਿਮਤੀ ਤੋਂ ਬਿਨਾਂ ਹੀ) ਰਸਮੀ ਤੌਰ ਤੇ ਵਿਆਹ ਕਰ ਲੈਂਦੀਆਂ ਹਨ।**ਇਹ ਕਪਟੀ ਲਾੜੇ ਕੁਝ ਸਮਾਂ ਇਨ੍ਹਾਂ ਬੱਚੀਆਂ ਨਾਲ ਪਤੀ ਦੇ ਤੌਰ 'ਤੇ ਬਿਤਾ ਕੇ ਇਨ੍ਹਾਂ ਨਾਲ ਧੋਖਾ ਕਰ ਕੇ ਇਨ੍ਹਾਂ ਦਾ ਸਾਥ ਛੱਡ ਜਾਂਦੇ ਹਨ ਜਾਂ ਫਿਰ ਇਨ੍ਹਾਂ ਨੂੰ ਦੇਹ-ਵਾਪਾਰ ਦੇ ਅੱਡਿਆਂ 'ਤੇ ਸਾਰੀ ਉਮਰ ਲਈ ਨਰਕ ਭੋਗਣ ਲਈ, ਛੱਡ ਦੇਂਦੇ ਹਨ ਅਤੇ ਜਾਂ ਅੱਗੇ ਇਨ੍ਹਾਂ ਨੂੰ ਕਿਸੇ ਤੀਜੀ ਧਿਰ ਨੂੰ ਵੇਚ ਦੇਂਦੇ ਹਨ। ਉਹ ਵੀ ਸਮਾਂ ਸੀ ਜਦੋਂ ਕੌਮ ਅਠ੍ਹਾਰਵੀਂ ਸਦੀ ਵਿੱਚ ਬੇ-ਘਰ ਹੋ ਕੇ ਉਜੜੀ ਫਿਰਦੀ ਸੀ, ਪਰ ਸਦਕੇ ਜਾਈਏ ਉਨ੍ਹਾਂ ਸਿਦਕੀ ਬੱਚੀਆਂ/ਸਿੰਘਣੀਆਂ ਤੋਂ ਜਿਨ੍ਹਾਂ ਨੇ ਦੁਨੀਆਵੀ ਸੁੱਖਾਂ ਦੀ ਖ਼ਾਤਰ ਆਪਣਾ ਸਿੱਖੀ ਧਰਮ (ਇਨਸਾਨੀਅਤ) ਕੁਰਬਾਨ ਨਹੀਂ ਕੀਤਾ ਭਾਵੇਂ ਆਪਣੇ ਆਪ ਅਤੇ ਆਪਣੇ ਦੁੱਧ-ਚੁੰਘਦੇ ਜਿਗਰ ਦੇ ਟੋਟਿਆਂ ਨੂੰ ਸ਼ਹੀਦ ਤਾਂ ਕਰਵਾ** ਲਿਆ।

(viii) **ਤਲਾਕ ਦੀ ਵਧ ਰਹੀ ਛੂਤ ਦੀ ਬੀਮਾਰੀ**

ਜੇਕਰ ਬੱਚੇ-ਬੱਚੀ ਦਾ ਰਿਸ਼ਤਾ ਪੱਕਾ ਕਰਨ ਤੋਂ ਪਹਿਲਾਂ ਦੋਨੋਂ ਹੀ ਪਰਿਵਾਰ ਆਪੋ-ਆਪਣੇ ਵਿਚਾਰ ਖੁੱਲ੍ਹ ਕੇ ਦੱਸ ਦੇਣ, ਕਿਸੇ ਖ਼ਾਹਸ਼ ਨੂੰ ਲੁਕਾ ਕੇ ਨਾ ਰੱਖਿਆ ਜਾਵੇ, ਆਪਸੀ-ਸਹਿਜੋਗ (Adjustment) ਪੈਦਾ ਕਰਨ ਲਈ ਈਮਾਨਦਾਰੀ ਨਾਲ ਯਤਨ ਕੀਤੇ ਜਾਣ, ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਸੱਚੇ

ਦਿਲੋਂ ਸਾਂਝ ਪਾਈ ਜਾਵੇ ਤਾਂ ਤਲਾਕ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਮਾਇਕ-ਪਦਾਰਥਾਂ ਦੀ ਕਦੇ ਨਾ ਤ੍ਰਿਪਤ ਹੋਣ ਵਾਲੀ ਭੁੱਖ ਹੀ ਤਲਾਕ ਦਾ ਮੁੱਖ ਤੌਰ 'ਤੇ ਕਾਰਨ ਬਣ ਜਾਂਦੀ ਹੈ। ਅਸਲ ਵਿੱਚ, ਜੇਕਰ ਦੋਨੋਂ ਪਰਿਵਾਰ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੇ ਮੁਢਲੇ ਅਸੂਲਾਂ ਦੀ ਪਾਲਣਾ ਕਰਨ ਵਾਲੇ ਹੋਣ ਤਾਂ ਤਲਾਕ ਦੀ ਨੌਬਤ ਹੀ ਨਹੀਂ ਆਉਣੀ ਚਾਹੀਦੀ।

(ix) ਗੁਰਮਤਿ-ਵਿਰੋਧੀ ਸਰੀਰਕ ਸਬੰਧ

ਗੁਰਮਤਿ ਫ਼ਲਸਫ਼ੇ ਅਨੁਸਾਰ, ਸਾਰੀਆਂ ਅਣਵਿਆਹੀਆਂ ਬੱਚੀਆਂ ਸਮਾਜ ਦੀਆਂ ਧੀਆਂ-ਭੈਣਾਂ ਸਮਾਨ ਹੁੰਦੀਆਂ ਹਨ। ਵਿਆਹ ਤੋਂ ਬਾਅਦ ਹੀ, ਆਪਣੀ ਵੰਸ਼ ਦੇ ਵਿਕਾਸ ਲਈ, ਪਤੀ-ਪਤਨੀ ਦੇ ਸਰੀਰਕ ਸਬੰਧ ਪੈਦਾ ਹੋਣੇ ਚਾਹੀਦੇ ਹਨ। ਵਿਆਹ ਤੋਂ ਬਾਅਦ ਵੀ, ਵਿਆਹੀ ਹੋਈ ਨਾਰੀ, ਬਾਕੀ ਸਾਰੇ ਸਭਿਅਕ ਸਮਾਜ ਦੀ, ਦਰਜਾ-ਬ-ਦਰਜਾ (ਉਮਰ ਦੇ ਹਿਸਾਬ ਨਾਲ), , ਧੀ, ਭੈਣ ਜਾਂ ਮਾਂ ਦੇ ਬਰਾਬਰ ਹੁੰਦੀ ਹੈ। ਅਜਿਹੇ ਸਭਿਅਕ ਸਮਾਜ ਦੀ ਸਿਰਜਨਾ, ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਆਲਮਗ਼ੀਰੀ ਫ਼ਲਸਫ਼ੇ ਦੇ ਅਮਲੀ ਤੌਰ 'ਤੇ ਧਾਰਨੀ ਬਣ ਕੇ ਹੀ ਕੀਤੀ ਜਾ ਸਕਦੀ ਹੈ ਅਤੇ ਅਜਿਹਾ ਸਭਿਅਕ ਸਮਾਜ ਹੀ ਇਸ ਧਰਤੀ 'ਤੇ ਸੁਰਗ ਦਾ ਰੂਪ ਧਾਰ ਕੇ ਹਲੇਮੀ-ਰਾਜ ਦੀ ਸਥਾਪਨਾ ਲਈ ਸਹਾਈ ਹੋ ਸਕਦਾ ਹੈ।

੯. ਕੌਮ ਅਤੇ ਮਨੁੱਖਤਾ ਦੇ ਭਲੇ ਲਈ ਕੁਰਬਾਨੀਆਂ ਕਰਨ ਵਾਲੇ ਪਰਿਵਾਰਾਂ ਦੀ ਸੰਭਾਲ

ਜਾਗਦੀ ਜ਼ਮੀਰ ਵਾਲੀਆਂ ਅਣਖ਼ੀਲੀਆਂ ਕੌਮਾਂ, ਕੌਮ ਅਤੇ ਮਨੁੱਖਤਾ ਦੇ ਭਲੇ ਲਈ ਕੁਰਬਾਨੀਆਂ ਕਰਨ ਵਾਲੇ ਜਾਂ ਕਿਸੇ ਕਾਰਨ ਕਰ ਕੇ ਮਾਨਵ-ਵਿਰੋਧੀ ਸ਼ਕਤੀਆਂ ਦੀ ਕਰੋਪੀ ਦਾ ਸ਼ਿਕਾਰ ਹੋਏ ਪਰਿਵਾਰਾਂ ਦੇ ਵਾਰਿਸਾਂ ਨੂੰ ਅੱਖਾਂ ਦੀਆਂ ਪਲਕਾਂ 'ਤੇ ਬੈਠਾ ਕੇ ਰਖਦੀਆਂ ਹਨ ਅਤੇ ਉਨ੍ਹਾਂ ਪਰਿਵਾਰਾਂ ਦੀ ਹਰ ਪੱਖ ਤੋਂ ਸਹਾਇਤਾ ਕਰਨਾ ਆਪਣਾ ਸਭ ਤੋਂ ਜ਼ਰੂਰੀ ਫ਼ਰਜ਼ ਸਮਝਦੀਆਂ ਹਨ। ਇਸ ਕਾਰਜ ਵਿੱਚ ਸਭ ਤੋਂ ਅਹਿਮ ਯੋਗਦਾਨ ਕੌਮ ਦੀਆਂ ਕੇਂਦਰੀ ਜਥੇਬੰਦੀਆਂ/ਸੰਸਥਾਵਾਂ ਪਾਇਆ ਕਰਦੀਆਂ ਹਨ, ਪਰ **ਬਦਕਿਸਮਤੀ ਨਾਲ, ਸਿੱਖ ਕੌਮ ਦੀਆਂ ਕੇਂਦਰੀ ਜਥੇਬੰਦੀਆਂ (ਧਾਰਮਿਕ, ਸਿਆਸੀ, ਸਮਾਜਕ) 'ਤੇ ਮੰਨੂਵਾਦੀਆਂ ਦੇ ਗ਼ੁਲਾਮ ਅਖੌਤੀ ਸਿੱਖ ਕਾਬਜ਼ ਹੋਏ ਬੈਠੇ ਹਨ, ਜਿਹੜੇ ਕੌਮ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਪੱਬਾਂ-ਭਾਰ ਹੋਏ ਫਿਰਦੇ ਹਨ।** ਸਮੁੱਚੀ ਕੌਮ ਗੁਰੂ ਗ੍ਰੰਥ ਸਾਹਿਬ ਨੂੰ ਸਪਰਮਿਤ ਹੋ ਕੇ ਜਥੇਬੰਦ ਹੋਵੇ ਅਤੇ ਇਨ੍ਹਾਂ ਕੇਂਦਰੀ ਜਥੇਬੰਦੀਆਂ/ਸੰਸਥਾਵਾਂ ਨੂੰ ਇਨ੍ਹਾਂ ਸੁਆਰਥੀ ਮਨਮਤੀਆਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ

ਲਾਸਾਨੀ (ਗੁਰਮਤਿ) ਇਨਕਲਾਬ ਦੇ ਕਾਫ਼ਲੇ ਵਿੱਚ ਦ੍ਰਿੜਤਾ ਨਾਲ ਸ਼ਾਮਿਲ ਹੋ ਕੇ ਗੁਰਮਤਿ-ਜੁਗਤਿ ਅਨੁਸਾਰ ਸੰਘਰਸ਼ ਅਰੰਭ ਕਰ ਦੇਵੇ ਤਾਂ ਸਫ਼ਲਤਾ ਮਿਲਣੀ ਯਕੀਨੀ ਹੈ ਕਿਉਂਕਿ ਮਨੁੱਖਤਾ ਦੇ ਭਲੇ ਲਈ ਕੀਤੇ ਹਰ ਸੰਘਰਸ਼ ਵਿੱਚ ਸ੍ਰਿਸ਼ਟੀ ਦਾ ਨਾਥ ਆਪ ਅੰਗ-ਸੰਗ ਹੋ ਕੇ ਸਹਾਇਤਾ ਕਰਦਾ ਹੈ। ਪਾਵਨ ਗੁਰਬਾਣੀ ਦਾ ਫ਼ੁਰਮਾਣ ਹੈ:

ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ ॥

(ਮ.੫, ੬੨੫)

੧੦ ਪਤਿੱਤਪੁਣੇ ਦੀ ਛੂਤ ਦੀ ਬੀਮਾਰੀ

ਕੌਮ ਵਿੱਚ ਪਤਿੱਤਪੁਣਾ ਇੱਕ ਛੂਤ ਦੀ ਬੀਮਾਰੀ ਦੀ ਤਰ੍ਹਾਂ ਫੈਲਦਾ ਜਾ ਰਿਹਾ ਹੈ। ਇਸ ਬੀਮਾਰੀ ਦਾ ਸਭ ਤੋਂ ਵੱਡਾ ਕਾਰਨ ਹੈ, ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਤੋਂ ਟੁੱਟ ਜਾਣਾ। ਇਸ ਕਾਰਨ ਨੂੰ ਦੂਰ ਕਰ ਕੇ ਹੀ ਇਸ ਬੀਮਾਰੀ ਨੂੰ ਠੱਲ੍ਹ ਪਾ ਕੇ ਇਸ ਨੂੰ ਜੜ੍ਹੋਂ ਕੱਢਿਆ ਜਾ ਸਕੇਗਾ। ਗੁਰਮਤਿ-ਵਿਹੂਣੀ ਲੀਡਰਸ਼ਿਪ ਵੀ ਇਸ ਬੀਮਾਰੀ ਦਾ ਦੂਜਾ ਵੱਡਾ ਕਾਰਨ ਹੈ। ਗੁਰਮਤਿ-ਜੁਗਤਿ ਅਨੁਸਾਰ ਜਥੇਬੰਦ ਹੋ ਕੇ ਹੀ ਇਨ੍ਹਾਂ ਕੌਮੀ ਗ਼ੱਦਾਰਾਂ ਤੋਂ ਖਹਿੜਾ ਛਡਾਇਆ ਜਾ ਸਕੇਗਾ। ਗੁਰਮਤਿ ਫ਼ਲਸਫ਼ੇ ਨੂੰ ਅਮਲੀ ਤੌਰ 'ਤੇ ਸਮਰਪਿਤ ਲੀਡਰਸ਼ਿਪ ਹੀ, ਰੋਲ-ਮਾਡਲ ਬਣ ਕੇ, ਇਸ ਬੀਮਾਰੀ ਨੂੰ ਠੱਲ੍ਹ ਪਾ ਸਕਦੀ ਹੈ।

੧੧ ਧੜੇਬੰਦੀਆਂ ਅਤੇ ਵੈਰ-ਵਿਰੋਧਾਂ ਦਾ ਲਹੂ-ਲੁਹਾਣ ਕੀਤਾ ਸਮਾਜ

ਸਿੱਖ ਕਿਸੇ ਨਾਲ ਵੀ ਵੈਰ-ਭਾਵਨਾ ਨਹੀਂ ਰਖਦਾ ਅਤੇ ਨਾ ਹੀ ਦੁਨਿਆਵੀ ਧੜੇ-ਬੰਦੀਆਂ ਵਿੱਚ ਪੈਂਦਾ ਹੈ:

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥

(ਮ.੫, ੧੨੯੯)

ਅਜੋਕੀ ਸਿੱਖ ਕੌਮ ਬਹੁਤ ਸਾਰੀਆਂ ਧੜੇਬੰਦੀਆਂ ਅਤੇ ਨਿਜੀ ਵੈਰ-ਵਿਰੋਧਾਂ ਦਾ ਸ਼ਿਕਾਰ ਹੋ ਕੇ ਆਪਣਾ ਹੀ ਨੁਕਸਾਨ ਕਰੀ ਜਾ ਰਹੀ ਹੈ। ਗੁਰੂ ਗ੍ਰੰਥ ਸਾਹਿਬ ਨਾਲੋਂ ਟੁੱਟਿਆ ਹੋਇਆ ਸਮਾਜ, ਨਿੱਕੀ-ਨਿੱਕੀ ਗੱਲ 'ਤੇ, ਇੱਕ-ਦੂਜੇ ਨੂੰ ਮਰਨ-ਮਾਰਨ ਲਈ ਤਿਆਰ ਰਹਿੰਦਾ ਹੈ। ਅਜਿਹੇ ਵਰਤਾਰੇ ਦੇ ਪਿਛੋਕੜ ਵਿੱਚ, ਬ੍ਰਾਹਮਣਵਾਦੀਆਂ ਦੀ ਚਾਣਕੀਯਾ ਕੂਟ-ਨੀਤੀ ਦਾ ਝਲਕਾਰਾ ਵੀ, ਸਪਸ਼ਟ ਤੌਰ 'ਤੇ ਨਜ਼ਰ ਆ ਰਿਹਾ ਹੈ।

੧੨ ਭ੍ਰਿਸ਼ਟਾਚਾਰ ਦਾ ਕੋੜ੍ਹ

ਝੂਠ, ਠੱਗੀ, ਬੇਈਮਾਨੀ, ਖ਼ੁਦਗਰਜ਼ੀ, ਬੇ-ਇਨਸਾਫ਼ੀ, ਵੱਢੀ-ਖੋਰੀ, ਧੱਕੇ-ਸ਼ਾਹੀ, ਫ਼ਿਰਕਾ-ਪ੍ਰਸਤੀ, ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੀ ਗ਼ੁਲਾਮੀ ਅਤੇ ਨਿੰਦਿਆ-ਚੁਗਲੀ 'ਤੇ ਆਧਾਰਤ ਕਿਰਦਾਰ ਨੂੰ ਭ੍ਰਿਸ਼ਟਾਚਾਰ (ਭ੍ਰਿਸ਼ਟ+ਆਚਾਰ) ਜਾਂ ਮਾੜਾ ਆਚਰਣ ਕਿਹਾ ਜਾ ਸਕਦਾ ਹੈ। ਕਾਦਰ ਦੀ ਕੁਦਰਤਿ ਦੇ ਨਿਯਮਾਂ ਦੀ ਪਾਲਣਾ

ਕਰ ਕੇ (ਹੁਕਮਿ ਰਜ਼ਾਈ ਚੱਲ ਕੇ) ਹੀ ਇਸ ਨਾ-ਮੁਰਾਦ ਬੀਮਾਰੀ ਨੂੰ ਜੜ੍ਹ ਤੋਂ ਉਖਾੜਿਆ ਜਾ ਸਕਦਾ ਹੈ।

੧੩ ਮਨੁੱਖ ਦੀ ਕੁਦਰਤੀ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਬਹਾਲੀ

ਸਾਰੇ ਹੀ ਜੀਵ, ਪ੍ਰਭੂ-ਪਿਤਾ ਦੇ ਬੱਚੇ/ਬੱਚੀਆਂ ਹੋਣ ਦੇ ਨਾਤੇ, ਆਪਸ ਵਿੱਚ ਹਰ ਪੱਖ ਤੋਂ ਬਰਾਬਰਤਾ ਦੇ ਸਲੂਕ ਦੇ ਹੱਕਦਾਰ ਹਨ। **ਜਿੱਥੇ ਆਜ਼ਾਦੀ ਮਨੁੱਖ ਦਾ ਜਨਮ-ਸਿੱਧ ਅਧਿਕਾਰ ਹੈ, ਉਥੇ ਆਜ਼ਾਦ ਫ਼ਿਜ਼ਾ ਵਿੱਚ ਵਿਚਰਨ ਦਾ ਹੱਕ ਹਾਸਿਲ ਕਰਨ ਲਈ, ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੀ ਸਵੈ-ਇੱਛਾ ਨਾਲ ਪਾਲਣਾ ਕਰਨਾ ਵੀ ਲਾਜ਼ਮੀ ਹੈ।** ਜਿੱਥੇ ਕਿਸੇ ਪ੍ਰਾਣੀ ਦੇ ਮਨੁੱਖੀ ਹੱਕਾਂ 'ਤੇ ਡਾਕਾ ਮਾਰਨਾ ਵੱਡਾ ਅਪ੍ਰਾਧ ਹੈ, ਉੱਥੇ ਮਨੁੱਖੀ ਹੱਕਾਂ ਦਾ ਨਿੱਘ ਮਾਣਨ ਲਈ ਮਨੁੱਖ ਬਣ ਕੇ ਰਹਿਣਾ ਵੀ ਅਤੀ ਜ਼ਰੂਰੀ ਹੈ।

ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥
ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥੧॥(ਮ.੫, ੨੫੫)

੧੪ ਧਰਮ ਦੇ ਨਾਅ 'ਤੇ ਪ੍ਰਚੱਲਤ ਹੋ ਚੁੱਕੇ ਕਰਮ-ਕਾਂਡ ਅਤੇ ਵਹਿਮ-ਭਰਮ

ਧਰਮ ਦੇ ਨਾਂਅ ਤੇ, ਰਸਮੀ ਤੌਰ 'ਤੇ (ਸਿਰਫ਼ ਵਿਖਾਵੇ ਮਾਤਰ ਲਈ), ਕੀਤੇ ਜਾਣ ਵਾਲੇ ਕੰਮਾਂ ਨੂੰ ਕਰਮ-ਕਾਂਡ ਕਿਹਾ ਜਾਂਦਾ ਹੈ।**ਗੁਰਮਤਿ ਫ਼ਲਸਫ਼ਾ ਕਿਸੇ ਵੀ ਕਿਸਮ ਦੇ ਕਰਮ-ਕਾਂਡ ਤੇ ਵਹਿਮ-ਭਰਮ ਨੂੰ ਮੁੱਢੋਂ ਹੀ ਰੱਦ ਕਰਦਾ ਹੈ।** ਸਿੱਖ ਕੌਮ ਅੰਦਰ ਇਨ੍ਹਾਂ ਗੁਰਮਤਿ-ਵਿਰੋਧੀ ਕਾਰਵਾਈਆਂ ਨੂੰ ਪ੍ਰਚੱਲਤ ਕਰਨ ਲਈ, ਪ੍ਰਮੁੱਖ ਤੌਰ 'ਤੇ, ਬ੍ਰਾਹਮਣਵਾਦ ਅਤੇ ਬ੍ਰਾਹਮਣਵਾਦ ਦੇ ਸਹਾਇਕ ਨਕਲੀ 'ਸੰਤ-ਬਾਬੇ' ਆਦਿ ਹੀ ਜ਼ਿੰਮੇਵਾਰ ਹਨ।

ਕਰਮ ਕਾਂਡ ਬਹੁ ਕਰਹਿ ਅਚਾਰ ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥

(ਮ.੩, ੧੬੨)

ਭਾਵ:ਜੇਹੜੇ ਮਨੁੱਖ (ਜਨਮ, ਜਨੇਊ, ਵਿਆਹ, ਮਰਨ-ਕਿਰਿਆ ਆਦਿਕ ਸਮੇਂ ਸ਼ਾਸਤ੍ਰਾਂ ਅਨੁਸਾਰ, ਮੰਨੇ ਹੋਏ) ਧਾਰਮਿਕ ਕਰਮ ਕਰਦੇ ਹਨ ਤੇ ਹੋਰ ਅਨੇਕਾਂ ਧਾਰਮਿਕ ਰਸਮਾਂ ਕਰਦੇ ਹਨ, ਉਹ ਪਰਮਾਤਮਾ ਦੇ ਨਾਮ ਤੋਂ ਵਾਂਝੇ ਰਹਿੰਦੇ ਹਨ, (ਇਹ ਕਰਮ-ਕਾਂਡ ਉਨ੍ਹਾਂ ਦੇ ਅੰਦਰ) ਅਹੰਕਾਰ (ਪੈਦਾ ਕਰਦਾ ਹੈ ਤੇ ਉਨ੍ਹਾਂ ਦਾ ਜੀਵਨ) ਫਿਟਕਾਰਯੋਗ ਹੀ ਰਹਿੰਦਾ ਹੈ।

੧੫ ਸੰਪਰਦਾਵਾਂ ਦੀ ਸਿੱਖੀ ?

ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ, ਸਿੱਖ ਕੌਮ ਅੰਦਰ ਸੰਪਰਦਾਵਾਂ ਨੂੰ ਵੀ ਮੁੱਢੋਂ ਹੀ ਰੱਦ ਕਰਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨਾਲੋਂ ਟੁੱਟੇ ਹੋਏ ਸਿੱਖ ਕੌਮ ਦੇ

ਕਾਫ਼ੀ ਵੱਡੇ ਹਿੱਸੇ ਦਾ ਨਕਲੀ ਸੰਤਾਂ/ਨਕਲੀ ਬ੍ਰਹਮ-ਗਿਆਨੀਆਂ ਨੇ, ਮੱਤ-ਪਰਿਵਰਤਨ (brain-wash) ਕਰ ਕੇ, ਇਨ੍ਹਾਂ ਨੂੰ ਆਪਣੇ ਨਾਲ ਜੋੜ ਲਿਆ ਹੈ, ਅਤੇ ਆਪੋ-ਆਪਣੀ 'ਸਿੱਖੀ-ਸੇਵਕੀ' ਕਾਇਮ ਕਰ ਲਈ ਹੈ।ਅਜਿਹਾ ਕਰ ਕੇ ਇਹ ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਇਨਕਲਾਬ ਨੂੰ ਪੁੱਠਾ ਗੇੜਾ ਦੇਈ ਜਾ ਰਹੇ ਹਨ ਅਤੇ ਇਨ੍ਹਾਂ ਵਿੱਚ ਕੁੱਝ ਇੱਕ ਦੇਹਧਾਰੀ-ਗੁਰੂ ਬਣ ਕੇ ਗੁਰੂ-ਡੰਮ ਦੇ ਪਖੰਡ ਨੂੰ ਵੀ ਬੜ੍ਹਾਵਾ ਦੇ ਰਹੇ ਹਨ। ਗੁਰਮਤਿ ਪ੍ਰਚਾਰ ਰਾਹੀਂ ਇਨ੍ਹਾਂ ਬਨਾਰਸੀ ਠੱਗਾਂ ਦਾ ਪਰਦਾਫ਼ਾਸ਼ ਕਰ ਕੇ ਹੀ ਇਨ੍ਹਾਂ ਨੂੰ ਅਜਿਹੀਆਂ ਗੁਰਮਤਿ-ਵਿਰੋਧੀ ਕਾਰਵਾਈਆਂ ਕਰਨ ਤੋਂ ਰੋਕਿਆ ਜਾ ਸਕਦਾ ਹੈ।

੧੬ ਕਰਮ-ਕਾਂਡੀ ਸੁਖਮਨੀ ਸੇਵਾ ਸੁਸਾਇਟੀਆਂ ਦਾ ਗੁਰਮਤਿ-ਕਰਨ

ਨਕਲੀ ਸਾਧਾਂ-ਸੰਤਾਂ ਦੀਆਂ ਗੁਮਰਾਹ ਕੀਤੀਆਂ ਸਿੱਖ ਬੀਬੀਆਂ ਕਰਮ-ਕਾਂਡੀ ਸੁਖਮਨੀ ਸੇਵਾ ਸੁਸਾਇਟੀਆਂ ਕਾਇਮ ਕਰੀ ਬੈਠੀਆਂ ਹਨ, ਜਿਨ੍ਹਾਂ ਵਿੱਚ ਸੁਖਮਨੀ ਬਾਣੀ ਦੇ ਰਸਮੀ-ਪਾਠ ਕਰ ਕੇ, ਕੜਾਹ-ਪ੍ਰਸ਼ਾਦ ਵਰਤਾ ਕੇ, ਇਹ ਭਰਮ ਪਾਲਿਆ ਜਾ ਰਿਹਾ ਹੈ ਕਿ ਅਜੇਹਾ ਕਰਨ ਨਾਲ ਕੌਮ ਅਤੇ ਮਨੁੱਖਤਾ ਦੀ ਬੜੀ ਸੇਵਾ ਕੀਤੀ ਜਾ ਰਹੀ ਹੈ। ਇਨ੍ਹਾਂ ਕਰਮ-ਕਾਂਡੀ ਸੁਸਾਇਟੀਆਂ ਨੂੰ ਭੰਗ ਕਰਨ ਦੀ ਬਜਾਏ ਇਨ੍ਹਾਂ ਦਾ ਗੁਰਮਤਿ-ਕਰਨ ਕਰਨਾ ਲਾਹੇਵੰਦ ਸਾਬਤ ਹੋਵੇਗਾ, ਯਾਨੀ ਕਿ ਇਨ੍ਹਾਂ ਦੇ ਸਮਾਗਮਾਂ ਵਿੱਚ ਸੁਖਮਨੀ ਬਾਣੀ ਦਾ ਸੰਪੂਰਨ ਪਾਠ ਕਰਨ ਦੀ ਬਜਾਏ ਇਸ ਬਾਣੀ (ਜਾਂ ਕਿਸੇ ਹੋਰ ਬਾਣੀ) ਦੀ ਇੱਕ (ਜਾਂ ਉਸ ਤੋਂ ਵੀ ਘੱਟ) ਅਸ਼ਟਪਦੀ ਦੇ ਅਰਥਾਂ ਦੀ ਲੜੀਵਾਰ ਵਿਚਾਰ ਕੀਤੀ ਜਾਇਆ ਕਰੇ।ਪਰ ਹੁਣ ਤੱਕ ਇਨ੍ਹਾਂ ਸੁਸਾਇਟੀਆ ਦੀਆ 'ਕਰਮ-ਕਾਂਡੀ ਕਾਰਵਾਈਆ' ਸਮਾਜ ਦੀ ਮਾਨਸਿਕਤਾ ਵਿੱਚ ਵਸ ਚੁੱਕੀਆ ਹਨ ਅਤੇ ਇਹ ਕੋਲ੍ਹੂ ਦੇ ਬਲਦ ਦੀ ਤਰ੍ਹਾਂ ਇੱਕੋ ਟਰੈਕ 'ਤੇ ਹੀ ਚਲਦੀਆਂ ਰਹਿਣਾ ਚਾਹੁੰਦੀਆ ਹਨ। ਇਸ ਬੀਮਾਰੀ ਦਾ ਇਲਾਜ ਵੀ ਇਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਪ੍ਰਤੀ ਜਾਗਰੂਕ ਕਰ ਕੇ ਹੀ ਕੀਤਾ ਜਾ ਸਕੇਗਾ।

ਸੁਖਮਨੀ ਸੇਵਾ ਸੁਸਾਇਟੀਆਂ ਹੀ ਕਿਉਂ ?

'ਸੁਖਮਨੀ' ਬਾਣੀ ਵਿੱਚ 'ਸਾਧ', 'ਬ੍ਰਹਮਗਿਆਨੀ' ਅਤੇ 'ਸੰਤ' ਦੀ ਅਧਿਆਤਮਕ ਅਵੱਸਥਾ ਬਾਰੇ ਇੱਕ-ਇੱਕ ਸੰਪੂਰਨ ਅਸ਼ਟਪਦੀ ਅੰਕਿਤ ਕੀਤੀ ਹੋਈ ਹੈ। ਨਕਲੀ ਸੰਤ-ਬਾਬੇ ਇਨ੍ਹਾਂ ਅਸ਼ਟਪਦੀਆਂ ਨੂੰ ਆਪਣੇ ਉੱਪਰ ਘਟਾ ਕੇ ਪੇਸ਼ ਕਰਨ ਲਈ (ਯਾਨੀ ਕਿ ਆਪਣੇ ਆਪ ਨੂੰ ਇਨ੍ਹਾਂ ਅਧਿਆਤਮਕ ਅਵੱਸਥਾਵਾਂ ਤੱਕ ਪਹੁੰਚੇ ਹੋਏ ਸਾਬਤ ਕਰਨ ਲਈ) ਬੀਬੀਆਂ ਨੂੰ ਇਸ ਬਾਣੀ ਦਾ ਪਾਠ ਬਾਰ-ਬਾਰ ਕਰਨ ਲਈ ਪ੍ਰੇਰਦੇ ਹਨ ਤਾਕਿ ਇਹ ਭੋਲੀਆ ਬੀਬੀਆਂ ਇਨ੍ਹਾਂ ਨਕਲੀ ਸੰਤਾਂ ਨੂੰ ਸੱਚ-ਮੁੱਚ ਹੀ ਪਰਮਾਤਮਾ ਤੱਕ ਪਹੁੰਚੇ ਹੋਏ ਸਮਝ ਕੇ ਇਨ੍ਹਾਂ

ਦੀ ਸੇਵਾ ਕਰ ਕੇ ਆਪਣਾ ਜੀਵਨ ਸਫ਼ਲ ਕਰ ਲੈਣ ਅਤੇ ਇਹ ਬਾਨਾਰਸੀ ਠੱਗ ਇਨ੍ਹਾਂ ਦਾ ਹਰ ਪੱਖ ਤੋਂ ਆਸਾਨੀ ਨਾਲ ਸ਼ੋਸ਼ਣ ਕਰ ਸਕਣ। ਇਥੇ ਇਸ ਹਕੀਕਤ ਨੂੰ ਵੀ ਸਪੱਸ਼ਟ ਕਰਨ ਦੀ ਲੋੜ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ੧੪੨੯ ਪੰਨਿਆਂ ਤੇ ਅੰਕਿਤ ਬਾਣੀ '੧ਓ' ਤੋਂ ਲੈ ਕੇ, 'ਤਨ ਮਨ ਥੀਵੈ ਹਰਿਆ' ਤੱਕ), ਅੰਮ੍ਰਿਤ-ਨਾਮ ਨਾਲ ਭਰਪੂਰ ਹੈ ਅਤੇ ਅਲੱਗ-ਅਲੱਗ ਬਾਣੀਆਂ ਵਿੱਚ ਵਿਤਕਰਾ ਕਰਨਾ ਮਨਮਤਿ ਹੈ।

17. ਸਿੱਖ ਕੌਮ ਦੀ ਲਗਾਤਾਰ ਘਟ ਰਹੀ ਗਿਣਤੀ

ਭਾਰਤ ਸਰਕਾਰ ਦੇ ਜਨ-ਗਣਨਾ ਵਿਭਾਗ ਵਲੋਂ ਆਬਾਦੀ ਦੇ ਵਾਧੇ-ਘਾਟੇ (Rate of increase-decrease) ਬਾਰੇ ਜਾਰੀ ਕੀਤੇ ਵੇਰਵੇ ਦੀ ਨਕਲ ਹੇਠਾਂ ਦਿੱਤੀ ਜਾ ਰਹੀ ਹੈ:

ਧਾਰਮਕ ਫ਼ਿਰਕੇ	1961-71	1971-81	1981-91	1991-2001
ALL	24.8	24.8	23.8	21.5
HINDUS	23.4	24.2	22.8	20.0
Muslims	31.2	30.8	32.9	29.3
Sikhs	32.0	26.2	25.5	16.9
Budhists	17.0	25.4	36.0	23.2
Jains	28.5	23.7	4.0	26.0
Others	97.8	26.6	13.2	111.3

Sources:(Census of India 2001)

ਇਹ ਇੱਕ ਅਟੱਲ ਸਚਾਈ ਹੈ ਕਿ ਕੌਮਾਂ ਨੂੰ ਵਧਦਾ-ਫੁਲਦਾ ਰਹਿਣ ਲਈ ਜਿੱਥੇ ਗੁਣਵੱਤਾ **(Quality)** ਨਿਹਾਇਤ ਜ਼ਰੂਰੀ ਹੁੰਦੀ ਹੈ, ਉੱਥੇ ਗਿਣਤੀ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ- ਨਾ ਤਾਂ ਇਕੱਲੀ ਗੁਣਵੱਤਾ ਅਤੇ ਨਾ ਹੀ ਇਕੱਲੀ ਗਿਣਤੀ ਕੌਮਾਂ ਦਾ ਭਵਿੱਖ ਉੱਜਲ ਕਰ ਸਕਦੀ ਹੈ। ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਨੇ ੨੩੯ ਸਾਲ ਦੀ ਸਖ਼ਤ ਘਾਲਣਾ ਘਾਲ ਕੇ (ਲਾਸਾਨੀ ਸ਼ਹਾਦਤਾਂ ਦੇ ਕੇ, ਸਰਬੰਸ ਤੱਕ ਵਾਰ ਕੇ) ਸਿੱਖ ਦੇ ਰੂਪ ਵਿੱਚ ਇੱਕ ਨਮੂੰਨੇ ਦਾ (ਆਦਰਸ਼ਕ) ਇਨਸਾਨ ਸਿਰਜਿਆ ਸੀ, ਜਿਸ ਨੇ ਪ੍ਰਭੂ -ਪਿਤਾ ਵੱਲੋਂ ਸਾਜੀ ਕੁਦਰਤਿ ਦੇ ਅਟੱਲ ਰੱਬੀ-ਨਿਯਮਾਂ ਦੀ ਪਾਲਣਾ ਕਰਦੇ ਹੋਏ (ਹੁਕਮਿ ਰਜ਼ਾਈ ਚਲਦੇ ਹੋਏ),ਪਰਮੇਸ਼ਰ ਦੇ ਨਿਰਮਲ-ਭਉ ਵਿਚ ਰਹਿੰਦਿਆਂ ਹੋਇਆਂ, ਸਮੁੱਚੇ ਸੰਸਾਰ ਅੰਦਰ,ਪੜਾਅ-ਦਰ-ਪੜਾਅ, ਸਦੀਵਕਾਲੀ ਰੱਬੀ-ਰਾਜ (ਹਲੇਮੀ ਰਾਜ) ਦੀ ਸਥਾਪਨਾ ਕਰਨੀ ਹੈ। ਇਹ ਜ਼ਿੰਮੇਵਾਰੀ ਤਦ ਹੀ ਨਿਭਾਈ ਜਾ ਸਕੇਗੀ ਜੇਕਰ ਅਸਲੀ ਸਿੱਖਾਂ ਦੀ

(ਵਿਖਾਵੇ ਦੇ ਸਿੱਖਾਂ ਦੀ ਨਹੀਂ) ਗਿਣਤੀ ਵੀ ਸਮੁੱਚੇ ਸੰਸਾਰ ਅੰਦਰ ਲੋੜੀਂਦੀ ਹੱਦ ਤੱਕ ਵਧਦੀ ਰਹੇਗੀ। ਪਰ ਉੱਪਰਲੇ ਚਾਰਟ ਵਿੱਚ ਸਿੱਖਾਂ ਬਾਰੇ ਦਰਜ਼ ਕੀਤੇ ਅੰਕੜੇ ਦਰਸਾ ਰਹੇ ਹਨ ਕਿ ਸਮਾਂ ਬੀਤਣ ਨਾਲ ਸਿੱਖ ਕੌਮ ਦੀ ਗਿਣਤੀ ਵਧਣ ਦੀ ਬਜਾਏ ਘਟਦੀ ਹੀ ਜਾ ਰਹੀ ਹੈ, ਜਿਸ ਬਾਰੇ ਕੌਮੀ ਪੱਧਰ ਤੇ ਵਿਚਾਰ ਕਰ ਕੇ ਯੋਗ ਕਾਰਵਾਈ ਤੁਰੰਤ ਹੀ ਕਰਨ ਦੀ ਲੋੜ ਹੈ। ਇਸ ਕੌਮੀ ਸਮੱਸਿਆ ਦੇ ਕਾਰਨਾਂ ਨੂੰ ਸਮਝ ਕੇ ਹੀ ਯੋਗ ਕਾਰਵਾਈ ਕੀਤੀ ਜਾ ਸਕਦੀ ਹੈ।ਇਸ ਦਾ ਮੁੱਖ ਕਾਰਨ ਹੈ:

(ੳ) **ਸਰਕਾਰ ਵੱਲੋਂ ਕੀਤਾ ਜਾ ਰਿਹਾ ਪ੍ਰਾਪੇਗੰਡਾ, 'ਛੋਟਾ ਪਰਿਵਾਰ, ਸੁਖੀ ਪਰਿਵਾਰ'।**

<u>ਟਿੱਪਣੀ</u>: ਜੇਕਰ ਸਮੁੱਚੀ ਮਨੁੱਖਤਾ ਹੀ ਇਸ ਨਾਅਰੇ ਨੂੰ ਅਮਲੀ ਤੌਰ 'ਤੇ ਅਪਣਾ ਲਵੇ ਤਾਂ ਕੋਈ ਮਾੜੀ ਗੱਲ ਨਹੀਂ। ਪਰ ਲਗਦਾ ਹੈ ਕਿ ਸਿਰਫ਼ ਸਿੱਖ ਕੌਮ ਨੇ ਹੀ ਇਸ ਗੁਮਰਾਹਕੁਨ ਨਾਅਰੇ ਨੂੰ, ਕੌਮ ਦੇ ਭਵਿੱਖ ਨੂੰ ਮੁਕੰਮਲ ਤੌਰ 'ਤੇ ਨਜ਼ਰ-ਅੰਦਾਜ਼ ਕਰ ਕੇ, ਅਪਣਾ ਲਿਆ ਹੈ। ਕਿਉਂ ?

(ਅ) ਸ਼ਾਇਦ ਸਿੱਖਾਂ ਦੀ ਇਹ ਸੋਚ ਬਣਦੀ ਜਾ ਰਹੀ ਹੈ ਕਿ ਇੱਕ ਜਾਂ ਦੋ ਬੱਚਿਆਂ ਦੀ ਵਧੀਆ ਪੜ੍ਹਾਈ-ਲਿਖਾਈ ਕਰਾ ਕੇ, ਉਨ੍ਹਾਂ ਦਾ ਵਧੀਆ ਭਵਿੱਖ ਸਿਰਜਿਆ ਜਾ ਸਕਦਾ ਹੈ ਅਤੇ ਆਪਣੀ ਜਾਇਦਾਦ ਵਿੱਚ ਪੈਣ ਵਾਲੀਆਂ ਵੰਡੀਆਂ ਤੋਂ ਬਚਿਆ ਜਾ ਸਕਦਾ ਹੈ।

"**ਟਿੱਪਣੀ**: ਇੱਕ ਬੱਚੇ ਵਾਲੇ ਗਿਣਤੀ ਦੇ ਚੰਦ ਅਮੀਰਾਂ ਨੇ ਹੁਣ ਤੱਕ ਕਿੰਨੇ ਕੁ ਡਾਕਟਰ, ਇੰਨਜੀਨੀਅਰ, ਪ੍ਰੋਫੈਸਰ, ਵਿਦਵਾਨ, ਵਿਗਿਆਨੀ, ਜੱਜ ਜਾਂ ਵੱਡੇ ਅਫ਼ਸਰ ਬਣਾਏ ਹਨ ? **ਅੰਕੜੇ ਦਸਦੇ ਹਨ ਕਿ ਗ਼ਰੀਬ ਪ੍ਰੀਵਾਰਾਂ ਦੇ ਬੱਚੇ ਹੀ ਸਖ਼ਤ ਮਿਹਨਤ ਕਰ ਕੇ ਤਰੱਕੀ ਕਰਦੇ ਹਨ। ਇਹ ਜ਼ਰੂਰੀ ਨਹੀਂ ਕਿ ਇੱਕ ਬੱਚਾ ਜਾਇਦਾਦ ਨਹੀਂ ਵੇਚੇਗਾ।** ਇਹ ਤਾਂ ਉਸ ਦੀ ਸੋਚ ਉੱਤੇ ਨਿਰਭਰ ਕਰਦਾ ਹੈ ਅਤੇ ਸੋਚ ਬੱਚੇ ਦੀ ਸੁਸਾਇਟੀ ਉੱਤੇ ਨਿਰਭਰ ਕਰਦੀ ਹੈ। ਅੱਜ ਕਲ ਬੱਚੇ ਨੂੰ ਚੰਗੀ ਸੁਸਾਇਟੀ ਦੇਣਾ ਵੀ ਤਾਂ ਇੱਕ ਵੱਡੀ ਸਮੱਸਿਆ ਹੈ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਥੋੜ੍ਹੇ ਬੱਚਿਆਂ ਦੀ ਚੰਗੀ ਤੇ ਛੇਤੀ ਸੰਭਾਲ ਹੋ ਸਕਦੀ ਹੈ। ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ **ਜੇਕਰ ਕੌਮ ਛੋਟੀ ਹੋਵੇਗੀ ਤਾਂ ਉਸ ਦਾ ਨੁਕਸਾਨ ਵੀ ਛੇਤੀ ਹੀ ਹੋਵੇਗਾ। ਫ਼ਿਰ ਚੰਗੀ ਸੰਭਾਲ ਕੀ ਕਰੇਗੀ, ਜੇਕਰ ਜ਼ਮਾਨੇ ਦੀ ਹਵਾ ਕਰ ਕੇ ਬੱਚਾ ਹੀ ਹੱਥੋਂ ਨਿਕਲ ਗਿਆ? ਜ਼ਰਾ ਠੰਢੇ ਦਿਮਾਗ਼ ਨਾਲ ਸੋਚੋ, ਰੱਬ ਨਾ ਕਰੇ, ਜੇ ਕਿਧਰੇ ਇੱਕ ਬੱਚੇ ਨੂੰ ਕਿਸੇ ਹਾਦਸੇ, ਬੀਮਾਰੀ, ਝਗੜੇ ਜਾਂ ਤਨਾਉ ਕਾਰਨ ਖੁਦਕਸ਼ੀ, ਕੁਦਰਤੀ ਭਾਣੇ ਕਾਰਨ ਕੋਈ ਅਬੀ-ਨਬੀ ਹੋ ਜਾਵੇ ਤਾਂ ਫਿਰ ਮਾਪਿਆਂ ਦੀ ਜਾਇਦਾਦ ਦਾ ਮਾਲਕ ਕੌਣ ਬਣੇਗਾ? ਅਜਿਹੇ ਬਦਨਸੀਬ ਮਾਪਿਆਂ ਦੀ ਪਿਛਲੀ ਉਮਰ ਕਿਵੇਂ ਬਤੀਤ ਹੋਵੇਗੀ ?**

ਅੱਜ ਕਲ ਬੁਢੇਪੇ ਵਿੱਚ ਆਪਣੇ ਜਨਮੇ ਹੋਏ ਬੱਚੇ ਵੀ (ਕਈ ਵਾਰ) ਸੇਵਾ ਨਹੀਂ ਕਰਦੇ, ਫਿਰ ਜਦ ਆਪਣਾ ਹੋਵੇਗਾ ਹੀ ਕੋਈ ਨਹੀਂ ਤਾਂ ਫਿਰ ਰੁਲ-ਰੁਲ ਕੇ ਮਰਨ ਤੋਂ ਸਿਵਾ ਹੋਰ ਕੀ ਚਾਰਾ ਰਹਿ ਜਾਵੇਗਾ ? ਪਰ ੨-੩ ਬੱਚਿਆਂ ਨੂੰ ਜਨਮ ਦੇਣ ਦੀ ਸੂਰਤ ਵਿੱਚ ਅਜਿਹਾ ਕੁਝ ਵੀ ਨਹੀਂ ਵਾਪਰ ਸਕਦਾ (ਵਾਪਰਨ ਦੀ ਸੰਭਾਵਨਾ ਜੇ ਕਰ ਖ਼ਤਮ ਨਹੀਂ ਹੋਵੇਗੀ ਤਾਂ ਘਟ ਤਾਂ ਜ਼ਰੂਰ ਹੀ ਜਾਵੇਗੀ)। **ਇਸ ਲਈ ਜ਼ਮੀਨ, ਜਾਇਦਾਦ, ਦੁਕਾਨ, ਮਕਾਨ, ਕੋਠੀ, ਕਾਰਾਂ, ਫੈਕਟਰੀਆਂ ਦੀ ਵੰਡ ਹੋਣ ਤੋਂ ਡਰ ਕੇ, ਇੱਕ (ਜਾਂ ਦੋ) ਬੱਚੇ ਤੱਕ ਆਪਣੇ ਪ੍ਰਵਾਰ ਨੂੰ ਸੀਮਤ ਰੱਖਣਾ, ਸਿਵਾਏ ਮੂਰਖਤਾ ਤੋਂ ਹੋਰ ਕੁਝ ਵੀ ਨਹੀਂ ਹੈ।**

ਪ੍ਰੀਵਾਰ ਛੋਟਾ ਰੱਖਣ ਨਾਲੋਂ, ਫ਼ਜ਼ੂਲ ਖਰਚੀ ਘੱਟ ਕਰੋ, ਵਿਆਹ ਤੇ ਹੋਰ ਘਰੇਲੂ ਪ੍ਰੋਗਰਾਮਾਂ 'ਤੇ ਬਿਨਾ ਸੋਚੇ-ਵਿਚਾਰੇ ਪੈਸਾ ਬਰਬਾਦ ਨਾ ਕਰੋ, ਦੂਜਿਆਂ ਦੀ ਦੇਖਾ-ਦੇਖੀ ਝੂਠੀ ਸ਼ਾਨ ਬਣਾਉਣ ਲਈ ਆਪਣਾ ਘਰ ਨਾ ਲੁਟਾਉ। ਘਰ ਪਰਿਵਾਰ ਵਿੱਚ ਨਸ਼ੇ ਨਾ ਵੜਨ ਦਿਉ। ਇਸ ਤਰ੍ਹਾਂ ਦੇ ਰਹਿਣ-ਸਹਿਣ ਨਾਲ, (ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰ ਕੇ ਅਤੇ ਸਬਰ ਸੰਤੋਖ ਦੇ ਧਾਰਨੀ ਬਣ ਕੇ) ਤਿੰਨ-ਚਾਰ ਬੱਚਿਆਂ ਦੀ ਪਾਲਣਾ ਬੜੇ ਚੰਗੇ ਢੰਗ ਨਾਲ ਹੋ ਸਕੇਗੀ।

ਇੱਕ ਬੱਚੇ ਵਾਲੇ ਪਰਿਵਾਰਾਂ ਦਾ ਭਵਿੱਖ

ਜੇਕਰ 16 ਪਰਿਵਾਰ ਆਪਣਾ ਇੱਕ-ਇੱਕ ਬੱਚਾ ਹੀ ਰੱਖਣਾ ਚਾਹੁੰਦੇ ਹਨ ਤਾਂ ਚੌਥੀ ਪੁਸ਼ਤ ਵਿੱਚ ਪਹੁੰਚਦੇ-ਪਹੁੰਚਦੇ ਉਨ੍ਹਾਂ ਦਾ ਕੇਵਲ ਇੱਕ ਪਰਿਵਾਰ ਹੀ ਬਚਦਾ ਹੈ। ਇਸ ਤਰ੍ਹਾਂ ਸਿੱਖ ਕੌਮ ਸੁੰਘੜ-ਸੁੰਘੜ ਕੇ ੧੫ ਗੁਣਾਂ ਛੋਟੀ ਹੋ ਜਾਵੇਗੀ। ਜਿਹੜਾ ਇੱਕ ਪਰਿਵਾਰ ਬਚੇਗਾ,ਉਸ ਦਾ ਅਗਾਂਹ ਕੀ ਬਣੇਗਾ, ਇਹ ਤਾਂ ਕੇਵਲ ਪ੍ਰਮਾਤਮਾ ਹੀ ਜਾਣਦਾ ਹੈ, ਪਰ ਮਨੁੱਖੀ ਅਕਲ ਇਥੇ ਆ ਕੇ ਸਾਡੇ ਸਿੱਖਾਂ ਦੀ ਸੋਚਣੀ 'ਤੇ ਜ਼ਰੂਰ ਹੀ ਰੋਣ-ਹਾਕੀ ਹੋ ਕੇ ਰਹਿ ਜਾਵੇਗੀ। ਆਪਣੀਆਂ ਅੱਖਾਂ ਖੋਲ੍ਹਣ ਲਈ ਇਹ ਚਾਰਟ ਧਿਆਂਨ ਨਾਲ ਦੇਖੋ ਤੇ ਸਮਝੋ:


ਮੰਨ ਲਵੋ ਸਾਡੀ ਮੌਜੂਦਾ ਆਬਾਦੀ ਕੇਵਲ 16 ਪਰਿਵਾਰਾਂ ਦੀ ਹੈ।

ਅਗਲੀ ਪੁਸ਼ਤ ਦੀ ਆਬਾਦੀ ਕੇਵਲ 8 ਪਰਿਵਾਰ ਰਹਿ ਜਾਵੇਗੀ।

ਦੂਜੀ ਪੁਸ਼ਤ ਦੀ ਆਬਾਦੀ ਕੇਵਲ 4 ਪਰਿਵਾਰ ਰਹਿ ਜਾਵੇਗੀ।

ਤੀਜੀ ਪੁਸ਼ਤ ਦੀ ਆਬਾਦੀ ਕੇਵਲ 2 ਪਰਿਵਾਰ ਰਹਿ ਜਾਵੇਗੀ।


ਚੌਥੀ ਪੁਸ਼ਤ ਦੀ ਆਬਾਦੀ ਕੇਵਲ 1 ਪਰਿਵਾਰ ਰਹਿ ਜਾਵੇਗੀ ਅਤੇ ਇਸ ਤੋਂ ਅੱਗੇ ਸਾਡਾ ਕੀ ਬਣੇਗਾ ?



ਦੋ ਬੱਚਿਆਂ ਵਾਲੇ ਪਰਿਵਾਰਾਂ ਦਾ ਭਵਿੱਖ


ਜੇਕਰ 16 ਪਰਿਵਾਰ ਆਪਣੇ ਦੋ-ਦੋ ਬੱਚਿਆਂ ਨੂੰ ਜਨਮ ਦੇਣ ਦੇ ਰੁਝਾਨ ਨੂੰ ਚੌਥੀ ਪੁਸ਼ਤ ਤਕ ਕਾਇਮ ਰਖਦੇ ਹਨ ਤਾਂ ਹਰ ਪੁਸ਼ਤ ਵਿੱਚ ਉਨ੍ਹਾਂ ਦੇ ਪਰਿਵਾਰਾਂ ਦੀ ਗਿਣਤੀ 16 ਹੀ ਰਹੇਗੀ।

ਹੇਠਲਾ ਚਾਰਟ ਦੇਖੋ:




ਤਿੰਨ ਬੱਚਿਆਂ ਵਾਲੇ ਪਰਿਵਾਰਾਂ ਦਾ ਭਵਿੱਖ


ਜੇਕਰ 16 ਪਰਿਵਾਰ ਆਪਣੇ ਤਿੰਨ-ਤਿੰਨ ਬੱਚਿਆਂ ਨੂੰ ਜਨਮ ਦੇਣ ਦਾ ਰੁਝਾਨ ਬਣਾ ਲੈਣ ਤਾਂ ਚੌਥੀ ਪੁਸ਼ਤ ਵਿੱਚ ਪਹੁੰਚ ਕੇ ਇਹ 81 ਪਰਿਵਾਰ ਬਣ ਜਾਂਦੇ ਹਨ। ਇਸ ਤਰ੍ਹਾਂ ਸਿੱਖ ਕੌਮ ਦੀ ਫੁਲਵਾੜੀ ਵਿੱਚ ਕੁਝ ਵਾਧਾ ਹੋ ਜਾਵੇਗਾ। ਹੇਠਲਾ ਚਾਰਟ ਦੇਖੋ:



ਚਾਰ ਬੱਚਿਆਂ ਵਾਲੇ ਪਰਿਵਾਰਾਂ ਦਾ ਭਵਿੱਖ

ਮੰਨ ਲਵੋ 16 ਪਰਿਵਾਰ ਫੈਸਲਾ ਕਰਦੇ ਹਨ ਕਿ ਸਿੱਖ ਕੌਮ ਦੀ ਗਿਣਤੀ, ਦੂਜੀਆਂ ਕੌਮਾਂ ਦੇ ਮੁਕਾਬਲੇ ਬਹੁਤ ਥੋੜ੍ਹੀ ਹੈ, ਇਸ ਲਈ ਉਨ੍ਹਾਂ ਦਾ ਹਰ ਇੱਕ ਪਰਿਵਾਰ ਚਾਰ-ਚਾਰ ਬੱਚਿਆਂ ਨੂੰ ਜਨਮ ਦਵੇਗਾ। ਇਸ ਤਰ੍ਹਾਂ 16 ਪਰਿਵਾਰ ਚੌਥੀ ਪੁਸ਼ਤ ਤੱਕ ਪਹੁੰਚ ਕੇ 256 ਪਰਿਵਾਰਾਂ ਦਾ ਬਾਗ ਪਰਿਵਾਰ ਖਿੜ ਪੈਂਦਾ ਹੈ। ਜਿਵੇਂ ਚਾਰਟ ਦਰਸਾ ਰਿਹਾ ਹੈ।





ਸੰਨ 1975 ਵਿੱਚ ਭਾਰਤ ਦੀ ਆਬਾਦੀ ਕਰੀਬ ਸੱਤਰ ਕਰੋੜ ਸੀ। ਇਸ ਵਿੱਚ ਦੋ ਕਰੋੜ ਸਿੱਖ ਸਨ। ਅੱਜ ਭਾਰਤ ਦੀ ਆਬਾਦੀ ਵੱਧ ਕੇ ਤਕਰੀਬਨ ਇੱਕ ਸੌ ਵੀਹ ਕਰੋੜ ਹੋ ਗਈ ਹੈ। ਸਿੱਖਾਂ ਦੀ ਆਬਾਦੀ ਵੱਧਣੀ ਤਾਂ ਦੂਰ ਦੀ ਗੱਲ, ਸਗੋਂ ਘੱਟ ਕੇ ਡੇਢ ਕਰੋੜ ਰਹਿ ਗਈ ਹੈ, ਇਸ ਵਿੱਚ ਮੋਨੇ ਹੋ ਜਾਣ ਵਾਲੇ ਸਿੱਖਾਂ ਦੀ ਗਿਣਤੀ ਵੀ ਸ਼ਾਮਿਲ ਹੈ।

ਵਿਰੋਧੀਆਂ ਨੂੰ ਖੁਸ਼ੀ

ਸਿੱਖ-ਵਿਰੋਧੀ ਤਾਕਤਾਂ ਨੂੰ ਆਸ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਸਿੱਖ ਖੁਦ ਹੀ ਸਭ ਖ਼ਤਮ ਹੋ ਜਾਣਗੇ। ਕੇਵਲ 50-100 ਸਾਲਾਂ ਦੀ ਗੱਲ ਹੈ। ਜਦ ਇਹ ਬਿਲਕੁਲ ਹੀ ਨਾ-ਮਾਤਰ, ਅਮੀਰ, ਡਰਪੋਕ, ਘੱਟ ਗਿਣਤੀ ਵਿੱਚ ਰਹਿ ਜਾਣਗੇ, ਤਾਂ ਇਨ੍ਹਾਂ ਨੂੰ ਖ਼ਤਮ ਹੋਏ ਹੀ ਸਮਝੋ।

ਇਹ ਗੱਲ ਯਾਦ ਰੱਖਣ ਵਾਲੀ ਹੈ ਕਿ 1947 ਵਿੱਚ, ਕਰੀਬ ਦੋ ਲੱਖ ਪਾਰਸੀ ਭਾਰਤ ਵਿੱਚ ਰਹਿੰਦੇ ਸਨ। ਆਪਣੀ ਅਮੀਰੀ ਅਤੇ ਐਸ਼ੋ-ਇਸ਼ਰਤ ਦੀ ਘੁੰਮਣਘੇਰੀ ਵਿੱਚ ਫਸ ਕੇ, ਉਹ ਵੀ ਇੱਕ-ਇੱਕ ਬੱਚੇ ਨੂੰ ਜਨਮ ਦੇਣ ਤੱਕ ਸੀਮਤ ਹੋ ਗਏ। ਜਿਸ ਕਰ ਕੇ ਅੱਜ ਉਹ ਬੜੀ ਮੁਸ਼ਕਲ ਨਾਲ ਢੂੰਢਿਆਂ ਕੋਈ ਇੱਕ-ਅੱਧ ਹੀ ਲੱਭਦਾ ਹੈ।ਸਿੱਖ ਜਗਤ ਵੀ ਪਾਰਸੀਆਂ ਵਾਲੇ ਰਾਹ ਪੈ ਗਿਆ ਹੈ। ਇਹ ਰਾਹ ਤਿਆਗਣ ਵਿੱਚ ਹੀ ਸਿੱਖ ਕੌਮ ਦੀ ਭਲਾਈ ਹੈ (ਅਸਲ ਵਿੱਚ ਮਨੁੱਖਤਾ ਦੀ ਭਲਾਈ ਵੀ ਇਸੇ ਵਿੱਚ ਹੈ)।

ਭਾਰਤ ਦੇ ਸੌ ਕਰੋੜ ਤੋਂ ਵੱਧ ਆਬਾਦੀ ਵਾਲੇ ਲੋਕਾਂ ਨੂੰ ਤਾਂ ਆਪਣੀ ਆਬਾਦੀ ਘਟਾਉਣ ਦੀ ਕੋਈ ਚਿੰਤਾ ਨਹੀਂ ਹੈ।ਪਰ ਸਾਰੀ ਚਿੰਤਾ (ਸਾਨੂੰ) ਦੋ ਕਰੋੜ ਤੋਂ ਘੱਟ ਨੂੰ ਪੈ ਗਈ ਹੈ।ਪਿਛਲੇ 40 ਕੁ ਸਾਲਾਂ ਵਿੱਚ ਅਸੀਂ (ਸਿੱਖਾਂ ਨੇ) ਆਪਣੀ ਕੌਮ ਲਈ ਹੁਣ ਤੱਕ ਕੀ ਪ੍ਰਾਪਤ ਕੀਤਾ ਹੈ? ਆਓ ਜ਼ਰਾ ਧਿਆਨ ਨਾਲ ਸੋਚੀਏ:

੧ ਰਾਜਸੀ ਧੱਕੇ, ਧਾਰਮਿਕ ਵਿਤਕਰੇ ਤੇ ਸਮਾਜਿਕ ਮਾਰਾਂ ਖਾਧੀਆਂ ਹਨ।
੨ 'ਪੰਜਾਬ ਗੁਰੂਆਂ ਦਾ' ਪਰ ਸਭ ਯਾਦਗਾਰਾਂ ਗ਼ੈਰ-ਸਿੱਖਾਂ ਦੀਆਂ ਬਣੀਆਂ।
੩ ਜਿਨ੍ਹਾਂ ਦੇ ਤਿਲਕ ਬਚਾਏ ਸਨ, ਉਹੀ ਸਾਡੀ ਨਸਲ ਮੁਕਾਉਣ 'ਤੇ ਲੱਗੇ ਹਨ।
੪ ਹੁਣ ਤਾਂ ਅਸੀਂ ਆਪ ਹੀ ਆਪਣੀ ਹੋਂਦ ਨੂੰ ਖ਼ਤਮ ਕਰਨ ਦੇ ਰਾਹ ਪੈ ਗਏ ਹਾਂ।
੫ ਆਪਣੀ ਆਬਾਦੀ ਵਿੱਚ ਲੱਖਾਂ ਦਾ ਘਾਟਾ ਪਾ ਕੇ ਦੂਜੇ ਸੂਬਿਆਂ ਦੇ ਏਨੇ ਹੀ ਲੋਕਾਂ ਨੂੰ ਪੰਜਾਬ ਵਿੱਚ ਆਉਣ ਅਤੇ ਕੰਮ ਕਰਨ ਦਾ ਸੱਦਾ ਦੇ ਦਿੱਤਾ ਹੈ।
੬ ਆਪਣੇ ਨੌਜਵਾਨ ਬੱਚਿਆਂ ਨੂੰ ਕੰਮ ਨਾ ਕਰਨ ਦੀ ਆਦਤ ਪਾ ਕੇ ਉਨ੍ਹਾਂ ਨੂੰ ਕਮਜ਼ੋਰ, ਨਸ਼ਈ ਤੇ ਨਿਕਾਰਾ ਬਣਾ ਕੇ ਆਪਣੀ ਹੋਂਦ ਹਸਤੀ ਨੂੰ ਖ਼ਤਰਾ ਪੈਦਾ ਕਰ ਲਿਆ ਹੈ।
੭ ਵਿਹਲੇ ਤੇ ਬੇ-ਰੁਜ਼ਗਾਰ ਨੌਜਵਾਨ ਨਸ਼ੇ ਕਰਨ, ਲੜਾਈਆਂ ਝਗੜੇ, ਚੋਰੀ ਡਾਕੇ ਮਾਰਨ ਵਰਗੇ ਗ਼ਲਤ ਕੰਮਾਂ ਵਿੱਚ ਪੈ ਕੇ ਬਰਬਾਦ ਹੋਣ ਲੱਗੇ ਹਨ। ਇਸ ਗੱਲ ਵਿੱਚ ਕੋਈ ਅਤਿ ਕਥਨੀ ਨਹੀਂ ਕਿ ਹੁਣ ਤੱਕ ਅਸੀਂ ਆਪਣੇ ਰਹਿਣ ਲਈ ਪੰਜਾਬ ਵਿੱਚ ਨਰਕ ਵਰਗਾ ਵਾਤਾਵਰਨ ਤਿਆਰ ਕਰ ਲਿਆ ਹੈ।
੮ ਅਪਣੀ ਜੱਦੀ-ਪੁਸ਼ਤੀ ਜ਼ਮੀਨ, ਜਾਇਦਾਦ ਗ਼ੈਰਾਂ ਨੂੰ ਵੇਚ ਵੱਟ ਕੇ ਆਪਣੇ ਵੱਡੇ ਵਡੇਰਿਆਂ ਦਾ ਨਾਂ-ਨਿਸ਼ਾਨ ਖ਼ਤਮ ਕਰ ਰਹੇ ਹਾਂ।

ਗਿਣਤੀ ਬਨਾਮ ਤਾਕਤ

ਜ਼ਰਾ ਸੋਚੋ। ਜੇ ਦੋ ਵੱਖ-ਵੱਖ ਕੌਮਾਂ ਦੇ ਲੋਕ, ਕਿਸੇ ਸ਼ਹਿਰ ਜਾਂ ਕਸਬੇ ਵਿੱਚ ਇਕੱਠੇ ਵੱਸ ਰਹੇ ਹੋਣ, ਇੱਕ ਦੇ ਸਿਰਫ਼ 6 ਪਰਿਵਾਰ ਹੋਣ ਅਤੇ ਦੂਜੀ ਦੇ 100 ਪਰਿਵਾਰ, ਅਤੇ ਪਹਿਲੀ ਕੌਮ ਦੇ 6 ਪਰਿਵਾਰ 4-4 ਬੱਚਿਆਂ ਨੂੰ ਜਨਮ ਦੇਂਦੇ ਹਨ। ਜਦਕਿ ਦੂਜੀ ਕੌਮ ਦੇ 100 ਪਰਿਵਾਰ 1-1 ਬੱਚੇ ਵਾਲੇ ਹਨ, ਤਾਂ ਚਾਰ ਪੁਸ਼ਤਾਂ ਪਿੱਛੋਂ 6 ਪਰਿਵਾਰਾਂ ਵਾਲੀ ਕੌਮ 100 ਹੋ ਜਾਵੇਗੀ, 100 ਪਰਿਵਾਰਾਂ ਵਾਲੀ ਕੌਮ ਘੱਟ ਕੇ 6 ਤੱਕ ਆ ਪਹੁੰਚੇਗੀ। ਇਥੇ ਕੁਝ ਗੱਲਾਂ ਵਿਚਾਰ ਕੇ ਆਪਣੇ ਕੋਲੋਂ ਉੱਤਰ ਮੰਗਣੇ ਜ਼ਰੂਰੀ ਹਨ:

੧ ਰਾਜ ਭਾਗ 100 ਵਾਲੇ ਕਰਨਗੇ ਕਿ 6 ਵਾਲੇ ?
੨ ਕੋਈ ਸਰਕਾਰ 100 ਲੋਕਾਂ ਦੀ ਗੱਲ ਸੁਣੇਗੀ ਜਾਂ 6 ਦੀ?
੩ ਇੱਜ਼ਤ ਰੋਹਬ ਤੇ ਸ਼ਾਨ ਦੋਹਾਂ ਵਿੱਚੋਂ ਕਿਸ ਦੀ ਵੱਧ ਹੋਵੇਗੀ?
੪ ਕਿਸੇ ਸਰਕਾਰ ਨੇ 100 ਲੋਕਾਂ ਨੂੰ ਖੁਸ਼ ਰੱਖਣਾ ਹੈ ਜਾਂ 6 ਨੂੰ?
੫ ਆਪਣੇ ਆਪ ਨੂੰ ਸੁਰੱਖਿਅਤ ਕੌਣ ਸਮਝੇਗਾ ?
੬ ਕਿਹੜੇ ਲੋਕਾਂ ਦੀ ਬੋਲੀ ਤੇ ਕਲਚਰ ਪ੍ਰਫੁੱਲਤ ਹੋਵੇਗਾ?

ਸੋ, ਇਨ੍ਹਾਂ ਪ੍ਰਸ਼ਨਾਂ ਦੇ ਜੋ ਉੱਤਰ ਹਨ, ਉਨ੍ਹਾਂ ਵਿੱਚ ਹੀ ਸਿੱਖ ਕੌਮ ਦੇ ਮੌਜੂਦਾ ਸੰਕਟ ਦਾ ਹੱਲ ਲੁਕਿਆ ਹੋਇਆ ਹੈ।

ਘਾਟਾ ਹੀ ਘਾਟਾ:

ਅਸੀਂ (ਸਿੱਖ) ਪਰਿਵਾਰ-ਨਿਯੋਜਨ ਦੇ ਬੜੇ ਪੱਕੇ ਧਾਰਣੀ ਹਾਂ ਕਿਉਂਕਿ ਸਾਡੇ ਲੋਕਾਂ ਨੂੰ ਅਮੀਰ ਬਣੇ ਰਹਿਣ ਦੀ ਤ੍ਰਿਸ਼ਨਾ ਦੂਜੀਆਂ ਕੌਮਾਂ ਨਾਲੋਂ ਜ਼ਿਆਦਾ ਵਧੇਰੇ ਹੈ।......ਇਸ ਮਾੜੇ ਰੁਝਾਨ ਨੂੰ ਤੁਰੰਤ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ। **ਕਈ ਪਰਿਵਾਰ ਐਸੇ ਹਨ ਜਿਨ੍ਹਾਂ ਦੀਆਂ ਕੋਠੀਆਂ ਤਾਂ ਹਨ ਪਰ ਉਨ੍ਹਾਂ ਵਿੱਚ ਰਹਿਣ ਵਾਲਾ ਕੋਈ ਇਨਸਾਨ ਨਹੀਂ ਹੈ। ਜ਼ਮੀਨਾਂ ਹਨ ਪਰ ਖੇਤੀ ਕਰਨ ਲਈ ਬੰਦੇ ਨਹੀਂ। ਵੱਡੇ-ਵੱਡੇ ਕਾਲਜ ਹਨ ਪਰ ਪੜ੍ਹਨ ਲਈ ਦੂਜੀਆਂ ਕੌਮਾਂ ਦੇ ਬੱਚੇ। ਵੱਡੇ-ਵੱਡੇ ਕਾਰੋਬਾਰ ਤਾਂ ਹਨ ਪਰ ਨੌਕਰਾਂ ਤੋਂ ਬਿਨਾਂ, ਕੰਮ ਕਰਨ ਵਾਸਤੇ ਘਰ ਦਾ ਕੋਈ ਬੰਦਾ ਨਹੀਂ। ਸੋਚੋ ... ਕਿਉਂ ? ਸੋਚੋ .... ਕਿਉਂ ?? ...... ਕੀ ਅਸੀਂ ਆਪਣੇ ਬੱਚਿਆਂ ਨਾਲੋਂ ਨੌਕਰਾਂ ਨੂੰ ਵੱਧ ਈਮਾਨਦਾਰ ਤੇ ਮਿਹਨਤੀ ਸਮਝਦੇ ਹਾਂ ? ਜਦਕਿ ਕਈ ਖ਼ਬਰਾਂ ਹਨ ਕਿ ਲਾਲਚੀ ਨੌਕਰ ਬਜ਼ੁਰਗਾਂ ਨੂੰ ਇੱਕਲਿਆਂ ਦੇਖ ਕੇ ਉਨ੍ਹਾਂ ਦਾ ਕਤਲ ਕਰ ਕੇ ਫਰਾਰ ਹੋ ਰਹੇ ਹਨ। ਘੱਟ ਤੋਂ ਘੱਟ ਆਪਣੇ ਬੱਚੇ ਅਜਿਹਾ ਤਾਂ ਨਹੀਂ ਕਰ ਸਕਦੇ।**

ਚਾਰ-ਚਾਰ ਨੌਕਰਾਂ ਦਾ ਪੇਟ ਪਾਲ ਸਕਦੇ ਹੋ! ਉਨ੍ਹਾਂ ਦੇ ਬੱਚਿਆਂ ਦੇ ਵਿਆਹ ਕਰ ਸਕਦੇ ਹੋ! ਤਾਂ ਜੇ ਤੁਹਾਡੇ ਬੱਚੇ ਹੋਣ, ਤਾਂ ਕੀ ਉਹ, ਨੌਕਰਾਂ ਨਾਲੋਂ ਵੀ ਮਾੜੇ ਹਨ? ਇੱਕ ਬੱਚੇ ਵਾਲੇ ਰਹਿ ਕੇ ਆਪਣੀ ਅਮੀਰੀ ਤਾਂ ਕੁਝ ਸਾਲਾਂ ਲਈ ਬਚਾ ਲਵੋਗੇ ਪਰ ਚਾਰ ਪੁਸ਼ਤਾਂ ਪਿੱਛੋਂ ਤੁਹਾਡੀ ਹੋਣ ਵਾਲੀ ਔਲਾਦ ਨੂੰ ਪਤਾ ਚੱਲੇਗਾ ਕਿ ਉਹ ਅਮੀਰ ਹੋ ਗਏ ਜਾਂ ਬਰਬਾਦ ਹੋ ਗਏ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ (ਮ.੧, ੪੧੭)

ਕੀ ਕੀਤਾ ਜਾਵੇ ?

੧ ਜਿਹੜੇ ਬੱਚੇ ਆਪਣੀ ਪੜ੍ਹਾਈ ਛੱਡ ਦੇਣ, ਉਨ੍ਹਾਂ ਨੂੰ ਹੱਥੀਂ ਕੰਮ ਸਿਖਾ ਕੇ, ਕੋਈ ਰੁਜ਼ਗਾਰ ਦਾ ਵਸੀਲਾ ਬਣਾ ਕੇ 21-22 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਸ਼ਾਦੀ ਕਰ ਦਿੱਤੀ ਜਾਣੀ ਚਾਹੀਦੀ ਹੈ। 25 ਜਾਂ 30 ਸਾਲ ਤੱਕ ਉਨ੍ਹਾਂ ਵੱਲ ਧਿਆਨ ਨਾ ਦੇਣਾ ਸਿਵਾਏ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਨ ਦੇ ਹੋਰ ਕੁਝ ਨਹੀਂ ਹੈ। ਫਿਰ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ।

੨ ਜਿਹੜੇ ਬੱਚੇ ਆਪਣਾ ਚੰਗਾ ਭਵਿੱਖ ਬਣਾਉਣ ਲਈ ਉਚੇਰੀ ਸਿੱਖਿਆ ਲੈਂਦੇ ਹਨ, ਉਨ੍ਹਾਂ ਦੀ ਸ਼ਾਦੀ ਕੁਝ ਨਿਸ਼ਚਿਤ ਸਮੇਂ ਲਈ ਅਗੇ ਪਾਈ ਜਾ ਸਕਦੀ ਹੈ।

੩ ਵਿਆਹ ਦੇ ਦੋ ਸਾਲ ਪਿੱਛੋਂ ਤੱਕ, ਪਹਿਲੇ ਬੱਚੇ ਦਾ ਜਨਮ ਜ਼ਰੂਰ ਹੋ ਜਾਣਾ ਚਾਹੀਦਾ ਹੈ।

੪ **ਬੱਚਿਆਂ ਦਰਮਿਆਨ ਜਨਮ-ਅੰਤਰ ਵੀ ਵੱਧ ਤੋਂ ਵੱਧ ਦੋ ਸਾਲ ਦਾ ਹੀ ਹੋਣਾ ਚਾਹੀਦਾ ਹੈ। ਇਸ ਜ਼ਰੂਰੀ ਅੰਤਰ ਨੂੰ ਨਜ਼ਰ-ਅੰਦਾਜ਼ ਕਰਨ ਵਾਲੇ ਜੋੜਿਆਂ ਨੂੰ ਪਿੱਛੋਂ ਪਛਤਾਉਣਾ ਹੀ ਪੈਂਦਾ ਹੈ।**

੫ **ਆਪਣੇ ਬੱਚਿਆਂ ਨੂੰ ਪਰਿਵਾਰਕ ਰੂਪ ਵਿੱਚ ਸਥਾਪਿਤ ਕਰਨ ਦੀ ਯੋਜਨਾ ਬਿਬੇਕ ਬੁੱਧੀ ਦੀ ਵਰਤੋਂ ਕਰ ਕੇ ਨੇਪਰੇ ਚਾੜ੍ਹਨੀ ਚਾਹੀਦੀ ਹੈ, ਨਾ ਕਿ ਰਾਮ-ਭਰੋਸੇ ਜਾਂ ਐਕਸੀਡੈਂਟਲ।**

ਤੁਹਾਡੀ ਸੁਚੱਜੀ ਪਰਿਵਾਰਕ ਯੋਜਨਾ ਨਾਲ ਕੇਵਲ ਤੁਹਾਡਾ ਆਪਣਾ ਭਵਿੱਖ ਹੀ ਨਹੀਂ ਜੁੜਿਆ ਹੋਇਆ,

ਇਸ ਨਾਲ ਸਿੱਖ ਕੌਮ ਦਾ ਭਵਿੱਖ ਵੀ ਜੁੜਿਆ ਹੋਇਆ ਹੈ"।{ਤਰਸੇਮ ਸਿੰਘ, ਚੇਅਰਮੈਨ,ਧਰਮ ਪ੍ਰਚਾਰ ਕਮੇਟੀ, ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ): ਸਿੱਖਾਂ ਦੀ ਘੱਟਦੀ ਆਬਾਦੀ 'ਚਿੰਤਾ ਦਾ ਵਿਸ਼ਾ'}

18- **ਕੌਮ ਦੇ ਅੰਦਰੂਨੀ ਸਿਧਾਂਤਕ ਮਤ-ਭੇਦਾਂ ਨੂੰ ਗੁਰਮਤਿ-ਜੁਗਤਿ ਨਾਲ ਦੂਰ ਕਰਨ ਦੀ ਬਜਾਏ ਪੱਥਰ-ਜੁੱਗ ਤੋਂ ਵੀ, ਘਟੀਆ ਹੱਥ-ਕੰਡਿਆਂ ਦੀ ਵਰਤੋਂ ਦਾ ਕੋਝਾ ਭਰਾ-ਮਾਰੂ ਰੁਝਾਨ**

ਗੁਰੂ ਗ੍ਰੰਥ ਸਾਹਿਬ ਜੀ, ਆਪਸੀ ਮਤ-ਭੇਦਾਂ ਨੂੰ ਦੂਰ ਕਰਨ ਲਈ, ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਅਨੁਸਾਰ, ਸਦਭਾਵਨਾ ਦੇ ਵਾਤਾਵਰਣ ਵਿੱਚ ਮਿਲ-ਬੈਠ ਕੇ, ਸਲੀਕੇ ਨਾਲ,ਦਲੀਲ ਦੇ ਆਧਾਰ 'ਤੇ, ਵਿਚਾਰ-ਵਟਾਂਦਰੇ ਦਾ ਸਿਧਾ-ਪੱਧਰਾ ਰਸਤਾ ਇੰਞ ਦਰਸਾਉਂਦੇ ਹਨ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥

(ਮ.੫, ੧੧੮੫)

ਪਰ ਅੱਜ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨਾਲੋਂ ਸਦੀਆਂ ਤੋਂ ਟੁੱਟੀ ਆ ਰਹੀ ਕੌਮ ਅਨੇਕਾਂ ਧੜਿਆਂ, ਸੰਪਰਦਾਵਾਂ ਅਤੇ ਆਪ-ਹੁਦਰੇ ਸੰਗਠਨਾਂ ਵਿੱਚ ਵੰਡੀ ਜਾ ਕੇ ਖੇਰੂੰ-ਖੇਰੂੰ ਹੋਈ ਪਈ ਹੈ। ਹਰ ਇੱਕ ਧਿਰ ਡਾਂਗ ਦੇ ਜ਼ੋਰ ਨਾਲ ਆਪਣੀ ਹੀ ਗੱਲ ਕੌਮ 'ਤੇ ਠੋਸਣਾ ਚਾਹੁੰਦੀ ਹੈ। ਕੌਮ ਨਾਲ ਗ਼ੱਦਾਰੀਆਂ ਕਰ ਕੇ ਆਪੋ-ਆਪਣੀਆਂ ਕੁਰਸੀਆਂ ਨੂੰ ਕਾਇਮ ਰੱਖਣ ਦੇ ਚਾਹਵਾਨ ਸਿਆਸੀ ਲੀਡਰ ਅਤੇ ਇਨ੍ਹਾਂ ਖ਼ੁਦਗਰਜ਼ ਸਿਆਸੀ ਲੀਡਰਾਂ ਦੇ ਬੇਜ਼ਰੀਦ ਪੁਜਾਰੀ ਤੇ ਪ੍ਰਧਾਨ ਸ਼੍ਰੋਮਣੀ ਗੁ: ਪ੍ਰ. ਕਮੇਟੀ ਆਦਿ ਆਪ-ਹੁਦਰੀਆਂ ਕਾਰਵਾਈਆਂ ਕਰ ਕੇ, ਕੌਮ ਵਿੱਚ ਖਾਨਾ-ਜੰਗੀ ਵਾਲਾ ਮਾਹੌਲ ਸਿਰਜਣ ਲੱਗੇ ਹੋਏ ਹਨ। ਕੌਮ ਦਾ ਇਹ ਗੁਰਮਤਿ ਵਿਰੋਧੀ ਅਤੇ ਸ਼ਰਮਨਾਕ ਮਾਹੌਲ ਸਮੁੱਚੇ ਸੰਸਾਰ ਵਿੱਚ ਸਤਿਗੁਰਾਂ ਵੱਲੋਂ ਅਥਾਹ ਕੁਰਬਾਨੀਆਂ ਦੇ ਕੇ ਸਿਰਜੀ ਆਦਰਸ਼ਕ ਸਿੱਖ ਕੌਮ ਦੇ ਸ਼ਾਨਾਂ-ਮੱਤੇ ਅਤੀਤ ਨੂੰ ਕਲੰਕਤ ਕਰ ਰਿਹਾ ਹੈ। **ਹੇ ਆਪੋ ਆਪਣੇ 'ਸੰਤਾਂ-ਬਾਬਿਆਂ', 'ਮਹਾਂਪੁਰਸ਼ਾਂ', 'ਪੂਰਨ ਬ੍ਰਹਮਗਿਆਨੀਆਂ' ਦੇ ਸ਼ਰਧਾਲੂਓ! ਸ਼ਾਤਰ ਰਾਜਨੀਤਕੋ ਤੁਹਾਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਅਰਸ਼ੀ ਦਾਤੇ ਗੁਰੂ ਨਾਨਕ ਸਾਹਿਬ ਦਾ ਦੁਨੀਆਂ ਵਿੱਚੋਂ**

ਨਾਮ ਬਦਨਾਮ ਨਾ ਕਰੋ !! ਤੁਹਾਡੀਆਂ ਸੰਪ੍ਰਦਾਵਾਂ, ਠਾਠਾਂ, ਟਕਸਾਲਾਂ, ਡੇਰਿਆਂ ਦੇ **ਬਾਨੀ ਗੁਰੂ ਨਾਨਕ ਸਾਹਿਬ ਤੋਂ ਵੱਡੇ ਨਹੀਂ ਹਨ !!!** ਸਾਡੇ (ਕੌਮ ਦੇ) ਵਿਰੋਧੀਆਂ ਨੂੰ ਕੌਮ ਦਾ ਅਜੋਕਾ ਗੁਰਮਤਿ-ਵਿਰੋਧੀ ਮਾਹੌਲ ਬਹੁਤ ਹੀ ਰਾਸ ਆ ਰਿਹਾ ਹੈ ਅਤੇ ਉਹ ਚਾਣਕੀਯ ਕੂਟਨੀਤੀ ਦੀ ਸਫ਼ਲਤਾ ਨਾਲ ਵਰਤੋਂ ਕਰ ਕੇ ਕੌਮ ਵਿੱਚ (ਸਿੱਖੀ ਸਰੂਪ ਵਿੱਚ) ਵਿੱਚਰ ਰਹੇ ਧਿਆਨ ਚੰਦ ਡੋਗਰਿਆਂ, ਪੂਰਬੀਏ ਬ੍ਰਾਹਮਣਾਂ (ਲਾਲ ਸਿਹੁੰ ਅਤੇ ਤੇਜ ਸਿਹੁੰ ਆਦਿ) ਦੀ ਵਰਤੋਂ ਕਰ ਕੇ ਕੌਮ ਦੀ ਹੋਂਦ ਨੂੰ ਹੀ ਮਲੀਆਮੇਟ ਕਰਨ ਤੇ ਤੁਲੇ ਹੋਏ ਹਨ। **ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ਲਸਫ਼ੇ ਨੂੰ ਮੁਕੰਮਲ ਤੌਰ 'ਤੇ ਸਮਰਪਿਤ ਹੋ ਕੇ ਹੀ ਇਸ ਗੰਭੀਰ ਕੌਮੀ ਸੰਕਟ ਵਿੱਚੋਂ ਨਿਕਲਿਆ ਜਾ ਸਕਦਾ ਹੈ।** ਇਸ ਸੰਕਟ 'ਚੋਂ ਕੌਮ ਨੂੰ ਕੱਢਣ ਲਈ ਵੀ ਗੁਰਦਵਾਰਾ ਸੰਸਥਾ ਨੇ ਹੀ ਭਰਵਾਂ ਯੋਗਦਾਨ ਪਾਉਣਾ ਹੈ।

19. **ਕੌਮੀ ਕੇਂਦਰੀ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਗੁਰਮਤਿ-ਵਿਰੋਧੀ ਅੰਸਰਾਂ ਦੀ ਗ਼ੁਲਾਮੀ 'ਚੋਂ ਆਜ਼ਾਦ ਕਰਵਾਉਣਾ**

ਕਾਫ਼ੀ ਅਰਸੇ ਤੋਂ, ਸਿੱਖ ਕੌਮ ਦੀਆਂ ਕੇਂਦਰੀ ਜਥੇਬੰਦੀਆਂ ਅਤੇ ਸੰਸਥਾਵਾਂ 'ਤੇ, ਸਿੱਖੀ ਸਰੂਪ ਵਿੱਚ, ਬ੍ਰਾਹਮਣਵਾਦੀਆਂ ਦਾ ਕਬਜ਼ਾ ਚੱਲਿਆ ਆ ਰਿਹਾ ਹੈ ਅਤੇ ਇਹ ਗੁਰਮਤਿ-ਵਿਰੋਧੀ ਅਨਸਰ ਕੌਮ ਦਾ,ਹੌਲੀ-ਹੌਲੀ, ਭਗਵਾਂਕਰਨ ਕਰ ਕੇ, ਸਿੱਖ ਕੌਮ ਦੀ ਹੋਂਦ ਨੂੰ ਹੀ ਭਾਰਤ ਵਿੱਚੋਂ, ਬੁਧ-ਮੱਤ ਦੀ ਤਰ੍ਹਾਂ, **ਖ਼ਤਮ ਕਰਨ ਲਈ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ, ਚਾਣਕੀਯਾ ਕੂਟਨੀਤੀ ਦੀ ਸਾਜਿਸ਼ੀ ਵਰਤੋਂ ਕਰਦੇ ਆ ਰਹੇ ਹਨ।** ਅੱਜ ਲੋੜ ਹੈ ਕਿ ਸਮੁੱਚੀ ਕੌਮ, ਗੁਰੂ ਗ੍ਰੰਥ ਸਾਹਿਬ ਦੇ ਆਲਮਗ਼ੀਰੀ ਗੁਰਮਤਿ ਫ਼ਲਸਫ਼ੇ ਦੀ ਸੋਝੀ-ਪ੍ਰਾਪਤ ਕਰ ਕੇ, ਗੁਰਮਤਿ-ਜੁਗਤਿ ਅਨੁਸਾਰ, ਕੌਮ ਦੀਆਂ ਇਨ੍ਹਾਂ ਕੇਂਦਰੀ ਜਥੇਬੰਦੀਆਂ/ਸੰਸਥਾਵਾਂ ਨੂੰ ਗੁਰਮਤਿ-ਵਿਰੋਧੀ ਅਨਸਰਾਂ ਦੀ ਗ਼ੁਲਾਮੀ 'ਚੋਂ ਆਜ਼ਾਦ ਕਰਵਾਉਣ ਲਈ **'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ'** ਨਾਮੀ ਵਿਸ਼ਵ-ਪੱਧਰੀ ਇਨਕਲਾਬੀ ਲਹਿਰ ਦੀਆਂ ਸਫ਼ਾਂ ਵਿੱਚ ਸ਼ਾਮਿਲ ਹੋ ਕੇ, ਗੁਰਮਤਿ ਜੁਗਤਿ ਅਨੁਸਾਰ, ਗੁਰਮਤਿ ਇਨਕਲਾਬ ਨੂੰ ਪੁਨਰ-ਸੁਰਜੀਤ ਕਰਨ ਲਈ ਗੁਰਮਤਿ ਇਨਕਲਾਬ ਨੂੰ ਪੁਨਰ-ਸੁਰਜੀਤ ਕਰਨ ਲਈ ਸੰਘਰਸ਼ ਅਰੰਭ ਕਰ ਦੇਵੇ।

੨੦. **ਗੁਰੂ ਗ੍ਰੰਥ ਸਾਹਿਬ ਦੀ ਅਜ਼ਮਤ ਨੂੰ ਬਰਕਰਾਰ ਰੱਖਣਾ**

ਕਾਫ਼ੀ ਅਰਸੇ ਤੋਂ, **ਬ੍ਰਹਮਣਵਾਦੀਆਂ ਦੇ ਇਸ਼ਾਰਿਆਂ 'ਤੇ ਨੱਚਣ ਵਾਲੇ ਅਖੌਤੀ ਸਿੱਖ ਲੀਡਰ (ਰਾਜਨੀਤਕ, ਧਾਰਮਿਕ, ਸਮਾਜਿਕ) ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਵਰਗੀਆਂ ਅਸ਼ਲੀਲਤਾ-ਭਰਪੂਰ ਗੁਰਮਤਿ-ਵਿਰੋਧੀ ਕਿਤਾਬਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ**

ਉਭਾਰਨ ਦੇ ਨਾ-ਬਖ਼ਸ਼ਣਯੋਗ ਕਾਲੇ-ਕਾਰਨਾਮੇ ਕਰਦੇ ਆ ਰਹੇ ਹਨ। ਕੌਮ ਦੇ ਇਨ੍ਹਾਂ ਗ਼ੱਦਾਰਾਂ ਦੇ ਚਿਹਰਿਆਂ ਤੋਂ 'ਪੰਥਕ ਨਕਾਬ' (ਮਖੌਟਾ) ਲਾਹ ਕੇ ਇਨ੍ਹਾਂ ਦੇ ਅਸਲੀ ਚਿਹਰਿਆਂ ਨੂੰ ਨੰਗਾ ਕਰਨਾ ਬਹੁਤ ਜ਼ਰੂਰੀ ਹੈ, ਨਹੀਂ ਤਾਂ, ਇਹ 'ਕਾਲਕਾ-ਪੰਥੀਏ' ਸਿੱਖ ਕੌਮ ਨੂੰ ਅਜਿਹੀਆਂ ਗੁਰਮਤਿ-ਵਿਰੋਧੀ ਕਿਤਾਬਾਂ ਦੇ ਜਾਲ ਵਿੱਚ ਉਲਝਾ ਕੇ ਸਿੱਖੀ ਦੇ ਗੁਰਮਤਿ ਸਿਧਾਂਤ, ਗੁਰ-ਇਤਿਹਾਸ, ਸਿੱਖ-ਇਤਿਹਾਸ, ਸਿੱਖ-ਸਭਿਆਚਾਰ ਅਤੇ ਸਿੱਖ-ਸਾਹਿਤ ਨੂੰ ਤਹਿਸ-ਨਹਿਸ ਕਰ ਦੇਣਗੇ।

"'ਗੁਰੂ ਗ੍ਰੰਥ' ਅਤੇ 'ਖ਼ਾਲਸਾ ਪੰਥ' ਦੋਵੇਂ ਅੰਤਰ-ਸਬੰਧਤ ਹਨ- ਦੋਹਾਂ ਦੀ ਹੋਂਦ ਇੱਕ-ਦੂਜੇ ਲਈ ਲਾਜ਼ਮੀ ਹੈ। ਦੋਹਾਂ ਨੂੰ ਹੀ ਮਲੀਆਮੇਟ ਕਰਨ ਦੀ ਸਾਜਿਸ਼ੀ ਕੁਚੇਸ਼ਟਾ ਚਿਰੋਕਣੀ ਹੈ ਅਤੇ ਵੱਖ-ਵੱਖ ਸਮੇਂ ਅਨੇਕਾਂ ਬੁਰਕੇ ਪਾ ਕੇ, ਇਤਿਹਾਸ ਦੇ ਪੱਟ 'ਤੇ ਪ੍ਰਗਟ ਹੁੰਦੀ ਆਈ ਹੈ। 15 ਅਗੱਸਤ 1947 ਤੋਂ ਬਾਅਦ, ਅਜਿਹੇ ਮਨਸੂਬਿਆਂ ਵਿੱਚ ਪ੍ਰਚੰਡਤਾ, ਅਜੋਕੇ ਦੌਰ ਵਿੱਚ, ਸਿਖਰਾਂ ਛੋਹ ਰਹੀ ਹੈ। **ਹੋਰਨਾਂ ਨੂੰ ਨੀਵਾਂ ਦਿਖਾ ਕੇ, ਗ਼ੁਲਾਮ ਬਣਾ ਕੇ, ਸ਼ੋਸ਼ਣ ਦੀ ਰੁਚੀ ਤਹਿਤ, ਵੰਡੀਆਂ-ਵਿਤਕਰਿਆਂ ਦੇ ਸਹਾਰੇ ਰਾਜ ਕਰਨ ਵਾਲਿਆਂ ਨੂੰ ਗੁਰੂ ਗ੍ਰੰਥ ਅਤੇ ਖ਼ਾਲਸਾ ਪੰਥ ਫੁੱਟੀ ਅੱਖ ਨਹੀਂ ਭਾਉਂਦੇ। ਇਸ ਲਈ ਇਨ੍ਹਾਂ ਮਾਨਵ-ਵਿਰੋਧੀ ਸ਼ਕਤੀਆਂ ਨੇ ਗੁਰੂ ਗ੍ਰੰਥ ਅਤੇ ਖ਼ਾਲਸਾ ਪੰਥ ਦੇ ਵਿਰੁੱਧ ਅਣ-ਐਲਾਨਿਆ ਮਾਰੂ-ਹਮਲਾ ਵਿੱਢਿਆ ਹੋਇਆ ਹੈ, ਤਾਂ ਜੋ ਸਿੱਖੀ ਨੂੰ ਜੜ੍ਹੋਂ ਉਖਾੜਿਆ ਜਾ ਸਕੇ। ਗੁਰੂ ਗ੍ਰੰਥ ਨੂੰ, ਸਹਿਜੇ-ਸਹਿਜੇ, ਚੁੱਪ-ਚੁਪੀਤੇ, ਸਿੱਖੀ ਜੀਵਨ 'ਚੋਂ ਮਨਫ਼ੀ ਕੀਤੇ ਜਾਣ ਦਾ ਪੁਖ਼ਤਾ ਬੰਦੋਬਸਤ ਕੀਤਾ ਗਿਆ ਹੈ, ਤਾਂ ਜੋ ਬਿਨਾਂ ਕਿਸੇ ਪ੍ਰਤੱਖ ਹਮਲੇ ਜਾਂ ਜ਼ਬਰੀ ਧਰਮ-ਪਰਿਵਰਤਨ ਦੇ, 'ਖ਼ਾਲਸਾ-ਪੰਥ', 'ਕਾਲਕਾ-ਪੰਥ' ਵਿੱਚ ਤਬਦੀਲ ਹੋ ਜਾਵੇ ਅਤੇ ਕੰਨੋ-ਕੰਨ ਖ਼ਬਰ ਵੀ ਨਾਂ ਹੋਵੇ।ਇਉਂ 'ਕਾਲਕਾ-ਪੰਥ' ਦੇ, ਸਦੀਆਂ ਤੋਂ ਚਿਤਵੇ ਮਨਸੂਬੇ ਨੂੰ ਬੂਰ ਪਵੇਗਾ ਅਤੇ ਗੁਰੂ ਸਾਹਿਬਾਨ ਦੀ ਸਦੀਆਂ ਦੀ ਘਾਲਣਾ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਜਾਵੇਗਾ – ਨਾ ਰਹੇਗਾ ਬਾਂਸ, ਨਾ ਵੱਜੇਗੀ ਬਾਂਸਰੀ।**

24 ਜੁਲਾਈ 1994 ਦੀ ਮੋਗਾ ਕਾਨਫ਼ਰੰਸ, ਜਿੱਥੇ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦੀ ਵਾਹਦ ਸਿਆਸੀ ਜਮਾਤ, ਸ਼੍ਰੋਮਣੀ ਅਕਾਲੀ ਦਲ ਨੂੰ 'ਪੰਜਾਬੀ ਪਾਰਟੀ' ਐਲਾਨ ਕੇ 'ਕਾਲਕਾ-ਪੰਥ' ਨੂੰ ਗੁਰੂ-ਦਕਸ਼ਣਾ ਦੇ ਰੂਪ ਵਿੱਚ ਤਿਲਾਂਜਲੀ ਦਿੱਤੀ ਗਈ ਸੀ, ਉਪਰੰਤ ਖ਼ਾਲਸਾ ਪੰਥ ਦੇ ਨੁਮਾਇੰਦੇ ਦੇ ਭੇਖ ਵਿੱਚ ਸੱਤਾ ਹਥਿਆਉਣ ਅਤੇ ਹੰਢਾਉਣ ਵਾਲੇ ਅਨਸਰ ਨੇ ਉਪਰੋਕਤ ਮਨਸੂਬੇ ਨੂੰ ਅੰਜਾਮ ਦੇਣ (ਸਿਰੇ ਚਾੜ੍ਹਨ) ਦਾ ਵਾਹਦਾ ਦੇ ਕੇ ਸੱਤਾ ਪ੍ਰਾਪਤ

ਕੀਤੀ ਸੀ, ਜਿਸ ਨੂੰ ਪੁਗਾਉਣ ਲਈ ਉਨ੍ਹਾਂ ਵੱਲੋਂ ਸਿਰਤੋੜ ਯਤਨ ਜਾਰੀ ਹਨ। ਏਸ ਲਈ ਉਨ੍ਹਾਂ ਦੇ ਹੱਥ ਬਚਿੱਤ੍ਰ ਨਾਟਕ (ਮੌਜੂਦਾ ਨਾਮ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ) ਦਾ ਬ੍ਰਹਮ-ਅਸਤਰ ਦਿੱਤਾ ਗਿਆ ਹੈ ਜੋ ਕਿ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਅਸ਼ਲੀਲ, ਸਖ਼ਤ ਅਸ਼ਲੀਲ ਅਤੇ ਨਗਨ" ਰਚਨਾਵਾਂ ਦਾ ਸੰਗ੍ਰਹਿ ਹੈ। ਖ਼ਾਲਸਾ ਪੰਥ ਦੇ ਕੇਂਦਰਾਂ ਦਾ ਮੁਕੰਮਲ ਕੰਟਰੋਲ ਵੀ ਉਨ੍ਹਾਂ ਨੂੰ ਸੌਂਪਿਆ ਗਿਆ ਹੈ।

ਏਸ ਵਿਆਪਕ ਯੋਜਨਾ ਦੇ ਤਹਿਤ, ਕੁਫ਼ਰ ਦਾ ਕਾਅਬੇ ਤੋਂ ਉਠੱਣ ਦਾ ਇੰਤਜ਼ਾਮ ਕੀਤਾ ਗਿਆ ਹੈ। ਸਾਕਤੀ, ਗੁਰਮਤਿ ਵਿਹੂਣੇ, 'ਦਸਮ-ਗ੍ਰੰਥ' ਦੇ ਉਪਾਸ਼ਕ ਅਤੇ ਲੋਭੀ ਬਿਰਤੀ ਵਾਲੇ ਲੋਕਾਂ ਨੂੰ ਖ਼ਾਲਸਾ ਪੰਥ ਦੇ ਕੇਂਦਰਾਂ ਦੇ ਪ੍ਰਬੰਧਕਾਂ, ਗ੍ਰੰਥੀਆਂ ਅਤੇ ਜ਼ਿੰਮੇਵਾਰ ਅਹੁਦੇਦਾਰਾਂ ਵਜੋਂ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਰਾਹੀਂ ਡੇਰੇਦਾਰੀ, ਮੂਰਤੀ-ਪੂਜਾ, ਅਤੇ ਫ਼ੋਕਟ ਕਰਮ-ਕਾਂਡਾਂ ਨੂੰ ਸਿੱਖਾਂ ਦਰਮਿਆਨ, ਸਿੱਖ ਜੀਵਨ-ਜਾਚ ਵਜੋਂ ਪ੍ਰਚੱਲਤ ਕੀਤਾ ਜਾ ਰਿਹਾ ਹੈ ਅਤੇ 'ਦਸਮ-ਗ੍ਰੰਥ' ਨੂੰ 'ਗੁਰੂ ਗ੍ਰੰਥ' ਦੇ ਬਰਾਬਰ ਪ੍ਰਕਾਸ਼ (ਜਾਂ ਅੰਧਕਾਰ ?) ਕਰ ਕੇ ਏਸ ਦੇ ਸ਼ਰੀਕ ਵਜੋਂ ਸਿੱਖ-ਮਾਨਸਿਕਤਾ ਅੰਦਰ ਇਸ ਦੀ ਥਾਂ ਬਣਾਈ ਜਾ ਰਹੀ ਹੈ। ਸਮਾਂ ਆਉਣ 'ਤੇ, ਏਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਥਾਵੇਂ ਸਥਾਪਤ ਕੀਤਾ ਜਾਣਾ ਹੈ। ਇਹ ਸਾਰੇ ਹੱਥ-ਕੰਡੇ ਸਿਖੀ ਸਿਧਾਂਤ, ਸਰੂਪ ਅਤੇ ਸਿੱਖ ਹੋਂਦ ਦੀ ਮੌਲਿਕਤਾ ਲਈ ਵੱਡਾ ਖ਼ਤਰਾ ਬਣਦੇ ਜਾ ਰਹੇ ਹਨ। ਇਨ੍ਹਾਂ ਦੀ ਸਫ਼ਲਤਾ ਲਈ, ਪੱਬਾਂ-ਭਾਰ ਹੋ ਕੇ ਜੁਝ ਰਹੇ ਹਨ ਤਖ਼ਤਾਂ ਦੇ ਅਖੌਤੀ ਜਥੇਦਾਰ" (ਪ੍ਰੋ. ਦਰਸ਼ਨ ਸਿੰਘ, ਸਾਬਕਾ ਮੁੱਖ ਸੇਵਾਦਾਰ, ਅਕਾਲ ਤਖ਼ਤ ਸਾਹਿਬ)।

'ਸੌ ਹੱਥ ਰੱਸਾ ਸਿਰੇ 'ਤੇ ਗੰਢ

ਆਮ ਕਹਾਵਤ ਹੈ:
'ਹਰ ਮਸਾਲੇ ਪਿਪਲਾ ਮੂਲ'।

ਸਿੱਖ ਕੌਮ ਦੀਆਂ ਹੀ ਨਹੀਂ, ਬਲਕਿ ਸਮੁੱਚੀ ਮਨੁੱਖਤਾ ਦੀਆਂ ਹੀ ਸਾਰੀਆਂ ਸਮੱਸਿਆਵਾਂ, ਪ੍ਰੇਸ਼ਾਨੀਆਂ, ਦੁੱਖ-ਤਕਲੀਫ਼ਾਂ, ਧੱਕੇਸ਼ਾਹੀਆਂ, ਵਿਤਕਰਿਆਂ, ਵਹਿਮਾਂ-ਭਰਮਾਂ, ਲੜਾਈ-ਝਗੜਿਆਂ, ਬੇ-ਵਿਸਾਹੀਆਂ ਆਦਿ ਨੂੰ ਪੱਕੇ ਤੌਰ 'ਤੇ ਖ਼ਤਮ ਕਰਨ ਦਾ ਇਕੋ-ਇੱਕ ਫ਼ਾਰਮੂਲਾ (ਔਸ਼ਧੀ) ਹੈ- ਪਰਮੇਸ਼ਰ-ਸਰੂਪ, ਜਗਤ-ਗੁਰੂ, 'ਸ਼ਬਦ-ਗੁਰੂ' (ਗੁਰੂ ਗ੍ਰੰਥ ਸਾਹਿਬ) ਯਾਨੀ ਕਿ 'ਗਿਆਨ-ਗੁਰੂ' ਦੇ ਉਪਦੇਸ਼ਾਂ ਨੂੰ ਨਿਰਪੱਖਤਾ ਨਾਲ ਸਮਝਣਾ, ਮਨੋਂ

ਸਵੀਕਾਰ ਕਰਨਾ ਅਤੇ ਨਿਤਾ-ਪ੍ਰਤਿ ਦੇ ਅਮਲੀ ਜੀਵਨ ਵਿੱਚ ਉਤਾਰਨਾ। ਪਰ ਮਨੁੱਖਤਾ ਲਈ ਇਸ ਕਲਿਆਣਕਾਰੀ ਫ਼ਾਰਮੂਲੇ ਦੀ ਵਰਤੋਂ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ 'ਬਾਣੀਆ-ਬ੍ਰਾਹਮਣ-ਹਾਕਮ' ਦੀ ਖ਼ੁਦਗਰਜ਼ ਸ਼ੈਤਾਨੀ ਤਿੱਕੜੀ ਅਤੇ ਇਸ ਸ਼ੈਤਾਨੀ ਤਿੱਕੜੀ ਦਾ 'ਅੰਧ-ਵਿਸ਼ਵਾਸੀ ਸਮਰਥਕ' ਮਨੁੱਖੀ ਸਮਾਜ।

ਇਸ ਰੁਕਾਵਟ ਨੂੰ ਸਫ਼ਲਤਾ ਨਾਲ ਬੇ-ਅਸਰ ਕਰਨ ਲਈ, ਥਾਂ-ਪੁਰ-ਥਾਂ, ਗੁਰਮਤਿ ਇਨਕਲਾਬ ਦੀ ਸਭ ਤੋਂ ਮੁੱਢਲੀ ਅਤੇ ਮਹੱਤਵਪੂਰਨ ਸੰਸਥਾ 'ਸੰਗਤਿ' ਨੂੰ ਗੁਰੂ ਨਾਨਕ ਸਾਹਿਬ ਵੱਲੋਂ ਵਰਤੋਂ ਵਿੱਚ ਲਿਆਂਦੀ ਗੁਰਮਤਿ ਵਿਧੀ ਅਨੁਸਾਰ ਕਾਰਜਸ਼ੀਲ ਕਰਨਾ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ, ਸੰਨ 1770 ਦੇ ਆਸ-ਪਾਸ ਤੋਂ ਦਿਸ਼ਾਹੀਣ ਹੋ ਕੇ ਨਿਵਾਣਾਂ ਵੱਲ ਨੂੰ ਜਾ ਰਹੇ ਲਾਸਾਨੀ (ਗੁਰਮਤਿ) ਇਨਕਲਾਬ ਨੂੰ ਗੁਰਮਤਿ ਗਾਡੀ-ਰਾਹ 'ਤੇ ਲਿਆਂਦਾ ਜਾ ਸਕੇਗਾ। ਪੁਨਰ-ਸੁਰਜੀਤ ਹੋ ਕੇ ਗੁਰਮਤਿ-ਗਾਡੀ ਰਾਹ 'ਤੇ ਆਏ ਗੁਰਮਤਿ ਇਨਕਲਾਬ ਦੇ ਤੂਫ਼ਾਨੀ ਵੇਗ ਅੱਗੇ ਤਿੰਨਾਂ ਹੀ ਲੋਕਾਂ ਦੀ ਕੋਈ ਸ਼ੈਤਾਨੀ ਸ਼ਕਤੀ ਅਟਕ ਨਹੀਂ ਸਕੇਗੀ।

ਗੁਰਦਵਾਰਾ ਸੰਸਥਾ ਨੂੰ ਗੁਰਮਤਿ ਅਨੁਸਾਰ ਕਾਰਜਸ਼ੀਲ ਕਰਨ ਲਈ ਕਿੰਨਾ ਕੁ ਸਮਾਂ ਲੱਗੇਗਾ ?

ਜਿਵੇਂ ਕਿ ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਗੁਰਦਵਾਰਾ ਸੰਸਥਾ ਤਕਰੀਬਨ ਸੰਨ 1716 ਤੋਂ ਲੈ ਕੇ ਹੁਣ ਤੱਕ ਗੁਰਮਤਿ-ਵਿਰੋਧੀ ਟੋਲਿਆਂ ਦੇ ਕਬਜ਼ੇ ਹੇਠ ਹੀ ਰਹੀ ਹੈ।ਇਸ ਕਰ ਕੇ ਇਤਨੇ ਲੰਮੇ ਸਮੇਂ ਦੌਰਾਨ ਇਸ ਸੰਸਥਾ ਦੇ ਪ੍ਰਬੰਧਕੀ ਸਿਸਟਮ ਵਿੱਚ ਆਏ ਨਿਘਾਰ ਨੂੰ ਠੱਲ੍ਹ ਪਾ ਕੇ ਇਸ ਨੂੰ ਗੁਰਮਤਿ ਗਾਡੀ-ਰਾਹ 'ਤੇ ਲਿਆਉਣ ਲਈ ਕਾਫ਼ੀ ਸਮਾਂ ਲਗੇਗਾ। ਇਹ ਵੀ ਆਸ ਨਹੀਂ ਰੱਖੀ ਜਾ ਸਕਦੀ ਕਿ ਸਾਰੀਆਂ ਗੁਰਦਵਾਰਾ ਸੰਸਥਾਵਾਂ ਹੀ ਇੱਕ 'ਸਮਾਂ-ਬੰਦ' ਸਮੇਂ ਅੰਦਰ ਠੀਕ ਰਾਹ 'ਤੇ ਆ ਜਾਣਗੀਆਂ । ਸਿੱਖ ਦੁਨੀਆਂ ਦੇ ਹਰ ਦੇਸ਼ ਵਿੱਚ ਜਾ ਕੇ ਵੱਸ ਚੁੱਕੇ ਹਨ ਅਤੇ ਥਾਂ-ਪੁਰ-ਥਾਂ, ਗੁਰਦਵਾਰਾ ਸੰਸਥਾਵਾਂ ਵੀ ਸਥਾਪਤ ਹੋ ਚੁੱਕੀਆਂ ਹਨ। ਇਹ ਸਾਰੀਆਂ ਸਥਾਨਕ ਸੰਸਥਾਵਾਂ ਕਿਤਨੇ ਉਤਸ਼ਾਹ ਅਤੇ ਕਿਸ ਰਫ਼ਤਾਰ ਨਾਲ ਵਾਪਿਸ ਗੁਰਮਤਿ ਵੱਲ ਮੋੜਾ ਕਟਦੀਆਂ ਹਨ, ਇਸ ਗੱਲ ਤੇ ਨਿਰਭਰ ਕਰੇਗਾ ਕਿ ਸਥਾਨਕ ਸੰਗਤਿ ਨੂੰ, ਆਧੁਨਿਕ ਪ੍ਰਚਾਰ ਮੀਡੀਆ ਦੇ ਸਾਧਨਾਂ ਦੀ ਸੁਚੱਜੀ ਵਰਤੋਂ ਰਾਹੀਂ, ਕਿਤਨਾ ਛੇਤੀ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨਾਲ ਜੋੜਿਆ ਜਾਂਦਾ ਹੈ।

ਇਸ ਦੇ ਨਾਲ ਹੀ, ਇਸ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਹੜੀਆਂ ਗੁਰਦਵਾਰਾ ਸੰਸਥਾਵਾਂ ਗੁਰਮਤਿ-ਵਿਰੋਧੀ ਸੰਪ੍ਰਦਾਵਾਂ, ਠਾਠਾਂ, ਟਕਸਾਲਾਂ ਜਾਂ ਨਕਲੀ ਸੰਤ-ਬਾਬਿਆਂ ਦੇ ਪੱਕੇ ਪ੍ਰਭਾਵ ਅਧੀਨ ਆ ਚੁੱਕੀਆਂ ਹਨ, ਉਹ ਕਦੇ ਵੀ ਗੁਰਮਤਿ-ਗਾਡੀ-ਰਾਹ 'ਤੇ ਵਾਪਿਸ ਨਾ ਆਉਣ। ਸਤਿਗੁਰੂ ਜੀ

ਕ੍ਰਿਪਾ ਕਰਨ ਕਿ ਸਭ ਨੂੰ ਮਨੁੱਖਤਾ ਅਤੇ ਗੁਰਮਤਿ ਨਾਲ ਪ੍ਰੇਮ ਹੋ ਜਾਵੇ ਤਾਂ ਕਿ ਇਹ ਸੰਭਾਵਨਾ ਰੱਦ ਹੋ ਜਾਵੇ।

ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ

ਬਿਪਰਵਾਦੀਆਂ ਦੀ ਉੱਪਰ ਵਰਣਨ ਕੀਤੀ ਬਹੁਤ ਹੀ ਖ਼ਤਰਨਾਕ ਸਾਜਿਸ਼ ਦਾ ਸਫ਼ਲਤਾ ਨਾਲ ਟਾਕਰਾ, ਕੇਵਲ ਅਤੇ ਕੇਵਲ,ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨੂੰ ਮੁਕੰਮਲ ਤੌਰ 'ਤੇ ਸਮਰਪਿਤ ਹੋ ਕੇ ਹੀ ਕੀਤਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ੁਰਮਾਣ ਮਨੁਖਤਾ ਨੂੰ ਇਸ ਬਾਰੇ ਇੰਝ ਸੇਧ ਦੇ ਰਿਹਾ ਹੈ:

ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥ ਮਿਲਿ ਸਾਧੂ, ਸਰਣਿ ਗਹੁ ਪੂਰਨ, ਰਾਮ ਰਤਨੁ ਹੀਅਰੇ ਸੰਗਿ ਰਾਖੁ ॥੧॥ ਰਹਾਉ ॥ ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ, ਅਤਿ ਤੀਖ੍ਯਣ ਮੋਹ ਕੀ ਫਾਸ ॥ ਕਾਟਨਹਾਰ ਜਗਤ ਗੁਰ ਗੋਬਿੰਦ ਚਰਨ ਕਮਲ ਤਾ ਕੇ ਕਰਹੁ ਨਿਵਾਸ ॥੧॥ ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ ॥ ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨੦॥(ਮ.੫,੨੦੪)

ਭਾਵ: ਹੇ ਜੀਵ-ਪੰਛੀ! (ਮਾਇਆ ਦੇ ਮੋਹ ਦੇ ਆਲ੍ਹਣੇ ਵਿੱਚੋਂ ਬਾਹਰ) ਨਿਕਲ। ਪ੍ਰਮਾਤਮਾ ਦਾ ਸਿਮਰਨ ਕਰ (ਹੁਕਮਿ ਰਜ਼ਾਈ ਚੱਲ) । (ਪ੍ਰਭੂ ਦਾ ਸਿਮਰਨ) ਖੰਭ ਹਨ। (ਇਨ੍ਹਾਂ ਖੰਭਾਂ ਦੀ ਸਹਾਇਤਾ ਨਾਲ ਹੀ ਤੂੰ ਮੋਹ ਦੇ ਆਲ੍ਹਣੇ ਵਿਚੋਂ ਬਾਹਰ ਉੱਡ ਕੇ ਜਾ ਸਕੇਂਗਾ)। (ਹੇ ਭਾਈ!) ਗੁਰੂ ਨੂੰ ਮਿਲ ਕੇ (ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਦੁਆਰਾ) ਪੂਰਨ-ਪ੍ਰਭੂ ਦਾ ਆਸਰਾ ਲੈ, ਪਰਮਾਤਮਾ ਦਾ ਨਾਮ-ਰਤਨ ਆਪਣੇ ਹਿਰਦੇ ਨਾਲ (ਸਾਂਭ ਕੇ) ਰੱਖ।ਰਹਾਉ।

ਹੇ ਭਾਈ!(ਮਾਇਆ ਦੀ ਖ਼ਾਤਰ ਭੱਟਕਣ ਦੀ ਖੂਹੀ ਵਿੱਚ ਪਈ ਹੋਈ) ਮੋਹ ਦੀ ਫਾਹੀ ਬੜੀ ਪੱਕੀ (ਤ੍ਰਿਖੀ) ਹੈ। ਇਸ ਫਾਹੀ ਨੂੰ ਕੱਟਣ ਜੋਗਾ, ਜਗਤ ਦਾ ਗੁਰੂ ਗੋਬਿੰਦ (ਪਰਮਾਤਮਾ) ਹੀ ਹੈ। (ਹੇ ਭਾਈ!) ਉਸ ਗੋਬਿੰਦ ਦੇ ਚਰਨ-ਕਮਲਾਂ ਵਿੱਚ ਨਿਵਾਸ ਕਰੀ ਰੱਖ।੧।

ਹੇ ਗੋਬਿੰਦ! ਹੇ ਪ੍ਰੀਤਮ-ਪ੍ਰਭੂ! ਹੇ ਗ਼ਰੀਬਾਂ ਦੇ ਮਾਲਿਕ ! ਹੇ ਨਾਨਕ ਦੇ ਸੁਆਮੀ ! ਮਿਹਰ ਕਰ, ਮੇਰੀ ਬੇਨਤੀ ਸੁਣ, ਮੇਰਾ ਹੱਥ ਫੜ ਲੈ (ਤੇ ਮੈਨੂੰ ਇਸ ਖੂਹੀ ਵਿੱਚੋਂ ਕੱਢ ਲੈ), ਮੇਰੀ ਇਹ ਜਿੰਦ ਤੇਰਾ ਦਿੱਤਾ ਹੋਇਆ ਸਰਮਾਇਆ ਹੈ, ਮੇਰਾ ਇਹ ਸਰੀਰ ਤੇਰੀ ਬਖ਼ਸ਼ੀ ਹੋਈ ਪੂੰਜੀ ਹੈ। ਇਸ ਰਾਸਿ-ਪੂੰਜੀ ਨੂੰ ਮੋਹ ਦੇ ਹੱਥੀਂ ਉਜੜਨ ਤੋਂ ਤੂੰ ਬਚਾ ਲੈ।੨।

ਗੁਰੂ ਗ੍ਰੰਥ ਦਾ ਖ਼ਾਲਸਾ ਪੰਥ ਆਪਣੀ ਜ਼ਿੰਮੇਵਾਰੀ ਪ੍ਰਤੀ ਸੁਚੇਤ ਹੋਵੇ

ਲਾਸਾਨੀ (ਗੁਰਮਤਿ) ਇਨਕਲਾਬ ਨੂੰ ਪੁਨਰ-ਸੁਰਜੀਤ ਕਰ ਕੇ ਅਤੇ ਇਸ ਦਾ ਵਿਕਾਸ ਕਰ ਕੇ ਸਮੁੱਚੇ ਸੰਸਾਰ ਅੰਦਰ ਹਲੇਮੀ-ਰਾਜ ਸਥਾਪਤ ਕਰਨ ਦੀ ਜ਼ਿੰਮੇਵਾਰੀ ਹੈ

'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ' ਦੀ। ਇਸ ਇਨਕਲਾਬ ਨੂੰ ਰੋਕਣ ਲਈ ਗੁਰਮਤਿ-ਵਿਰੋਧੀ ਸ਼ਕਤੀਆਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਵਿਉਂਤਬੰਦ ਢੰਗ ਨਾਲ ਜਥੇਬੰਦ ਹੋ ਕੇ ਜੰਗੀ-ਪੱਧਰ 'ਤੇ ਯਤਨ ਕਰਦੀਆਂ ਆ ਰਹੀਆਂ ਹਨ। ਇਨ੍ਹਾਂ ਸ਼ੈਤਾਨੀ ਸ਼ਕਤੀਆਂ ਨੇ, ਚਾਣਕੀਜ ਕੂਟਨੀਤੀ ਦੀ ਵਰਤੋਂ ਕਰ ਕੇ, ਕੁੱਝ ਕੁ ਗੁਰਮਤਿ-ਵਿਹੂਣੇ, ਖ਼ੁਦਗਰਜ਼ ਅਖੌਤੀ ਸਿੱਖਾਂ ਨੂੰ ਮੂਹਰੇ ਲਾ ਕੇ ਇਸ ਇਨਕਲਾਬ ਨੂੰ ਰੋਕਣ ਦੇ ਯਤਨ ਅਰੰਭੇ ਹੋਏ ਹਨ। ਪਰ, 'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ' ਨੇ ਸਰਬੱਤ ਦੇ ਭਲੇ ਨੂੰ ਮੁੱਖ ਰੱਖ ਕੇ ਜਿੱਥੋਂ ਤੱਕ ਹੋ ਸਕੇ, ਇਨ੍ਹਾਂ ਅਸੁਰੀ ਸ਼ਕਤੀਆਂ ਨਾਲ ਸਿੱਧੇ ਟਕਰਾਅ ਤੋਂ ਬਚਣ ਦੇ ਯਤਨ ਕਰਦਿਆਂ ਹੋਇਆਂ, ਪ੍ਰਭੂ-ਪਿਤਾ ਦੀ ਓਟ ਲੈ ਕੇ, ਵਿਉਂਤਬੰਦ ਢੰਗ ਨਾਲ ਜੱਥੇਬੰਦ ਹੋ ਕੇ, ਦ੍ਰਿੜਤਾ ਨਾਲ ਅੱਗੇ ਵਧਦੇ ਰਹਿਣਾ ਹੈ।

ਅਪੀਲ

ਸ਼ਬਦ-ਗੁਰੂ ਦੇ ਨਾਦੀ ਪੁੱਤਰੋ/ਪੁੱਤਰੀਓ ! ਸੁਚੇਤ ਹੋਵੋ! ਗ਼ਫ਼ਲਤ ਵਿੱਚ ਤਕਰੀਬਨ ਢਾਈ ਸਦੀਆਂ ਦਾ ਸਮਾਂ ਬੀਤ ਚੁੱਕਾ ਹੈ। ਹੋਰ ਗ਼ਫ਼ਲਤ ਕਰਨੀ,ਅਰਸ਼ੀ ਦਾਤੇ (ਗੁਰੂ ਨਾਨਕ ਸਾਹਿਬ) ਨਾਲ ਹੀ ਨਹੀਂ, ਬਲਕਿ ਸਮੁੱਚੀ ਮਨੁੱਖਤਾ ਨਾਲ ਹੀ ਗ਼ੱਦਾਰੀ ਕਰਨ ਦੇ ਤੁੱਲ ਹੋਵੇਗੀ। ਸਮੁੱਚੀ ਮਨੁੱਖਤਾ ਦੇ ਭਲੇ ਲਈ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ (ਗੁਰਮਤਿ) ਇਨਕਲਾਬ ਨੂੰ, ਗੁਰਮਤਿ-ਜੁਗਤਿ ਅਨੁਸਾਰ, ਪੁਨਰ-ਸੁਰਜੀਤ ਕਰ ਕੇ ਚੜ੍ਹਦੀ-ਕਲਾ ਵਿੱਚ ਲਿਆਉਣ ਦੀ ਸਖ਼ਤ ਲੋੜ ਹੈ, ਕਿਉਂਕਿ ਸਮੁੱਚੀ ਮਨੁੱਖਤਾ ਦੀ ਖ਼ੁਸ਼ਹਾਲੀ ਅਤੇ ਆਤਮਿਕ-ਵਿਕਾਸ ਦੇ ਗੁੱਝੇ ਭੇਦ ਇਸੇ ਇਨਕਲਾਬ ਦੀ ਬੁੱਕਲ ਵਿੱਚ ਛੁਪੇ ਹੋਏ ਹਨ।

ਅੰਤਮ ਜਿੱਤ ਸੱਚ ਦੀ ਹੀ ਹੋਵੇਗੀ।

'ਗੁਰੂ ਗ੍ਰੰਥ ਦਾ ਖਾਲਸਾ ਪੰਥ', ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਇਨਕਲਾਬ ਨੂੰ ਪ੍ਰਚੰਡ ਕਰ ਕੇ ਸਮੁੱਚੇ ਸੰਸਾਰ ਅੰਦਰ ਹਲੇਮੀ-ਰਾਜ ਸਥਾਪਤ ਕਰਨ ਵਿੱਚ ਸਫ਼ਲ ਹੋਵੇਗਾ। ਇਸ ਵਿੱਚ ਸ਼ੱਕ ਦੀ ਕੋਈ ਰਤੀ -ਭਰ ਵੀ ਗੁੰਜਾਇਸ਼ ਨਹੀਂ ਕਿਉਂਕਿ ਸ਼ਬਦ-ਗੁਰੂ ਦਾ ਅਟੱਲ ਫ਼ੁਰਮਾਨ ਹੈ:

" ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ " (ਮ.੩,੯੫੩)

ਅੰਤਿਕਾ ਨੰ. ੧

ਗੁਰਦਵਾਰਾ ਸੰਸਥਾ ਦਾ ਪ੍ਰਸਤਾਵਿਤ (ਗੁਰਮਤਿ) ਸੰਵਿਧਾਨ

ਲੈਫ਼ ਕਰਨਲ (ਰਿਟਾ.) ਗੁਰਦੀਪ ਸਿੰਘ
Mob.94654-47897 (ਇੰਡੀਆ)

ਭਾਗ -੧: ਮੁੱਖਬੰਦ (Preamble)

ਗੁਰਦਵਾਰਾ:

'ਗੁਰਦਵਾਰਾ' (ਗੁਰ+ਦਵਾਰਾ) ਸ਼ਬਦ ਦਾ ਅਰਥ ਹੈ 'ਗੁਰੂ (ਪਰਮਾਤਮਾ) ਦੇ ਘਰ ਦਾ ਦਰਵਾਜ਼ਾ। ਇਸ ਮੁਤਾਬਿਕ, ਗੁਰਦਵਾਰੇ ਦੀ ਇਮਾਰਤ, ਪ੍ਰਭੂ-ਪਿਤਾ ਦੇ ਘਰ ਦਾ ਦਰਵਾਜ਼ਾ ਹੈ; ਗੁਰੂ ਗ੍ਰੰਥ ਸਾਹਿਬ ਦਾ ਭੌਤਿਕ ਸਰੂਪ, ਰੱਬ ਦਾ ਘਰ ਹੈ ਅਤੇ ਨਿਰੰਕਾਰ ਸਰੂਪ ਗੁਰਬਾਣੀ ਦਾ ਅਨੁਭਵੀ ਗਿਆਨ, ਪ੍ਰਭੂ-ਪਿਤਾ ਨਾਲ ਆਤਮਿਕ ਪੱਧਰ 'ਤੇ ਮਿਲਾਪ ਦਾ ਵਸੀਲਾ:

"ਪੋਥੀ ਪਰਮੇਸਰ ਦਾ ਥਾਨੁ॥" (ਮ.ਪ, 1226)

ਗੁਰਦਵਾਰਾ ਸੰਸਥਾ ਦਾ ਮੁਖੀ (ਮਾਲਿਕ)

ਗੁਰੂ ਨਾਨਕ ਸਾਹਿਬ ਵੱਲੋਂ ਸਥਾਪਤ ਕੀਤੀ **ਇਸ ਬੁਨਿਆਦੀ ਗੁਰਮਤਿ ਸੰਸਥਾ ਦੇ ਮੁਖੀ ਹਨ 'ਜੁਗੋ-ਜੁੱਗ ਅਟੱਲ, ਨਿਰੰਕਾਰ-ਸਰੂਪ, ਜਾਗਤ-ਜੋਤਿ ਗੁਰੂ ਗ੍ਰੰਥ ਸਾਹਿਬ ਜੀ। ਇਸ ਹਕੀਕਤ ਦੀ, ਭਾਰਤ ਦੀ ਉੱਚਤਮ ਅਦਾਲਤ (ਸੁਪਰੀਮ ਕੋਰਟ) ਨੇ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵਤ-ਗੁਰੂ** (Juristic Person) **ਪ੍ਰਵਾਨ ਕਰ ਕੇ, ਪੁਸ਼ਟੀ ਕੀਤੀ ਹੋਈ ਹੈ।** ਇਸ ਕਰ ਕੇ ਇਸ ਗੁਰਮਤਿ ਸੰਸਥਾ ਦੇ ਪ੍ਰਬੰਧਕੀ ਨਿਜ਼ਾਮ ਨੂੰ ਬੰਦੇ ਬਣ ਕੇ (ਗੁਰੂ ਗ੍ਰੰਥ ਸਾਹਿਬ ਜੀ ਦੇ ਚਾਕਰ ਬਣਕੇ , ਮਾਲਿਕ ਬਣ ਕੇ ਨਹੀਂ), ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦੇ ਪ੍ਰਚਾਰ/ਪਸਾਰ ਲਈ ਦ੍ਰਿੜਤਾ ਨਾਲ, ਬਣਦਾ ਯੋਗਦਾਨ, ਪਾਉਣਾ ਚਾਹੀਦਾ ਹੈ। ਇਸ ਗੁਰਮਤਿ ਸੰਸਥਾ ਨਾਲ ਸਬੰਧਤ ਸਾਰੇ ਕਾਰਜ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਧਾਂਤਕ ਅਗੁਵਾਈ ਅਨੁਸਾਰ ਹੀ ਕੀਤੇ ਜਾਣਗੇ ਅਤੇ ਇਸ ਸੰਸਥਾ ਦੁਆਰਾ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਰਬੱਤ ਦੇ ਭਲੇ ਦੇ ਆਲਮਗੀਰੀ ਫ਼ਲਸਫ਼ੇ ਦਾ ਹੀ ਪ੍ਰਚਾਰ/ਪਸਾਰ ਕੀਤਾ ਜਾਵੇਗਾ।

ਗੁਰਦਵਾਰਾ ਸੰਸਥਾ ਦਾ ਸੰਵਿਧਾਨ

ਗੁਰਦਵਾਰਾ ਸੰਸਥਾ ਨੂੰ, ਗੁਰੂ ਗ੍ਰੰਥ ਸਾਹਿਬ ਦੇ ਰੱਬੀ ਸਿਧਾਂਤਾਂ ਅਨੁਸਾਰ, ਕਾਰਜਸ਼ੀਲ ਕਰਨ ਹਿਤ, **ਇਸ ਦਾ ਸੰਵਿਧਾਨ ਲਿਖਣ ਤੋਂ ਪਹਿਲਾਂ ਦੋ**

ਅਤੀ ਅਹਿਮ ਨੁਕਤਿਆਂ ਬਾਰੇ, ਗੁਰਮਤਿ ਫਲਸਫ਼ੇ ਦੀ ਰੌਸ਼ਨੀ ਅਨੁਸਾਰ, ਸਪੱਸ਼ਟਟਾ ਹੋਣੀ ਨਿਹਾਇਤ ਹੀ ਜ਼ਰੂਰੀ ਹੈ। ਪਹਿਲਾ, ਗੁਰੂ ਨਾਨਕ ਸਾਹਿਬ ਦਾ ਮਿਸ਼ਨ ਕੀ ਹੈ? ਪ੍ਰਭੂ-ਪਿਤਾ ਨੇ ਉਨ੍ਹਾਂ ਨੂੰ ਕਿਹੜੀ ਜ਼ਿੰਮੇਵਾਰੀ ਸੌਂਪ ਕੇ ਸੰਸਾਰ ਵਿੱਚ ਭੇਜਿਆ ਸੀ ? ਉਸ ਇਲਾਹੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਗੁਰੂ ਸਾਹਿਬ ਨੇ ਕਿਹੜੀ ਵਿਉਂਤ ਬਣਾ ਕੇ ਅਮਲ ਵਿੱਚ ਲਿਆਂਦੀ ? ਦੂਜਾ, ਗੁਰੂ ਨਾਨਕ ਸਾਹਿਬ ਨੇ ਇਸ ਇਲਾਹੀ ਮਿਸ਼ਨ ਦੀ ਪ੍ਰਾਪਤੀ ਲਈ ਗੁਰਦਵਾਰਾ ਸੰਸਥਾ ਨੂੰ ਕਿਹੜੀ ਜ਼ਿੰਮੇਵਾਰੀ ਸੌਂਪੀ ? ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ, ਸਤਿਗੁਰਾਂ ਨੇ ਕਿਸ ਗੁਰਮਤਿ ਵਿਧੀ ਅਨੁਸਾਰ, ਇਸ ਸੰਸਥਾ ਨੂੰ ਕਾਰਜਸ਼ੀਲ ਕੀਤਾ ਅਤੇ ਸਦਾ ਵਾਸਤੇ ਕਾਰਜਸ਼ੀਲ ਰਹਿਣ ਲਈ ਨਿਰਦੇਸ਼ ਦਿੱਤਾ? ਇਨ੍ਹਾਂ ਨੁਕਤਿਆਂ ਬਾਰੇ ਗੁਰਮਤਿ ਸਿਧਾਂਤਕ ਸਪੱਸ਼ਟਟਾ ਹਾਸਿਲ ਕੀਤੇ ਬਿਨਾਂ, ਗੁਰਦਵਾਰਾ ਸੰਸਥਾ ਦਾ ਸੰਵਿਧਾਨ, ਆਪਣੀ ਅਕਲ (ਮਨਮਤਿ) ਦੇ ਸਹਾਰੇ, ਲਿਖਣ ਦਾ ਯਤਨ ਕਰਨਾ ਹਨ੍ਹੇਰੇ ਵਿੱਚ ਟੱਕਰਾਂ ਮਾਰਨ ਤੋਂ ਵੱਧ ਕੁਝ ਵੀ ਨਹੀਂ ਹੋ ਸਕਦਾ, ਜਿਸ ਦਾ ਸਥਾਨਕ ਸੰਗਤਿ ਨੂੰ ਕੋਈ ਲਾਭ ਤਾਂ ਨਹੀਂ ਹੋ ਸਕਦਾ, ਪਰ ਨੁਕਸਾਨ ਜ਼ਰੂਰ ਹੀ ਪੱਲੇ ਵਿੱਚ ਪਵੇਗਾ। ਏਹੀ ਕਾਰਨ ਹੈ ਕਿ ਗੁਰਦਵਾਰਾ ਸੰਸਥਾ, ਇਤਿਹਾਸਕ ਕਾਰਨਾਂ ਕਰ ਕੇ, ਪਿੱਛਲੀਆਂ ਤਕਰੀਬਨ ਤਿੰਨ ਸਦੀਆਂ ਤੋਂ, ਗੁਰੂ ਨਾਨਕ ਸਾਹਿਬ ਦੇ ਨਿਰਦੇਸ਼ਾਂ ਨੂੰ ਨਜ਼ਰ-ਅੰਦਾਜ਼ ਕਰਦੀ ਆ ਰਹੀ ਹੈ ਜਿਸਦੇ ਫ਼ਲਸਰੂਪ ਗੁਰੂ ਨਾਨਕ ਸਾਹਿਬ ਵੱਲੋਂ ਸਰਬੱਤ ਦੇ ਭਲੇ ਵਾਸਤੇ ਅਰੰਭ ਕੀਤਾ ਲਾਸਾਨੀ (ਗੁਰਮਤਿ) ਇਨਕਲਾਬ ਸੰਸਾਰ ਅੰਦਰ ਵਿਕਾਸ ਕਰਨ ਦੀ ਬਜਾਏ ਨਿਵਾਣਾਂ ਵੱਲ ਨੂੰ ਤੁਰੀ ਜਾ ਰਿਹਾ ਹੈ ਅਤੇ ਸਮੁੱਚੀ ਮਨੁੱਖਤਾ ਨੈਤਿਕ ਕਦਰਾਂ-ਕੀਮਤਾਂ ਤੋਂ ਵਾਂਝੀ ਹੋ ਕੇ ਰਸਾਤਲ ਵੱਲ ਨੂੰ ਵਧਦੀ ਜਾ ਰਹੀ ਹੈ।

ਗੁਰੂ ਨਾਨਕ ਸਾਹਿਬ ਦਾ ਮਿਸ਼ਨ

ਗੁਰੂ ਨਾਨਕ ਸਾਹਿਬ, ਪੰਦਰ੍ਹਵੀਂ ਸਦੀ ਤੱਕ ਸੰਸਾਰ ਵਿੱਚ ਪ੍ਰਚਲਿਤ ਹੋ ਚੁੱਕੇ ਮੱਤਾਂ (ਮਜ਼੍ਹਬਾਂ) ਦੀ ਤਰਜ਼ 'ਤੇ, ਇੱਕ ਹੋਰ ਮੱਤ ਚਲਾਉਣ ਲਈ ਨਹੀਂ ਆਏ ਸਨ। ਪ੍ਰਭੂ-ਪਿਤਾ ਨੇ, ਉਨ੍ਹਾਂ ਨੂੰ ਸਮੁੱਚੇ ਸੰਸਾਰ ਵਿੱਚ, ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਅਧਾਰ 'ਤੇ, ਗ਼ਰੀਬ-ਜਨਤਕ ਆਧਾਰ ਵਾਲਾ, ਹੱਕ, ਸੱਚ, ਤੇ ਇਨਸਾਫ਼ ਦਾ ਜ਼ਾਮਨ, ਸਦੀਵਕਾਲੀ ਹਲੇਮੀ-ਰਾਜ (ਰੱਬੀ-ਰਾਜ) ਸਥਾਪਤ ਕਰਨ ਲਈ ਧੁਰੋਂ ਹੀ ਵਰੋਸਾਅ ਕੇ ਭੇਜਿਆ ਸੀ:

"ਨਾਨਕਿ ਰਾਜੁ ਚਲਾਇਆ,ਸਚੁ ਕੋਟੁ ਸਤਾਣੀ ਨੀਵਦੈ ॥

(ਰਾਮਕਲੀ ਕੀ ਵਾਰ, 966)

(**ਭਾਵ**: ਗੁਰੂ ਨਾਨਕ ਸਾਹਿਬ ਨੇ ਸੱਚ (ਸਦਾ ਕਾਇਮ ਰਹਿਣ ਵਾਲੇ) ਰੂਪੀ ਕਿਲ੍ਹੇ ਦੀ ਮਜ਼ਬੂਤ ਨੀਂਹ ਰੱਖ ਕੇ ਸਦਾ ਕਾਇਮ ਰਹਿਣ ਵਾਲਾ ਰੱਬੀ-ਰਾਜ ਸਥਾਪਤ ਕੀਤਾ ਹੈ)।

ਕੋਊ ਹਰਿ ਸਮਾਨਿ ਨਹੀਂ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ ॥"

(ਕਬੀਰ ਜੀ, 859)

(ਭਾਵ: ਹੇ ਭਾਈ! ਜਗਤ ਵਿੱਚ ਕੋਈ ਜੀਵ ਪਰਮਾਤਮਾ ਦੇ ਬਰਾਬਰ ਦਾ ਰਾਜਾ ਨਹੀਂ ਹੈ। ਇਹ ਦੁਨੀਆਂ ਦੇ ਸਭ ਰਾਜੇ (ਅੱਜਕਲ ਦੇ ਬਾਦਸ਼ਾਹ, ਰਾਸ਼ਟਰਪਤੀ, ਪ੍ਰੈਜ਼ੀਡੈਂਟ, ਡਿਕਟੇਟਰ, ਪ੍ਰਧਾਨ ਮੰਤਰੀ, ਮੁੱਖ-ਮੰਤਰੀ ਆਦਿ) ਸਿਰਫ਼ ਚਾਰ ਦਿਨਾਂ ਦੇ ਹੀ ਰਾਜੇ ਹੁੰਦੇ ਹਨ। ਇਹ (ਆਪਣੇ ਰਾਜ-ਪ੍ਰਤਾਪ ਦੇ) ਝੂਠੇ ਵਿਖਾਵੇ ਕਰਦੇ ਹਨ।

ਇਥੇ ਹੀ ਬੱਸ ਨਹੀਂ, ਸਤਿਗੁਰਾਂ ਨੇ ਇਨ੍ਹਾਂ ਦੁਨਿਆਵੀ ਰਾਜਿਆਂ ਅਤੇ ਇਨ੍ਹਾਂ ਦੇ ਸੁਆਰਥੀ (ਚਾਪਲੂਸੀਏ) ਅਹਿਲਕਾਰਾਂ (Bureaucracy) ਦੀ ਤੁਲਨਾਂ ਖ਼ੂੰਖ਼ਾਰ ਜੰਗਲੀ ਜਾਨਵਰਾਂ ਨਾਲ ਕੀਤੀ ਹੈ:

"ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਜਿਥੈ ਜੀਆਂ ਹੋਸੀ ਸਾਰ॥ ਨਕੀਂ ਵਢੀਂ ਲਾਇਤਬਾਰ॥"

(ਮ.੧, 1288)

ਰੱਬੀ-ਰਾਜ

ਹਲੇਮੀ-ਰਾਜ (ਰੱਬੀ-ਰਾਜ) ਵਿੱਚ, ਪਾਤਿਸ਼ਾਹੀ ਹੋਵੇਗੀ ਪਰਮੇਸ਼ਰ (ਕਰਤਾ ਪੁਰਖੁ) ਦੀ, ਕਾਨੂੰਨ-ਪ੍ਰਣਾਲੀ ਹੋਵੇਗੀ ਪਰਮੇਸ਼ਰ ਵੱਲੋਂ ਕੁਦਰਤਿ (ਸ੍ਰਿਸ਼ਟੀ) ਦੀ ਸਾਜਨਾ ਦੇ ਨਾਲ ਹੀ ਇਸ ਦੇ ਦਰੁੱਸਤ ਬ੍ਰਹਮੰਡੀ ਵਰਤਾਰੇ ਲਈ ਸਿਰਜ ਕੇ ਲਾਗੂ ਕੀਤੇ ਹੋਏ ਅਟੱਲ ਨਿਯਮਾਂ, ਕਾਇਦੇ-ਕਾਨੂੰਨਾਂ (ਜਿਨ੍ਹਾਂ ਬਾਰੇ ਭਰਪੂਰ ਜਾਣਕਾਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ਼ ਹੈ) ਦੇ ਅਨੁਕੂਲ ਅਤੇ ਰਾਜ-ਪ੍ਰਬੰਧ ਦੀ ਜ਼ਿੰਮੇਵਾਰੀ ਹੋਵੇਗੀ ਆਦਰਸ਼ਕ ਇਨਸਾਨਾਂ ਦੀ।

"ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਵਾਣਦਾ॥
ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ॥" (ਮ.੫, 74)

ਗੁਰੂ ਨਾਨਕ ਮਿਸ਼ਨ ਦੀ ਪ੍ਰਾਪਤੀ ਲਈ ਵਿਉਂਤ (ਪਲਾਨ)

ਗੁਰੂ ਨਾਨਕ ਸਾਹਿਬ ਨੇ ਪ੍ਰਭੂ-ਪਿਤਾ ਵੱਲੋਂ ਸੌਂਪੀ ਮਹਾਨ ਜ਼ਿੰਮੇਵਾਰੀ ਨੂੰ ਸੰਪੂਰਨ ਕਰਨ ਲਈ ਇੰਞ ਵਿਉਂਤ ਬਣਾਈ:

(ੳ) ਕੇਵਲ ਅਤੇ ਕੇਵਲ ਪਰਮੇਸ਼ਰ ਦੀ ਸ਼ਰਣਿ ਵਿੱਚ ਆ ਕੇ ਅਮਲੀ ਤੌਰ 'ਤੇ ਹੁਕਮਿ ਰਜ਼ਾਈ ਚੱਲਣ ਵਾਲੇ ਆਦਰਸ਼ਕ ਸਮਾਜ ਦੀ ਸਿਰਜਨਾ ਕਰਨੀ।

(ਅ) ਆਦਰਸ਼ਕ ਸਮਾਜ ਨੂੰ ਗੁਰਮਤਿ ਵਿਧੀ ਅਨੁਸਾਰ ਜਥੇਬੰਦ ਅਤੇ ਸ਼ਸਤਰਧਾਰੀ ਕਰਨਾ।

(ੲ) ਪੜਾਅ-ਦਰ-ਪੜਾਅ, ਸੰਸਾਰ ਵਿੱਚ ਰੱਬੀ-ਰਾਜ ਸਥਾਪਤ ਕਰਨਾ।

ਇਸ ਵਿਉਂਤ ਨੂੰ ਅਮਲ ਵਿੱਚ ਲਿਆਉਣ ਲਈ, ਗੁਰੂ ਨਾਨਕ ਸਾਹਿਬ ਨੇ ਸੰਨ 1507 ਵਿੱਚ, ਆਪਣੇ ਬਚਪਨ ਦੇ ਸਾਥੀ ਅਤੇ ਨਗਰ ਨਿਵਾਸੀ ਭਾਈ

ਮਰਦਾਨਾ ਜੀ ਨੂੰ ਸਾਥ ਲੈ ਕੇ, ਵਿਸ਼ਵ-ਪੱਧਰ ਦੀਆਂ ਪ੍ਰਚਾਰ ਫੇਰੀਆਂ ਦੇ ਰੂਪ ਵਿੱਚ ਇੱਕ ਗ਼ਰੀਬ-ਜਨਤਕ ਆਧਾਰ ਵਾਲੇ, ਸਰਬ-ਦੇਸ਼ੀ, ਸਦੀਵਕਾਲੀ ਲਾਸਾਨੀ ਇਨਕਲਾਬ ਦੇ ਅਰੰਭ ਕਰਨ ਦਾ ਬਿਗਲ ਵਜਾ ਦਿੱਤਾ। ਜਿੱਥੇ ਕਿਧਰੇ ਵੀ ਗੁਰੂ ਸਾਹਿਬ ਕੁੱਝ ਦਿਨ ਪੜਾਅ ਕਰ ਕੇ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਕਰਿਆ ਕਰਦੇ ਸਨ, ਉਥੋਂ ਅੱਗੇ ਚਾਲੇ ਪਾਉਣ ਤੋਂ ਪਹਿਲਾਂ ਉੱਥੇ ਹੇਠ ਲਿਖੀਆਂ ਯੋਗਤਾਵਾਂ ਰੱਖਣ ਵਾਲੇ ਸੇਵਾਦਾਰਾਂ (ਪ੍ਰਬੰਧਕਾਂ) ਨੂੰ ਨਾਮਜ਼ਦ ਕਰ ਕੇ 'ਸਥਾਨਕ ਸੰਗਤਿ' (ਮੌਜੂਦਾ ਗੁਰਦਵਾਰਾ) ਕਾਇਮ ਕਰ ਦਿਆ ਕਰਦੇ ਸਨ:

(ੳ) ਗੁਰਮਤਿ ਫ਼ਲਸਫ਼ੇ ਦੇ ਬੁਨਿਆਦੀ ਸਿਧਾਂਤਾਂ {(ਧਰਮ ਦੀ ਸੱਚੀ-ਸੁੱਚੀ ਕਿਰਤ ਕਰ ਕੇ ਵੰਡ ਛਕਣਾ, ਪ੍ਰਭੂ-ਪਿਤਾ ਦੇ ਨਿਰਮਲ ਭਉ ਵਿੱਚ ਰਹਿੰਦਿਆਂ ਹੋਇਆਂ ਉਸ ਦੇ ਗੁਣਾਂ ਦਾ ਚਿੰਤਨ ਕਰਨਾ (ਨਾਮ ਜਪਣਾ), ਸੁੱਚੇ ਆਚਰਣ ਦੇ ਧਾਰਨੀ ਬਣ ਕੇ ਰੱਬੀ ਭਾਣੇ ਨੂੰ ਸਿਰ-ਮੱਥੇ ਮੰਨਦੇ ਹੋਏ ਚੜ੍ਹਦੀ ਕਲਾ ਵਿੱਚ ਰਹਿਣਾ, ਸਰਬੱਤ ਦਾ ਭਲਾ ਲੋਚਣਾ ਆਦਿ)} ਅਨੁਸਾਰ ਅਮਲੀ ਜੀਵਨ ਜਿਊਣਾ।

(ਅ) ਗੁਰਮਤਿ ਫ਼ਲਸਫ਼ੇ ਦੇ ਪ੍ਰਚਾਰ ਦੀ ਤਾਂਘ ਅਤੇ ਕਾਬਲੀਅਤ ਦਾ ਹੋਣਾ।

(ੲ) ਦੁਨਿਆਵੀ ਧੜੇਬੰਦੀਆਂ, ਸੁਆਰਥ, ਹੰਕਾਰ ਅਤੇ ਹਰ ਕਿਸਮ ਦੇ ਦਬਾਅ ਤੋਂ ਮੁਕਤ ਹੋ ਕੇ ਵਿਚਰਨਾ।

ਇਥੇ ਇੱਕ ਅਹਿਮ ਨੁਕਤਾ ਨੋਟ ਕਰਨ ਵਾਲਾ ਇਹ ਹੈ ਕਿ ਗੁਰੂ ਸਾਹਿਬ 'ਸੰਗਤਿ' ਸੰਸਥਾ ਦੇ ਸੇਵਦਾਰ (ਪ੍ਰਬੰਧਕ) ਨਿਰੋਲ ਯੋਗਤਾ ਦੇ ਅਧਾਰ 'ਤੇ ਹੀ ਨਾਮਜ਼ਦ ਕਰਿਆ ਕਰਦੇ ਸਨ ਨਾਕਿ ਵੋਟਾਂ ਜਾਂ ਬਹੁਗਿਣਤੀ ਦੇ ਅਸੂਲ ਅਨੁਸਾਰ ਚੋਣ ਦੇ ਆਧਾਰ 'ਤੇ, ਕਿਉਂਕਿ ਗੁਰਮਤਿ ਫ਼ਲਸਫ਼ੇ ਅੰਦਰ 'ਗਿਣਤੀ' ਨੂੰ ਨਹੀਂ 'ਗੁਣਵੱਤਾ' ਨੂੰ ਹੀ ਪ੍ਰਵਾਨਗੀ ਹਾਸਿਲ ਹੈ।

ਗੁਰੂ ਨਾਨਕ ਮਿਸ਼ਨ ਦੀ ਪ੍ਰਾਪਤੀ ਲਈ ਗੁਰਦਵਾਰਾ ਸੰਸਥਾ ਦਾ ਯੋਗਦਾਨ

ਸੰਸਾਰ ਵਿੱਚ ਹਲੇਮੀ-ਰਾਜ ਦੀ ਸਥਾਪਨਾ ਲਈ, ਗੁਰਦਵਾਰਾ ਸੰਸਥਾ ਨੇ ਸਥਾਨਕ ਪੱਧਰ 'ਤੇ, ਸਰਬੱਤ ਦੇ ਭਲੇ ਦੇ ਜ਼ਾਮਨ ਆਲਮਗੀਰੀ ਗੁਰਮਤਿ ਫ਼ਲਸਫ਼ੇ ਦਾ, ਗੁਰਮਤਿ ਵਿਧੀ ਅਨੁਸਾਰ, ਪ੍ਰਚਾਰ/ਪਸਾਰ ਕਰ ਕੇ ਆਦਰਸ਼ਕ ਸਮਾਜ ਦੀ ਸਿਰਜਨਾ ਕਰਨੀ ਹੈ। ਇਹ ਕਾਰਜ, ਇਸ ਬੁਨਿਆਦੀ ਗੁਰਮਤਿ ਸੰਸਥਾ ਨੂੰ ਗੁਰੂ ਨਾਨਕ ਸਾਹਿਬ ਵੱਲੋਂ ਅਪਣਾਈ ਅਤੇ ਅੱਗੇ ਦ੍ਰਿੜ ਕਰਵਾਈ ਜੁਗਤਿ ਅਨੁਸਾਰ ਕਾਰਜਸ਼ੀਲ ਕਰ ਕੇ ਹੀ ਕੀਤਾ ਜਾਵੇਗਾ, ਆਪਣੀਆਂ ਸਿਆਣਪਾਂ (ਮਨਮਤਿ) ਜਾਂ 'ਵੋਟ-ਵਿਧਾਨ' ਦੀ ਵਰਤੋਂ ਕਰ ਕੇ ਨਹੀਂ। ਇਥੇ

ਇਸ ਇਤਿਹਾਸਕ ਸਚਾਈ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਜਿੱਥੇ-ਜਿੱਥੇ ਵੀ 'ਸੰਗਤਿ' ਸਥਾਪਤ ਕੀਤੀ, ਦੁਬਾਰਾ ਉੱਥੇ ਅਗਵਾਈ ਦੇਣ ਜਾਂ ਨਿਗਰਾਨੀ ਕਰਨ ਲਈ ਨਹੀਂ ਸਨ ਜਾ ਸਕੇ ਅਤੇ ਇਹ ਸੰਸਥਾ ਗੁਰੂ ਨਾਨਕ ਸਾਹਿਬ ਵੱਲੋਂ ਸਮਝਾਈ ਵਿਧੀ ਅਨੁਸਾਰ, ਆਪਣੇ ਆਪ ਹੀ, ਬਹੁਤ ਵਧੀਆ ਢੰਗ ਨਾਲ ਕੰਮ ਕਰਦੀ ਰਹੀ। **ਖ਼ਾਲਸਾ ਕੌਮ ਲਈ ਇਹ ਫ਼ਖ਼ਰਯੋਗ ਹਕੀਕਤ ਹੈ ਕਿ ਸੰਨ 1507 ਤੋਂ ਲੈ ਕੇ 1539 ਤੱਕ, ਗੁਰੂ ਨਾਨਕ ਸਾਹਿਬ ਦੇ ਜੀਵਨ-ਕਾਲ ਦੌਰਾਨ ਹੀ, ਸੰਸਾਰ ਦੀ ਤਕਰੀਬਨ ਇੱਕ-ਤਿਹਾਈ ਵੱਸੋਂ ਸਿੱਖ-ਮੱਤ ਦੀ, ਖ਼ੁਸ਼ੀ-ਖ਼ੁਸ਼ੀ, ਧਾਰਨੀ ਬਣ ਗਈ ਸੀ ਅਤੇ ਇਨ੍ਹਾਂ ਵਿੱਚ ਜਨ-ਸਾਧਾਰਨ ਤੋਂ ਇਲਾਵਾ ਤੱਤਕਾਲੀਨ ਰਾਜੇ-ਮਹਾਰਾਜੇ, ਭਗਤ ਅਤੇ ਮਾਨਵ-ਵਿਰੋਧੀ ਅੱਡਿਆਂ ਦੇ ਸੰਚਾਲਕ (ਸੱਜਣ ਠੱਗ, ਕੌਡਾ ਭੀਲ, ਬਲੀ ਕੰਧਾਰੀ, ਭੂਮੀਆ ਚੋਰ, ਜਾਦੂਗਰਨੀ ਨੂਰਸ਼ਾਹ ਆਦਿ) ਵੀ ਸ਼ਾਮਿਲ ਸਨ ਜਿਨ੍ਹਾਂ ਨੇ ਸਿੱਖੀ ਧਾਰਨ ਕਰ ਕੇ ਅੱਗੇ ਪੂਰੀ ਤਨਦੇਹੀ ਨਾਲ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਵੀ ਕੀਤਾ।** ਅਜਿਹਾ ਇਸ ਕਰ ਕੇ ਹੋ ਸਕਿਆ ਸੀ ਕਿ ਗੁਰਮਤਿ ਫ਼ਲਸਫ਼ੇ ਦੇ ਕੁਦਰਤੀ ਸਿਧਾਂਤ ਇਨਸਾਨੀ ਮਨ ਨੂੰ ਚੁੰਬਕੀ ਖਿੱਚ ਪਾਉਣ ਵਾਲੇ ਹਨ ਅਤੇ ਸਮੁੱਚੇ ਸੰਸਾਰ ਵਿੱਚ ਆਦਰਸ਼ਕ ਭਾਈਚਾਰਾ ਸਥਾਪਤ ਕਰ ਕੇ, ਹੱਕ, ਸੱਚ, ਇਨਸਾਫ਼, ਸਦੀਵੀ ਸੁਖ-ਸ਼ਾਂਤੀ ਅਤੇ ਵਿਕਾਸ ਦੇ ਜ਼ਾਮਨ ਹਨ।

'ਸਰਬ ਉੱਚਤਾ' ਦੀ ਗੁਰਮਤਿ ਪ੍ਰੀਭਾਸ਼ਾ

ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਅਨੁਸਾਰ, ਕੇਵਲ ਪਰਮੇਸ਼ਰ ਅਤੇ ਪਰਮੇਸ਼ਰ ਦੇ 'ਸ਼ਬਦ-ਰੂਪ' ਗੁਰੂ ਗ੍ਰੰਥ ਸਾਹਿਬ ਹੀ 'ਸਰਬਉੱਚ' ਹਨ, ਕੋਈ ਸੰਸਥਾ/ਜੱਥੇਬੰਦੀ/ਅਦਾਰਾ/ਵਿਅਕਤੀ-ਵਿਸ਼ੇਸ਼ ਕਦਾਚਿਤ ਸਰਬ-ਉੱਚ ਨਹੀਂ ਹੋ ਸਕਦਾ:

"ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸੁ ਜੇਵਡੁ ਅਵਰੁ ਨ ਕੋਇ॥"

(ਮ:੩, 515)

ਗੁਰਦਵਾਰਾ ਸੰਸਥਾ ਅਤੇ 'ਵੋਟ-ਵਿਧਾਨ'

ਜਿਸ ਕਾਰਜ ਲਈ 'ਵੋਟ-ਵਿਧਾਨ' ਨੂੰ ਅਧਾਰ ਬਣਾਇਆ ਜਾਵੇਗਾ, ਉਥੇ ਘੱਟੋ-ਘੱਟ ਦੋ ਧੜੇ ਤਾਂ ਲਾਜ਼ਮੀ ਹੀ ਹੋਣਗੇ। ਜਿੱਥੇ ਧੜੇ ਹੋਣਗੇ ਉੱਥੇ ਵਿਰੋਧਤਾ ਵੀ ਲਾਜ਼ਮੀ ਹੀ ਹੋਵੇਗੀ। ਵਿਰੋਧਤਾ, ਵਧਦੀ-ਵਧਦੀ, ਵੈਰ ਤੱਕ ਪਹੁੰਚਣ ਦੀ ਵੀ ਸਮਰੱਥਾ ਰਖਦੀ ਹੈ। ਜਿਸ ਸਮਾਜ ਅੰਦਰ ਵੈਰ-ਵਿਰੋਧਤਾ

ਦੀਆਂ ਅਲਾਮਤਾਂ ਹੋਣਗੀਆਂ,ਉਹ ਸਮਾਜ ਕਦਾਚਿਤ ਆਦਰਸ਼ਕ ਸਮਾਜ ਨਹੀਂ ਬਣ ਸਕਦਾ। ਸਮੁੱਚੇ ਸੰਸਾਰ ਨੂੰ, ਗੁਰਮਤਿ ਫ਼ਲਸਫ਼ੇ ਅਨੁਸਾਰ, ਆਪਸੀ ਆਦਰਸ਼ਕ ਭਾਈਚਾਰੇ ਦੀਆਂ ਪ੍ਰੇਮ-ਲੜੀਆਂ ਵਿੱਚ ਪ੍ਰੋਤੇ ਬਗੈਰ ਹਲੇਮੀ-ਰਾਜ ਸਥਾਪਤ ਕਰਨ ਦੀ ਆਸ ਰੱਖਣੀ ਹਵਾਈ ਕਿਲ੍ਹੇ ਉਸਾਰਣ ਵਾਲੀ ਗੱਲ ਹੀ ਬਣੀ ਰਹੇਗੀ। ਅਜੋਕੇ ਸੰਸਾਰ ਵਿੱਚ ਵੋਟਾਂ ਦੇ ਵਿਧਾਨ ਨੂੰ ਆਧਾਰ ਬਣਾ ਕੇ, ਧੜੇਬੰਦਕ, ਖ਼ੁਦਗਰਜ਼ ਵਰਤਾਰਾ ਅਤੇ ਭ੍ਰਿਸ਼ਟਾਚਾਰ ਹੀ ਸਾਰੇ ਖ਼ੂਨ-ਖਰਾਬਿਆਂ, ਬੇ-ਇਨਸਾਫੀਆਂ, ਜ਼ੋਰ-ਜ਼ੁਲਮ, ਧੱਕੇ-ਸ਼ਾਹੀਆਂ ਦਾ ਮੂਲ ਕਾਰਨ ਬਣਿਆ ਨਜ਼ਰ ਆ ਰਿਹਾ ਹੈ। ਇਸ ਪ੍ਰਥਾਇ ਧੁਰ ਕੀ ਬਾਣੀ ਮਨੁੱਖ ਨੂੰ ਇੰਝ ਸੁਚੇਤ ਕਰਦੀ ਹੈ:

"***ਏਹਿ ਸਭਿ ਧੜੇ ਮਾਇਆ ਮੋਹ ਪਸਾਰੀ॥***
ਮਾਇਆ ਕਉ ਲੂਝਹਿ ਗਾਵਾਰੀ॥
ਜਨਮਿ ਮਰਹਿ ਜੂਐ ਬਾਜੀ ਹਾਰੀ॥
ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ॥੩॥"

(ਮ:੪,366)

ਭਾਵ: (ਹੇ ਭਾਈ! ਦੁਨੀਆਂ ਦੇ) ਇਹ ਸਾਰੇ ਧੜੇ ਮਾਇਆ ਦਾ ਖਿਲਾਰਾ ਹਨ, ਮੋਹ ਦਾ ਖਿਲਾਰਾ ਹਨ। (ਧੜੇ ਬਣਾਣ ਵਾਲੇ) ਮੂਰਖ ਲੋਕ ਮਾਇਆ ਦੀ ਖ਼ਾਤਰ ਹੀ (ਆਪੋ-ਵਿੱਚ) ਲੜਦੇ ਰਹਿੰਦੇ ਹਨ (ਇਸ ਕਾਰਨ ਉਹ ਮੁੜ-ਮੁੜ) ਜੰਮਦੇ ਹਨ ਮਰਦੇ ਹਨ, ਉਹ (ਮਾਨੋਂ) ਜੂਏ ਵਿੱਚ ਹੀ (ਮਨੁੱਖਾ ਜੀਵਨ ਦੀ) ਬਾਜ਼ੀ ਹਾਰ ਕੇ ਚਲੇ ਜਾਂਦੇ ਹਨ (ਜਿਸ ਵਿੱਚੋਂ ਹਾਸਿਲ ਕੁੱਝ ਨਹੀਂ ਹੁੰਦਾ)। ਪਰ ਮੇਰੇ ਨਾਲ ਤਾਂ ਸਾਥੀ ਹੈ (ਮੇਰਾ ਧੜਾ ਹੈ) ਪਰਮਾਤਮਾ ਜੋ ਮੇਰਾ ਇਹ ਲੋਕ ਤੇ ਪਰਲੋਕ ਸਭ ਕੁੱਝ ਸਵਾਰਨ ਵਾਲਾ ਹੈ।

ਸ਼ਪੱਸ਼ਟ ਹੈ ਕਿ ਵੋਟਾਂ ਦਾ ਵਿਧਾਨ (ਬਹੁ-ਸੰਮਤੀ ਦਾ ਅਸੂਲ) ਗੁਰਮਤਿ-ਵਿਰੋਧੀ ਹੈ। ਇਸ ਲਈ ਇਸ ਅਸੂਲ ਨੂੰ ਗੁਰਦਵਾਰਾ ਸੰਸਥਾ ਅੰਦਰ ਬਿਲਕੁਲ ਹੀ ਕੋਈ ਮਾਨਤਾ ਨਹੀਂ ਦਿੱਤੀ ਜਾਵੇਗੀ। ਸਾਰੇ ਫ਼ੈਸਲੇ ਗੁਰਮਤਿ-ਸਿਧਾਂਤ (ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ) ਦੀ ਸਰਬ-ਉਚਤਾ ਦੇ ਅਧੀਨ ਹੀ ਕੀਤੇ ਜਾਣਗੇ।

ਗੁਰਦਵਾਰਾ ਸੰਸਥਾ ਕਿਸ ਕਿਸਮ ਦੇ ਫ਼ੈਸਲਿਆਂ ਨੂੰ ਮਾਨਤਾ ਦੇਵੇਗੀ ?

ਗੁਰਦਵਾਰਾ ਸੰਸਥਾ ਕੇਵਲ ਅਤੇ ਕੇਵਲ ਉਨ੍ਹਾਂ ਫ਼ੈਸਲਿਆਂ/ਨਿਰਦੇਸ਼ਾਂ/ ਸੇਧਾਂ/ਹਦਾਇਤਾਂ ਨੂੰ ਹੀ ਮਾਨਤਾ ਦੇਵੇਗੀ ਜਿਹੜੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੀ ਰੌਸ਼ਨੀ ਵਿੱਚ, ਗੁਰਮਤਿ ਜੁਗਤਿ ਅਨੁਸਾਰ, ਲਏ ਗਏ ਹੋਣਗੇ।

<u>ਸਿੱਟਾ:</u>

ਸਰਬੱਤ ਦੇ ਭਲੇ ਦੀ ਜ਼ਾਮਨ, ਬੁਨਿਆਦੀ ਗੁਰਮਤਿ ਸੰਸਥਾ **'ਗੁਰਦਵਾਰਾ'** ਨੂੰ ਗੁਰੂ ਨਾਨਕ ਸਾਹਿਬ ਵੱਲੋਂ ਅਪਣਾਈ ਅਤੇ ਅੱਗੇ ਦ੍ਰਿੜ੍ਹ ਕਰਵਾਈ ਗੁਰਮਤਿ-ਵਿਧੀ (ਗੁਰੂ ਗ੍ਰੰਥ ਸਾਹਿਬ ਦੇ ਆਲਮਗ਼ੀਰੀ ਫ਼ਲਸਫ਼ੇ 'ਤੇ ਆਧਾਰਤ) ਅਨੁਸਾਰ ਹੀ ਹਮੇਸ਼ਾਂ ਕਾਰਜਸ਼ੀਲ ਰੱਖਿਆ ਜਾਵੇਗਾ। ਇਸ ਸਬੰਧ ਵਿੱਚ, ਜੋਤਿ ਨਿਰੰਜਨੀ, ਗੁਰੂ ਨਾਨਕ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੀਆਂ ਇਲਾਹੀ ਗੁਰਮਤਿ ਸੇਧਾਂ ਨੂੰ ਕਿਸੇ ਪੱਖ ਤੋਂ ਵੀ, ਨਜ਼ਰ-ਅੰਦਾਜ਼ ਕਰ ਕੇ ਗੁਰੂ ਸਾਹਿਬਾਨ ਅਤੇ ਮਨੁੱਖਤਾ ਨਾਲ ਗ਼ਦਾਰੀ ਨੂੰ ਕਿਸੇ ਕੀਮਤ 'ਤੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਿਹੜੇ ਪ੍ਰਾਣੀ ਕਿਸੇ ਸੁਆਰਥ (ਚੌਧਰ ਦੀ ਭੁੱਖ, ਧੜੇਬੰਧਕ ਸੋਚ, ਗੋਲਕ ਦੀ ਮਨ-ਮਰਜ਼ੀ ਅਨੁਸਾਰ ਵਰਤੋਂ, ਆਦਿ) ਖ਼ਾਤਰ ਇਸ ਸੰਸਥਾ ਦੇ ਪ੍ਰਬੰਧ ਨੂੰ ਪ੍ਰਭਾਵਤ ਕਰਨਾ ਲੋਚਦੇ ਹੋਣ, ਉਹ ਕਿਰਪਾਲਤਾ ਕਰ ਕੇ ਅਜਿਹਾ ਕਰਨ ਤੋਂ ਗੁਰੇਜ਼ ਕਰਨ, ਕਿਉਂਕਿ ਗੁਰੂ ਨਾਨਕ ਮਿਸ਼ਨ ਦੀ ਪ੍ਰਾਪਤੀ ਲਈ, ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੀ ਸਰਪ੍ਰਸਤੀ ਅਧੀਨ, ਗੁਰੂ ਨਾਨਕ ਸਾਹਿਬ ਵੱਲੋਂ ਸਦੀਵਕਾਲ ਲਈ ਸਥਾਪਤ ਕੀਤੀ, ਇਹ ਸੰਸਥਾ ਕਿਸੇ ਜਥੇਬੰਦੀ/ਸੰਪ੍ਰਦਾ/ਠਾਠ/ਡੇਰੇ/ਅਦਾਰੇ ਜਾਂ ਵਿਅਕਤੀ ਵਿਸ਼ੇਸ਼ ਦੀ ਪ੍ਰਾਈਵੇਟ ਲਿਮਿਟਿਡ ਕੰਪਨੀ ਨਹੀਂ ਹੈ, ਕਿ ਜਿਵੇਂ ਕਿਸੇ ਦਾ ਚਿੱਤ ਕਰੇ ਇਸ ਨੂੰ ਕਾਰਜਸ਼ੀਲ ਕਰਦਾ ਰਹੇ।

'ਗੁਰ ਬਿਲਾਸ ਪਾਤਿਸ਼ਾਹੀ ੬ਵੀਂ' ਬਾਰੇ ਸੰਖੇਪ ਜਾਣਕਾਰੀ

ਸੰਨ 1716 ਵਿੱਚ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਰੇ ਦੇ ਸਾਰੇ ਸਿਰਕੱਢ ਸਿੱਖ ਲੀਡਰਾਂ ਦੀ ਸ਼ਹਾਦਤ ਤੋਂ ਬਾਅਦ, ਗੁਰਦਵਾਰਿਆਂ 'ਤੇ ਕਾਬਜ਼ ਹੋਏ ਬ੍ਰਾਹਮਣਵਾਦੀਆਂ (ਨਿਰਮਲੇ, ਉਦਾਸੀ, ਤੇ ਮਹੰਤ) ਨੇ ਗੁਰਮਤਿ ਸਿਧਾਂਤਾਂ ਨੂੰ ਗੰਧਲਾ ਕਰਨ, ਗੁਰੂ ਸਾਹਿਬਾਨਾਂ ਦੀਆਂ ਪਾਵਨ ਸ਼ਖਸੀਅਤਾਂ ਦਾ ਘੋਰ ਅਪਮਾਨ ਕਰਨ ਅਤੇ ਗੁਰ-ਇਤਿਹਾਸ ਦਾ ਭਗਵਾਂਕਰਨ ਕਰਨ ਦੀ ਬਦ-ਨੀਅਤ ਨਾਲ ਸੰਨ 1718 ਦੇ ਆਸ-ਪਾਸ ਇੱਕ 'ਗੁੰਮਨਾਮ ਲਿਖਾਰੀ' ਤੋਂ 'ਗੁਰਬਿਲਾਸ ਪਾਤਿਸ਼ਾਹੀ ਛੇਵੀਂ' ਨਾਮ ਦੀ ਇਕ ਪੁਸਤਕ ਲਿਖਵਾ ਕੇ ਇਸ ਦੀ ਗੁਰਦਵਾਰਿਆਂ ਅੰਦਰ ਰੋਜ਼ਾਨਾ ਕਥਾ ਅਰੰਭ ਕਰਾ ਦਿੱਤੀ ਸੀ। ਇਸ ਕਾਰਵਾਈ ਦਾ ਮਨੋਰਥ ਸੀ, ਸਿੱਖ ਕੌਮ ਨੂੰ ਸਿਧਾਂਤਕ, ਅਤੇ ਇਤਿਹਾਸਕ ਅਤੇ ਸਭਿਆਚਾਰਕ ਪੱਖਾਂ ਤੋਂ ਗੁਮਰਾਹ ਕਰ ਕੇ, ਭੰਬਲਭੂਸਿਆਂ ਵਿੱਚ ਪਾ ਕੇ, ਇਸ ਵਿਲੱਖਣ ਕੌਮ ਨੂੰ, ਹੌਲੀ-ਹੌਲੀ, ਬ੍ਰਾਹਮਣਵਾਦ ਦੇ ਡੂੰਘੇ, ਮਾਨਵ-ਵਿਰੋਧੀ ਸਮੁੰਦਰ ਵਿੱਚ ਜਜ਼ਬ ਕਰਨਾ।ਜਦੋਂ ਗੁਰਦਵਾਰਾ ਸੁਧਾਰ ਲਹਿਰ ਨੇ ਸੰਨ 1922 ਵਿੱਚ ਇਤਿਹਾਸਕ ਗੁਰਦਵਾਰਿਆਂ ਨੂੰ ਇਨ੍ਹਾਂ ਬ੍ਰਾਹਮਣਵਾਦੀਆਂ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਇਆ ਤਾਂ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਇਸ ਪੁਸਤਕ ਨੂੰ ਗੁਰਦਵਾਰਿਆਂ ਵਿੱਚੋਂ ਚੁਕਵਾ ਕੇ ਬਾਹਰ ਸੁੱਟ ਦਿੱਤਾ। ਇੰਝ ਪ੍ਰਤੀਤ ਹੁੰਦਾ ਹੈ ਕਿ ਕਾਫ਼ੀ ਅਰਸੇ ਤੋਂ ਕੱਟੜ ਬ੍ਰਾਹਮਣਵਾਦੀ ਬਦ-ਰੂਹਾਂ ਨੇ ਆਪਣਾ ਮਨੋਰਥ ਪੂਰਾ ਕਰਨ ਲਈ, ਸਿੱਖ ਪਰਿਵਾਰਾਂ ਵਿੱਚ ਜਨਮ ਲੈਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਇਸੇ ਮਨੋਰਥ ਲਈ (ਅ)- ਗਿਆਨੀ ਜੋਗਿੰਦਰ ਸਿੰਘ 'ਵੇਦਾਂਤੀ' (ਤੱਤਕਾਲੀਨ ਸੀਨੀਅਰ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਮਗਰੋਂ ਅਖੌਤੀ ਜਥੇਦਾਰ ਅਕਾਲ ਤਖ਼ਤ) ਅਤੇ ਡਾ.ਅਮਰਜੀਤ ਸਿੰਘ (ਤੱਤਕਾਲੀਨ ਪ੍ਰੋ. ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ) ਨੇ, ਗੁਰਚਰਨ ਸਿੰਘ ਟੌਹੜਾ (ਤੱਤਕਾਲੀਨ ਪ੍ਰਧਾਨ ਸ਼੍ਰੋ.ਗੁ.ਪ੍ਰ. ਕਮੇਟੀ) ਦੇ ਹੁਕਮ ਅਨੁਸਾਰ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ 400 ਸਾਲਾ ਪ੍ਰਕਾਸ ਉਤਸਵ 'ਤੇ, ਜੂਨ 1998 ਵਿੱਚ, 'ਖ਼ਾਲਸਾ ਪੰਥ ਲਈ ਅਨਮੋਲ ਸੁਗਾਤ ਵਜੋਂ', ਇਸ ਪੰਥ-ਘਾਤਕ ਪੁਸਤਕ ਨੂੰ ਸੋਧ ਕੇ ਲਿਖਣ ਦੀ 'ਪੰਥਕ-ਸੇਵਾ' ਨਿਭਾਉਣ ਦਾ 'ਸ਼ੁਭ-ਕਾਰਜ' ਕੀਤਾ (?) ।

"ਇਸ ਪੁਸਤਕ ਦੇ ਲਿਖਾਰੀ ਦਾ ਨਾਮ-ਪਤਾ ਲੱਭਣ ਲਈ 'ਸਿੰਘ ਸਾਹਿਬ' ਗਿਆਨੀ ਜੋਗਿੰਦਰ ਸਿੰਘ ਜੀ ਅਤੇ ਡਾ.ਅਮਰਜੀਤ ਸਿੰਘ ਨੇ, ਮੁੜ-ਮੁੜ ਕਈ ਵਿਧੀਆਂ ਵਰਤ ਕੇ ਬੜੇ ਅਨੁਮਾਨ ਲਾਏ ਪਰ ਯਕੀਨ ਨਾਲ ਨਿਰਣਾ ਕੋਈ ਨਾ ਹੋ ਸਕਿਆ। ਪੁਸਤਕ ਦੇ 59 ਸਫ਼ੇ ਦੇ ਉੱਪਰਲੇ ਪੈਰ੍ਹੇ ਦੇ ਅੰਤਲੇ ਹਿੱਸੇ ਵਿੱਚ ਸੰਪਾਦਕ ਮਹਾਂਪੁਰਖਾਂ ਦੀ ਲਿਖਤ ਇਸ ਪ੍ਰਕਾਰ ਹੈ: "ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗ੍ਰੰਥ ਦਾ

ਰਚੈਤਾ ਕੋਈ ਗੁੰਮਨਾਮ (unknown) ਵਿਅਕਤੀ ਹੈ"। (ਭਾਵ, ਉਪਰੋਕਤ ਵਰਣਤ, ਵੇਦ-ਪੁਰਾਣ ਦੇ ਲਿਖਣ-ਢੰਗ ਦੀ ਪਹਿਲੀ ਪ੍ਰਮੁੱਖ ਗੱਲ ਕਿ ਲਿਖਾਰੀ ਗੁੰਮਨਾਮ ?)।

ਪਰ (ਇਸ ਪੁਸਤਕ ਦੇ) ਭੂਮਿਕਾ ਦੇ 59 ਸਫ਼ੇ ਦੇ ਹੇਠਲੇ ਪੈਰ੍ਹੇ ਵਿੱਚ, ਉਸੇ ਗੁੰਮ-ਨਾਮ ਲਿਖਾਰੀ ਬਾਰੇ ਸਾਡੇ ਸੰਪਾਦਕ ਮਹਾਂਪੁਰਖਾਂ ਦੇ ਇਹ ਬਚਨ - "ਕਵੀ ਵੱਲੋਂ ਆਪਣੇ ਬਾਰੇ ਦਿੱਤੇ ਉਪਰੋਕਤ ਸੰਖੇਪ ਜਿਹੇ ਵੇਰਵੇ ਤੋਂ ਗਿਆਤ ਹੁੰਦਾ ਹੈ ਕਿ ਬਹੁਤ ਹੀ ਨਿਮਰ ਸੁਭਾਅ ਵਾਲਾ ਕੋਈ 'ਗੁਰਸਿੱਖ' ਹੈ ਜਿਸ ਕਰ ਕੇ ਉਹ ਮੁੜ-ਮੁੜ ਆਪਣੇ ਆਪ ਨੂੰ ਅਤਿ ਨੀਵੇਂ ਵਿਸ਼ੇਸ਼ਣਾਂ ਦੁਆਰਾ ਸੰਬੋਧਨ ਕਰਦਾ ਹੈ।ਕਵੀ ਨੇ ਆਪਣੇ ਪਰਿਵਾਰਕ ਪਿਛੋਕੜ ਤੇ ਨਿੱਜੀ ਜਾਣ-ਪਛਾਣ ਬਾਰੇ ਕੋਈ ਇਸ਼ਾਰਾ ਨਹੀਂ ਕੀਤਾ"।

ਉਸੇ (59 ਸਫ਼ੇ ਵਾਲੇ) ਪੈਰ੍ਹੇ ਵਿੱਚ ਅਗਲੀ ਪੰਜਵੀਂ ਸਤਰ ਤੋਂ ਸੰਪਾਦਕ ਸਾਹਿਬਾਨ ਜੀ ਦੇ ਇਹ ਬਚਨ- "ਉਹ ਕਿਸੀ ਤਰ੍ਹਾਂ ਘੁੰਮਦੇ ਫਿਰਦੇ, ਸਬੱਬ ਨਾਲ, ਭਾਈ ਧਰਮ ਸਿੰਘ ਕੋਲ ਪਹੁੰਚ ਜਾਂਦਾ ਹੈ ਤੇ ਭਾਈ ਧਰਮ ਸਿੰਘ ਦੀ ਪ੍ਰੇਰਨਾ ਸਦਕਾ, ਉਹ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰਦਾ ਹੈ। ਭਾਈ ਧਰਮ ਸਿੰਘ ਵੱਲੋਂ ਹੀ ਉਸ ਨੂੰ ਸਮੇਂ ਦੇ ਸਾਧਨਾਂ (ਅੱਗੇ ਸਫ਼ਾ ੬੦) ਮੁਤਾਬਿਕ ਸਿਖਿਆ ਦਿੱਤੀ ਜਾਂਦੀ ਹੈ। ਭਾਈ ਧਰਮ ਸਿੰਘ ਵੱਲੋਂ ਉਸ ਦੀ ਹਰ ਪਰਕਾਰ ਸਹਾਇਤਾ ਕੀਤੀ ਜਾਂਦੀ ਹੈ ਤੇ ਉਸ ਨੂੰ ਧਾਰਮਕ, ਵਿਦਿਅਕ ਤੇ ਸਾਹਿਤਕ ਪੱਖੋਂ ਹਰ ਤਰ੍ਹਾਂ ਨਾਲ ਯੋਗ ਬਣਾ ਦਿੱਤਾ ਗਿਆ"।

ਭੂਮਿਕਾ ਦੇ ਉਸੇ 60 ਸਫ਼ੇ 'ਤੇ ਹੀ -"ਧਰਮ ਸਿੰਘ ਕਿਹੜਾ ਹੈ" ਸਿਰਲੇਖ ਹੇਠਾਂ ਵੀ ਲਿਖਾਰੀ ਦੀਆਂ ਆਪਣੀਆਂ ਹੀ ਅਰਥਹੀਣ ਲਿਖਤਾਂ ਦੇ ਮਾਮੂਲੀ ਹਵਾਲੇ ਨਾਲ 'ਨਿੱਜੀ ਅਟਕਲ-ਪੱਚੂਆਂ ਦੇ ਆਧਾਰ 'ਤੇ ਪਾਠਕ ਦੀ ਤਸੱਲੀ ਕਰਵਾਈ ਹੋਈ ਹੈ ਕਿ ਭਾਈ ਧਰਮ ਸਿੰਘ ਦਸਮੇਸ਼ ਜੀ ਦੇ ਨਿੱਜੀ ਦਰਬਾਰੀਆਂ ਵਿੱਚੋਂ ਅਤੇ ਭਾਈ ਮਨੀ ਸਿੰਘ ਦੇ ਪੱਕੇ ਜਾਣੂੰ-ਪਛਾਣੂੰ ਸਨ।ਫਿਰ ਇਹ ਨਿਰਾਧਾਰ ਝੂਠ ਕਿ, 'ਭਾਈ ਮਨੀ ਸਿੰਘ ਜੀ, ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਆਏ ਤੇ ਉਨ੍ਹਾਂ ਨੇ ਇਸ ਪੁਸਤਕ ਵਿਚਲੀ' ਵਾਰਤਾ ਆਪ ਬੈਠ ਕੇ ਲਿਖਾਰੀ ਨੂੰ ਕਹਿ ਸੁਣਾਈ ਸੀ। ਭਾਵ, ਜੋ ਵੀ ਝੂਠ-ਫ਼ਰੇਬ ਲਿਖਿਆ ਹੈ, ਉਸ ਦੇ ਜ਼ਿੰਮੇਵਾਰ ਭਾਈ ਮਨੀ ਸਿੰਘ ਜੀ ਹਨ' ਲਿਖਾਰੀ ਦਾ ਤਾਂ ਸਗੋਂ ਵੱਡਾ ਉਪਕਾਰ ਹੈ ਜਿਸ ਨੇ ਭਾਈ ਮਨੀ ਸਿੰਘ ਦੇ ਕਹੇ ਬਚਨਾਂ ਨੂੰ ਬੜੀ ਕਰਾਮਾਤੀ-ਫ਼ੁਰਤੀ ਨਾਲ, ਨਾਲੋ-ਨਾਲ ਲਿਖ ਲਿਆ ਸੀ ਜੋ ਮਗਰੋਂ 'ਗੁਰਬਿਲਾਸ ਪਾਤਿਸ਼ਾਹੀ ੬' ਦੇ ਰੂਪ ਵਿੱਚ ਗੁਰੂ-ਇਤਿਹਾਸ ਬਣੀ। ਇਹ ਸਭ ਕੁੱਝ ਨਿਰਾਧਾਰ ਹੀ ਪੰਥ ਲਈ ਸੁਗਾਤ ਬਣਾ ਦੇਣੀ 'ਸਿੰਘ ਸਾਹਿਬਾਨ' ਦੀ ਕਰਾਮਾਤ ? ... ਇਹ ਅਟੱਲ ਸਚਾਈ ਹੈ ਕਿ ਝੂਠ ਦੀ ਵਡਿਆਈ ਗੰਭੀਰ ਕੁਫ਼ਰ ਨਾਲ ਹੀ ਕੀਤੀ ਜਾ ਸਕਦੀ ਹੈ ? ......

ਪੁਸਤਕ ਵਿੱਚ ਵਕਤਾ ਤੇ ਸਰੋਤਾ ਬਣਾ ਲੈਣਾ' ਤਾਂ ਹਿੰਦੂ ਪੁਰਾਣਾਂ ਵਾਂਗ ਹੈ, ਪਰ ਪੁਸਤਕ ਦੇ ਲਿਖਾਰੀ ਨੇ ਏਥੇ ਉਚੇਚੀ ਹੁਸ਼ਿਆਰੀ ਇਹ ਵਰਤੀ ਹੈ ਕਿ ਆਪਣੇ ਬਾਰੇ ਸਿੱਖਾਂ ਦੇ ਮਨ 'ਚ ਇਹ ਭਰਮ ਬਣਾਈ ਰੱਖਣ ਲਈ ਕਿ ਉਹ ਵਿਚਾਰਾ ਤਾਂ ਕੇਵਲ ਅਣਜਾਣ ਜਿਹਾ ਇੱਕ ਸਿਖਿਆਰਥੀ ਸ਼ਰਧਾਲੂ ਹੀ ਹੈ, ਆਪਣਾ ਵਿੱਦਿਆ-ਦਾਤਾ ਇਕ ਤੀਜਾ ਪਾਤਰ 'ਧਰਮ ਸਿੰਘ" ਘੜ ਲਿਆ।

ਪੁਸਤਕ ਦੀ ਸੰਪਾਦਨਾ ਕਰਨ ਵਾਲੇ ਮਹਾਂਪੁਰਖਾਂ, ਸਾਡੇ ਧਰਮ-ਆਗੂਆਂ ਨੇ, ਪੁਸਤਕ ਦੀ ਭੂਮਿਕਾ ਵਿੱਚ ਉਸ ਫ਼ਰਜ਼ੀ ਵਿਅਕਤੀ' ਨੂੰ ਦਸਮੇਸ਼ ਜੀ ਦਾ ਦਰਬਾਰੀ ਹੋਣ ਦਾ ਭਰਮ ਪੱਕਾ ਕਰ ਦਿੱਤਾ। ਫਿਰ, ਜਿਵੇਂ ਗਰੁੜ-ਪੁਰਾਣ ਵਿੱਚ ਉੱਤਰ ਦੇਣ ਵਾਲੇ ਵਕਤਾ 'ਵਿਸ਼ਨੂੰ ਜੀ' ਹਨ ਅਤੇ ਪ੍ਰਸ਼ਨ-ਕਰਤਾ ਪੰਖੀ-ਰਾਜ 'ਗਰੁੜ ਜੀ' ਹਨ, ਏਧਰ ਵਿਸ਼ਨੂੰ ਜੀ ਦੀ ਥਾਂ ਲਿਖਾਰੀ ਨੇ ਗੁਰਮਤਿ -ਵਿਰੋਧੀ ਸਾਰਾ ਝੂਠ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਜ਼ਬਾਨੀ ਬੋਲਿਆ ਦਰਸਾ ਦੇਣਾ ਠੀਕ ਮੰਨ ਲਿਆ ਤੇ ਗਰੁੜ-ਭਗਵਾਨ ਦੀ ਥਾਂ ਪ੍ਰਸ਼ਨ-ਕਰਤਾ (ਪੰਖੀ ਨਹੀਂ ਸਗੋਂ ਫ਼ਰਜ਼ੀ) ਭਗਤ ਸਿੰਘ ਘੜ ਲਿਆ। ਸਾਡੇ ਵੇਦਾਂਤੀ ਜੀ ਨੇ ਭੂਮਿਕਾ ਦੇ 62 ਸਫ਼ੇ, ਤੋਂ ਭਗਤ ਸਿੰਘ ਦੇ ਪਿਛੋਕੜ ਬਾਰੇ ਵਿਚਾਰਾਂ ਲਿਖਣੀਆਂ ਅਰੰਭ ਕਰ ਦਿੱਤੀਆਂ। ਨਿੱਜੀ (ਮਨ-ਘੜਤ) ਦਲੀਲਾਂ ਨਾਲ ਲਿਖਾਰੀ ਦੀਆਂ ਭੁੱਲਾਂ ਦੀ ਸੁਧਾਈ ਕਰਦੇ ਆ ਕੇ (ਭੂਮਿਕਾ ਦੇ ਹੀ) 64 ਸਫ਼ਾ 'ਤੇ ਉਸ ਦੇ ਜੱਦੀ ਪਿੰਡ ਦੀ ਪੱਕੀ ਪੁਸ਼ਟੀ ਇਨ੍ਹਾਂ ਬੇ-ਦਲੀਲੇ ਸ਼ਬਦਾਂ ਵਿੱਚ ਲਿਖ ਦਿੱਤੀ -

"ਇਸ ਕਰ ਕੇ ਇਹ ਮੰਨਣ ਵਿੱਚ ਦਿੱਕਤ ਨਹੀਂ ਕਿ ਭਗਤ ਸਿੰਘ ਮਘਿਆਣੇ ਕਲਾਂ ਦਾ ਨਿਵਾਸੀ ਸੀ"। ......

ਗੁਰਮਤਿ-ਬਿਬੇਕਤਾ ਇਸ ਗੱਲ ਨੂੰ ਕਿਸੇ ਵੀ ਦਲੀਲ ਨਾਲ ਪ੍ਰਵਾਨ ਨਹੀਂ ਕਰਦੀ ਕਿ ਭਾਈ ਮਨੀ ਸਿੰਘ ਜੀ ਅਤੇ ਭਗਤ ਸਿੰਘ ਵਿੱਚ ਹੋਇਆ ਪੁਸਤਕ-ਰੂਪ ਕਥਿਤ ਵਾਰਤਾਲਾਪ ਕਦੇ ਹੋਇਆ ਹੋਵੇਗਾ। ਨਿਰਸੰਦੇਹ, ਪਾਤਰ ਵੀ ਉਹ ਆਪ ਤੇ ਲਿਖਾਰੀ ਵੀ ਉਹ ਆਪ ਹੀ ਹੈ ਜਿਸ ਨੇ ਬਚਿੱਤ੍ਰ ਨਾਟਕ ਅਤੇ ਚਰਿੱਤਰੋ-ਪਾਖਯਾਨ ਆਦਿ ਗ੍ਰੰਥ ਲਿਖੇ ਹਨ ।{ਨੋਟ:- ਲਿਖਾਰੀ ਦੇ ਮੂੰਹ-ਚੜ੍ਹੀਆਂ ਉਹੀ ਗੱਲਾਂ ਮੁੜ-ਮੁੜ ਇਨ੍ਹਾਂ ਤਿੰਨਾਂ ਹੀ ਗ੍ਰੰਥਾਂ ਵਿੱਚ ਆਉਣੀਆਂ, ਦਾਸ ਦੇ ਇਸ ਵਿਸ਼ਵਾਸ਼ ਦੀ ਪੁਸ਼ਟੀ ਕਰਦੀਆਂ ਹਨ) .... ਇਉਂ ਸਿੱਧ ਹੁੰਦਾ ਹੈ ਜਿਵੇਂ ਸੰਪਾਦਕ ਜੀ ਦੇ ਮਨ ਵਿੱਚ ਪਾਠਕਾਂ ਵੱਲੋਂ ਹਮਲੇ ਦਾ ਭੈਅ ਨਿਰੰਤਰ ਬਣਿਆ ਹੋਇਆ ਸੀ। ਇਉਂ ਲੱਗਦਾ ਹੈ ਜਿਵੇਂ, ਉਸ ਭਾਵੀ (Expected) ਹਮਲੇ ਦੇ ਵਿਰੁੱਧ ਢਾਲ ਦਾ ਕੰਮ ਲੈਣ ਦਾ ਪ੍ਰਬੰਧ ਕਰ ਲੈਣ ਦੀ ਚਿੰਤਾ, ਸਿਰ ਚੜ੍ਹ ਬੋਲੀ ਹੋਵੇ ? ਭੂਮਿਕਾ ਦੇ ਸਫ਼ਾ 102 'ਤੇ ਲਿਖੇ ਇਹ ਬਚਨ ਕਿ "ਗੁਰਬਾਣੀ ਨੂੰ ਕਸਵੱਟੀ ਵੱਜੋਂ ਮੰਨ ਕੇ ਸੱਚ ਤੇ ਕੱਚ ਦੀ ਪਛਾਣ ਕਰ ਲੈਣੀ ਚਾਹੀਦੀ ਹੈ ਕਿਉਂਕਿ ਸਾਡੇ ਕੋਲ ਸਿਰਮੌਰ ਕਸਵੱਟੀ ਗੁਰਬਾਣੀ ਦੇ ਰੂਪ ਵਿੱਚ ਪ੍ਰਾਪਤ ਹੈ ... ਸਨਮਾਨਯੋਗ ਵੇਦਾਂਤੀ ਜੀ ਦੇ ਇਨ੍ਹਾਂ ਬਚਨਾਂ ਤੋਂ ਮਨ ਵਿੱਚ ਗੰਭੀਰ ਸ਼ੰਕਾ ਉੱਭਰ ਰਿਹਾ ਹੈ ਕਿ ਕੱਚ-ਪੱਕ ਦੀ ਪਛਾਣ ਕਰਨੀ ਕਿਸ ਨੇ ਹੈ ?" (ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ: ਗੁਰਬਾਣੀ ਦੀ ਕਸਵੱਟੀ 'ਤੇ ਗੁਰਬਿਲਾਸ ਪਾਤਸ਼ਾਹੀ ੬, ਸਫ਼ੇ 11-14)

ਆਓ, ਹੁਣ ਇਸ ਅਤਿ ਖ਼ਤਰਨਾਕ ਗੁਰਮਤਿ-ਵਿਰੋਧੀ ਪੁਸਤਕ ਵਿੱਚੋਂ, ਵੰਨਗੀ-ਮਾਤਰ ਕੁੱਝ ਕੁ ਸਮੱਗਰੀ ਦੇ ਦਰਸ਼ਨ ਕਰੀਏ।

1 ਕੀ ਸਿੱਖ ਦੇਵੀ-ਦੇਵਤਿਆਂ ਦਾ ਪੁਜਾਰੀ ਹੈ ?

ਪੁਸਤਕ ਦੇ ਤੀਜੇ ਸਫ਼ੇ ਤੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਥਾ ਅਰੰਭ ਕਰਨ ਤੋਂ ਪਹਿਲਾਂ, (ਸਭ ਤੋਂ ਪਹਿਲਾਂ), ਬਿਪਰਵਾਦੀ ਸਟਾਈਲ ਅਨੁਸਾਰ, ਚੰਡਕਾ (ਦੁਰਗਾ) ਨੂੰ ਸਿਮਰਿਆ ਗਿਆ ਹੈ-

॥ਦੋਹਰਾ॥ ਪ੍ਰਿਥਮ ਸਿਮਰਿ ਸ੍ਰੀ ਚੰਡਕਾ ਵਰ ਦਾਤੀ ਸੁਖਦਾਨ।
ਮੰਗਲ ਕਰਨ, ਕਿਲਵਿਖ ਹਰਨ, ਸਭਿ ਸੰਤਨ ਕੇ ਪ੍ਰਾਨ॥੧੧॥

ਭਾਵ: ਸਭ ਤੋਂ ਪਹਿਲਾਂ ਮੈਂ ਸਾਰੇ ਵਰਾਂ ਅਤੇ ਸੁੱਖਾਂ ਦੀ ਦਾਤੀ ਖੁਸ਼ੀਆਂ ਦੇਣ ਵਾਲੀ, ਪਾਪਾਂ ਨੂੰ ਨਾਸ਼ ਕਰਨ ਵਾਲੀ, ਸੰਤਾਂ ਦੀ ਪ੍ਰਾਨ-ਆਧਾਰੀ ਚੰਡਕਾ (ਦੁਰਗਾ ਦੇਵੀ) ਨੂੰ ਸਿਮਰਦਾ ਹਾਂ (ਨਤਮਸਤਕ ਹੁੰਦਾ ਹੈ)। ਹਨ੍ਹੇਰ ਸਾਈਂ ਦਾ! ਇਹ ਕੂੜ-ਕਬਾੜ, ਲਿਖਾਰੀ, ਭਾਈ ਮਨੀ ਸਿੰਘ ਦੇ ਮੂਹੋਂ ਕਢਵਾ ਰਿਹਾ ਹੈ। ਵੇਦਾਂਤੀ ਜੀ ਅਨੁਸਾਰ, ਇਹ ਲਿਖਾਰੀ ਗੁਰਮਤਿ ਦਾ ਗਿਆਤਾ ਪਹੁਲਧਾਰੀ ਸਿੰਘ ਹੈ! **ਕੀ ਵੇਦਾਂਤੀ ਜੀ ਨੂੰ ਇਨਾ ਵੀ ਪਤਾ ਨਹੀਂ ਕਿ ਸਿੱਖ, ਕੇਵਲ ਅਤੇ ਕੇਵਲ, ਇੱਕ ਅਕਾਲ (ਕਰਤਾ ਪੁਰਖੁ) ਨੂੰ ਹੀ ਸਾਰੇ ਸੁੱਖਾਂ ਦਾ ਦਾਤਾ ਅਤੇ ਪਾਪਾਂ ਦਾ ਨਾਸ਼ ਕਰਨ ਵਾਲਾ ਮੰਨਦਾ ਹੈ ਅਤੇ ਦੇਵੀ-ਦੇਵਤਿਆਂ ਦੀ ਕਾਣ ਨਹੀਂ ਕੱਢਦਾ ?**

੨. ਪੁਸਤਕ ਦੀ ਝੂਠੀ ਕਹਾਣੀ - ਕੀ ਗੁਰੂ ਹਰਿਗੋਬਿੰਦ ਸਾਹਿਬ ਪੰਚਮ ਪਾਤਿਸ਼ਾਹ ਦੇ ਬਿੰਦੀ-ਪੁੱਤਰ ਨਹੀਂ ?

ਇਸ ਪੁਸਤਕ ਦਾ ਦੁਸ਼ਟ ਲਿਖਾਰੀ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਅਰਜੁਨ ਸਾਹਿਬ ਦੀ ਬਿੰਦੀ ਔਲਾਦ ਨਹੀਂ ਹਨ:

ਸੰਮਤ ਸੋਰਹ ਸੈ ਭਏ ਇਕਵੰਜਾ ਉਪ੍ਰਿ ਜਾਨੁ।
ਅਸੂ ਦਿਨ ਇਕੀਸਵੀ ਬੁੱਢੇ ਬਚਨ ਬਖਾਨ॥੧੩੭॥

ਭਾਵ: ਜਿਸ ਦਿਨ ਬਾਬੇ ਬੁੱਢੇ ਨੇ ਇਹ ਬਚਨ ਬੋਲੇ (ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਬਾਰੇ) ਉਸ ਦਿਨ ਅੱਸੂ ੨੧ ਸੰਮਤ ੧੬੫੧ ਸੀ।

ਤਿਸੀ ਛਿਨਕ ਮਾਤਾ ਉਦਰਿ ਕੀਨੋ ਪਉਨ ਨਿਵਾਸ।
ਮਾਤਾ ਮਨਿ ਹਰਖਤ ਭਈ, ਚਿਤ ਮੈ ਬਢਿਓ ਹੁਲਾਸ॥੧੩੮॥

ਭਾਵ: ਜਿਉਂ ਹੀ ਬਾਬਾ ਬੁਢਾ ਜੀ ਨੇ ਵਰ ਦਿੱਤਾ ਉਸੇ ਵਕਤ ਹੀ ਮਾਤਾ ਦੀ ਕੁੱਖ ਵਿੱਚ ਪਉਣ ਦਾ ਨਿਵਾਸ ਹੋ ਗਿਆ (ਮਾਤਾ ਜੀ ਗਰਭਵਤੀ ਹੋ ਗਏ) ਅਤੇ ਮਾਤਾ ਜੀ ਬਹੁਤ ਪ੍ਰਸੰਨ ਹੋਏ।

ਨੋਟ: ਦੁਸ਼ਟ ਬਿਪਰ ਲਿਖਾਰੀ ਦਾ ਇਹ ਨਾ-ਕਾਬਲ-ਏ-ਬਰਦਾਸ਼ਤ ਕੋਝਾ ਮਜ਼ਾਕ ਹੈ ਗੁਰੂ ਸਾਹਿਬਾਨ ਅਤੇ ਸਿੱਖ ਕੌਮ ਨਾਲ। ਕੀ ਸਾਡੇ (ਅ) ਗਿਆਨੀ ਵੇਦਾਂਤੀ ਜੀ ਨੂੰ ਵੀ

ਇਸ ਵਿੱਚ ਸਤਿਗੁਰਾਂ ਦੀ ਵਡਿਆਈ ਕੀਤੀ ਨਜ਼ਰ ਪੈ ਰਹੀ ਹੇ ? ਇਥੇ ਹੀ ਬੱਸ ਨਹੀਂ। ਇਸ ਲਿਖਤ ਦੁਆਰਾ ਇਹ ਦੁਸ਼ਟ ਲਿਖਾਰੀ ਗੁਰਮਤਿ ਸਿਧਾਂਤ (ਕਿ ਮਾਤਾ-ਪਿਤਾ ਦੇ ਸਬੰਧ ਬਿਨਾਂ ਕੋਈ ਜਨਮ ਨਹੀਂ ਲੈਂਦਾ) ਦਾ ਵੀ ਘਾਣ ਕਰ ਰਿਹਾ ਹੈ:

ਮਾ ਕੀ ਰਕਤੁ ਪਿਤਾ ਬਿੰਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥

(ਮ.੧,੧੦੨੨)

ਭਾਵ: ਹੇ ਅਪਾਰ ਪ੍ਰਭੂ! ਮਾਂ ਦਾ ਲਹੂ ਤੇ ਪਿਤਾ ਦੇ ਵੀਰਜ ਦੀ ਬੂੰਦ ਨੂੰ ਰਲਾ ਕੇ ਤੂੰ ਮਨੁੱਖ ਦਾ ਬੁੱਤ (ਸਰੀਰ) ਬਣਾ ਦਿੱਤਾ, ਸੋਹਣੀ ਸ਼ਕਲ ਬਣਾ ਦਿੱਤੀ। ਹਰੇਕ ਜੀਵ ਦੇ ਅੰਦਰ ਤੇਰੀ ਹੀ ਜੋਤਿ ਹੈ, ਜਿਹੜੀ ਵੀ ਪਦਾਰਥਾਂ ਦੀ ਬਖ਼ਸ਼ਿਸ਼ ਹੈ ਸਭ ਤੇਰੀ ਹੀ ਹੈ, ਤੂੰ ਸਿਰਜਣਹਾਰ ਹਰ ਥਾਂ ਮੌਜੂਦ ਹੈ।

੩. ਸਥਾਨ ਵੀ ਵਰਦਾਤਾ ?

ਇਸ ਪੁਸਤਕ ਦੇ ਬਿੱਪਰ ਲਿਖਾਰੀ ਨੇ ਤਾਂ ਅਸਥਾਨ ਨੂੰ ਵੀ ਵਰਦਾਤਾ ਬਣਾ ਦਿੱਤਾ, ਹਾਲਾਂਕਿ **ਵਰ ਜਾਂ ਸਰਾਪ ਨੂੰ ਗੁਰਮਤਿ ਫ਼ਲਸਫ਼ਾ ਮੁੱਢੋਂ ਹੀ ਰੱਦ ਕਰਦਾ ਹੈ।**

ਮਨੀ ਸਿੰਘ ਤਬ ਬਚਨ ਉਚਾਰੇ।ਇਹ ਦਿਨੁ ਜੁ ਆਇ ਬੀੜ ਨਿਹਾਰੇ।
ਉਸ ਅਸਥਾਨ ਦਰਸ਼ਨੁ ਕਰੈ।ਸੁਤ ਇੱਛਾ ਤਿਹ ਪੂਰੀ ਪਰੈ।੧੩੯।

ਭਾਵ: ਤਦੋਂ ਮਨੀ ਸਿੰਘ ਨੇ ਬਚਨ ਕੀਤੇ ਕਿ (੨੧ ਅੱਸੂ ਵਾਲੇ ਦਿਨ) ਜਿਹੜਾ ਵੀ ਇਸ ਦਿਨ ਬਾਬਾ ਬੁੱਢਾ ਬੀੜ ਦੇ ਦਰਸ਼ਨ ਕਰੇਗਾ, ਉਸ ਦੀ ਪੁੱਤਰ ਪ੍ਰਾਪਤੀ ਦੀ ਇੱਛਾ ਪੂਰੀ ਹੋਵੇਗੀ।

ਅਸੂ ਦਿਨ ਇਕੀਸਵੀ ਆਵੈ। ਜੋ ਇਛੈ ਸੋਈ ਬਰੁ ਪਾਵੈ।
ਔਂ ਧਨ ਧਾਮ ਕੀ ਕਮੀ ਨ ਹੋਈ। ਊਚ ਨੀਚ ਆਵੈ ਨਰੁ ਕੋਈ॥੧੪੦॥
ਬੁਢੇ ਅਸਥਾਨ ਜੋ ਮੇਲਾ ਲਾਵੈ, ਤਿਸ ਸਿੱਖ ਪਹਿ ਗੁਰ ਬਲਿ ਬਲਿ ਜਾਵੈ॥

ਨੋਟ: ਇਹ ਸਾਰਾ ਬਕਵਾਸ, ਗੁਰਮਤਿ ਸਿਧਾਂਤਾਂ ਦਾ ਘਾਣ ਕਰਨ ਵਾਲਾ ਹੈ।

੪. ਤੀਰਥ ਇਸ਼ਨਾਨ ਕਰਨ ਲਈ ਪ੍ਰੇਰਨਾ

ਜੋ ਇੱਛਾ ਮਨ ਮੈ ਧਰੈ, ਈਹਾਂ ਕਰਿ ਇਸ਼ਨਾਨ।
ਤਤਕਾਲ ਫਲ ਸੋ ਲਹੈ, ਤਿਸੈ ਨ ਜਮ ਕੀ ਕਾਨਿ॥ ੧੫੯॥

ਭਾਵ: ਏਥੇ ਇਸ਼ਨਾਨ ਕਰਨ ਨਾਲ ਤੁਰੰਤ ਹੀ ਮਨੋਕਾਮਨਾ ਪੂਰੀ ਹੋ ਜਾਏਗੀ ਅਤੇ ਜਮਾਂ ਦੀ ਵੀ ਕੋਈ ਕਾਣ (ਮੁਥਾਜੀ) ਨਹੀਂ ਰਹੇਗੀ।

ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਤੀਰਥ-ਇਸ਼ਨਾਨਾਂ ਨੂੰ ਧਰਮ ਦੇ ਨਾਂਅ 'ਤੇ, ਬ੍ਰਾਹਮਣ ਵੱਲੋਂ ਪ੍ਰਚੱਲਤ ਕੀਤੇ, ਇੱਕ ਕਰਮ-ਕਾਂਡ ਤੋਂ ਵੱਧ ਕੋਈ ਮਾਨਤਾ

ਨਹੀਂ ਦੇਂਦਾ ਅਤੇ ਕਰਮ-ਕਾਂਡਾਂ ਨੂੰ ਗੁਰਮਤਿ ਫ਼ਲਸਫ਼ਾ ਮੁੱਢੋਂ ਹੀ ਰੱਦ ਕਰਦਾ ਹੈ।

॥ ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮੁ ਅਜਾਨਾ ॥੧॥
ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ, ਗੁਰ ਕੀ ਸੇਵਾ॥੧॥ ਰਹਾਉ ॥
ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ ॥੨॥

ਕਬੀਰ ਜੀ, ੪੮੪)

ਭਾਵ: ਜੇ ਮਨ ਵਿੱਚ ਵਿਕਾਰਾਂ ਦੀ ਮੈਲ (ਵੀ ਟਿਕੀ ਰਹੇ, ਤੇ) ਕੋਈ ਮਨੁੱਖ ਤੀਰਥਾਂ ਉੱਤੇ ਨਹਾਉਂਦਾ ਫਿਰੇ, ਤਾਂ ਇਸ ਤਰ੍ਹਾਂ ਉਸਨੇ ਸੁਰਗ ਵਿੱਚ ਨਹੀਂ ਜਾ ਅੱਪੜਨਾ; (ਤੀਰਥਾਂ ਉੱਤੇ ਨਹਾਤਿਆਂ ਲੋਕ ਤਾਂ ਕਹਿਣ ਲੱਗ ਪੈਣਗੇ ਕਿ ਇਹ ਭਗਤ ਹੈ, ਪਰ) ਲੋਕਾਂ ਦੇ ਪਤੀਜਿਆਂ ਕੋਈ ਲਾਭ ਨਹੀਂ ਹੁੰਦਾ, ਕਿਉਂਕਿ ਪਰਮਾਤਮਾ (ਜੋ ਹਰੇਕ ਦੇ ਦਿਲ ਦੀ ਜਾਣਦਾ ਹੈ) ਅੰਞਾਣਾ (ਬੇ-ਸਮਝ) ਨਹੀਂ ਹੈ ।੧।

ਸ਼ਬਦ-ਗੁਰੂ ਦੇ ਦੱਸੇ ਰਾਹ ਉੱਤੇ ਤੁਰਨਾ (ਹੁਕਮਿ ਰਜ਼ਾਈ ਚੱਲਣਾ) ਹੀ ਅਸਲ (ਤੀਰਥ) ਇਸ਼ਨਾਨ ਹੈ, ਸੋ ਇੱਕ ਪਰਮਾਤਮਾ ਦਾ ਹੀ ਭਜਨ ਕਰੋ॥੧॥ਰਹਾਉ॥

ਪਾਣੀ ਵਿੱਚ ਚੁੱਭੀ ਲਾਇਆਂ ਜੇ ਮੁਕਤੀ ਮਿਲ ਸਕਦੀ ਹੋਵੇ ਤਾਂ ਡੱਡੂ ਸਦਾ ਹੀ ਨਹਾਉਂਦੇ ਹਨ। ਜਿਵੇਂ ਉਹ ਡੱਡੂ ਹਨ ਤਿਵੇਂ ਉਹ ਮਨੁੱਖ ਸਮਝੋ; (ਪਰ ਨਾਮ ਤੋਂ ਬਿਨਾਂ ਉਹ) ਸਦਾ ਜੂਨਾਂ ਵਿੱਚ ਪਏ ਰਹਿੰਦੇ ਹਨ।

੫. (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਜਨਮ ਜਾਂ ਸਤਿਗੁਰਾਂ ਦੀ ਤੌਹੀਨ ?

ਮਾਤ-ਉਦਰ ਤੇ ਪਵਨ ਨਿਕਸਾਨੀ।ਚਤੁਰ ਭੁਜੀ ਰੂਪ ਦੇਖਿ ਹਰਖਾਨੀ।
ਮੇਰੇ ਉਦਰ 'ਜਨਮ' ਇਨ ਲਯੋ। ਚਤੁਰ ਭੁਜ ਰੂਪ ਕਹੇ ਕਿਮ ਭਯੋ।੧੭੬।
ਨੀਲ ਕਮਲ ਸਮ ਸੁੰਦਰ ਦੇਹਾ। ਨੈਨ ਸੁ ਅਰਨਕੰਜ ਛਵਿ ਲੇਹਾ।
ਪੀਲੇ ਪਟ ਭੁਜ ਅੰਗਦ ਧਾਰੀ।ਕੁੰਡਲ ਕਾਨਨ ਸੋਭ ਅਪਾਰੀ॥੧੭੭॥

ਭਾਵ: ਮਾਤਾ ਗੰਗਾ ਜੀ ਦੀ ਕੁੱਖ ਵਿੱਚੋਂ ਹਵਾ ਨਿਕਲ ਗਈ। ਚਾਰ ਬਾਹਾਂ ਵਾਲੇ ਬਾਲਕ ਨੇ ਜਨਮ ਲਿਆ ਜਿਸ ਨੂੰ ਵੇਖ ਕੇ ਮਾਤਾ ਜੀ ਬਹੁਤ ਖ਼ੁਸ਼ ਹੋਏ (ਅਤੇ ਹੈਰਾਨ ਵੀ ਹੋਏ ਕਿ ਇਨ੍ਹਾਂ ਨੇ ਚਾਰ ਬਾਹਾਂ ਵਾਲਾ ਸਰੂਪ ਕਿਵੇਂ ਬਣਾ ਲਿਆ?) ਬਾਲਕ (ਗੁਰੂ ਹਰਿਗੋਬਿੰਦ ਸਾਹਿਬ) ਦਾ ਨੀਲੇ ਕਮਲ ਵਰਗਾ ਸੁੰਦਰ ਸਰੀਰ ਹੈ, ਅੱਖਾਂ ਲਾਲ ਕਮਲ ਵਰਗੀਆਂ ਸੁੰਦਰ ਹਨ, **ਪੀਲੇ ਰੰਗ ਦੇ ਬਸਤਰ ਪਹਿਨੇ ਹੋਏ ਹਨ, ਬਾਹਵਾਂ ਵਿੱਚ ਬਾਜੂ-ਬੰਦ ਅਤੇ ਕੰਨਾਂ ਵਿੱਚ ਕੁੰਡਲ ਸੋਭ ਰਹੇ ਹਨ।**

"ਹੈਰਾਨੀਆਂ: ਕੀ ਸਤਿਗੁਰੂ ਜੀ ਚਾਰ ਬਾਹਾਂ ਵਾਲੇ ਸਨ ? ਕੀ ਉਹ ਨੀਲ ਕਮਲ ਵਰਗੇ ਸਨ? ਕਿਉਂਕਿ ਲਿਖਾਰੀ ਜੀ ਨੇ 'ਰੱਬ-ਪੁੱਤਰ' ਨੂੰ ਆਪਣੇ ਉਦਰ ਵਿੱਚ ਆਏ ਕਹਿੰਦੇ

ਮਾਤਾ ਜੀ ਨੂੰ ਆਪ ਦਰਸਾਇਆ ਹੋਇਆ ਹੈ। ਤਾਂ ਕੀ ਸਤਿਗੁਰੂ ਜੀ (ਕਿ ਜਾਂ ਸਾਹਿਬਜ਼ਾਦਾ ਹਰਿਗੋਬਿੰਦ ਜੀ ?) ਕੰਨਾਂ ਵਿੱਚ ਕੁੰਡਲ ਪਹਿਨੇ, ਪੀਲੇ ਬਸਤਰਾਂ ਸਮੇਤ ਹੀ ਮਾਤਾ ਗੰਗਾ ਜੀ ਦੇ ਉਦਰ (ਕੁੱਖ) ਵਿੱਚੋਂ ਬਾਹਰ ਆਏ ਸਨ ? ਕੀ ਲਿਖਾਰੀ ਮੁੜ-ਮੁੜ ਕੇ ਸਾਡੇ ਮੂੰਹ 'ਤੇ ਸ਼ਰਮਿੰਦਗੀ ਦੇ ਅਥਵਾ ਧਿਰਕਾਰਾਂ ਰੂਪ ਧੌਲੇ (ਛਿੱਤਰ-ਜੁੱਤੀਆਂ) ਤਾਂ ਨਹੀਂ ਜੜ ਰਿਹਾ ? ਕੀ ਸੰਪਾਦਕ ਸਾਹਿਬਾਨ ਜੀ ਲਿਖਾਰੀ ਦੀ ਇਸ ਗੰਭੀਰ ਕੁਟਲਤਾ ਵਿੱਚ ਪੂਰੀ ਭਾਈਵਾਲੀ ਨਹੀਂ ਨਿਭਾ ਰਹੇ ? ਕੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਜਥੇਦਾਰੀ 'ਤੇ ਸ਼ੁਸ਼ੋਭਤ ਹੋ ਚੁੱਕੇ ਸਿੰਘ ਸਾਹਿਬ ਵੇਦਾਂਤੀ ਜੀ ਨੇ ਭੂਮਿਕਾ ਵਿੱਚ ਜਾਂ ਵਿਸ਼ੇਸ਼ ਟਿੱਪਣੀਆਂ ਵਿੱਚ ਇਸ ਸਾਰੀ ਝੂਠ ਬਕੜਵਾਹ ਬਾਰੇ ਕੋਈ ਭੁਲੇਖੇ ਦੂਰ ਕਰਨ ਵਾਲਾ ਸਪੱਸ਼ਟ ਨੋਟ ਨਾ ਲਿਖ ਕੇ ਇਸ ਸਾਰੇ ਕੁਫ਼ਰ 'ਤੇ ਸੱਚ ਹੋਣ ਦੀ ਤਸਦੀਕੀ ਮੋਹਰ ਨਹੀਂ ਲਾ ਦਿੱਤੀ"? (ਗੁਬਖ਼ਸ਼ ਸਿੰਘ ਕਾਲਾ ਅਫ਼ਗਾਨਾ" ਗੁਰੂ-ਬਾਣੀ ਦੀ ਕਸਵੱਟੀ 'ਤੇ ਗੁਰਬਿਲਾਸ ਪਾਤਸ਼ਾਹੀ ੬)।

ਅੰਤਿਕਾ ਨੰ. ੩

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਕਾਲੀਆਂ ਕਰਤੂਤਾਂ

"ਛੇਵਾਂ ਗੁਰੂ ਅਪਹਰਣ-ਕਰਤਾ, ਨੌਂਵਾਂ ਲੁਟੇਰਾ ਅਤੇ ਦਸਵਾਂ ਡਰਪੋਕ, ਦੇਵੀ ਭਗਤ!"

ਨਾਗਪੁਰ, ੪ ਸਤੰਬਰ (ਗੁਰਜੰਟ ਸਿੰਘ ਰੂਪੋਵਾਲੀ): ਸਿੱਖਾਂ ਦੀ ਸਿਰਮੌਰ ਕਰ ਕੇ ਜਾਣੀ ਜਾਂਦੀ ਜੱਥੇਬੰਦੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਹਿੰਦੀ ਵਿਚ ਪ੍ਰਕਾਸ਼ਤ **'ਸਿੱਖ ਇਤਿਹਾਸ'** ਨਾਮ ਦੀ ਪੁਸਤਕ, ਜਿਸ ਵਿਚ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਹੈ ਅਤੇ ਗੁਰੂ ਸਾਹਿਬ ਲਈ ਬਹੁਤ ਹੀ ਘਟੀਆ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ, ਸ਼੍ਰੋਮਣੀ ਕਮੇਟੀ ਵਲੋਂ ਹੀ ਲਿਖੀ, ਛਾਪੀ, ਵੇਚੀ ਅਤੇ ਵੰਡੀ ਗਈ ਹੈ।ਇਸ ਹਕੀਕਤ ਨੂੰ ਝੁਠਲਾਇਆ ਨਹੀਂ ਜਾ ਸਕਦਾ। ਇਹ ਵਿਚਾਰ 'ਗੁਰਮਤਿ ਪ੍ਰਚਾਰ ਸਭਾ' ਨਾਗਪੁਰ ਦੇ ਮੁੱਖ ਸੇਵਾਦਾਰ ਸ. ਮਲਕੀਤ ਸਿੰਘ 'ਬੱਲ' ਨੇ ਪ੍ਰਗਟਾਏ । ਉਨ੍ਹਾਂ ਦੱਸਿਆ ਕਿ ਇਹ ਕਿਤਾਬ ਵੱਡੀ ਗਿਣਤੀ ਵਿਚ ਨਾਗਪੁਰ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਰਹਿ ਰਹੇ ਨਾਨਕ ਨਾਮ-ਲੇਵਾ ਸਿਕਲੀਗਰ ਤੇ ਵਣਜਾਰਿਆਂ ਵਿਚ ਵੰਡੀ ਗਈ ਹੈ।

ਉਨ੍ਹਾਂ ਦੱਸਿਆ ਕਿ ਬੀਬੀ ਜਗੀਰ ਕੌਰ ਉਸ ਸਮੇਂ ਦੇ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਸਾਡੀ ਸੰਸਥਾ ਰਾਹੀਂ ਸਿਕਲੀਗਰਾਂ ਤੇ ਵਣਜਾਰਿਆਂ ਵਿਚ ਗੁਰਮਤਿ ਪ੍ਰਚਾਰ ਲਈ ਸਾਡੀ ਸੰਸਥਾ 'ਗੁਰਮਤਿ ਪ੍ਰਚਾਰ ਸਭਾ' ਲਈ ਕਈ ਹਜ਼ਾਰ ਕਿਤਾਬਾਂ ਵੰਡਣ ਲਈ ਭੇਜੀਆਂ ਸਨ ਅਤੇ ਉਹ ਖ਼ੁਦ ਵੀ ਨਾਗਪੁਰ ਉਸ ਸਮੇਂ ਆਏ ਸਨ। "ਸਿੰਖ ਇਤਿਹਾਸ' ਨਾਮ ਦੀ ਵਿਵਾਦਤ ਕਿਤਾਬ ਵੀ ਉਨ੍ਹਾਂ ਵਿਚ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸੈਕਟਰੀ ਝੂਠ ਬੋਲ ਰਹੇ ਹਨ, ਜਦਕਿ ਸਾਡੇ ਪਾਸ ਸਾਰਾ ਰੀਕਾਰਡ ਮੌਜੂਦ ਹੈ, ਜਿਸ ਵਿਚ ਹਰੇਕ ਕਿਤਾਬ ਦੀ ਗਿਣਤੀ ਦਰਜ ਹੈ।ਅਜੇ ਵੀ ਕੁੱਝ ਕਿਤਾਬਾਂ ਗੁਰਦੁਵਾਰਾ ਗੁਰੂ ਤੇਗ਼ ਬਹਾਦਰ ਸਾਹਿਬ, ਬਾਬਾ ਬੁੱਢਾ ਜੀ ਨਗਰ,ਨਾਗਪੁਰ ਵਿਖੇ ਸਥਿਤ ਲਾਇਬ੍ਰੇਰੀ ਵਿਚ ਮੌਜੂਦ ਹਨ। ਜੇ ਸ਼੍ਰੋਮਣੀ ਕਮੇਟੀ ਨੂੰ ਕਿਤਾਬ ਨਹੀਂ ਮਿਲ ਰਹੀ ਤਾਂ ਅਸੀਂ ਭੇਜ ਦਿਆਂਗੇ।

'ਸਿੱਖ ਇਤਿਹਾਸ' ਨਾਮ ਦੀ ਪੁਸਤਕ ਦੀਆਂ ਕਾਪੀਆਂ ਸਾੜੀਆਂ

ਨਾਗਪੁਰ 4 ਸਤੰਬਰ (ਗੁਰਜੰਟ ਸਿੰਘ ਰੂਪੇਵਾਲੀ): ਅੱਜ ਨਾਗਪੁਰ ਦੀ ਸੰਗਤ ਵੱਲੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਹਿੰਦੀ ਵਿੱਚ ਪ੍ਰਕਾਸ਼ਤ 'ਸਿੱਖ ਇਤਿਹਾਸ' ਨਾਮ ਦੀ ਪੁਸਤਕ ਜਿਸ ਵਿੱਚ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਹੈ, ਦੀਆਂ ਕਾਪੀਆਂ ਸਾੜੀਆਂ ਗਈਆਂ।

ਇਸ ਕਿਤਾਬ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਲਿਖਿਆ ਹੈ ਕਿ ਉਨ੍ਹਾਂ ਲਾਹੌਰ ਦੇ ਕਾਜ਼ੀ ਦੀ ਪਤਨੀ ਅਤੇ ਲੜਕੀ ਨੂੰ ਅਗ਼ਵਾ ਕੀਤਾ। ਭਾਈ ਬਿਧੀ ਚੰਦ ਨੂੰ ਡਾਕੂ ਦਸਿਆ ਗਿਆ ਹੈ। ਨੌਵੇਂ ਪਾਤਸ਼ਾਹ ਬਾਰੇ ਲਿਖਿਆ ਹੈ "ਵੋਹ ਲੋਗੋਂ ਕਾ ਮਾਲ ਅਸਬਾਬ ਲੁਟ ਕੇ ਅਪਨੀ ਔਰ ਅਪਣੇ ਸਿਸ਼ੋਂ ਦੀ ਉਪਜੀਵਕਾ ਚਲਾਇਆ ਕਰਤੇ ਥੇ। ਦਸਵੇਂ ਪਾਤਸ਼ਾਹ ਡਰਪੋਕ, ਦੇਵੀ ਉਪਾਸ਼ਕ ਅਤੇ ਬੰਦੇ ਮਾਰ ਸਨ" (ਰੋਜ਼ਾਨਾ ਸਪੋਕਸਮੈਨ 5 ਸਤੰਬਰ 2007)

ਕੀ ਤੁਸੀਂ ਮੰਨ ਸਕਦੇ ਹੋ ਕਿ ਸ਼੍ਰੋਮਣੀ ਕਮੇਟੀ ਵੱਲੋਂ ਛਾਪੀਆਂ ਕਿਤਾਬਾਂ ਵਿੱਚ ਇਹ ਕੁੱਝ ਵੀ ਛਪਿਆ ਹੋ ਸਕਦਾ ਹੈ ?

ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਵਲੋਂ ਛਪੀ ਕਿਤਾਬ 'ਸਿੱਖ ਇਤਿਹਾਸ' ਸਾਹਮਣੇ ਆ ਗਈ। ਜਥੇਦਾਰਾਂ ਝੱਟ ਕਮੇਟੀ ਬਣਾ ਕੇ ਸੱਤ ਦਿਨਾਂ ਵਿੱਚ ਰਿਪੋਰਟ ਦੇਣ ਨੂੰ ਕਹਿ ਦਿਤਾ ਤੇ ਹੋਰ ਊਟ ਪਟਾਂਗ ਬਿਆਨ ਵੀ ਦਿਤੇ। ਪਰ ਸੱਤ ਦਿਨ ਬੀਤਣ ਤੋਂ ਬਾਅਦ ਵੀ ਕੋਈ ਜਵਾਬ ਨਾ ਆਇਆ। ਹੁਣ ਇਹ, ਸਮੇਤ ਧੁੰਮੇ ਵਰਗੇ ਸਾਧਾਂ ਦੇ ਸਾਰੀ ਕੂੜ ਮੰਡਲੀ ਕਹਿੰਦੀ ਹੈ ਕਿ ਸਪੋਕਸਮੈਨ ਨਿਤ ਨਵੇਂ ਝਗੜੇ ਖੜੇ ਕਰਦਾ ਹੈ। ਅਸੀਂ ਪੁੱਛਦੇ ਹਾਂ ਇਨ੍ਹਾਂ ਲੋਕਾਂ ਨੂੰ ਕਿ ਝੂਠ ਨੰਗਾ ਕਰਨਾ, ਸੱਚ ਦੱਸ ਕੇ ਲੋਕਾਂ ਨੂੰ ਜਾਗ੍ਰਿਤ ਕਰਨਾ ਕੀ ਝਗੜਾ ਖੜਾ ਕਰਨਾ ਹੈ ? ਕੀ ਬਾਬਾ ਨਾਨਕ ਜੀ ਬਾਰੇ ਵੀ ਤੁਸੀਂ ਇਹੀ ਸੋਚ ਰਖੀ ਹੈ ? **ਬੇਈਮਾਨ ਤੇ ਝੂਠੇ ਜਥੇਦਾਰਾਂ ਤੇ ਸਾਧਾਂ ਨੂੰ ਹਾਲੇ ਵੀ ਜਿਹੜੇ ਲੋਕ ਸਿਰੋਪਾਉ ਦਿੰਦੇ ਤੇ ਪ੍ਰੋਗਰਾਮਾਂ 'ਤੇ ਸੱਦਦੇ ਹਨ ਜਾਂ ਇਸ ਸੱਚ ਤੋਂ ਬਾਅਦ ਵੀ ਸੱਦਣਗੇ, ਉਹ ਸਾਰੇ ਵੀ ਪਾਪੀ ਅਖਵਾਉਣਗੇ। ਗੁਰੂ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੀ ਕਰਤੂਤ ਨਾ-ਮੁਆਫ਼ੀ ਯੋਗ ਹੈ।** ਸਿੱਖ ਜਿਹੜਾ ਤੁਹਾਡੇ ਗੁਰੂ ਦੀ ਬੇਇਜ਼ਤੀ ਕਰੇ ਤੇ ਕਰਵਾਵੇ, ਉਹ ਤੁਹਾਡਾ ਕੀ ਲਗਦਾ ਹੈ ? ਕੀ ਲੋਕੋ ਤੁਹਾਡੀ ਜ਼ਮੀਰ ਮਰ ਗਈ ਹੈ ? ਤੁਸੀਂ ਹਾਲੇ ਵੀ ਜਥੇਦਾਰਾਂ ਤੇ ਸਾਧਾਂ ਦੇ ਪਿਛਲੱਗ ਬਣੇ ਸਿਰੋਪਾਉ ਦੇ ਰਹੇ ਹੋ। ਸਿਆਸਤ ਗੰਦੀ ਹੈ ਪਰ ਲਗਦਾ ਹੈ ਅਸੀਂ ਸਿਆਸਤ ਤੋਂ ਵੀ ਗੰਦੇ ਹਾਂ ਜੋ ਸੱਚ ਸਮਝਦੇ ਹੋਏ ਵੀ ਝੂਠਿਆਂ ਦਾ ਖਹਿੜਾ ਨਹੀਂ ਛੱਡ ਰਹੇ। ਸਿੱਖ ਨੂੰ ਗੁਰੂ ਤੇ ਪੰਥ ਪਿਆਰਾ ਹੈ, ਬੰਦੇ ਜਾਂ ਲੋਕ ਲੱਜ ਨਹੀਂ। ਬਾਕੀ ਤੁਸੀਂ ਆਪ ਦੇਖੋ ਇਹ ਕਰਤੂਤ ਇਨ੍ਹਾਂ ਪੰਥ ਪ੍ਰਸਤਾਂ ਦੀ। ਕਿਤਾਬ ਦੇ ਪੰਨੇ ਵੀ ਅਤੇ ਉਹ ਭਾਸ਼ਾ ਵੀ ਜੋ ਵਰਤੀ ਗਈ ਹੈ, ਤੁਹਾਡੇ ਸਾਹਮਣੇ ਹੈ। **ਇਹ ਸਾਰਾ ਕੁੱਝ ਜੋ ਲਿਖਿਆ ਹੈ, ਇਹ ਇਤਿਹਾਸ ਦੇ ਉਲਟ ਹੈ ਤੇ ਗ਼ਲਤ ਹੈ। ਜਵਾਬ ਤੁਸੀਂ ਮੰਗੋ ਇਨ੍ਹਾਂ ਝੂਠਿਆਂ ਕੋਲੋਂ।**

-ਆਦਿ ਗ੍ਰੰਥ ਵਿਚ ਨਾਨਕ ਦੀਆਂ ਬਹੁਤ ਕਵਿਤਾਵਾਂ ਹਨ। ਪੰਨਾ -14)

-ਮੁਗ਼ਲਾਂ ਨੂੰ ਨਾਨਕ ਭਾਰਤ ਲੈ ਕੇ ਆਇਆ । (ਪੰਨਾ-72)

-ਪਿਤਾ ਦੀ ਮੌਤ ਕਾਰਨ ਹਰਿਗੋਬਿੰਦ ਦੀ ਮਾਨਸਕ ਸਥਿਤੀ ਵਿਗੜ ਗਈ ਸੀ। (ਪੰ.99)

ਇਕ ਅਸਤਬਲ ਵਿਚ ਹਰਿਗੋਬਿੰਦ ਦੇ ਅੱਠ ਸੌ ਘੋੜਸਵਾਰ ਸੀ। ਜਦੋਂ ਹਰਿਗੋਬਿੰਦ, ਕਦੀ ਮਾਰੇ ਜਾਣ ਦਾ ਸੋਚ ਕੇ ਮਨ ਵਿਚ ਬਹੁਤ ਡਰ ਜਾਂਦੇ ਤਾਂ ਸੱਠ ਬੰਦੂਕਧਾਰੀ ਉਨ੍ਹਾਂ ਦੀ ਰਖਿਆ ਲਈ ਨਿਯੁਕਤ ਹੁੰਦੇ ਸੀ। (ਪੰਨਾ-100)

ਇਕ ਵਾਰ ਬਾਦਸ਼ਾਹ ਨਾਲ ਹਰਿਗੋਬਿੰਦ ਦਾ ਝਗੜਾ ਹੋ ਗਿਆ ਕਿਉਂਕਿ ਉਹ ਸਿਪਾਹੀਆਂ ਦੀ ਤਨਖ਼ਾਹ ਦੇ ਰੁਪਈਏ ਆਪ ਰਖਣਾ ਚਾਹੁੰਦੇ ਸਨ। (ਪੰਨਾ-102)

ਇਸ ਵਿਚ ਵੀ ਸ਼ੱਕ ਹੈ ਕਿ ਅਰਜੁਨ ਤੇ ਪ੍ਰਿਥੀ ਚੰਦ ਵਿਚੋਂ ਵੱਡਾ ਕੌਣ ਤੇ ਛੋਟਾ ਕੌਣ ਸੀ।

ਇਕ ਮੁਸਲਮਾਨ ਨਾਨਕ ਦਾ ਗੁਰੂ ਸੀ। (ਪੰਨਾ 71)

----

੩੨ ......ਇਕ ਸਿੱਖ ਡਾਕੂ ਬਾਦਸ਼ਾਹ ਦੇ ਦੋ ਘੋੜੇ ਚੁਰਾ ਕੇ ਲੈ ਗਿਆ। ਪ੍ਰਦੇਸ਼ਕ ਸੈਨਾ ਨਾਲ ਫਿਰ ਝਗੜੇ ਦਾ ਕਾਰਨ ਬਣਿਆ। (ਪੰਨਾ-104)

੩੩ ਇਸ ਦਿਨ ਇਕ ਬ੍ਰਾਹਮਣ ਨੇ ਇਸ ਤਰ੍ਹਾਂ ਕਹਿ ਕੇ ਹਰਿਗੋਬਿੰਦ ਦਾ ਤ੍ਰਿਸਕਾਰ ਕੀਤਾ ਕਿ 'ਈਸ਼ਵਰ ਅਤੇ ਸੰਸਾਰ ਇਕ ਹੀ ਹੈ ਤਾਂ ਔਹ ਥੋੜੀ ਦੂਰ ਜੋ ਗਧਾ ਚਰ ਰਿਹਾ ਹੈ, ਗੁਰੂ ਹੋ ਕੇ ਵੀ ਉਹ ਇਸ ਗਧੇ ਦੇ ਬਰਾਬਰ ਹੀ ਹਨ"।

੩੪ ਤਾਰੀਖ਼ ਅਤੇ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਗੋਬਿੰਦ ਨੇ ਪੈਂਤੀ ਸਾਲ ਦੀ ***ਉਮਰ ਨਾ ਹੋਣ ਤਕ ਧਰਮ ਗੁਰੂ ਦੇ ਰੂਪ ਵਿਚ ਕੋਈ ਕੰਮ ਨਾ ਕੀਤਾ।*** (ਪੰਨਾ 118)।

੩੫ ਕਹਿੰਦੇ ਹਨ ਗੋਬਿੰਦ ਨੇ ਨੈਨਾ ਪਹਾੜ ਦੀ ਚੋਟੀ ਤੇ ਉਥੋਂ ਦੀ ਦੇਵੀ ਦੀ ਘੋਰ ਤਪੱਸਿਆ ਕੀਤੀ। (ਪੰਨਾ -124)


੪੩ ਗੋਬਿੰਦ ਦੀਆਂ ਇਸਤਰੀਆਂ ਮੋਹ ਵਿੱਚ ਬੱਚੇ ਲੈ ਕੇ ਭੱਜ ਗਈਆਂ। ਗੋਬਿੰਦ ਬਹੁਤ ਦੁਖੀ ਹੋਏ, ਉਨ੍ਹਾਂ ਦੀ ਇੱਛਾ ਪੂਰੀ ਨਹੀਂ ਹੋ ਸਕੀ। (ਪੰਨ:124-125)।

੪੧ ਚਮਕੌਰ ਵਿਚੋਂ ਵੀ ਅੰਤ ਉਹ ਭੱਜਣ ਨੂੰ ਤਿਆਰ ਹੋਇਆ ? ਅਤੇ ਇਥੋਂ ਭੱਜ ਕੇ ਹਾਂਸੀ ਅਤੇ ਫ਼ਿਰੋਜ਼ਪੁਰ ਦੇ ਵਿਚਕਾਰ ਦਮਦਮਾ ਹੋ ਕੇ ਵਿਸ਼ਰਾਮ ਕੀਤਾ। (ਪੰਨਾ-144)।

੪੯ ਗੋਬਿੰਦ ਨੂੰ ਮਾਨਸਕ ਵਿਕਾਰ ਉਤਪੰਨ ਹੋਇਆ ਸੀ ਅਤੇ ਗੋਬਿੰਦ ਪੁੱਤਰਾਂ ਦੀ ਮੌਤ ਦੇ ਸ਼ੋਕ ਵਿਚ ਮਰ ਗਏ।

ਵਲੋਂ: ਨਿਆਰਾ ਖ਼ਾਲਸਾ ਨੌਜਵਾਨ ਜਥੇਬੰਦੀ, ਲੁਧਿਆਣਾ

(ਰੋਜ਼ਾਨਾ ਸਪੋਕਸਮੈਨ-13 ਅਕਤੂਬਰ ਅਤੇ 20 ਅਕਤੂਬਰ 2007 ਵਿੱਚੋਂ)



ਕਰਨਲ ਗੁਰਦੀਪ ਸਿੰਘ ਨੇ ਲਾਸਾਨੀ (ਗੁਰਮਤਿ) ਇਨਕਲਾਬ ਦਾ ਪਿਛੋਕੜ ਪੇਸ਼ ਕਰ ਕੇ ਜਿੱਥੇ ਇਸ ਵਿੱਚੋਂ ਹਲੇਮੀ-ਰਾਜ ਦੇ ਫ਼ਲਸਫ਼ੇ ਨੂੰ ਉਜਾਗਰ ਕਰਨ ਅਤੇ ਬਹੁਤ ਖ਼ੂਬਸੂਰਤ ਤਰੀਕੇ ਨਾਲ ਹਲੇਮੀ-ਰਾਜ ਨੂੰ ਮੂਰਤੀਮਾਨ ਕਰਨ ਵਾਸਤੇ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਵੱਲੋਂ ਖ਼ਾਲਸਾ-ਰਾਜ ਦੇ ਐਲਾਨ ਅਤੇ ਫਿਰ ਉਸ ਐਲਾਨ-ਨਾਮੇ ਨੂੰ ਅਮਲੀ ਰੂਪ ਵਿੱਚ ਸੱਚ ਕਰ ਕੇ ਦਿਖਾਉਣ ਨੂੰ ਵੀ ਪੇਸ਼ ਕੀਤਾ ਹੈ, ਉੱਥੇ ਲੇਖਕ ਨੇ ਸਾਕਤ-ਮੱਤ ਦੇ ਪੈਰੋਕਾਰਾਂ ਅਤੇ ਵੈਸ਼ਨੂੰਆਂ ਵਲੋਂ ਬ੍ਰਾਹਮਣਾਂ ਦੀ ਸਰਪਰਸਤੀ ਹੇਠ ਸਿੱਖੀ ਦੀਆਂ ਮੁੱਢਲੀਆਂ ਇੰਸਟੀਚਿਊਸ਼ਨਜ਼ ਨੂੰ ਢਾਹ ਲਾਉਣ, ਇਨ੍ਹਾਂ ਨੂੰ ਖ਼ੋਰਾ ਲਾਉਣ ਅਤੇ ਇਨ੍ਹਾਂ 'ਤੇ ਸਿੱਧਾ ਅਤੇ ਅਸਿੱਧਾ ਕਬਜ਼ਾ ਕਰਨ ਦੀਆਂ ਸਾਜਿਸ਼ਾਂ ਨੂੰ ਵੀ ਲੰਮੇ-ਹੱਥੀਂ ਲਿਆ ਹੈ।

ਲੇਖਕ ਨੇ ਜਿੱਥੇ ਪਿੱਛਲੀਆਂ ਤਕਰੀਬਨ ਢਾਈ ਸਦੀਆਂ ਤੋਂ ਸਿੱਖ ਸਮਾਜ ਵਿੱਚ ਆ ਰਹੇ ਸਰਬ-ਪੱਖੀ ਨਿਘਾਰ ਦੇ ਕਾਰਨਾਂ ਦਾ ਵੇਰਵੇ ਸਹਿਤ ਜ਼ਿਕਰ ਕੀਤਾ ਹੈ, ਉਥੇ ਅਜੋਕੇ ਸਿੱਖ ਸਮਾਜ ਦੇ ਸਾਹਮਣੇ ਚੁਣੌਤੀਆਂ ਦੇ ਰੂਪ ਵਿੱਚ ਲਾਸਾਨੀ (ਗੁਰਮਤਿ) ਇਨਕਲਾਬ ਦਾ ਰਾਹ ਰੋਕੀ ਖੜ੍ਹੀਆਂ ਸਮੱਸਿਆਵਾਂ ਵੱਲ ਵੀ ਧਿਆਨ ਦੁਆਇਆ ਹੈ।

ਮੈਂ ਲੇਖਕ ਨੂੰ ਮੁਬਾਰਕਾਂ ਵੀ ਦੇਂਦਾ ਹਾਂ ਅਤੇ ਹੋਰਨਾਂ ਤੋਂ ਵੀ ਆਸ ਕਰਦਾ ਹਾਂ ਕਿ ਉਹ ਇਸ ਗੰਭੀਰ ਸੰਕਟ ਨੂੰ ਆਪਣੇ ਘਰ ਦਾ ਸੰਕਟ ਸਮਝ ਕੇ ਕੌਮ ਨੂੰ ਇਸ ਵਿੱਚੋਂ ਕੱਢਣ ਵਿੱਚ ਰੋਲ ਅਦਾ ਕਰਨਗੇ,

- ਡਾਕਟਰ ਹਰਜਿੰਦਰ ਸਿੰਘ ਦਿਲਗੀਰ

ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖ ਹਿਸਟਰੀ



Guru Nanak – "The message of truth and righteousness".

Excellence in the chosen field as well in the given task ....is the hallmark........... of being a Sikh.

In the book, he has written about the Gurudwara System improvement....................... to avoid annihilation due to direction-less-ness.

I write this message for my newer generation to be attracted to this & such other books .... to propagate the unique institutions i.e. Sikh Gurudwara Sahib.

– Dr. Tarlochan Singh

Printed at : JPC Ltd., Mohali. 0172-3047671-7